**Start CDL TRAINING**
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com

**University Motors**
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਫਾਇਦੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 14, April 2, 2022 — 20451 N. Plum Grove Rd., Palatine, IL 60074 — Ph:847-359-0746, Fax:847-705-9388

# ਪੰਜਾਬ ’ਚ ਮੋਦੀ ਸਰਕਾਰ ਖਿਲਾਫ ਰੋਹ ਭਖਿਆ

## ਚੰਡੀਗੜ੍ਹ ਨੂੰ ਪੱਕੇ ਤੌਰ ’ਤੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਦੇ ਯਤਨ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪੰਜਾਬ ਪੁਨਰਗਠਨ ਐਕਟ ਦੀ ਉਲੰਘਣਾ ਕਰਦਿਆਂ ਚੰਡੀਗੜ੍ਹ ਨੂੰ ਸਥਾਈ ਤੌਰ 'ਤੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਦੇ ਯਤਨਾਂ ਖਿਲਾਫ ਪੰਜਾਬ ਵਿਚ ਰੋਹ ਭਖ ਗਿਆ ਹੈ। ਸੂਬੇ ਦੀਆਂ ਸਿਆਸੀ ਧਿਰਾਂ ਤੋਂ ਇਲਾਵਾ ਸੰਘਰਸ਼ੀ ਜਥੇਬੰਦੀਆਂ ਨੇ ਏਕੇ ਨਾਲ ਕੇਂਦਰੀ ਹੱਲਿਆਂ ਦਾ ਟਾਕਰਾ ਕਰਨ ਦਾ ਸੱਦਾ ਦਿੱਤਾ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ 'ਤੇ ਕੇਂਦਰੀ ਸਿਵਲ ਸੇਵਾਵਾਂ ਨਿਯਮ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਹੁਣ ਤੱਕ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਪੰਜਾਬ ਸਿਵਲ ਸੇਵਾਵਾਂ ਨਿਯਮ ਲਾਗੂ ਹੁੰਦਾ ਆ ਰਿਹਾ ਹੈ। ਇਹ ਨਿਯਮ ਨਵੇਂ ਵਿੱਤੀ ਵਰ੍ਹੇ ਪਹਿਲੀ ਅਪਰੈਲ ਤੋਂ ਲਾਗੂ ਵੀ ਹੋ ਗਏ ਹਨ। ਇਹ ਐਲਾਨ ਅਮਿਤ ਸ਼ਾਹ ਨੇ ਉਚੇਚੇ ਤੌਰ ਉਤੇ ਚੰਡੀਗੜ੍ਹ ਪਹੁੰਚ ਕੇ ਕੀਤਾ। ਇਸ ਐਲਾਨ ਦੇ ਤੁਰਤ ਬਾਅਦ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਕੇਂਦਰ ਕੋਲ ਸਖਤ ਇਤਰਾਜ਼ ਜਤਾਇਆ ਹੈ। ਸਿਆਸੀ ਧਿਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਖਾਨੇ ਇਹ ਗੱਲ ਪਾਉਣੀ ਪਵੇਗੀ ਕਿ ਚੰਡੀਗੜ੍ਹ ਨੂੰ ਸਿਰਫ ਆਰਜ਼ੀ ਪ੍ਰਬੰਧ ਵਜੋਂ ਕੇਂਦਰ ਸ਼ਾਸਤ ਪ੍ਰਦੇਸ਼ ਬਣਾਇਆ ਗਿਆ ਸੀ।



ਦਰਅਸਲ, ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਕੇਂਦਰੀ ਸਿਵਲ ਸੇਵਾਵਾਂ ਨਿਯਮ ਲਾਗੂ ਕਰਨ ਦਾ ਫੈਸਲਾ ਨਾ ਸਿਰਫ ਪੰਜਾਬ ਪੁਨਰਗਠਨ ਐਕਟ ਦੀ ਉਲੰਘਣਾ ਹੈ ਬਲਕਿ ਇਹ ਰਾਜੀਵ ਗਾਂਧੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਸਮਝੌਤੇ ਅਤੇ ਇਸ ਮਗਰੋਂ ਦੇ ਸਾਰੇ ਕਮਿਸ਼ਨਾਂ ਦੀ ਉਲੰਘਣਾ ਹੈ ਜਿਨ੍ਹਾਂ ਸਭ ਨੇ ਕਿਹਾ ਸੀ ਕਿ ਪੰਜਾਬ ਦਾ ਚੰਡੀਗੜ੍ਹ ਪ੍ਰਸ਼ਾਸਨ ਵਿਚ ਵੱਡਾ ਹਿੱਸਾ ਬਣਦਾ ਹੈ। ਪੰਜਾਬ ਪੁਨਰਗਠਨ ਐਕਟ ਮੁਤਾਬਕ ਪੰਜਾਬ ਤੇ ਹਰਿਆਣਾ ਦਾ 60 ਅਨੁਪਾਤ 40 ਦਾ ਹਿੱਸਾ ਰੱਖਣ ਦੀ ਥਾਂ ਕੇਂਦਰ ਸ਼ਾਸਤ ਪ੍ਰਦੇਸ਼ ਦੇ ਮੁਲਾਜ਼ਮਾਂ ਦਾ ਵੱਖਰਾ ਕੇਡਰ ਬਣਾਉਣ ਦਾ ਫੈਸਲਾ ਪੰਜਾਬ ਨਾਲ ਸਲਾਹ-ਮਸ਼ਵਰੇ ਤੋਂ ਬਗੈਰ ਲਿਆ ਗਿਆ ਹੈ।

ਅਸਲ ਵਿਚ, ਇਸ ਫੈਸਲੇ ਨੂੰ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਖਤਮ ਕਰਨ ਅਤੇ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਅਧਿਕਾਰ ਸੁਰੱਖਿਅਤ ਰੱਖਣ ਦੀ ਥਾਂ ਕੇਂਦਰ ਸਰਕਾਰ ਦੀਆਂ ਤਾਕਤਾਂ ਦਾ ਵਧੇਰੇ ਕੇਂਦਰੀਕਰਨ ਵੱਲ ਸੇਧਿਤ ਨੀਤੀ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਤਾਜ਼ਾ ਹੱਲਿਆਂ ਨੂੰ ਪੰਜਾਬ ਵਿਚੋਂ ਖੇਤੀ ਕਾਨੂੰਨਾਂ ਖਿਲਾਫ ਉਠੀ ਲਹਿਰ ਦੇ ਪੂਰੇ ਮੁਲਕ ਵਿਚ ਫੈਲਣ ਤੇ ਫਿਰ ਕੇਂਦਰ ਨੂੰ ਗੋਡੇ ਟੇਕਣ ਲਈ ਮਜਬੂਰ ਕਰਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਸਰਕਾਰ ਨੇ ਭਾਵੇਂ ਸਿਆਸੀ ਨਫ਼ੇ-ਨੁਕਸਾਨ ਨੂੰ ਦੇਖਦੇ ਹੋਏ ਕਾਨੂੰਨ ਤਾਂ ਰੱਦ ਕਰ ਦਿੱਤੇ ਪਰ ਇਸ ਦੇ ਤੁਰਤ ਬਾਅਦ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਬੀ.ਐਸ.ਐਫ. ਦਾ ਘੇਰਾ 50 ਕਿਲੋਮੀਟਰ ਕਰਨਾ, ਬੀ.ਬੀ.ਐਮ.ਬੀ. 'ਚ ਪੰਜਾਬ-ਹਰਿਆਣਾ ਦੀ ਨੁਮਾਇੰਦਗੀ ਨੂੰ ਖਤਮ ਕਰਨ, ਚੰਡੀਗੜ੍ਹ ਵਿਚ ਪੰਜਾਬ ਕੋਟੇ ਦੇ ਅਧਿਕਾਰੀਆਂ ਦੀ ਥਾਂ ਹੋਰ ਸੂਬਿਆਂ ਵਿਚੋਂ ਚੋਣ, ਬਿਜਲੀ ਵੰਡ ਦੇ ਮਾਮਲੇ ਵਿਚ ਪੰਜਾਬ ਦੀ ਭਾਵਨਾ ਦੇ ਉਲਟ ਪ੍ਰੀ-ਪੇਡ ਪ੍ਰਣਾਲੀ ਲਾਗੂ ਕਰਨ ਲਈ ਸੂਬਾ ਸਰਕਾਰ ਦੀ ਬਾਂਹ ਮਰੋੜਨ ਸਣੇ ਇਕ ਤੋਂ ਬਾਅਦ ਇਕ ਫੈਸਲੇ ਲਏ ਜਾ ਰਹੇ ਹਨ।

ਭਾਖੜਾ ਨੰਗਲ ਦੇ ਪ੍ਰਬੰਧਕੀ ਢਾਂਚੇ ਵਿਚ ਅਜਿਹੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨਾਲ ਅਹਿਮ ਅਹੁਦਿਆਂ ਤੋਂ ਪੰਜਾਬੀ ਅਫਸਰਾਂ ਨੂੰ ਲਾਂਭੇ ਕਰ ਦਿੱਤਾ ਜਾਏਗਾ। ਚੰਡੀਗੜ੍ਹ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਐਲਾਨਣ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਦੇ ਮੁਲਾਜ਼ਮਾਂ ਦੀ ਅਨੁਪਾਤ 60-40 ਤੈਅ ਕੀਤੀ ਗਈ ਸੀ ਪਰ ਹੌਲੀ-ਹੌਲੀ ਇਸ ਅਨੁਪਾਤ ਨੂੰ ਵੀ ਭੰਗ ਕੀਤਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਕਿ ਕੱਲ੍ਹ ਨੂੰ ਪੰਜਾਬ ਇਸ ਖਿੱਤੇ ਉਤੇ ਆਪਣਾ ਕਿਸੇ ਤਰ੍ਹਾਂ ਦਾ ਵੀ ਹੱਕ ਨਾ ਜਤਾ ਸਕੇ। ਪੰਜਾਬ ਯੂਨੀਵਰਸਿਟੀ ਜੋ ਲਾਹੌਰ ਤੋਂ ਚੰਡੀਗੜ੍ਹ ਲਿਆਂਦੀ ਗਈ ਸੀ, ਦਾ ਵੀ ਸਰੂਪ ਪੂਰੀ ਤਰ੍ਹਾਂ ਬਦਲਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਇਸ ਵਿਚੋਂ ਪੰਜਾਬ ਦੇ ਬਹੁਤੇ ਕਾਲਜਾਂ ਨੂੰ ਵੱਖ ਕਰਕੇ ਇਸ ਉਤੇ ਪੂਰਾ ਕੇਂਦਰੀ ਅਧਿਕਾਰ ਜਮਾਉਣ ਦੀਆਂ ਯੋਜਨਾਵਾਂ ਵੀ ਬਣਾਈਆਂ ਜਾ ਰਹੀਆਂ ਹਨ।

ਅਮਿਤ ਸ਼ਾਹ ਦਾ ਤਾਜ਼ਾ ਚੰਡੀਗੜ੍ਹ ਉਤੇ ਪੰਜਾਬ ਦੇ ਹੱਕ ਦੇ ਦਾਅਵੇ ਨੂੰ ਬਿਲਕੁਲ ਮਨਫੀ ਕਰਨ ਵਾਲਾ ਦੱਸਿਆ ਜਾ ਰਿਹਾ ਹੈ। ਚੰਡੀਗੜ੍ਹ ਪੁਆਧੀ ਪੰਜਾਬੀ ਬੋਲਣ ਵਾਲੇ 50 ਪਿੰਡਾਂ ਦੀ ਜ਼ਮੀਨ 'ਤੇ ਬਣਾਇਆ ਗਿਆ ਹੈ। 1985 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਦੌਰਾਨ ਇਹ ਤੈਅ ਹੋਇਆ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਏਗਾ। ਇਸ ਪਿੱਛੋਂ ਬਣੇ ਮਾਹੌਲ ਤੇ ਸਿਆਸੀ ਧਿਰਾਂ ਦੀ ਢਿੱਲ ਕਾਰਨ ਹੁਣ ਤੱਕ ਇਹ ਮਾਮਲਾ ਲਟਕਿਆ ਰਿਹਾ। ਅਸਲ ਵਿਚ, ਮਸਲਾ ਸਿਰਫ ਚੰਡੀਗੜ੍ਹ ਉਤੇ ਹੱਕ ਦਾ ਹੀ ਨਹੀਂ, ਪਿਛਲੇ ਕੁਝ ਸਮੇਂ ਵਿਚ ਕੇਂਦਰ ਸਰਕਾਰ ਵੱਲੋਂ ਸੰਵਿਧਾਨਿਕ ਚੋਰ ਮੋਰੀਆਂ ਦੀ ਵਰਤੋਂ ਕਰਕੇ ਅਜਿਹੇ ਫੈਸਲੇ ਲਏ ਹਨ ਕਿ ਸੂਬਿਆਂ ਨੂੰ ਵਿੱਤੀ ਪੱਖੋਂ ਨਿਹੱਥੇ ਕਰ ਦਿੱਤਾ ਹੈ। ਹੁਣ ਦੇਸ਼ ਵਿਚ ਫੈਡਰਲ ਢਾਂਚਾ ਹੋਣ ਦੇ ਬਾਵਜੂਦ ਰਾਜ ਸਰਕਾਰਾਂ ਨੂੰ ਕੰਮਕਾਜ ਤੇ ਵਿੱਤੀ ਮਾਮਲਿਆਂ ਵਿਚ ਇਕ ਹੱਦ ਤੱਕ ਕੇਂਦਰ 'ਤੇ ਨਿਰਭਰ ਰਹਿਣਾ ਪੈਂਦਾ ਹੈ। ਕੇਂਦਰ ਸਰਕਾਰ ਜਦੋਂ ਮਰਜ਼ੀ ਫੰਡ ਰੋਕਣ ਦਾ ਦਾਬਾ ਮਾਰ ਕੇ ਸੂਬਿਆਂ ਨੂੰ ਹਰ ਫੈਸਲਾ ਮੰਨਣਾ ਲਈ ਮਜਬੂਰ ਕਰ ਦਿੰਦੀ ਹੈ। ਕੇਂਦਰ ਸਰਕਾਰ ਨੇ ਇਹੀ ਰਣਨੀਤੀ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ

*(ਬਾਕੀ ਸਫਾ 6 ‘ਤੇ)*

### ਲੋਕ ਸਭਾ ਵਿਚ ਮੁੱਦਾ ਉਠਿਆ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਚੰਡੀਗੜ੍ਹ ਦੇ ਸਾਰੇ ਮੁਲਾਜ਼ਮਾਂ ਨੂੰ ਕੇਂਦਰੀ ਸੇਵਾ ਨਿਯਮਾਂ ਦੇ ਦਾਇਰੇ ਵਿਚ ਲਿਆਉਣ ਦੇ ਤਾਜ਼ਾ ਐਲਾਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿਚ ਕਿਹਾ ਕਿ ਚੰਡੀਗੜ੍ਹ ਪੰਜਾਬ ਲਈ ਭਾਵਨਾਤਮਕ ਮੁੱਦਾ ਹੈ ਅਤੇ ਰਾਜਧਾਨੀ ਵਜੋਂ ਚੰਡੀਗੜ੍ਹ ਨੂੰ ਪੰਜਾਬ ਅਧੀਨ ਕੀਤਾ ਜਾਣਾ ਚਾਹੀਦਾ ਹੈ। ਸਿਫਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਹੱਕਾਂ ‘ਤੇ ਡਾਕਾ ਮਾਰਿਆ ਜਾ ਰਿਹਾ ਹੈ।

### ਕੈਪਟਨ ਨੂੰ ਪਸੰਦ ਆਇਆ ਕੇਂਦਰ ਦਾ ਫੈਸਲਾ

**ਚੰਡੀਗੜ੍ਹ:** ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਭਾਵੇਂ ਕੇਂਦਰ ਦੇ ਚੰਡੀਗੜ੍ਹ ਬਾਰੇ ਫੈਸਲੇ ਦਾ ਵਿਰੋਧ ਕਰ ਰਹੀਆਂ ਹਨ ਪਰ ਸੂਬੇ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਫੈਸਲਾ ਪਸੰਦ ਆਇਆ ਹੈ। ਉਨ੍ਹਾਂ ਨੇ ਇਸ ਫੈਸਲੇ ਨੂੰ ਚੰਗਾ ਦੱਸਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਆਮ ਆਦਮੀ ਪਾਰਟੀ ਦੇ ਆਗੂਆਂ ਉਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਏ ਹਨ। ਕੈਪਟਨ ਦਾ ਕਹਿਣਾ ਹੈ ਕਿ ਕੇਂਦਰ ਨੇ ਮੁਲਾਜ਼ਮਾਂ ਦੀ ਲੰਮੇ ਸਮੇਂ ਤੋਂ ਲਟਕਦੀ ਮੰਗ ਮੰਨ ਲਈ ਹੈ, ਇਸ ਵਿਚ ਕੀ ਗਲਤ ਹੈ ਅਤੇ ਚੰਡੀਗੜ੍ਹ ਉਤੇ ਪੰਜਾਬ ਦਾ ਦਾਅਵਾ ਇਸ ਨਾਲ ਕਮਜ਼ੋਰ ਹੁੰਦਾ ਹੀ ਨਹੀਂ ਹੈ।


M Vivek Malik
**Law Office of M Vivek Malik**
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

XPressCargo

Tel.: 317-426-5410

Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਸਮਾਰਟ ਮੀਟਰ: ਕੇਂਦਰ ਨੇ ਪੰਜਾਬ ਨੂੰ ਫੰਡ ਰੋਕਣ ਦਾ ਦਬਕਾ ਮਾਰਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਹੁਣ ਬਿਜਲੀ ਦੇ 'ਪ੍ਰੀਪੇਡ ਸਮਾਰਟ ਮੀਟਰ' ਲਾਉਣ ਲਈ ਪੰਜਾਬ ਸਰਕਾਰ 'ਤੇ ਦਬਾਅ ਬਣਾਉਣ ਲੱਗੀ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ ਹੁਣ ਪੰਜਾਬ ਨੂੰ ਬਿਜਲੀ ਸੁਧਾਰਾਂ ਲਈ ਫੰਡ ਰੋਕੇ ਜਾਣ ਦਾ ਇਸ਼ਾਰਾ ਵੀ ਕਰ ਦਿੱਤਾ ਹੈ। 'ਆਪ' ਸਰਕਾਰ ਲਈ ਇਹ ਨਵੀਂ ਬਿਪਤਾ ਖੜ੍ਹੀ ਹੋ ਗਈ ਹੈ। ਇਕ ਬੰਨੇ ਖਪਤਕਾਰਾਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ, ਦੂਜੇ ਬੰਨੇ ਕੇਂਦਰ ਨੇ ਗਰਾਂਟਾਂ ਦੇਣ ਤੋਂ ਹੱਥ ਘੁੱਟਣ ਦਾ ਖਦਸ਼ਾ ਹੈ।

ਜ਼ਿਕਰਯੋਗ ਹੈ ਕਿ ਕੇਂਦਰੀ ਬਿਜਲੀ ਮੰਤਰਾਲੇ ਨੇ 10 ਮਾਰਚ ਨੂੰ ਪ੍ਰਮੁੱਖ ਸਕੱਤਰ (ਬਿਜਲੀ) ਨੇ ਪੱਤਰ ਲਿਖ ਕੇ ਕਿਹਾ ਹੈ ਕਿ ਪੰਜਾਬ ਨੇ ਪ੍ਰੀਪੇਡ ਸਮਾਰਟ ਮੀਟਰ ਲਗਾਏ ਜਾਣ ਬਾਰੇ ਹਾਲੇ ਤੱਕ ਕੋਈ ਰੋਡਮੈਪ ਤਿਆਰ ਨਹੀਂ ਕੀਤਾ। ਪੱਤਰ ਅਨੁਸਾਰ ਸੂਬੇ ਨੂੰ ਤਿੰਨ ਮਹੀਨਿਆਂ ਦੀ ਮੋਹਲਤ ਦਿੱਤੀ ਗਈ ਹੈ। ਬਿਜਲੀ ਮੰਤਰਾਲੇ ਨੇ ਤਿੱਖੀ ਸੁਰ ਵਿਚ ਕਿਹਾ ਹੈ ਕਿ ਜੇਕਰ ਇਹ ਕੰਮ ਪੂਰਾ ਨਾ ਕੀਤਾ ਗਿਆ ਤਾਂ ਕੇਂਦਰ ਸਰਕਾਰ ਵੱਖ-ਵੱਖ ਕੇਂਦਰੀ ਸਕੀਮਾਂ ਤਹਿਤ ਬਿਜਲੀ ਸੁਧਾਰਾਂ ਵਾਸਤੇ ਦਿੱਤੇ ਜਾਂਦੇ ਫੰਡ ਵਾਪਸ ਲੈ ਲਵੇਗੀ।

ਬਿਜਲੀ ਮੰਤਰਾਲੇ ਨੇ ਪੰਜਾਬ 'ਚ 85 ਹਜ਼ਾਰ ਸਮਾਰਟ ਮੀਟਰ ਲਾਏ ਜਾਣ ਦਾ ਅੰਕੜਾ ਰੱਖ ਕੇ ਇਨ੍ਹਾਂ ਨੂੰ ਪ੍ਰੀਪੇਡ ਵਿਚ ਤਬਦੀਲ ਕਰਨ ਦੀ ਹਦਾਇਤ ਕੀਤੀ ਹੈ। ਮਾਹਿਰਾਂ ਅਨੁਸਾਰ ਬਿਜਲੀ ਵਿਸ਼ਾ ਕੇਂਦਰ ਰਾਜਾਂ ਦੀ ਵਿਸ਼ਾ ਵੰਡ ਵਿਚ ਸਮਵਰਤੀ ਸੂਚੀ ਵਿਚ ਆਉਂਦਾ ਹੈ, ਜਿਸ ਲਈ ਸੂਬਾ ਸਰਕਾਰ ਦੀ ਸਲਾਹ ਵੀ ਲੈਣੀ ਲਾਜ਼ਮੀ ਹੁੰਦੀ ਹੈ। ਪੰਜਾਬ ਸਰਕਾਰ ਨੇ ਜੇਕਰ ਸਹਿਮਤੀ ਦਿੱਤੀ ਹੈ ਤਾਂ ਪ੍ਰੀਪੇਡ ਮੀਟਰ ਲਾਉਣੇ ਪੈਣਗੇ। ਨੈਸ਼ਨਲ ਸਮਾਰਟ ਗਰਿੱਡ ਮਿਸ਼ਨ ਤੇ ਇੰਟੀਗਰੇਟਿਡ ਪਾਵਰ ਡਿਵੈਲਪਮੈਂਟ ਸਕੀਮ ਤਹਿਤ 20 ਜੁਲਾਈ 2021 ਨੂੰ ਦੇਸ ਭਰ ਵਿਚ 25 ਕਰੋੜ ਸਮਾਰਟ ਪ੍ਰੀਪੇਡ ਮੀਟਰ ਲਾਉਣ ਦਾ ਟੀਚਾ ਮਿਥਿਆ ਗਿਆ ਸੀ। ਪਹਿਲੇ ਪੜਾਅ ਤਹਿਤ ਦਸੰਬਰ 2023 ਤੱਕ ਇਹ ਮੀਟਰ ਲਾਏ ਜਾਣੇ ਹਨ। ਪ੍ਰੀਪੇਡ ਸਮਾਰਟ ਮੀਟਰ ਦੇ ਕੁਲ ਖਰਚੇ 'ਚੋਂ 15 ਫ਼ੀਸਦ ਦੀ ਭਰਪਾਈ ਕੇਂਦਰ ਕਰੇਗਾ। ਜਾਣਕਾਰੀ ਅਨੁਸਾਰ ਹਾਲੇ ਤੱਕ ਯੂਪੀ, ਬਿਹਾਰ, ਹਰਿਆਣਾ ਤੇ ਅਸਾਮ ਵਿਚ ਸਿਰਫ 32.86 ਲੱਖ ਖਪਤਕਾਰਾਂ ਦੇ ਕੁੱਲ 4.21 ਕਰੋੜ ਪ੍ਰੀਪੇਡ ਸਮਾਰਟ ਮੀਟਰ ਲੱਗੇ ਹਨ। ਭਾਜਪਾ



ਸ਼ਾਸਿਤ ਸੂਬਿਆਂ ਵਿਚ ਹਾਲੇ ਇਨ੍ਹਾਂ ਮੀਟਰਾਂ ਦਾ ਆਗਾਜ਼ ਵੀ ਨਹੀਂ ਹੋਇਆ।

ਪੰਜਾਬ ਦੇ ਪ੍ਰਮੁੱਖ ਸਕੱਤਰ (ਬਿਜਲੀ) ਦਲੀਪ ਕੁਮਾਰ ਨੇ ਪ੍ਰੀਪੇਡ ਸਮਾਰਟ ਮੀਟਰ ਲਗਾਏ ਜਾਣ ਦੇ ਮਾਮਲੇ 'ਤੇ ਕੁਝ ਬੋਲਣ ਤੋਂ ਪਾਸਾ ਹੀ ਵੱਟਿਆ। ਉਨ੍ਹਾਂ ਸਿਰਫ ਐਨਾ ਹੀ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਲੋੜੀਂਦੀਆਂ ਹਦਾਇਤਾਂ ਪਾਵਰਕੌਮ ਦੇ ਚੇਅਰਮੈਨ ਨੂੰ ਜਾਰੀ ਕਰ ਦਿੱਤੀਆਂ ਹਨ ਅਤੇ ਬਾਕੀ ਇਸ ਬਾਰੇ ਚੇਅਰਮੈਨ ਕੋਲੋਂ ਜਾਣਿਆ ਜਾਵੇ।

## ਪ੍ਰੀ-ਪੇਡ ਮੀਟਰ ਨਹੀਂ ਲੱਗਣ ਦਿਆਂਗੇ: ਕਿਸਾਨ ਜਥੇਬੰਦੀਆਂ

**ਚੰਡੀਗੜ੍ਹ:** ਪ੍ਰੀ-ਪੇਡ ਮੀਟਰ ਲਗਾਏ ਜਾਣ ਦੀ ਯੋਜਨਾ ਦਾ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਜ਼ੋਰਦਾਰ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਉਹ ਪੰਜਾਬ ਵਿਚ ਕਿਸੇ ਵੀ ਕੀਮਤ ਉਤੇ ਇਹ ਪ੍ਰੀ-ਪੇਡ ਮੀਟਰ ਨਹੀਂ ਲੱਗਣ ਦੇਣਗੇ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਸ ਨੂੰ ਕੇਂਦਰ ਦਾ ਇਕ ਹੋਰ ਧੱਕਾ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਇਹ ਸਿੱਧੇ ਤੌਰ ਉਤੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਵਾਲੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਪ੍ਰੀ-ਪੇਡ ਮੀਟਰਾਂ ਉਤੇ ਉਨ੍ਹਾਂ ਦੀ ਜਥੇਬੰਦੀ ਵਲੋਂ ਜਲਦ ਹੀ ਗੰਭੀਰਤਾ ਨਾਲ ਵਿਚਾਰ ਕਰਕੇ ਅਗਲੀ ਰਣਨੀਤੀ ਉਲੀਕੀ ਜਾਵੇਗੀ।

## ਮੀਟਰਾਂ ਬਾਰੇ ਫੈਸਲਾ ਲੋਕਾਂ ਦੀ ਸਲਾਹ ਨਾਲ: ਬਿਜਲੀ ਮੰਤਰੀ

**ਚੰਡੀਗੜ੍ਹ:** ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਸੂਬੇ ਅੰਦਰ ਪ੍ਰੀਪੇਡ ਮੀਟਰ ਲਗਾਉਣ ਸਬੰਧੀ ਪੰਜਾਬ ਸਰਕਾਰ ਕੋਈ ਜਲਦਬਾਜੀ ਨਹੀਂ ਕਰੇਗੀ, ਸਗੋਂ ਇਸ ਸਬੰਧੀ ਸੂਬੇ ਦੇ ਲੋਕਾਂ, ਸੰਸਥਾਵਾਂ ਤੇ ਯੂਨੀਅਨਾਂ ਆਦਿ ਦੇ ਨੁਮਾਇੰਦਿਆਂ ਨਾਲ ਮਸ਼ਵਰਾ ਕਰ ਕੇ ਹੀ ਕੋਈ ਫੈਸਲਾ ਲਿਆ ਜਾਵੇਗਾ। ਬਿਜਲੀ ਮੰਤਰੀ ਨੇ ਕਿਹਾ ਕਿ ਕੋਲੇ ਦੀ ਸੰਭਾਵੀ ਘਾਟ ਕਾਰਨ ਸੂਬੇ ਅੰਦਰ ਬਿਜਲੀ ਸੰਕਟ ਨਹੀਂ ਆਉਣ ਦਿੱਤਾ ਜਾਵੇਗਾ ਅਤੇ ਸਰਕਾਰ ਵੱਲੋਂ ਇਸ ਸਬੰਧੀ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

# ਲਖਨਊ ਤੇ ਅੰਮ੍ਰਿਤਸਰ ਵਿਚਾਲੇ ਸਿੱਧੀ ਉਡਾਣ ਸ਼ੁਰੂ

**ਰਾਜਾਸਾਂਸੀ:** ਇੰਡੀਗੋ ਏਅਰਲਾਈਨ ਵੱਲੋਂ ਲਖਨਊ ਤੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਵਿਚਾਲੇ ਸਿੱਧੀ ਉਡਾਣ ਸ਼ੁਰੂ ਕਰ ਦਿੱਤੀ ਗਈ ਹੈ, ਜਿਹੜੀ ਹਫਤੇ ਦੇ 7 ਦਿਨ ਉਡਾਣ ਭਰੇਗੀ। ਇੰਡੀਗੋ ਏਅਰਲਾਈਨ ਦੀ ਉਡਾਣ ਨੰਬਰ 6ਈ-6075 ਨੇ ਸਵੇਰੇ 6.15 ਵਜੇ ਲਖਨਊ ਹਵਾਈ ਅੱਡੇ ਤੋਂ ਉਡਾਣ ਭਰੀ ਅਤੇ 1 ਘੰਟੇ 40 ਮਿੰਟ ਦਾ ਸਫਰ ਤੈਅ ਕਰਨ ਉਪਰੰਤ ਸਵੇਰੇ 7.55 ਵਜੇ 75 ਯਾਤਰੀ ਲੈ ਕੇ ਅੰਮ੍ਰਿਤਸਰ ਪੁੱਜੀ। ਇਸ ਤੋਂ ਬਾਅਦ ਇਥੋਂ ਇਹੋ ਉਡਾਣ ਸ੍ਰੀ ਨਗਰ ਨੂੰ ਰਵਾਨਾ ਹੋਈ ਤੇ ਸ੍ਰੀ ਨਗਰ ਤੋਂ ਮੁੜ ਅੰਮ੍ਰਿਤਸਰ ਪੁੱਜੀ। ਅੰਮ੍ਰਿਤਸਰ ਪੁੱਜਣ ਤੋਂ ਬਾਅਦ ਇੰਡੀਗੋ ਏਅਰਲਾਈਨ ਦੀ ਉਡਾਣ ਨੰਬਰ 6ਈ 6076 ਬਣਕੇ ਕਰੀਬ ਦੁਪਹਿਰ 1.45 ਵਜੇ ਇਥੋਂ 39 ਯਾਤਰੀ ਲੈ ਕੇ ਲਖਨਊ ਨੂੰ ਰਵਾਨਾ ਹੋ ਗਈ। ਇਸੇ ਤਰ੍ਹਾਂ ਅੱਗੇ ਤੋਂ ਅੰਮ੍ਰਿਤਸਰ ਤੋਂ ਇਹ ਉਡਾਣ ਦੁਪਹਿਰ 12.20 ਵਜੇ ਉਡਾਣ ਭਰੇਗੀ ਅਤੇ ਦੁਪਹਿਰ 2.05 ਵਜੇ ਲਖਨਊ ਪਹੁੰਚੇਗੀ।

# ਹੁਣ ਘਰ-ਘਰ ਰਾਸ਼ਨ ਪਹੁੰਚਾਏਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿਚ ਡਿੱਪੂਆਂ ਰਾਹੀਂ ਮਿਲਣ ਵਾਲੇ ਰਾਸ਼ਨ ਨੂੰ ਘਰ-ਘਰ ਪਹੁੰਚਾਉਣ ਦਾ ਐਲਾਨ ਕੀਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਹੁਣ ਲੋਕਾਂ ਦੇ ਘਰਾਂ ਵਿਚ ਸਾਫ ਸੁਥਰਾ ਅਤੇ ਵਧੀਆ ਰਾਸ਼ਨ ਪਹੁੰਚਾਇਆ ਜਾਵੇਗਾ।



ਸ੍ਰੀ ਮਾਨ ਨੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਦੁਨੀਆ ਡਿਜੀਟਲ ਹੋ ਚੁੱਕੀ ਹੈ ਅਤੇ ਫੇਰ ਵੀ ਸਾਡੇ ਦੇਸ਼ ਵਿਚ ਅਜ਼ਾਦੀ ਦੇ 75 ਵਰ੍ਹੇ ਬੀਤਣ ਦੇ ਬਾਵਜੂਦ ਗਰੀਬ ਅਤੇ ਆਮ ਲੋਕਾਂ ਨੂੰ ਆਪਣੇ ਹਿੱਸੇ ਦਾ ਰਾਸ਼ਨ ਲੈਣ ਲਈ ਰਾਸ਼ਨ ਡਿਪੂਆਂ 'ਤੇ ਲੰਮੀਆਂ ਕਤਾਰਾਂ ਵਿਚ ਖੜਨਾ ਪੈਂਦਾ ਹੈ। ਰਾਸ਼ਣ ਲੈਣ ਲਈ ਨਿੱਤ ਕਮਾ ਕੇ ਖਾਉਣ ਵਾਲਿਆਂ ਨੂੰ ਦਿਹਾੜੀ ਤੱਕ ਛੱਡਣੀ ਪੈਂਦੀ ਹੈ। ਉਨ੍ਹਾਂ ਕਿਹਾ, "ਆਪ' ਸਰਕਾਰ ਨੇ ਘਰ ਤੱਕ ਰਾਸ਼ਨ ਪਹੁੰਚਾਉਣ ਲਈ 'ਡੋਰ ਸਟੈਪ ਡਲਿਵਰੀ ਆਫ ਰਾਸ਼ਨ ਸਕੀਮ' ਸ਼ੁਰੂ ਕੀਤੀ ਹੈ।

ਇਸ ਸਕੀਮ ਤਹਿਤ ਅਧਿਕਾਰੀ ਤੁਹਾਨੂੰ ਫੋਨ ਕਰਕੇ ਤੁਹਾਡੇ ਘਰ ਤੱਕ ਰਾਸ਼ਨ ਪਹੁੰਚਾਉਣਗੇ।" ਉਨ੍ਹਾਂ ਕਿਹਾ ਕਿ 'ਡੋਰ ਸਟੈਪ ਡਲਿਵਰੀ ਆਫ ਰਾਸ਼ਨ' ਸਕੀਮ ਵਿਚ ਡਿੱਪੂ ਤੋਂ ਖੁਦ ਕਣਕ ਲਿਆਉਣ ਦੀ ਛੋਟ ਵੀ ਦਿੱਤੀ ਜਾਵੇਗੀ। ਹੁਣ ਸਾਰੇ ਲੋਕਾਂ ਨੂੰ ਦਿੱਲੀ ਦੀ ਤਰਜ਼ 'ਤੇ ਪੰਜਾਬ ਵਿਚ ਵੀ ਘਰ ਬੈਠੇ-ਬੈਠੇ ਸਾਫ ਅਤੇ ਵਧੀਆ ਰਾਸ਼ਨ ਮੁਹੱਈਆ ਕਰਵਾਇਆ ਜਾਵੇਗਾ।




## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਲਾਹੌਰ ਵਿਖੇ ਮਿੰਟੂ ਬਰਾੜ ਦੀ ਕਿਤਾਬ ‘ਕੈਂਗਰੂਨਾਮਾ’ ਸ਼ਾਹਮੁਖੀ ਵਿਚ ਲੋਕ ਅਰਪਣ

**ਲਾਹੌਰ:** ਇੱਥੇ ਕਰਵਾਈ ਗਈ ਵਿਸ਼ਵ ਪੰਜਾਬੀ ਅਮਨ ਕਾਨਫ਼ਰੰਸ ਵਿਚ ਸ਼ਾਮਲ ਗੁਰਭਜਨ ਗਿੱਲ, ਗੁਰਭੇਜ ਸਿੰਘ ਗੁਰਾਇਆ, ਸਹਿਜਪ੍ਰੀਤ ਸਿੰਘ ਮਾਂਗਟ, ਸੁਸ਼ੀਲ ਦੁਸਾਂਝ, ਹਰਵਿੰਦਰ ਚੰਡੀਗੜ੍ਹ, ਆਸਿਫ਼ ਰਜ਼ਾ, ਖ਼ਾਲਿਦ ਹੁਸੈਨ, ਸਤੀਸ਼ ਗੁਲਾਟੀ, ਅਮਨ ਫੱਲੜ੍ਹ ਤੇ ਅਜ਼ੀਮ ਸ਼ੇਖਰ ਦੀ ਹਾਜ਼ਰੀ ਵਿਚ ਪਾਕਿਸਤਾਨ ਦੇ ਦੋ ਪ੍ਰਮੁੱਖ ਸ਼ਾਇਰਾਂ ਬਾਬਾ ਨਜ਼ਮੀ ਅਤੇ ਅਫ਼ਜ਼ਲ ਸਾਹਿਬ ਨੇ ਆਸਟ੍ਰੇਲੀਆ ਵਸਦੇ ਸਮਾਜ ਸੇਵੀ, ਲਿਖਾਰੀ, ਪੱਤਰਕਾਰ ਅਤੇ ਪੇਸ਼ਕਾਰ ਮਿੰਟੂ ਬਰਾੜ ਦੀ ਕਿਤਾਬ ‘ਕੈਂਗਰੂਨਾਮਾ’ ਨੂੰ ਲੋਕ ਅਰਪਣ ਕੀਤਾ।

ਇਸ ਮੌਕੇ ਬਾਬਾ ਨਜ਼ਮੀ ਨੇ ਕਿਹਾ ਕਿ ਮਿੰਟੂ ਨੇ ਜਿੱਥੇ ਦੇਸ਼ੋਂ ਬਾਹਰ ਇੱਜ਼ਤ ਕਮਾਈ ਹੈ ਓਥੇ ਹੀ ਹੁਣ ਉਹ ਲਹਿੰਦੇ ਪੰਜਾਬ ਵਿਚ ਆਪਣੀ ਕਿਤਾਬ ਦੇ ਉਲੱਥੇ ਤੋਂ ਬਾਅਦ ਨਵਾਂ ਨਾਮ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਮਿੰਟੂ ਆਪਣੀ ਹਰ ਲਿਖਤ ਵਿਚ ਪੰਜਾਬ ਤੇ ਪੰਜਾਬੀਆਂ ਦਾ ਵਕੀਲ ਬਣ ਗੱਲ ਕਰਦਾ ਹੈ। ਉਸ ਨੂੰ ਪੰਜਾਬ ‘ਚ ਹੋ ਰਹੀਆਂ ਧੱਕੇਸ਼ਾਹੀਆਂ ਅਤੇ ਨਵੀਂ ਨਸਲ ਦੀ ਚਿੰਤਾ ਰਹਿੰਦੀ ਹੈ। ਇਹ ਸਭ ਕੁਝ ਉਸ ਦੇ ਆਪਣੇ ਪੰਜਾਬ ਤੇ ਪੰਜਾਬੀਅਤ ਨਾਲ ਪਿਆਰ ਦਾ ਵਿਖਾਲਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਕਿਤਾਬਾਂ ਦਾ ਸ਼ਾਹਮੁਖੀ ਵਿਚ ਛਪਣਾ ਵਧੀਆ ਉਪਰਾਲਾ ਹੈ। ਪਾਕਿਸਤਾਨੀ ਸ਼ਾਇਰ ਤੇ ਚਿੱਤਰਕਾਰ ਆਸਿਫ਼ ਰਜ਼ਾ ਨੇ ਕਿਹਾ ਕਿ ਮਿੰਟੂ ਦੀ ਕਿਤਾਬ ਦਾ ਉਲੱਥਾ ਕਰਦਿਆਂ ਉਨ੍ਹਾਂ ਨੂੰ ਥਾਂ ਥਾਂ ’ਤੇ ਉਸ ਦੀ ਬਰੀਕ ਅਤੇ ਦੂਰ-ਅੰਦੇਸ਼ੀ ਸੋਚ ’ਤੇ ਹੈਰਤ ਹੁੰਦੀ ਰਹੀ ਹੈ। ਉਸ ਦੀ ਕਿਤਾਬ ਨਿਰੇ ਆਰਟੀਕਲ ਨਹੀਂ ਨੇ ਸਗੋਂ ਉਸ ਦਾ ਪੰਜਾਬ ਪ੍ਰਤੀ ਮੋਹ ਹੈ। ਉਸ ਦਾ ਰੋਣਾ ਆਪਣੇ ਦੇਸ ਤੇ ਦੇਸ਼ੋਂ ਬਾਹਰ ਵੱਸਦੇ ਕੁੱਲ ਪੰਜਾਬੀਆਂ ਦਾ ਬਿਆਨਿਆ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬੀ ਬੋਲੀ ਲਿਪੀਆਂ ਤੋਂ ਉਪਰ ਜਾ ਬੈਠੀ ਹੈ। ਹੁਣ ਦੋਹਾਂ ਪੰਜਾਬਾਂ ਦੇ ਲਿਖਣ ਵਾਲੇ ਦੋਹਾਂ ਪੰਜਾਬਾਂ ਵਿਚ ਹੀ ਇੱਕੋ ਜਿਹਾ ਮਾਣ ਹਾਸਲ ਕਰ ਰਹੇ ਨੇ।

ਯਾਦ ਰਹੇ ਕਿ ਇਹ ਕਿਤਾਬ ਬਾਬਾ ਫ਼ਰੀਦ ਬੁੱਕ ਫਾਊਂਡੇਸ਼ਨ ਲਾਹੌਰ ਵੱਲੋਂ ਸ਼ਾਹਮੁਖੀ ਵਿਚ ਲਿਪੀਅੰਤਰ ਕਰ ਕੇ ਪ੍ਰਕਾਸ਼ਿਤ ਕੀਤੀ ਗਈ ਹੈ ਅਤੇ ਗੁਰੂ ਬਾਬਾ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਦੇ ਵਾਈਸ ਚਾਂਸਲਰ ਤੋਂ ਇਲਾਵਾ ਮੁਦੱਸਰ ਇਕਬਾਲ ਬੱਟ, ਇਲਿਆਸ ਘੁੰਮਣ, ਗੁਰਭਜਨ ਗਿੱਲ ਤੇ ਸਹਿਜਪ੍ਰੀਤ ਸਿੰਘ ਮਾਂਗਟ ਵੱਲੋਂ ਵੀ ਇਕ ਵੱਖਰੇ ਸਮਾਗਮ ਵਿਚ ਲੋਕ ਅਰਪਿਤ ਕੀਤੀ ਗਈ ਹੈ। ਪਾਕਿਸਤਾਨ ਪੰਜਾਬੀ ਲੋਕ ਵਿਰਾਸਤ ਅਕੈਡਮੀ ਦੇ ਚੇਅਰਮੈਨ ਗੁਰਭਜਨ ਗਿੱਲ ਨੇ ਕਿਹਾ ਕਿ ਕਿਤਾਬਾਂ ਦਾ ਇੰਜ ਦਾ ਦਾਨ ਪ੍ਰਦਾਨ ਬਹੁਤ ਚੰਗੀ ਗੱਲ ਹੈ। ਸਭ ਲੇਖਕਾਂ ਨੇ ‘ਕੈਂਗਰੂਨਾਮਾ’ ਦੇ ਲੋਕ ਅਰਪਣ ਦੀਆਂ ਮਿੰਟੂ ਬਰਾੜ ਤੇ ਉਲੱਥਾਕਾਰ ਮੁਹੰਮਦ ਆਸਿਫ਼ ਰਜ਼ਾ ਨੂੰ ਮੁਬਾਰਕਾਂ ਦਿੱਤੀਆਂ।



# ਨਾਰਥ-ਅਮਰੀਕਾ ਕੁਸ਼ਤੀ ਟੂਰਨਾਮੈਂਟ: ਕੈਨੇਡੀਅਨ ਮੱਲ ਕੁਸ਼ਤੀ ਕਲੱਬ ਦੇ ਪਹਿਲਵਾਨਾਂ ਦਾ ਸ਼ਾਨਦਾਰ ਪ੍ਰਦਰਸ਼ਨ

**ਸਿਆਟਲ: (ਗੁਰਚਰਨ ਸਿੰਘ ਢਿੱਲੋਂ):** 2022 ਨਾਰਥ ਵੈਸਟ ਰੀਜਨਲ ਕੁਸ਼ਤੀ ਟੂਰਨਾਮੈਂਟ ਸੈਟਲੀਆ ਵਿਖੇ ਕਰਵਾਇਆ ਗਿਆ, ਜਿਸ ਵਿਚ ਅਮਰੀਕਾ ਤੇ ਕੈਨੇਡਾ ਤੋਂ 64 ਟੀਮਾਂ ਵਿਚ 763 ਪਹਿਲਵਾਨਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿਚ ਕੈਨੇਡੀਅਨ ਮੱਲ ਕੁਸ਼ਤੀ ਕਲੱਬ ਦੇ ਪੰਜਾਬੀ ਪਹਿਲਵਾਨਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲੇ ਸਥਾਨ ਹਾਸਲ ਕੀਤੇ।



ਜੇਤੂ ਖਿਡਾਰੀ ਆਪਣੇ ਕੋਚ ਅਮਨ ਢਿੱਲੋਂ ਨਾਲ।

ਟੂਰਨਾਮੈਂਟ ਵਿਚ ਕੈਨੇਡੀਅਨ ਮੱਲ ਕੁਸ਼ਤੀ ਕਲੱਬ ਸਰੀ ਦੇ ਕੁਸ਼ਤੀ ਕੋਚ ਅਮਨ ਢਿੱਲੋਂ ਦੀਆਂ ਹੋਣਹਾਰ ਧੀਆਂ ਤਰਨਪ੍ਰੀਤ ਕੌਰ ਢਿੱਲੋਂ ਨੇ 110 ਪੌਂਡ ਮੁਕਾਬਲੇ ‘ਚ ਸੋਨ ਤਗਮਾ ਤੇ ਗੁਰਲੀਨ ਕੌਰ ਢਿੱਲੋਂ ਨੇ 102 ਪੌਂਡ ‘ਚ ਚਾਂਦੀ ਦਾ ਤਗਮਾ, ਰੋਹਿਤ ਬੱਲ ਨੇ ਕਾਂਸੀ ਦਾ ਤਗਮਾ ਤੇ ਪ੍ਰਭਜੋਤ ਮੰਡੇਰ, ਮਨਪ੍ਰੀਤ ਕੰਗ ਤੇ ਹਰਕੀਰਤ ਢਿੱਲੋਂ ਨੇ ਚੌਥਾ ਸਥਾਨ ਹਾਸਲ ਕਰ ਕੇ ਕਲੱਬ ਦਾ ਨਾਂ ਹੋਰ ਰੌਸ਼ਨ ਕੀਤਾ। ਟੂਰਨਾਮੈਂਟ ਦੇ ਪ੍ਰਬੰਧਕਾਂ ਵਲੋਂ ਕੈਨੇਡੀਅਨ ਮੱਲ ਕੁਸ਼ਤੀ ਕਲੱਬ ਦੇ ਕੁਸ਼ਤੀ ਕੋਚ ਅਮਨ ਢਿੱਲੋਂ ਦਾ ਵਿਸ਼ੇਸ਼ ਸਨਮਾਨ ਕੀਤਾ।


# ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:

316-305-1818 ਜਾਂ 316-518-5382

E-Mail: Bayleafaustin@gmail.com

10-17


# ਸੁਖਪਾਲ ਔਜਲਾ ਦਾ ਗੀਤ ‘ਸ਼ਿਮਲਾ’ ਰਿਲੀਜ਼

**ਫਰਿਜ਼ਨੋ:** ਪੰਜਾਬੀ ਸਭਿਆਚਾਰ ਅਤੇ ਸੰਗੀਤ ਨੂੰ ਪਿਆਰ ਕਰਨ ਵਾਲੇ ਸ਼ਹਿਰ ਸਟਾਕਟਨ ਦੇ ਨਿਵਾਸੀ ਅਵਤਾਰ ਲਾਖਾ ਆਪਣੇ “ਟੋਟਲ ਐਂਟਰਟੇਨਮੈਂਟ’ ਚੈਨਲ ਦੇ ਬੈਨਰ ਹੇਠ




ਬਹੁਤ ਸਾਰੇ ਨਾਮਵਰ ਗਾਇਕਾਂ ਦੇ ਗੀਤ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੇ ਹਨ। ਇਸ ਤੋਂ ਇਲਾਵਾ ਕੁਝ ਛੋਟੀਆਂ ਅਤੇ ਲਘੂ ਫਿਲਮਾਂ ਦਾ ਨਿਰਮਾਣ ਵੀ ਉਨ੍ਹਾਂ ਵਲੋਂ ਕੀਤਾ ਗਿਆ। ਹੁਣ ਬਹੁਤ ਹੀ ਸੁਲਝੇ ਹੋਏ ਗੀਤਕਾਰ ਅਤੇ ਗਾਇਕ ਸੁਖਪਾਲ ਔਜਲਾ ਦਾ ਗੀਤ ‘ਸ਼ਿਮਲਾ’ ਉਨ੍ਹਾਂ ਵਲੋਂ ਰਿਲੀਜ਼ ਕੀਤਾ ਗਿਆ। ਇਹ ਗੀਤ ਭਾਰਤ ਰਹਿੰਦਿਆਂ ਸ਼ਿਮਲੇ ਦੀਆਂ ਪਿਆਰੀਆਂ ਯਾਦਾਂ ਨਾਲ ਭਰਪੂਰ ਹੈ। ਇਸ ਗੀਤ ਲਈ ਅਵਤਾਰ ਲਾਖਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਮੁਬਾਰਕਾਂ।

# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5’4”, ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 ’ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4” msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5’2” working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com" 14-17

Jatt Sikh family Looking for a U.S. Citizen or Green Card holder match for their U.S. Citizen, 28, 5’10” son, living in Maryland, USA. Majored in Information Systems, Currently working. Please contact us at deolsunny16@gmail.com 13-16

Jatt Sikh family Looking for a jatt sikh, well settled match for their U.S born and raised jatt sikh 30, 6’3” son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6’1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5’6”, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com ’ਤੇ ਸੰਪਰਕ ਕਰ ਸਕਦੇ ਹਨ। 6-10

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ ’ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ’ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com’ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5’10”. Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6’1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com ’ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5’8” 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

# ਸਾਹਿਤਕਾਰ ਤੇ ਗ਼ਜ਼ਲਗੋ ਦੇਵ ਦਰਦ ਨੂੰ ਸ਼ਰਧਾਂਜਲੀ

## ਯਾਦ ਵਿਚ ਛਾਂਦਾਰ ਅਤੇ ਫਲਦਾਰ ਪੌਦਾ ਲਾਇਆ

**ਅੰਮ੍ਰਿਤਸਰ:** ਪੰਜਾਬੀ ਜ਼ੁਬਾਨ ਦੇ ਨਾਮਵਰ ਗ਼ਜ਼ਲਗੋ ਅਤੇ ਪ੍ਰਮੁੱਖ ਸਾਹਿਤਕਾਰ ਦੇਵ ਦਰਦ ਜੋ ਪਿਛਲੇ ਦਿਨੀਂ ਦਰਦਨਾਕ ਵਿਛੋੜਾ ਦੇ ਗਏ ਸਨ। ਉਨ੍ਹਾਂ ਨਮਿਤ ਰਸਮ ਕਿਰਿਆ ਅਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਵਲੋਂ ਸਥਾਪਿਤ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਹੋਇਆ। ਉਨ੍ਹਾਂ ਦੀ ਯਾਦ ਨੂੰ ਚਿਰ ਸੰਜੀਵੀ ਬਣਾਉਣ ਲਈ ਉਨ੍ਹਾਂ ਦੇ ਪਰਿਵਾਰ, ਦੋਸਤ ਸਾਹਿਤਕਾਰ ਅਤੇ ਸਕੂਲ ਸਟਾਫ ਵਲੋਂ ਸਕੂਲ ਕੰਪਲੈਕਸ ਵਿਚ ਅੰਬ ਦਾ ਬੂਟਾ ਲਾ ਕੇ ਉਨ੍ਹਾਂ ਨੂੰ ਅਕੀਦਤ ਦੇ ਫੁੱਲ ਭੇਟ ਕੀਤੇ ਗਏ।



ਧਾਰਮਿਕ ਰਸਮਾਂ ਤੋਂ ਬਾਅਦ ਸ਼ੁਰੂ ਹੋਏ ਇਸ ਸੋਗ ਸਮਾਗਮ ਦੀ ਕਾਰਵਾਈ ਦੇਵ ਦਰਦ ਦੇ ਕਰੀਬੀ ਮਿੱਤਰ ਦੀਪ ਦੇਵਿੰਦਰ ਸਿੰਘ ਅਤੇ ਵਰਿੰਦਰ ਸਹਿਦੇਵ ਦੇ ਚਲਾਈ। ਇਸ ਮੌਕੇ ਕੇਂਦਰੀ ਸਭਾ ਦੇ ਬੁਲਾਰੇ ਮੱਖਣ ਕੁਹਾੜ, ਵਿਧਾਇਕ ਡਾ. ਅਜੈ ਗੁਪਤਾ, ਡਾ. ਪਰਮਿੰਦਰ, ਡਾ. ਰਾਜ ਕੁਮਾਰ ਵੇਰਕਾ, ਜਗਦੀਸ਼ ਸਚਦੇਵਾ, ਅਨੀਤਾ ਦੇਵਗਨ, ਅਰਵਿੰਦਰ ਸਿੰਘ ਭੱਟੀ, ਸੁਰਿੰਦਰ ਫਰਿਸ਼ਤਾ, ਐਸ ਨਸੀਮ, ਰਜਿੰਦਰ ਮੋਹਨ ਸਿੰਘ ਛੀਨਾ ਅਤੇ ਯਾਕੂਬ ਗਿੱਲ ਨੇ ਸ਼ਰਧਾ ਸੁਮਨ ਭੇਟ ਕਰਦਿਆਂ ਕਿਹਾ ਕਿ ਦੇਵ ਦਰਦ ਕਹਿਣੀ ਤੇ ਕਰਨੀ ਦੇ ਪੱਕੇ ਸਨ ਤੇ ਉਹ ਆਪਣੇ ਕੀਤੇ ਕੰਮਾਂ ਕਰਕੇ ਲੋਕ ਚੇਤਿਆਂ ਵਿਚੋਂ ਕਦੀ ਵੀ ਮਨਫੀ ਨਹੀਂ ਹੋਣਗੇ।

ਇਸ ਸਮੇਂ ਕੇਂਦਰੀ ਪੰਜਾਬੀ ਲੇਖਕ ਸਭਾ, ਖਾਲਸਾ ਕਾਲਜ ਅੰਮ੍ਰਿਤਸਰ, ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ, ਜਨਵਾਦੀ ਲੇਖਕ ਸੰਘ, ਸਾਹਿਤ ਸਭਾ ਬਾਬਾ ਬਕਾਲਾ, ਪੰਜਾਬੀ ਸਾਹਿਤ ਸੰਗਮ, ਸਾਹਿਤ ਸਭਾ ਮਾਛੀਵਾੜਾ ਅਤੇ ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸ਼ੋਕ ਸੰਦੇਸ਼ ਵੀ ਭੇਜੇ ਗਏ। ਇਸ ਸਮੇਂ ਪ੍ਰਿੰ. ਡਾ. ਮਹਿਲ ਸਿੰਘ, ਡਾ. ਨਵਪ੍ਰੀਤ, ਡਾ. ਚਰਨ ਕੰਵਲ, ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਮੁਖਤਾਰ ਗਿੱਲ, ਸੈਲਿੰਦਰਜੀਤ ਰਾਜਨ, ਰਾਜਵਿੰਦਰ ਰਾਜ, ਮਨਜੀਤ ਸਿੰਘ ਵਸੀ, ਮੱਖਣ ਭੈਣੀਵਾਲ, ਸ਼ੁਕਰਗੁਜ਼ਾਰ ਸਿੰਘ, ਐਡਵੋਕੇਟ ਵਿਸ਼ਾਲ, ਵਿਕਾਸ ਸੋਨੀ, ਸੁਮੀਤ ਸਿੰਘ, ਡਾ. ਕਸ਼ਮੀਰ ਸਿੰਘ, ਡਾ. ਕੁਲਬੀਰ ਸਿੰਘ ਸੂਰੀ, ਹਰਦੀਪ ਗਿੱਲ, ਗੁਰਿੰਦਰ ਮਕਨਾ, ਪ੍ਰਿੰ. ਕੁਲਵੰਤ ਸਿੰਘ ਅਣਖੀ, ਹਰਿੰਦਰ ਸੋਹਲ, ਨਿਰਮਲ ਅਰਪਣ, ਡਾ. ਆਤਮ ਰੰਧਾਵਾ, ਡਾ. ਸੀਮਾ ਗਰੇਵਾਲ, ਡਾ. ਹੀਰਾ ਸਿੰਘ, ਜਸਬੀਰ ਝਬਾਲ, ਗੁਰਦਿਆਲ ਸਿੰਘ ਬਲ, ਰਵੀ ਕਾਂਤ, ਹਰਮੀਤ ਆਰਟਿਸਟ, ਨਰਿੰਜਨ ਸੁਖਮ, ਹਰਜੀਤ ਸੰਧੂ ਮਨਮੋਹਨ ਬਾਸਰਕੇ, ਅਤਰ ਤਰਸਿੱਕਾ, ਡਾ. ਪਰਮਜੀਤ ਸਿੰਘ ਬਾਠ, ਹਰਪਾਲ ਨਾਗਰਾ, ਰਾਜ ਪਾਲ ਬਾਠ, ਰਾਜ ਕੁਮਾਰ ਰਾਜ, ਰਵੀ ਠਾਕੁਰ, ਰਜਿੰਦਰ ਰਿਖੀ, ਡਾ. ਇਕਬਾਲ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਅਧਿਆਪਕ ਅਤੇ ਸਾਹਿਤਕਾਰ ਹਾਜ਼ਰ ਸਨ।

ਪਰਿਵਾਰ ਵਲੋਂ ਧੰਨਵਾਦ ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਾਂਝੇ ਤੌਰ 'ਤੇ ਕੀਤਾ।

# 74 ਸਾਲਾਂ ਬਾਅਦ ਭਰਾਵਾਂ ਦਾ ਮਿਲਾਪ ਹੋਇਆ



**ਅਟਾਰੀ:** 1947 ਦੀ ਵੰਡ ਮਗਰੋਂ ਆਪਣੇ ਪਰਿਵਾਰ ਨਾਲੋਂ ਵਿੱਛੜ ਕੇ ਭਾਰਤ ਵਿਚ ਰਹਿ ਰਿਹਾ ਸਿੱਕਾ ਖਾਨ (ਹਬੀਬ) ਲਗਭਗ 74 ਸਾਲਾਂ ਬਾਅਦ ਆਪਣੇ ਵਿੱਛੜੇ ਭਰਾ ਨੂੰ ਮਿਲਣ ਲਈ ਪਾਕਿਸਤਾਨ ਪੁੱਜ ਗਿਆ ਹੈ। ਰਵਾਨਾ ਹੋਣ ਤੋਂ ਪਹਿਲਾਂ ਸਿੱਕਾ ਖਾਨ ਨੇ ਦੱਸਿਆ ਕਿ ਉਸ ਨੂੰ ਇਕ ਯੂ-ਟਿਊਬ ਚੈਨਲ ਜਰੀਏ ਆਪਣੇ ਪਾਕਿਸਤਾਨ ਰਹਿੰਦੇ ਭਰਾ ਮੁਹੰਮਦ ਸਦੀਕ ਬਾਰੇ ਪਤਾ ਚੱਲਿਆ ਸੀ। ਫਿਰ ਉਹ ਕਰਤਾਰਪੁਰ ਲਾਂਘਾ ਖੁੱਲ੍ਹਣ 'ਤੇ 10 ਜਨਵਰੀ ਨੂੰ ਪਿੰਡ ਦੇ ਕੁਝ ਲੋਕਾਂ ਨਾਲ ਕਰਤਾਰਪੁਰ ਸਾਹਿਬ ਦਰਸ਼ਨ ਕਰਨ ਗਿਆ ਜਿਥੇ 74 ਸਾਲਾਂ ਬਾਅਦ ਉਹ ਆਪਣੇ ਭਰਾ ਮੁਹੰਮਦ ਸਦੀਕ ਨੂੰ ਮਿਲਿਆ। ਸਿੱਕਾ ਖਾਨ ਨੇ ਦੱਸਿਆ ਕਿ ਇਸ ਮੁਲਾਕਾਤ ਤੋਂ ਬਾਅਦ ਪਾਕਿਸਤਾਨ ਵੱਲੋਂ ਉਸ ਨੂੰ ਵੀਜ਼ਾ ਦੇ ਦਿੱਤਾ ਗਿਆ। ਉਸ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਮੋਗਾ ਜ਼ਿਲ੍ਹੇ ਵਿਚ ਸੀ ਤੇ ਵੰਡ ਵੇਲੇ ਉਹ ਆਪਣੀ ਮਾਂ ਨਾਲ ਬਠਿੰਡਾ ਜ਼ਿਲ੍ਹੇ ਦੇ ਪਿੰਡ ਫੂੱਲਵਾਲਾ ਵਿਚ ਆਪਣੇ ਨਾਨਕੇ ਪਿੰਡ ਆਇਆ ਹੋਇਆ ਸੀ।

ਵੰਡ ਦੌਰਾਨ ਹੋਈ ਕਤਲੋ-ਗਾਰਦ ਵਿਚ ਉਸ ਦੇ ਪਿਤਾ ਦੀ ਮੌਤ ਹੋ ਗਈ। ਉਸ ਦੀ ਮਾਂ ਪਰਿਵਾਰ ਦੇ ਵਿਛੋੜੇ ਦਾ ਦਰਦ ਨਾ ਸਹਾਰਦੀ ਹੋਈ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੀ ਸੀ ਅਤੇ ਉਸ ਨੇ ਖੁਦਕੁਸ਼ੀ ਕਰ ਲਈ ਸੀ। ਉਸ ਦਾ ਪਾਲਣ-ਪੋਸਣ ਉਸ ਦੇ ਮਾਮੇ ਤੇ ਪਿੰਡ ਵਾਸੀਆਂ ਨੇ ਕੀਤਾ। ਸਿੱਕਾ ਖਾਨ ਨੇ ਦੱਸਿਆ ਉਹ ਭਰਾ ਲਈ ਸੌਗਾਤਾਂ ਲੈ ਕੇ ਜਾ ਰਿਹਾ ਹੈ। ਉਸ ਨੂੰ ਰਵਾਨਾ ਕਰਨ ਲਈ ਪਿੰਡ ਦੇ ਲੋਕ ਉਸ ਨਾਲ ਅਟਾਰੀ ਸਰਹੱਦ ਦੇ ਬਾਹਰੀ ਗੇਟ ਤੱਕ ਪਹੁੰਚੇ ਹੋਏ ਸਨ।

# ਵਾਦੀ ਵਿਚ ਹਿੰਦੂਆਂ ਤੇ ਸਿੱਖਾਂ ਦੇ ਕਤਲੇਆਮ ਦੀ ਜਾਂਚ ਲਈ ਸੁਪਰੀਮ ਕੋਰਟ 'ਚ ਅਰਜ਼ੀ

**ਨਵੀਂ ਦਿੱਲੀ:** ਜੰਮੂ ਕਸ਼ਮੀਰ 'ਚ 1989 ਤੋਂ 2003 ਦਰਮਿਆਨ ਹਿੰਦੂਆਂ ਅਤੇ ਸਿੱਖਾਂ ਦੇ ਕਥਿਤ ਕਤਲੇਆਮ 'ਚ ਸ਼ਾਮਲ ਸਾਜ਼ਿਸ਼ਕਾਰਾਂ ਦੀ ਪਛਾਣ ਲਈ ਵਿਸ਼ੇਸ਼ ਜਾਂਚ ਟੀਮ ਦੇ ਗਠਨ ਦੀ ਮੰਗ ਕਰਦਿਆਂ ਸੁਪਰੀਮ ਕੋਰਟ 'ਚ ਅਰਜ਼ੀ ਦਾਖਲ ਕੀਤੀ ਗਈ ਹੈ।

ਐਨ.ਜੀ.ਓ. 'ਵੁਈ ਦਿ ਸਿਟੀਜਨਜ਼' ਵੱਲੋਂ ਪਾਈ ਗਈ ਅਰਜ਼ੀ 'ਚ ਹਿੰਦੂਆਂ ਅਤੇ ਸਿੱਖਾਂ ਦੀ ਮਰਦਮਸ਼ੁਮਾਰੀ ਕਰਾਉਣ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ। ਅਰਜ਼ੀ 'ਚ ਕਿਹਾ ਗਿਆ ਹੈ ਕਿ ਕਤਲੇਆਮ ਦੇ ਪੀੜਤ ਹੁਣ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਰਹਿ ਰਹੇ ਹਨ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਵੀ ਢੁਕਵਾਂ ਪ੍ਰਬੰਧ ਕੀਤਾ ਜਾਵੇ। ਅਰਜ਼ੀਕਾਰ ਨੇ ਕਿਤਾਬਾਂ, ਲੇਖਾਂ ਅਤੇ ਕਸ਼ਮੀਰ ਤੋਂ ਹਿਜਰਤ ਕਰ ਚੁੱਕੇ ਲੋਕਾਂ 'ਤੇ ਕੀਤੀ ਗਈ ਖੋਜ ਦੇ ਆਧਾਰ 'ਤੇ ਪਟੀਸ਼ਨ ਦਾਖਲ ਕੀਤੀ ਹੈ। ਪਟੀਸ਼ਨ 'ਚ ਜਗਮੋਹਨ ਦੀ ਕਿਤਾਬ 'ਮਾਈ ਫਰੋਜਨ ਟਰਬੁਲੈਂਸ ਇਨ ਕਸ਼ਮੀਰ' ਅਤੇ ਰਾਹੁਲ ਪੰਡਿਤਾ ਵੱਲੋਂ ਲਿਖੀ ਕਿਤਾਬ 'ਅਵਰ ਮੂਨ ਹੈਜ ਬਲੱਡ ਕਲੌਟਸ' ਦਾ ਹਵਾਲਾ ਵੀ ਦਿੱਤਾ ਗਿਆ ਹੈ। 'ਦੋਵੇਂ ਕਿਤਾਬਾਂ 'ਚ ਕਸ਼ਮੀਰੀ ਹਿੰਦੂਆਂ ਅਤੇ ਸਿੱਖਾਂ ਦੇ ਸਾਲ 1990 'ਚ ਕਤਲੇਆਮ ਤੇ ਹਿਜਰਤ ਦੇ ਵੇਰਵੇ ਦਿੱਤੇ ਗਏ ਹਨ।' ਵਕੀਲ ਬਰੁਨ ਕੁਮਾਰ ਸਿਨਹਾ ਰਾਹੀਂ ਦਾਖਲ ਅਰਜ਼ੀ 'ਚ ਕਿਹਾ ਗਿਆ ਹੈ ਕਿ ਇਨ੍ਹਾਂ ਕਿਤਾਬਾਂ 'ਚ ਤਤਕਾਲੀ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਨਾਕਾਮੀ ਅਤੇ ਸੰਵਿਧਾਨਕ ਮਸ਼ੀਨਰੀ ਦੀ ਅਣਦੇਖੀ ਦਾ ਜ਼ਿਕਰ ਕੀਤਾ ਗਿਆ ਹੈ। 'ਤਤਕਾਲੀ ਸਰਕਾਰ ਅਤੇ ਸੂਬਾ ਮਸ਼ੀਨਰੀ ਨੇ ਹਿੰਦੂਆਂ ਅਤੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਸੀ। ਉਨ੍ਹਾਂ ਰਾਸ਼ਟਰ ਵਿਰੋਧੀ, ਅਤਿਵਾਦੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਪੂਰੇ ਕਸ਼ਮੀਰ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਦਿੱਤੀ ਹੋਈ ਸੀ। ਇਸ ਦੇ ਨਤੀਜੇ ਵਜੋਂ ਹਿੰਦੂਆਂ ਅਤੇ ਸਿੱਖਾਂ ਦਾ ਸਰਕਾਰ ਤੋਂ ਭਰੋਸਾ ਉੱਠ ਗਿਆ ਅਤੇ ਉਨ੍ਹਾਂ ਨੂੰ ਭਾਰਤ ਦੇ ਹੋਰ ਹਿੱਸਿਆ 'ਚ ਜਬਰੀ ਹਿਜਰਤ ਕਰਨੀ ਪਈ ਸੀ।' ਪਟੀਸ਼ਨ 'ਚ ਇਹ ਵੀ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਕਿ ਜਨਵਰੀ 1990 ਤੋਂ ਬਾਅਦ ਹੋਈ ਸਾਰੀਆਂ ਸੰਪਤੀਆਂ ਦੀ ਵਿਕਰੀ ਦੇ ਫੈਸਲੇ ਨੂੰ ਰੱਦ ਕੀਤਾ ਜਾਵੇ।


ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਨੀਤੀ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਰ੍ਹਾ 2022-23 ਲਈ ਕਣਕ ਦੀ ਖਰੀਦ ਨੀਤੀ ਜਾਰੀ ਕਰ ਦਿੱਤੀ ਹੈ, ਜਿਸ ਅਨੁਸਾਰ ਭਾਰਤੀ ਖੁਰਾਕ ਨਿਗਮ ਐਤਕੀਂ ਪੰਜਾਬ 'ਚੋਂ 12.60 ਫੀਸਦੀ ਕਣਕ ਖਰੀਦੇਗਾ। ਪਿਛਲੇ ਵਰ੍ਹਿਆਂ 'ਚ ਭਾਰਤੀ ਖੁਰਾਕ ਨਿਗਮ ਵੱਲੋਂ ਨਾਮਾਤਰ ਖਰੀਦ ਕੀਤੀ ਜਾਂਦੀ ਰਹੀ ਹੈ। ਕੌਮਾਂਤਰੀ ਬਾਜ਼ਾਰ 'ਚ ਕਣਕ ਦੀ ਵਧੀ ਮੰਗ ਦੇ ਮੱਦੇਨਜ਼ਰ ਭਾਰਤੀ ਖੁਰਾਕ ਨਿਗਮ ਨੇ ਖਰੀਦ ਟੀਚਾ ਵਧਾ ਦਿੱਤਾ ਹੈ ਤਾਂ ਜੋ ਦੂਜੇ ਸੂਬਿਆਂ ਦੀਆਂ ਅਨਾਜ ਲੋੜਾਂ ਦੀ ਪੂਰਤੀ ਵੀ ਹੋ ਸਕੇ। ਪੰਜਾਬ ਸਰਕਾਰ ਨੇ ਇਸ ਪਾਲਿਸੀ ਤਹਿਤ 132 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਤੈਅ ਕੀਤਾ ਹੈ।



ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਜਾਰੀ ਪਾਲਿਸੀ ਅਨੁਸਾਰ ਸੂਬਾਈ ਖਰੀਦ ਏਜੰਸੀਆਂ 'ਚੋਂ ਸਭ ਤੋਂ ਵੱਧ ਪਨਗਰੇਨ 25.50 ਫੀਸਦੀ ਕਣਕ ਖ਼ਰੀਦ ਕਰੇਗੀ ਜਦੋਂ ਕਿ ਮਾਰਕਫੈੱਡ ਨੇ 24 ਫੀਸਦੀ ਕਣਕ ਦੀ ਖਰੀਦ ਕਰਨੀ ਹੈ। ਇਸੇ ਤਰ੍ਹਾਂ ਪਨਸਪ 23.50 ਫੀਸਦੀ ਅਤੇ ਵੇਅਰਹਾਊਸ 14.40 ਫੀਸਦੀ ਕਣਕ ਦੀ ਖਰੀਦ ਕਰੇਗਾ। ਇਹ ਪਹਿਲੀ ਵਾਰ ਹੋਵੇਗਾ ਕਿ ਕਾਰਪੋਰੇਟ ਅਤੇ ਵਪਾਰੀ ਤਬਕਾ ਕਿਸਾਨਾਂ ਨਾਲ ਕਣਕ ਦੇ ਅਗਾਊਂ ਸੌਦੇ ਕਰ ਰਿਹਾ ਹੈ। ਇਸ ਵਾਰ ਵਪਾਰੀ ਤਬਕਾ ਵੀ ਕਣਕ ਦੀ ਜ਼ਿਆਦਾ ਖਰੀਦ ਕਰੇਗਾ।

ਇਸੇ ਦੌਰਾਨ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਣਕ ਦਾ ਖਰੀਦ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਨਕਦ ਕਰਜ਼ਾ ਹੱਦ (ਸੀ.ਸੀ.ਐੱਲ.) ਪ੍ਰਾਪਤ ਕਰਨ ਲਈ ਕੀਤੇ ਗਏ ਠੋਸ ਯਤਨਾਂ ਸਦਕਾ ਭਾਰਤੀ ਰਿਜ਼ਰਵ ਬੈਂਕ ਨੇ ਹਾੜ੍ਹੀ ਦੇ ਖਰੀਦ ਸੀਜ਼ਨ ਦੌਰਾਨ ਪੰਜਾਬ ਵਿਚ ਕਣਕ ਖਰੀਦਣ ਲਈ ਅਪਰੈਲ-2022 ਦੇ ਅਖੀਰ ਤੱਕ 24,773.11 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮੇਂ ਸਿਰ ਸੀ.ਸੀ.ਐਲ. ਜਾਰੀ ਕਰਨ ਲਈ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ ਹੈ। ਸੂਬਾ ਸਰਕਾਰ ਵੱਲੋਂ ਇਸ ਸੀਜ਼ਨ ਲਈ 132 ਲੱਖ ਟਨ ਕਣਕ ਦੀ ਖਰੀਦ ਲਈ ਮੰਗੀ ਗਈ ਸੀ.ਸੀ.ਐਲ. ਦਾ ਵੱਡਾ ਹਿੱਸਾ ਕੇਂਦਰੀ ਬੈਂਕ ਨੇ ਜਾਰੀ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਹਾੜ੍ਹੀ ਦੇ ਮੌਜੂਦਾ ਖਰੀਦ ਸੀਜ਼ਨ ਦੌਰਾਨ ਕਣਕ ਦੀ ਖਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੋ ਕੇ 31 ਮਈ ਤੱਕ ਖਤਮ ਹੋਵੇਗੀ।

## ਕੇਸ ਰੱਦ ਕਰਾਉਣ ਲਈ ਮਜੀਠੀਆ ਸੁਪਰੀਮ ਕੋਰਟ ਪੁੱਜੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਆਪਣੇ 'ਤੇ ਦਰਜ ਕੇਸ ਰੱਦ ਕਰਾਉਣ ਲਈ ਸੁਪਰੀਮ ਕੋਰਟ ਚਲੇ ਗਏ ਹਨ। ਇਹ ਕੇਸ ਅਕਾਲੀ ਆਗੂ ਖਿਲਾਫ ਪੰਜਾਬ ਪੁਲਿਸ ਨੇ ਐਨ.ਡੀ.ਪੀ.ਐੱਸ. ਤਹਿਤ ਦਰਜ ਕੀਤੇ ਸਨ। ਮਜੀਠੀਆ ਨੂੰ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਹੀ 23 ਫਰਵਰੀ ਤੱਕ ਗ੍ਰਿਫਤਾਰੀ ਤੋਂ ਰਾਹਤ ਦਿੱਤੀ ਸੀ। ਇਹ ਛੋਟ ਵਿਧਾਨ ਸਭਾ ਚੋਣਾਂ ਕਾਰਨ ਦਿੱਤੀ ਗਈ ਸੀ। ਉਨ੍ਹਾਂ ਮਗਰੋਂ ਅਦਾਲਤ ਵਿਚ ਸਮਰਪਣ ਕਰ ਦਿੱਤਾ ਸੀ। ਇਸ ਵੇਲੇ ਮਜੀਠੀਆ ਪਟਿਆਲਾ ਜੇਲ੍ਹ 'ਚ ਹਨ। ਉਨ੍ਹਾਂ ਦੀ ਜ਼ਮਾਨਤ ਅਰਜ਼ੀ ਵਿਸ਼ੇਸ਼ ਅਦਾਲਤ ਨੇ ਖਾਰਜ ਕਰ ਦਿੱਤੀ ਸੀ। ਸਾਬਕਾ ਮੰਤਰੀ ਨੇ ਆਪਣੇ 'ਤੇ ਦਰਜ ਕੇਸਾਂ ਨੂੰ ਸਿਆਸਤ ਤੋ ਪ੍ਰੇਰਿਤ ਦੱਸਿਆ ਹੈ ਤੇ ਦਲੀਲ ਦਿੱਤੀ ਹੈ ਕਿ ਇਨ੍ਹਾਂ ਕੇਸਾਂ ਦੀ ਜਾਂਚ ਪਹਿਲਾਂ ਹੀ ਉੱਚ ਪੁਲਿਸ ਅਧਿਕਾਰੀ ਕਰ ਚੁੱਕੇ ਹਨ।

## ਪਿੰਡਾਂ 'ਚ ਗ੍ਰਾਮ ਸਭਾ ਦਾ ਇਜਲਾਸ ਕਰਾਉਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਧਿਕਾਰੀਆਂ ਨੂੰ 26 ਜੂਨ ਨੂੰ ਸੂਬੇ ਦੇ ਸਮੂਹ ਪਿੰਡਾਂ ਵਿਚ ਗ੍ਰਾਮ ਸਭਾ ਇਜਲਾਸ ਬੁਲਾਉਣ ਦੀ ਹਦਾਇਤ ਕੀਤੀ ਹੈ। ਗ੍ਰਾਮ ਸਭਾ ਨੂੰ ਪੇਂਡੂ ਵਿਕਾਸ ਦਾ ਸਭ ਤੋਂ ਮਜ਼ਬੂਤ ਥੰਮ੍ਹ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਗ੍ਰਾਮ ਸਭਾ ਇਜਲਾਸ 'ਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਈ ਜਾਵੇ ਅਤੇ ਪਿੰਡਾਂ ਵਿਚ ਗ੍ਰਾਮ ਸਭਾਵਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇ। ਉਨ੍ਹਾਂ ਕਿਹਾ ਕਿ ਗ੍ਰਾਮ ਸਭਾ ਸਬੰਧੀ ਪਿੰਡਾਂ ਵਿਚ ਸਹੀ ਢੰਗ ਨਾਲ ਪੋਸਟਰ ਲਾਏ ਜਾਣ, ਗ੍ਰਾਮ ਸਭਾ ਇਜਲਾਸ ਲਈ ਸਮੇਂ ਸਿਰ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਪਿੰਡਾਂ ਦੇ ਸਾਰੇ ਵਿਕਾਸ ਕਾਰਜ ਤਕਨੀਕੀ ਸ਼ਾਖਾਵਾਂ ਤੋਂ ਸਹੀ ਵਿਉਂਤਬੰਦੀ ਅਤੇ ਰੂਪ-ਰੇਖਾ ਨਾਲ ਨੇਪਰੇ ਚਾੜ੍ਹੇ ਜਾਣ। ਉਨ੍ਹਾਂ ਨਾਲ ਹੀ ਕਿਹਾ ਕਿ ਵਿਕਾਸ ਕਾਰਜਾਂ ਦੀ ਘੱਟੋ-ਘੱਟ ਮਿਆਦ 25 ਸਾਲ ਹੋਣੀ ਚਾਹੀਦੀ ਹੈ ਤੇ ਵਿਕਾਸ ਕਾਰਜਾਂ ਲਈ ਸਿਰਫ ਮਿਆਰੀ ਸਮੱਗਰੀ ਹੀ ਵਰਤੀ ਜਾਵੇ। ਜੇਕਰ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਅਨੁਮਾਨ ਅਤੇ ਵਿਉਂਤਬੰਦੀ ਸਹੀ ਨਾ ਹੋਈ ਤਾਂ ਤਕਨੀਕੀ ਸ਼ਾਖਾਵਾਂ ਦੇ ਅਧਿਕਾਰੀ ਵੀ ਜ਼ਿੰਮੇਵਾਰ ਹੋਣਗੇ। ਵਿਭਾਗ ਦੇ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ ਦੌਰਾਨ ਪੰਚਾਇਤ ਮੰਤਰੀ ਨੇ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਸਹਿਣਸ਼ੀਲਤਾ' ਅਪਣਾਉਣ ਦਾ ਸਪੱਸ਼ਟ ਸੁਨੇਹਾ ਦਿੱਤਾ।

## ਪੰਜਾਬ ਵਿਚ ਮੋਦੀ ਸਰਕਾਰ ਖਿਲਾਫ ਰੋਹ ਭਖਿਆ

*(ਸਫਾ ਇਕ ਦੀ ਬਾਕੀ)*

ਵਾਲੇ ਅਪਣਾਈ ਸੀ ਤੇ ਹੁਣ ਬਿਜਲੀ ਦੇ ਪ੍ਰੀਪੇਡ ਮੀਟਰ ਨਾ ਲਾਉਣ ਵਾਲਿਆਂ ਨੂੰ ਸੂਬਿਆਂ ਨੂੰ ਸ਼ਰੇਆਮ ਫੰਡ ਰੋਕਣ ਦੀ ਧਮਕੀ ਦਿੱਤੀ ਹੈ।

ਸਰਹੱਦੀ ਸੂਬਾ ਹੋਣ ਅਤੇ ਅਤਿਵਾਦ ਦਾ ਸੇਕ ਝੱਲਣ ਵਾਲੇ ਪੰਜਾਬ ਸਿਰ ਇਸ ਵੇਲੇ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਜਿਸ ਦੀ ਸਾਲਾਨਾ ਕਰੀਬ 20 ਹਜ਼ਾਰ ਕਰੋੜ ਰੁਪਏ ਦੀ ਕਿਸ਼ਤ ਉਤਾਰਨੀ ਪੈਂਦੀ ਹੈ। ਸਮੇਂ ਦੀਆਂ ਸਰਕਾਰਾਂ ਨੇ ਕੇਂਦਰ ਕੋਲ ਸੂਬੇ ਦੀ ਬਾਂਹ ਫੜਨ ਦਾ ਹਮੇਸ਼ਾ ਤਰਲਾ ਮਾਰਿਆ ਹੈ ਪਰ ਕੇਂਦਰ ਹਰ ਵੇਲੇ ਮਦਦ ਦੀ ਥਾਂ ਸ਼ਰਤਾਂ ਲਾ ਕੇ ਨਿਯਮਾਂ ਤਹਿਤ ਮਿਲਦੇ ਫੰਡ ਵੀ ਰੋਕ ਲੈਂਦਾ ਹੈ। ਤਰਾਸਦੀ ਇਹ ਰਹੀ ਕਿ ਸੰਘੀ ਢਾਂਚੇ ਦੀ ਰਾਖੀ ਲਈ ਮੋਰਚੇ ਲਾਉਣ ਵਾਲਾ ਅਕਾਲੀ ਦਲ ਵੀ ਪਿਛਲੇ ਕੁਝ ਸਾਲਾਂ ਵਿਚ ਕੇਂਦਰ ਵਿਚ ਭਾਜਪਾ ਦਾ ਭਾਈਵਾਲ ਹੋਣ ਕਾਰਨ ਇਸ ਪਾਸੇ ਚੁੱਪ-ਚਾਪ ਤਮਾਸ਼ਾ ਵੇਖਦਾ ਰਿਹਾ।

ਹੁਣ ਭਾਜਪਾ ਨਾਲ ਸਾਂਝ ਟੁੱਟਣ ਮਗਰੋਂ ਭਾਵੇਂ ਕੇਂਦਰ ਦੇ ਸੂਬਿਆਂ ਉਤੇ ਹੱਲਿਆਂ ਦਾ ਰੌਲਾ ਪਾਉਣ ਲੱਗਿਆ ਹੈ ਪਰ ਹੁਣ ਪਾਣੀ ਸਿਰ ਉਤੋਂ ਲੰਘਣ ਵਾਲੀ ਗੱਲ ਬਣ ਗਈ ਹੈ। ਕੇਂਦਰ ਨੇ ਵਿੱਤੀ ਰੋਕਾਂ ਵਾਲਾ ਅਜਿਹਾ ਤਾਣਾ ਗੁੰਦਿਆ ਹੈ ਕਿ ਸੂਬੇ ਉਸ ਦੇ ਆਖੇ ਤੋਂ ਬਾਹਰ ਜਾ ਹੀ ਨਹੀਂ ਸਕਦੇ। ਹਾਲਾਂਕਿ ਚੰਡੀਗੜ੍ਹ ਦੇ ਮੁੱਦੇ ਉਤੇ ਅਕਾਲੀ ਦਲ ਸਣੇ ਸੂਬੇ ਦੀਆਂ ਸਿਆਸੀ ਧਿਰਾਂ ਵੱਲੋਂ ਦਿੱਤਾ ਏਕੇ ਦਾ ਸੱਦਾ ਭਵਿੱਖ ਵਿਚ ਕਿਸੇ ਵੱਡੀ ਚਾਰਾਜੋਈ ਵੱਲ ਇਸ਼ਾਰਾ ਕਰਦਾ ਹੈ। ਸੂਬੇ ਦੀਆਂ ਸੰਘਰਸ਼ੀ ਜਥੇਬੰਦੀਆਂ ਨੇ ਵੀ ਇਸ ਮੁੱਦੇ ਉਤੇ ਸੰਘਰਸ਼ ਦਾ ਬਿਗਲ ਵਜਾਉਣ ਦਾ ਸੱਦਾ ਦਿੱਤਾ ਹੈ। ਮੌਜੂਦਾ ਬਣ ਰਹੇ ਮਾਹੌਲ ਤੋਂ ਜਾਪ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਮੁੱਦਾ ਕਾਫੀ ਭਖਣ ਵਾਲਾ ਹੈ ਤੇ ਸੰਘੀ ਢਾਂਚੇ ਦੀ ਰਾਖੀ ਲਈ ਹੋਰ ਸੂਬਿਆਂ ਦੀਆਂ ਵੀ ਅੱਖਾਂ ਖੋਲ੍ਹੇਗਾ।

## ਟਰੇਡ ਯੂਨੀਅਨਾਂ ਦੇ ਸੱਦੇ 'ਤੇ ਮੋਦੀ ਸਰਕਾਰ ਦੀ ਘੇਰੇਬੰਦੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀਆਂ ਵੱਖ-ਵੱਖ ਨੀਤੀਆਂ ਖਿਲਾਫ ਹਜ਼ਾਰਾਂ ਵਰਕਰਾਂ ਵੱਲੋਂ ਕੀਤੀ ਗਈ ਦੋ ਰੋਜ਼ਾ ਹੜਤਾਲ ਕਾਰਨ ਪੰਜਾਬ, ਚੰਡੀਗੜ੍ਹ, ਪੱਛਮੀ ਬੰਗਾਲ ਤੇ ਕੇਰਲ ਸਣੇ ਵੱਡੀ ਗਿਣਤੀ ਸੂਬਿਆਂ ਵਿਚ ਬੈਂਕਿੰਗ ਤੇ ਜਨਤਕ ਟਰਾਂਸਪੋਰਟ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ। ਇਸ ਸਾਂਝੇ ਫੋਰਮ ਵਿਚ ਇੰਟਕ, ਏਟਕ, ਐਚ.ਐਮ.ਐਸ, ਸੀਟੂ, ਏ.ਆਈ.ਯੂ.ਟੀ.ਯੂ.ਸੀ, ਟੀ.ਯੂ.ਸੀ.ਸੀ, ਏਕਟੂ, ਐਲ.ਪੀ.ਐਫ, ਯੂਟਕ ਆਦਿ ਟਰੇਡ ਯੂਨੀਅਨਾਂ ਸ਼ਾਮਲ ਹਨ।

ਇਸ ਦੌਰਾਨ ਹਾਲਾਂਕਿ, ਜ਼ਿਆਦਾਤਰ ਜਰੂਰੀ ਸੇਵਾਵਾਂ ਪ੍ਰਭਾਵਿਤ ਨਹੀਂ ਹੋਈਆਂ ਪਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਬੈਂਕਿੰਗ ਸੇਵਾਵਾਂ ਅੰਸ਼ਕ ਤੌਰ 'ਤੇ ਪ੍ਰਭਾਵਿਤ ਰਹੀਆਂ। ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਦੋ ਰੋਜ਼ਾ ਦੇਸ਼ ਵਿਆਪੀ ਹੜਤਾਲ ਨੂੰ ਪੂਰੇ ਪੰਜਾਬ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ ਜ਼ਬਰਦਸਤ ਹੁੰਗਾਰਾ ਮਿਲਿਆ। ਕੇਂਦਰੀ ਟਰੇਡ ਯੂਨੀਅਨਾਂ ਦੇ ਇਕ ਸਾਂਝੇ ਫੋਰਮ ਵੱਲੋਂ ਕਾਮਿਆਂ, ਕਿਸਾਨਾਂ ਅਤੇ ਹੋਰ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਰਕਾਰੀ ਨੀਤੀਆਂ ਖਿਲਾਫ ਰੋਸ ਪ੍ਰਗਟਾਉਣ ਲਈ 28 ਤੇ 29 ਮਾਰਚ ਨੂੰ ਕੌਮੀ ਪੱਧਰੀ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ।

ਪੱਛਮੀ ਬੰਗਾਲ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਸੜਕਾਂ ਅਤੇ ਕੁਝ ਸਟੇਸ਼ਨਾਂ 'ਤੇ ਰੇਲਾਂ ਦੀ ਆਵਾਜਾਈ ਰੋਕੇ ਜਾਣ ਕਾਰਨ ਜਨਜੀਵਨ ਪ੍ਰਭਾਵਿਤ ਹੋਇਆ। ਇਸੇ ਤਰ੍ਹਾਂ ਕੇਰਲਾ ਵਿਚ ਵੀ ਸੂਬੇ ਦੀਆਂ ਸਰਕਾਰੀ ਬੱਸਾਂ ਤੋਂ ਇਲਾਵਾ ਆਟੋ-ਰਿਕਸ਼ਾ ਅਤੇ ਨਿੱਜੀ ਬੱਸਾਂ ਵੀ ਸੜਕਾਂ 'ਤੇ ਨਹੀਂ ਚੱਲ ਸਕੀਆਂ ਪਰ ਇਸ ਦੌਰਾਨ ਜਰੂਰੀ ਸੇਵਾਵਾਂ ਜਿਵੇਂ ਕਿ ਦੁੱਧ ਦੀ ਸਪਲਾਈ, ਹਸਪਤਾਲ ਤੇ ਐਂਬੂਲੈਂਸ ਸੇਵਾਵਾਂ ਪ੍ਰਭਾਵਿਤ ਨਹੀਂ ਹੋਈਆਂ। ਹਰਿਆਣਾ ਰੋਡਵੇਜ਼ ਦੇ ਮੁਲਾਜ਼ਮਾਂ ਵੱਲੋਂ ਇਸ ਦੋ ਦਿਨਾਂ ਹੜਤਾਲ ਵਿਚ ਸ਼ਮੂਲੀਅਤ ਕੀਤੇ ਜਾਣ ਕਰ ਕੇ ਹਰਿਆਣਾ ਵਿਚ ਸਰਕਾਰੀ ਟਰਾਂਸਪੋਰਟ ਸੇਵਾਵਾਂ ਪ੍ਰਭਾਵਿਤ ਹੋਈਆਂ।

## ਮਾਨ ਸਰਕਾਰ ਵੱਲੋਂ 16 ਹਜ਼ਾਰ ਮੁਹੱਲਾ ਕਲੀਨਿਕ ਬਣਾਉਣ ਦੀ ਤਿਆਰੀ

**ਪਟਿਆਲਾ:** ਸਰਕਾਰੀ ਡੈਂਟਲ ਕਾਲਜ ਪਟਿਆਲਾ ਦੇ ਸਾਲਾਨਾ ਸਮਾਗਮ ਵਿਚ ਪਹੁੰਚੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਵਿਜੈ ਸਿੰਗਲਾ ਨੇ ਕਿਹਾ ਕਿ ਸਿਹਤ ਸੇਵਾਵਾਂ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਉਣਾ 'ਆਪ' ਸਰਕਾਰ ਦੀ ਮੁਢਲੀ ਤਰਜੀਹ ਹੈ। ਸੂਬੇ ਵਿਚ 16 ਹਜ਼ਾਰ ਮੁਹੱਲਾ ਕਲੀਨਿਕ ਬਣਾਉਣ ਸਮੇਤ ਹਰ ਨਾਗਰਿਕ ਦਾ ਸਿਹਤ ਕਾਰਡ ਵੀ ਬਣਾਇਆ ਜਾਵੇਗਾ।

## ਆਸਕਰਜ਼: ਵਿੱਲ ਸਮਿੱਥ ਨੂੰ 'ਸਰਬੋਤਮ ਅਦਾਕਾਰ' ਦਾ ਐਵਾਰਡ

**ਲਾਸ ਏਂਜਲਸ:** ਇਥੇ ਹੋਏ ਆਸਕਰਜ਼ ਐਵਾਰਡ ਸਮਾਗਮ ਵਿਚ ਫਿਲਮ 'ਕੋਡਾ' ਨੂੰ 'ਸਰਬੋਤਮ ਫਿਲਮ' ਜਦਕਿ ਵਿੱਲ ਸਮਿੱਥ ਨੂੰ ਫਿਲਮ 'ਕਿੰਗ ਰਿਚਰਡ' ਲਈ 'ਸਰਬੋਤਮ ਅਦਾਕਾਰ' ਦਾ ਪੁਰਸਕਾਰ ਦਿੱਤਾ ਗਿਆ। ਇਸੇ ਸਮਾਗਮ ਦੌਰਾਨ ਆਪਣੀ ਪਤਨੀ ਬਾਰੇ ਸਟੇਜ ਤੋਂ ਮਜ਼ਾਕ ਕੀਤੇ ਜਾਣ ਤੋਂ ਖਫ਼ਾ ਹੋਏ ਵਿੱਲ ਸਮਿੱਥ ਨੇ ਅਦਾਕਾਰ ਕ੍ਰਿਸ ਰੌਕ ਦੇ ਥੱਪੜ ਮਾਰ ਦਿੱਤਾ।

ਡੈਨਿਸ ਵਿਲੇਨੇਊਵ ਦੀ ਫਿਲਮ 'ਡਿਊਨ' ਨੇ ਤਕਨੀਕੀ ਸ਼੍ਰੇਣੀਆਂ ਵਿਚ ਛੇ ਐਵਾਰਡ ਜਿੱਤੇ। ਇਸੇ ਤਰ੍ਹਾਂ ਫਿਲਮ 'ਕੋਡਾ' ਨੂੰ 'ਸਰਬੋਤਮ ਫਿਲਮ' ਸਮੇਤ ਤਿੰਨ ਅਕੈਡਮੀ ਐਵਾਰਡ ਮਿਲੇ। ਇਨ੍ਹਾਂ 'ਚੋਂ 'ਅਡੈਪਟਡ ਸਕਰੀਨਪਲੇਅ' ਲਈ ਨਿਰਦੇਸ਼ਕ ਸਿਆਨ ਹੈਡਰ ਅਤੇ 'ਸਹਾਇਕ ਅਦਾਕਾਰ' ਲਈ ਟ੍ਰੌਏ ਕੋਟਸੁਰ ਨੂੰ ਐਵਾਰਡ ਮਿਲਿਆ। ਜੇਨ ਕੈਂਪੀਅਨ ਨੇ 'ਦਿ ਪਾਵਰ ਆਫ ਦਿ ਡੌਗ' ਲਈ 'ਸਰਬੋਤਮ ਨਿਰਦੇਸ਼ਕ' ਦਾ ਐਵਾਰਡ ਜਿੱਤਿਆ। ਉਹ ਪਹਿਲੀ ਔਰਤ ਹੈ ਜਿਸ ਨੂੰ ਸ਼੍ਰੇਣੀ ਵਿਚ ਦੋ ਵਾਰ ਨਾਮਜ਼ਦ ਕੀਤਾ ਗਿਆ ਸੀ। ਇਸੇ ਤਰ੍ਹਾਂ ਉਹ ਇਸ ਸ਼੍ਰੇਣੀ ਵਿਚ ਐਵਾਰਡ ਜਿੱਤਣ ਵਾਲੀ ਤੀਸਰੀ ਔਰਤ ਬਣ ਗਈ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ 'ਨੋਮੈਡਲੈਂਡ' ਲਈ ਕਲੋਏ ਜਾਓ ਅਤੇ 2010 ਵਿਚ 'ਹਰਟ ਲੌਕਰ' ਲਈ ਕੈਥਰੀਨ ਬਿਗੇਲੋ ਨੇ ਇਹ ਐਵਾਰਡ ਜਿੱਤਿਆ ਸੀ। ਇਸ ਤੋਂ ਇਲਾਵਾ ਜਾਪਾਨੀ ਡਰਾਮਾ 'ਡਰਾਈਵ ਮਾਈ ਕਾਰ' ਨੂੰ 'ਸਰਬੋਤਮ ਅੰਤਰਰਾਸ਼ਟਰੀ ਫਿਲਮ', 'ਬੇਲਫਾਸਟ' ਲਈ ਕੇਨੈਥ ਨੂੰ 'ਮੂਲ ਸਕਰੀਨਪਲੇਅ' ਲਈ ਐਵਾਰਡ ਮਿਲਿਆ। ਜੈਸਿਕਾ ਚੈਸਟੇਨ ਨੇ 'ਦਿ ਆਈਜ ਆਫ ਟੈਮੀ ਫੇ' ਲਈ 'ਸਰਬੋਤਮ ਅਦਾਕਾਰਾ' ਦਾ ਐਵਾਰਡ ਜਿੱਤਿਆ ਅਤੇ 'ਸਰਬੋਤਮ ਅਦਾਕਾਰ' ਦਾ ਖਿਤਾਬ 'ਕਿੰਗ ਰਿਚਰਡ' ਲਈ ਵਿੱਲ ਸਮਿੱਥ ਨੂੰ ਦਿੱਤਾ ਗਿਆ।

## ਗੁਰਦੁਆਰੇ 'ਚ ਤਿੰਨ ਪਾਵਨ ਸਰੂਪ ਅਗਨ ਭੇਟ

**ਅਜੀਤਵਾਲ:** ਪਿੰਡ ਢੁੱਡੀਕੇ ਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਚ ਸ਼ਾਰਟ ਸਰਕਟ ਨਾਲ ਲੱਗੀ ਅੱਗ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਅਗਨ ਭੇਟ ਹੋ ਗਏ। ਨਿਹਾਲ ਸਿੰਘ ਵਾਲਾ ਦੇ ਡੀ.ਐਸ.ਪੀ. ਸਰਫਰਾਜ ਆਲਮ ਦੀ ਅਗਵਾਈ ਵਿਚ ਪਹੁੰਚੀ ਪੁਲਿਸ ਦੀ ਟੀਮ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਸੁੱਖ ਆਸਣ 'ਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ 'ਚੋਂ ਇਕ 80 ਫੀਸਦੀ ਅਗਨ ਭੇਟ ਹੋ ਗਿਆ ਅਤੇ ਦੋ ਸਰੂਪਾਂ ਨੂੰ ਅੱਗ ਦਾ ਸੇਕ ਲੱਗਾ ਹੈ। ਮੁਢਲੀ ਪੜਤਾਲ ਤੋਂ ਪਤਾ ਲੱਗਿਆ ਇਹ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਅਕਾਲੀ ਸਰਕਾਰ ਵੇਲੇ 437 ਨਿਰਦੋਸ਼ਾਂ ਨੂੰ ਝੂਠੇ ਪੁਲਿਸ ਕੇਸਾਂ 'ਚ ਫਸਾਇਆ

**ਚੰਡੀਗੜ੍ਹ:** ਜਸਟਿਸ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਵਾਲੇ 'ਕਮਿਸ਼ਨ ਆਫ ਇਨਕੁਆਰੀ' ਦੀ ਰਿਪੋਰਟ ਅਨੁਸਾਰ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੌਰਾਨ ਪੰਜਾਬ ਪੁਲਿਸ ਵੱਲੋਂ 437 ਨਿਰਦੋਸ਼ਾਂ ਨੂੰ ਝੂਠੇ ਪੁਲਿਸ ਕੇਸਾਂ 'ਚ ਫਸਾਇਆ ਗਿਆ। ਪੁਲਿਸ ਨੇ ਸਿਆਸੀ ਰੰਜਿਸ਼ ਅਤੇ ਹੋਰਨਾਂ ਕਾਰਨਾਂ ਕਰ ਕੇ ਇਨ੍ਹਾਂ ਨਿਰਦੋਸ਼ਾਂ ਨੂੰ ਨਿਸ਼ਾਨਾ ਬਣਾਇਆ। ਇਹ 420 ਪੰਨਿਆਂ ਦੀ ਰਿਪੋਰਟ 4 ਮਾਰਚ ਨੂੰ ਮੁੱਖ ਮੰਤਰੀ ਪੰਜਾਬ ਨੂੰ ਸੌਂਪੀ ਗਈ ਸੀ।



ਕਾਂਗਰਸ ਨੇ 2017 ਦੀਆਂ ਚੋਣਾਂ ਦੇ ਪ੍ਰਚਾਰ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਜਿਨ੍ਹਾਂ ਬੇਕਸੂਰਾਂ 'ਤੇ ਗੱਠਜੋੜ ਸਰਕਾਰ ਨੇ ਕੇਸ ਦਰਜ ਕੀਤੇ ਹਨ, ਉਨ੍ਹਾਂ ਦੀ ਪੜਤਾਲ ਕਰਾ ਕੇ ਕੇਸ ਰੱਦ ਕੀਤੇ ਜਾਣਗੇ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਸੰਭਾਲਣ ਮਗਰੋਂ ਜਸਟਿਸ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ 'ਕਮਿਸ਼ਨ ਆਫ ਇਨਕੁਆਰੀ' ਦਾ ਗਠਨ ਕੀਤਾ ਸੀ, ਜਿਸ ਨੇ ਪੀੜਤਾਂ ਤੋਂ ਦਰਖਾਸਤਾਂ ਮੰਗੀਆਂ ਅਤੇ ਪੜਤਾਲ ਕੀਤੀ। ਜਸਟਿਸ ਗਿੱਲ ਨੇ ਕਈ ਪੜਾਵਾਂ ਵਿਚ ਇਹ ਰਿਪੋਰਟ ਸਰਕਾਰ ਨੂੰ ਸੌਂਪੀ। 'ਕਮਿਸ਼ਨ ਆਫ ਇਨਕੁਆਰੀ' ਨੂੰ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ 10 ਵਰ੍ਹਿਆਂ ਦੇ ਰਾਜ ਦੌਰਾਨ ਜ਼ਿਆਦਤੀ ਦਾ ਸ਼ਿਕਾਰ ਹੋਣ ਨਾਲ ਸਬੰਧਤ 4,702 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।

ਸਮੁੱਚੀ ਪੜਤਾਲ ਰਿਪੋਰਟ ਦੀ ਪੜਚੋਲ ਤੋਂ ਸਪੱਸ਼ਟ ਹੁੰਦਾ ਹੈ ਕਿ ਗੱਠਜੋੜ ਸਰਕਾਰ ਸਮੇਂ ਬਹੁਤੇ ਕੇਸ ਧੋਖਾਧੜੀ, ਜਾਅਲਸਾਜ਼ੀ ਅਤੇ ਜਬਰ ਜਨਾਹ ਵਰਗੇ ਅਪਰਾਧਾਂ ਦੇ ਦਰਜ ਕੀਤੇ ਗਏ ਸਨ। ਇਨ੍ਹਾਂ ਕੇਸਾਂ ਵਿਚ ਗੱਠਜੋੜ ਸਰਕਾਰ ਸਮੇਂ ਅਕਾਲੀ ਆਗੂਆਂ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਕਾਫੀ ਕੇਸ ਐਨ.ਡੀ.ਪੀ.ਐਸ. ਐਕਟ ਤਹਿਤ ਵੀ ਦਰਜ ਕੀਤੇ ਗਏ ਸਨ। ਕਮਿਸ਼ਨ ਨੇ ਸਾਰੀਆਂ ਸਿਆਸੀ ਧਿਰਾਂ ਦੇ ਪੀੜਤਾਂ ਨੂੰ ਰਾਹਤ ਦਿੱਤੀ ਹੈ।

ਕਮਿਸ਼ਨ ਨੂੰ ਪ੍ਰਾਪਤ 4702 ਵਿਚੋਂ 1179 ਸ਼ਿਕਾਇਤਾਂ ਵਿਚ ਕੋਈ ਮੈਰਿਟ ਨਹੀਂ ਮਿਲੀ, ਜਿਸ ਦੇ ਆਧਾਰ 'ਤੇ ਦਰਜ ਕੇਸ ਗਲਤ ਮੰਨੇ ਜਾ ਸਕਦੇ ਹਨ। ਇਸੇ ਤਰ੍ਹਾਂ 224 ਸ਼ਿਕਾਇਤਾਂ ਦਾ ਸਬੰਧ ਅਧਿਕਾਰ ਖੇਤਰ ਤੋਂ ਬਾਹਰ ਦਾ ਸੀ, ਜਿਸ ਕਰਕੇ ਉਨ੍ਹਾਂ ਨੂੰ ਗ੍ਰਹਿ ਵਿਭਾਗ ਨੂੰ ਵਾਪਸ ਭੇਜ ਦਿੱਤਾ ਗਿਆ। ਰਿਪੋਰਟ ਅਨੁਸਾਰ ਕਮਿਸ਼ਨ ਨੂੰ ਨੋਡਲ ਅਫਸਰਾਂ ਤੋਂ ਮਿਲੀ ਫੀਡਬੈਕ ਦੇ ਆਧਾਰ 'ਤੇ 437 ਕੇਸਾਂ 'ਚੋਂ 360 ਮਾਮਲਿਆਂ ਵਿਚ ਕਮਿਸ਼ਨ ਦੇ ਹੁਕਮਾਂ ਨੂੰ ਲਾਗੂ ਕੀਤਾ ਗਿਆ, ਜਿਨ੍ਹਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸੇ ਤਰ੍ਹਾਂ ਹੇਠਲੀਆਂ ਅਦਾਲਤਾਂ ਵਿਚ 236 ਮਾਮਲਿਆਂ ਵਿਚ ਪੁਲਿਸ ਕੇਸ ਰੱਦ ਕਰਨ ਦੀਆਂ ਰਿਪੋਰਟਾਂ ਦਾਇਰ ਕੀਤੀਆਂ ਗਈਆਂ ਸਨ ਅਤੇ 35 ਕੇਸਾਂ ਵਿਚ ਆਈ.ਪੀ.ਸੀ. ਦੀ ਧਾਰਾ 182 ਦੇ ਤਹਿਤ ਕਾਰਵਾਈ ਸ਼ੁਰੂ ਕੀਤੀ ਗਈ ਸੀ। ਰਿਪੋਰਟ ਅਨੁਸਾਰ 33 ਮਾਮਲਿਆਂ ਵਿਚ ਮੁਆਵਜ਼ਾ ਦਿੱਤਾ ਗਿਆ।

ਕਮਿਸ਼ਨ ਵੱਲੋਂ ਸੁਣਵਾਈ ਲੰਬਿਤ ਹੋਣ ਕਰਕੇ 1132 ਸ਼ਿਕਾਇਤਾਂ ਵਿਚ ਸੁਣਵਾਈ ਨਹੀਂ ਕੀਤੀ ਗਈ ਜਦੋਂ ਕਿ ਹੋਰ 526 ਸ਼ਿਕਾਇਤਾਂ ਸ਼ੱਕ ਦੇ ਲਾਭ ਜਾਂ ਸਮਝੌਤਾ ਹੋਣ ਕਰਕੇ ਮੁਕੱਦਮੇ 'ਚੋਂ ਬਰੀ ਹੋਣ ਕਰ ਕੇ ਖਾਰਜ ਕਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਕਮਿਸ਼ਨ ਕੋਲ ਅਜਿਹੀਆਂ ਸ਼ਿਕਾਇਤਾਂ ਵੀ ਪੁੱਜੀਆਂ, ਜਿਨ੍ਹਾਂ ਦਾ ਫੈਸਲਾ ਅਦਾਲਤਾਂ 'ਚ ਹੋ ਚੁੱਕਾ ਸੀ। ਅਦਾਲਤਾਂ ਵੱਲੋਂ ਦੋਸ਼ੀ ਠਹਿਰਾਏ ਜਾਣ ਕਰ ਕੇ ਹੀ ਕਮਿਸ਼ਨ ਨੇ 727 ਸ਼ਿਕਾਇਤਾਂ ਰੱਦ ਕਰ ਦਿੱਤੀਆਂ।

ਕਮਿਸ਼ਨ ਨੇ ਉਹ 93 ਸ਼ਿਕਾਇਤਾਂ ਵੀ ਖਾਰਜ ਕਰ ਦਿੱਤੀਆਂ, ਜਿਨ੍ਹਾਂ ਵਿਚ ਅਦਾਲਤ ਵੱਲੋਂ ਐੱਫ.ਆਈ.ਆਰਜ. ਰੱਦ ਕਰ ਦਿੱਤੀਆਂ ਗਈਆਂ ਸਨ। ਇਵੇਂ ਹੀ 90 ਸ਼ਿਕਾਇਤਾਂ ਨੂੰ ਸ਼ਿਕਾਇਤਕਰਤਾ ਨੇ ਵਾਪਸ ਲੈ ਲਿਆ ਜਿਸ ਕਰਕੇ ਉਹ ਵੀ ਕਮਿਸ਼ਨ ਨੇ ਰੱਦ ਕਰ ਦਿੱਤੀਆਂ ਜਦੋਂ ਕਿ 294 ਮਾਮਲਿਆਂ ਵਿਚ ਸ਼ਿਕਾਇਤਕਰਤਾ ਪੇਸ਼ ਹੀ ਨਹੀਂ ਹੋਏ, ਜਿਸ ਕਰਕੇ ਉਨ੍ਹਾਂ ਨੂੰ ਵੀ ਰੱਦ ਕਰ ਦਿੱਤਾ ਗਿਆ।

# ਡੇਰਾ ਮੁਖੀ ਨੂੰ ਵੀਡੀਓ ਕਾਨਫਰੰਸ ਰਾਹੀਂ ਪੇਸ਼ ਹੋਣ ਦੇ ਹੁਕਮ



**ਫਰੀਦਕੋਟ:** ਪਿੰਡ ਜਵਾਹਰ ਸਿੰਘ ਵਾਲਾ ਤੋਂ 2015 ਵਿਚ ਚੋਰੀ ਹੋਏ ਸਰੂਪ ਦੇ ਅੰਗ ਪਿੰਡ ਬਰਗਾੜੀ ਵਿਖੇ ਗਲੀਆਂ ਵਿਚ ਖਿਲਾਰਨ ਅਤੇ ਇਸ ਤੋਂ ਪਹਿਲਾਂ ਬਰਗਾੜੀ ਤੇ ਪਿੰਡ ਜਵਾਹਰ ਸਿੰਘ ਵਾਲਾ ਵਿਖੇ ਇਤਰਾਜ਼ਯੋਗ ਇਸ਼ਤਿਹਾਰ ਲਾਉਣ ਸਬੰਧੀ ਥਾਣਾ ਬਾਜਾਖਾਨਾ ਵਿਖੇ ਦਰਜ ਦੋ ਮਾਮਲਿਆਂ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਨਾਮਜ਼ਦ ਕੀਤਾ ਹੈ।

ਜੁਡੀਸ਼ੀਅਲ ਮੈਜਿਸਟਰੇਟ ਵਲੋਂ ਪ੍ਰੋਡਕਸ਼ਨ ਵਾਰੰਟ ਜਾਰੀ ਕਰਦੇ ਹੋਏ ਡੇਰਾ ਮੁਖੀ ਨੂੰ 4 ਮਈ ਨੂੰ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ ਅਤੇ ਆਪਣੇ ਹੁਕਮਾਂ ਵਿਚ ਡੇਰਾ ਮੁਖੀ ਨੂੰ ਇਸ ਚਾਰਜਸ਼ੀਟ ਦੀ ਕਾਪੀ ਵੀ ਮੁਹੱਈਆ ਕਰਵਾਉਣ ਲਈ ਕਿਹਾ ਹੈ। ਇਹ ਜਾਣਕਾਰੀ ਉਸ ਸਮੇਂ ਉਜਾਗਰ ਹੋਈ ਜਦੋਂ ਅਦਾਲਤ ਵੱਲੋਂ ਡੇਰਾ ਮੁਖੀ ਨੂੰ ਸਪਲੀਮੈਂਟਰੀ ਚਲਾਨ ਦੀ ਕਾਪੀ ਮੁਹੱਈਆ ਕਰਵਾਈ ਗਈ। ਇਸ ਤੋਂ ਪਹਿਲਾਂ ਬੇਅਦਬੀ ਮਾਮਲਿਆਂ ਵਿਚ ਡੇਰਾ ਮੁਖੀ ਨੂੰ ਪੰਜਾਬ ਲਿਆਉਣ ਅਤੇ ਫਰੀਦਕੋਟ ਅਦਾਲਤ ਵਿਚ ਪੇਸ਼ ਕਰਨ ਸਬੰਧੀ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕਾਨੂੰਨ ਅਤੇ ਵਿਵਸਥਾ ਨੂੰ ਮੱਦੇਨਜਰ ਰੱਖਦੇ ਹੋਏ ਸਟੇਅ ਦਿੱਤਾ ਹੋਇਆ ਹੈ। ਜਿਸ ਕਰਕੇ ਜੁਡੀਸ਼ੀਅਲ ਮੈਜਿਸਟਰੇਟ ਵੱਲੋਂ ਡੇਰਾ ਮੁਖੀ ਨੂੰ 4 ਮਈ ਨੂੰ ਸਵੇਰੇ 10 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਕਰਵਾਉਣ ਲਈ ਸੁਨਾਰੀਆ ਜੇਲ੍ਹ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਸਿੱਟ ਅਧਿਕਾਰੀ ਦੋ ਵਾਰ ਡੇਰਾ ਮੁਖੀ ਤੋਂ ਸੁਨਾਰੀਆ ਜੇਲ੍ਹ ਵਿਚ ਜਾ ਕੇ ਪੁੱਛਗਿੱਛ ਕਰ ਚੁੱਕੇ ਹਨ। ਆਈ.ਜੀ.ਪੀ. ਸੁਰਿੰਦਰ ਪਾਲ ਸਿੰਘ ਪਰਮਾਰ ਦੀ ਅਗਵਾਈ ਵਿਚ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵੱਲੋਂ ਬੀਤੀ 27 ਫਰਵਰੀ ਨੂੰ ਇਨ੍ਹਾਂ ਦੋਵਾਂ ਮਾਮਲਿਆਂ ਵਿਚ ਇਥੋਂ ਦੀ ਜੁਡੀਸ਼ੀਅਲ ਮੈਜਿਸਟਰੇਟ ਤਰਜਨੀ ਦੀ ਅਦਾਲਤ ਵਿਚ ਸਪਲੀਮੈਂਟਰੀ ਚਲਾਨ ਦਾਖਲ ਕਰਦੇ ਹੋਏ ਡੇਰਾ ਮੁਖੀ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਡੇਰਾ ਮੁਖੀ ਇਸ ਸਮੇਂ ਸੁਨਾਰੀਆ ਜੇਲ੍ਹ ਵਿਚ ਜਬਰ ਜਨਾਹ ਅਤੇ ਕਤਲ ਦੇ ਮਾਮਲੇ ਵਿਚ ਬੰਦ ਹੈ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਐਫ.ਆਈ.ਆਰ. ਨੰ: 128 ਅਤੇ ਵਿਵਾਦਿਤ ਪੋਸਟਰ ਲਗਾਉਣ ਦੇ ਮਾਮਲੇ ਵਿਚ ਐਫ.ਆਈ.ਆਰ. ਨੰਬਰ: 117 ਉਸ ਨੂੰ ਨਾਮਜ਼ਦ ਕੀਤਾ ਹੈ।

## ਬੇਅਦਬੀ ਨਾਲ ਡੇਰੇ ਦਾ ਕੋਈ ਵਾਸਤਾ ਨਹੀਂ: ਡੇਰਾ

**ਚੰਡੀਗੜ੍ਹ:** ਡੇਰਾ ਸਿਰਸਾ 'ਚ ਡੇਰਾ ਪ੍ਰੇਮੀਆਂ ਵੱਲੋਂ ਨਾਮ ਚਰਚਾ ਕੀਤੀ ਗਈ। ਨਾਮ ਚਰਚਾ 'ਚ ਵੱਡੀ ਗਿਣਤੀ 'ਚ ਡੇਰਾ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਨਾਮ ਚਰਚਾ ਦੌਰਾਨ ਡੇਰਾ ਮੁਖੀ ਵੱਲੋਂ ਸੰਗਤ ਦੇ ਨਾਂ ਲਿਖੀ ਗਈ ਚਿੱਠੀ ਨੂੰ ਪੜ੍ਹ ਕੇ ਸੁਣਾਇਆ ਗਿਆ, ਜਿਸ ਵਿਚ ਕਿਸੇ ਧਰਮ ਦੀ ਨਿੰਦਾ ਕਰਨ ਤੇ ਬੇਅਦਬੀ ਕਰਨ ਦੀ ਗੱਲ ਨੂੰ ਸਿਰੇ ਤੋਂ ਖਾਰਜ ਕੀਤਾ। ਨਾਮ ਚਰਚਾ ਬਾਅਦ ਡੇਰੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਡੇਰਾ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਡੇਰਾ ਮੁਖੀ ਵੱਲੋਂ ਸਾਰੇ ਧਰਮਾਂ ਦਾ ਸਤਿਕਾਰ ਕਰਨ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

# ਸਿੱਖ ਕਤਲੇਆਮ: ਯੂਪੀ ਸਰਕਾਰ ਦੀ 'ਸਿਟ' ਵੱਲੋਂ ਪੀੜਤ ਪਰਿਵਾਰਾਂ ਦੇ ਬਿਆਨ ਦਰਜ

**ਲੁਧਿਆਣਾ:** ਨਵੰਬਰ 1984 ਵਿਚ ਕਾਨਪੁਰ 'ਚ ਸਿੱਖ ਕਤਲੇਆਮ ਦੀ ਜਾਂਚ ਕਰ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਯੂ.ਪੀ. ਸਰਕਾਰ ਵੱਲੋਂ ਕਾਇਮ ਕੀਤੀ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਮੈਂਬਰਾਂ ਨੇ ਇਥੇ ਪਹੁੰਚ ਕੇ ਪੀੜਤ ਪਰਿਵਾਰਾਂ ਦੇ ਬਿਆਨ ਦਰਜ ਕੀਤੇ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਰਦੇਸ਼ ਤਹਿਤ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਡੀ.ਆਈ.ਜੀ. ਕਾਨਪੁਰ ਬੁਲਿੰਦੂ ਭੂਸ਼ਨ ਦੀ ਅਗਵਾਈ ਹੇਠ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਇੰਸਪੈਕਟਰ ਸੂਰਿਆਪ੍ਰਤਾਪ ਸਿੰਘ ਨੇ ਦੁੱਗਰੀ ਵਿਚ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਪ੍ਰਧਾਨ ਗੁਰਦੀਪ ਕੌਰ ਨਾਲ ਮੁਲਾਕਾਤ ਕਰ ਕੇ ਨਵੰਬਰ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਕਾਨਪੁਰ ਵਿਚ ਹੋਏ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਦੇ ਬਿਆਨ ਦਰਜ ਕੀਤੇ।

ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਨੇ ਦੱਸਿਆ ਕਿ ਇੰਸਪੈਕਟਰ ਸੂਰਿਆਪ੍ਰਤਾਪ ਸਿੰਘ ਤੋਂ ਇਲਾਵਾ ਜੇ ਨਰਾਇਣ ਸਿੰਘ, ਰਾਜੇਸ਼ ਯਾਦਵ ਅਤੇ ਅਨੁਰਾਗ ਯਾਦਵ ਵੱਲੋਂ ਲਗਭਗ ਇਕ ਦਰਜਨ ਲੋਕਾਂ ਦੇ ਬਿਆਨ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਵੰਬਰ 1984 ਵਿਚ ਕਾਨਪੁਰ ਅਤੇ ਬੋਕਾਰੋ ਸਮੇਤ ਹੋਰ ਇਲਾਕਿਆਂ ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤ ਪਰਿਵਾਰ ਲੁਧਿਆਣਾ ਤੋਂ ਇਲਾਵਾ ਮੁਹਾਲੀ, ਰੋਪੜ ਅਤੇ ਜਲੰਧਰ ਵਿਚ ਵੀ ਰਹਿ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਜਾਂਚ ਟੀਮ ਦੂਜੇ ਜ਼ਿਲ੍ਹਿਆਂ ਵਿਚ ਵੀ ਜਾ ਕੇ ਪੀੜਤ ਪਰਿਵਾਰਾਂ ਦੇ ਬਿਆਨ ਦਰਜ ਕਰੇਗੀ। ਇਸ ਸਬੰਧੀ ਪੁਲਿਸ ਵੱਲੋਂ 127 ਲੋਕਾਂ ਖਿਲਾਫ ਚਲਾਨ ਪੇਸ਼ ਕੀਤਾ ਗਿਆ ਹੈ, ਜਦਕਿ 420 ਦੇ ਕਰੀਬ ਲੋਕਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਗਈਆਂ ਹਨ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਪੀੜਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਗਰਾਂਟ ਵੀ ਦਿੱਤੀ ਜਾਣੀ ਹੈ। ਸੁਰਜੀਤ ਸਿੰਘ ਦੁੱਗਰੀ, ਗੁਰਦੀਪ ਕੌਰ ਅਤੇ ਦਲਜੀਤ ਸਿੰਘ ਸੋਨੀ ਨੇ ਵੱਖ-ਵੱਖ ਜ਼ਿਲ੍ਹਿਆਂ ਵਿਚ ਰਹਿੰਦੇ ਕਾਨਪੁਰ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੁਸਾਇਟੀ ਆਗੂਆਂ ਨਾਲ ਸੰਪਰਕ ਕਰਨ, ਤਾਂ ਜੋ ਉਨ੍ਹਾਂ ਦੇ ਬਿਆਨ ਵੀ ਦਰਜ ਕਰਵਾ ਕੇ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਈ ਜਾ ਸਕੇ। ਭਾਜਪਾ ਆਗੂ ਕੁਲਦੀਪ ਸਿੰਘ ਭੋਗਲ ਵੱਲੋਂ ਇਹ ਮਾਮਲਾ ਉਠਾਏ ਜਾਣ ਮਗਰੋਂ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਗਈ ਸੀ।

# ਪਟਿਆਲਾ ਜੇਲ੍ਹ 'ਚ ਬਾਦਲਾਂ ਦੇ ਕਰੀਬੀ ਸੁਪਰਡੈਂਟ ਦੀ ਤਾਇਨਾਤੀ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਬਾਦਲ ਪਰਿਵਾਰ ਦੇ ਕਰੀਬੀ ਰਹੇ ਸੁੱਚਾ ਸਿੰਘ ਨੂੰ ਪਟਿਆਲਾ ਜੇਲ੍ਹ ਦਾ ਸੁਪਰਡੈਂਟ ਲਾਏ ਜਾਣ ਮਗਰੋਂ 'ਆਪ' ਸਰਕਾਰ ਦੀ ਕਿਰਕਿਰੀ ਹੋਣ ਲੱਗੀ ਹੈ। ਨਵੇਂ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੁਧਾਰ ਹਿੱਤ ਚੁੱਕਿਆ ਕਦਮ ਹੁਣ ਮਹਿੰਗਾ ਪੈ ਰਿਹਾ ਹੈ। ਖਾਸ ਕਰਕੇ ਕਾਂਗਰਸੀ ਆਗੂਆਂ ਨੇ ਇਸ ਮਾਮਲੇ 'ਤੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਟਿਆਲਾ ਜੇਲ੍ਹ 'ਚ ਜਾਂਚ ਕੀਤੀ ਸੀ ਤੇ ਇਸ ਫੇਰੀ ਮਗਰੋਂ ਪਟਿਆਲਾ ਜੇਲ੍ਹ ਦੇ ਸੁਪਰਡੈਂਟ ਸ਼ਿਵਰਾਜ ਸਿੰਘ ਨੂੰ ਬਦਲ ਕੇ ਸੁੱਚਾ ਸਿੰਘ ਜੋ ਕਿ ਜੇਲ੍ਹ ਵਿਚ ਭਲਾਈ ਅਧਿਕਾਰੀ ਸਨ, ਨੂੰ ਜੇਲ੍ਹ ਦਾ ਸੁਪਰਡੈਂਟ ਲਗਾ ਦਿੱਤਾ ਗਿਆ ਹੈ। ਇਹ ਫੈਸਲਾ ਜਨਤਕ ਹੋਣ ਮਗਰੋਂ ਹੀ ਨਵੇਂ ਜੇਲ੍ਹ ਸੁਪਰਡੈਂਟ ਦੀਆਂ ਬਾਦਲ ਪਰਿਵਾਰ ਨਾਲ ਤਸਵੀਰਾਂ ਨਸ਼ਰ ਹੋ ਰਹੀਆਂ ਹਨ ਅਤੇ ਖ਼ੁਦ ਸੁੱਚਾ ਸਿੰਘ ਨੇ ਵੀ ਬਾਦਲ ਪਰਿਵਾਰ ਨਾਲ ਆਪਣੀ ਨੇੜਤਾ ਕਬੂਲੀ ਹੈ।




ਸਾਬਕਾ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਟਵੀਟ ਕਰਕੇ ਕਿਹਾ, ''ਜੇਲ੍ਹ ਵਿਭਾਗ ਵੱਲੋਂ ਜਿਸ ਵਿਅਕਤੀ ਨੂੰ ਚਾਰਜਸ਼ੀਟ ਕੀਤਾ ਗਿਆ ਸੀ, ਉਸ ਵਿਅਕਤੀ ਨੂੰ ਪਟਿਆਲਾ ਜੇਲ੍ਹ ਦਾ ਸੁਪਰਡੈਂਟ ਲਾ ਦਿੱਤਾ, ਜਿਸ ਦੀ ਬਾਦਲ ਪਰਿਵਾਰ ਨਾਲ ਨੇੜਤਾ ਹੈ। ਬਦਕਿਸਮਤੀ ਨਾਲ ਅਜਿਹਾ ਵਰਤਾਰਾ ਵਾਪਰ ਰਿਹਾ ਹੈ ਅਤੇ ਨਸ਼ਿਆਂ ਖ਼ਿਲਾਫ਼ ਕਾਰਵਾਈ ਕਰਨ ਵਿਚ ਸਰਕਾਰਾਂ ਦੀ ਇਹ ਅਣਗਹਿਲੀ ਹੈ।'' ਇਸੇ ਤਰ੍ਹਾਂ ਸਾਬਕਾ ਸੰਸਦ ਮੈਂਬਰ ਤੇ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਇਕ ਟਵੀਟ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਹੈ, ''ਮਾਨ ਨੂੰ ਪੰਜਾਬ ਦੇ ਲੋਕਾਂ ਨੇ ਬਦਲਾਅ ਲਈ ਚੁਣਿਆ ਸੀ।'' ਉਨ੍ਹਾਂ ਕਿਹਾ ਕਿ ਚਿੰਤਾ ਵਾਲੀ ਗੱਲ ਹੈ ਕਿ ਜੋ ਵਿਅਕਤੀ ਜਨਤਕ ਤੌਰ 'ਤੇ ਬਾਦਲਾਂ ਨਾਲ ਆਪਣੀ ਨੇੜਤਾ ਦੀ ਗੱਲ ਆਖ ਰਿਹਾ ਹੈ, ਉਸ ਨੂੰ ਉਸ ਜੇਲ੍ਹ ਦਾ ਸੁਪਰਡੈਂਟ ਲਾ ਦਿੱਤਾ ਗਿਆ ਹੈ, ਜਿੱਥੇ ਮਜੀਠੀਆ ਬੰਦ ਹੈ। ਬਾਜਵਾ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਮੰਤਰੀ ਨੂੰ ਜੇਲ੍ਹ ਦੇ ਖਾਸ ਬੰਦੀ ਨਾਲ ਪੱਖ ਵਾਲੀ ਕਾਰਵਾਈ ਤੋਂ ਰੋਕਿਆ ਜਾਵੇ। ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਵੀ ਇਸ ਮੌਕੇ ਟਵੀਟ ਕਰਕੇ ਕਿਹਾ, ''ਕੀ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੱਸ ਸਕਦੇ ਹਨ ਕਿ ਬਾਦਲਾਂ ਦੇ ਨੇੜਲੇ ਸੁੱਚਾ ਸਿੰਘ ਨੂੰ ਜੇਲ੍ਹ ਸੁਪਰਡੈਂਟ ਕਿਉਂ ਲਾਇਆ ਜਿੱਥੇ ਮਜੀਠੀਆ ਬੰਦ ਹੈ। ਕੀ ਇਹ ਬਾਦਲਾਂ ਨਾਲ ਕਿਸੇ ਤਰਕੀਬ ਦਾ ਹਿੱਸਾ ਹੈ। ਕੀ ਇਹ ਬਦਲਾਅ ਹੈ ਜੋ ਪੰਜਾਬ ਚਾਹੁੰਦਾ ਹੈ।''

ਦੱਸਣਯੋਗ ਹੈ ਕਿ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਪਟਿਆਲਾ ਜੇਲ੍ਹ ਵਿਚ ਬੰਦ ਹੈ ਅਤੇ ਪਹਿਲੀ ਮਾਰਚ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਜੇਲ੍ਹ ਵਿਚ ਮਜੀਠੀਆ ਨਾਲ ਮੀਟਿੰਗ ਕੀਤੀ ਸੀ।

## ਜੇਲ੍ਹ ਵਿਚ ਮਜੀਠੀਆ ਦੀ ਸੁਰੱਖਿਆ ਹੋਵੇ: ਰੱਖੜਾ

**ਪਟਿਆਲਾ:** ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਨੇ ਮੀਡੀਆ ਰਿਪੋਰਟਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਜੇਕਰ ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਵਿਚ ਕੁਝ ਹੋਇਆ ਤਾਂ ਉਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ। ਉਨ੍ਹਾਂ ਕਿਹਾ ਕਿ ਜੇਲ੍ਹ ਦਾ ਦੌਰਾ ਕਰ ਕੇ ਗਏ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮਜੀਠੀਆ ਦਾ ਹਾਲ-ਚਾਲ ਨਾ ਪੁੱਛਿਆ ਜਾਣਾ ਅਫਸੋਸਨਾਕ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਦੀ ਸੁਰੱਖਿਆ ਵੱਲ ਧਿਆਨ ਦੇਣਾ ਸਰਕਾਰ ਦਾ ਫਰਜ਼ ਹੈ।

# ਅਕਾਲੀ ਦਲ ਨੂੰ ਮੁੜ ਪੈਰਾਂ ਸਿਰ ਕਰਨ ਲਈ ਯਤਨ ਤੇਜ਼



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਹਾਲ ਹੀ 'ਚ ਹੋਈਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀ ਭਰੀ ਹਾਰ ਦੇ ਕਾਰਨਾਂ ਬਾਰੇ ਚਰਚਾ ਕਰਨ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਆਗੂਆਂ 'ਤੇ ਆਧਾਰਿਤ 16 ਮੈਂਬਰੀ ਇਕ ਕਮੇਟੀ ਦਾ ਗਠਨ ਕੀਤਾ ਹੈ।

ਪਾਰਟੀ ਦੇ ਬੁਲਾਰੇ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੇ ਮੱਦੇਨਜ਼ਰ ਪਾਰਟੀ ਦੀ ਕਾਰਜਸ਼ੈਲੀ, ਜਥੇਬੰਦਕ ਢਾਂਚਾ, ਪਾਰਟੀ ਨੂੰ ਸਿਧਾਂਤਕ ਲੀਹਾਂ 'ਤੇ ਲਿਆਉਣ, ਪਾਰਟੀ ਦੀਆਂ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕਰਨ ਅਤੇ ਪਿੰਡ ਪੱਧਰ ਤੱਕ ਪਾਰਟੀ ਵਿਚ ਨਵੀਂ ਰੂਹ ਫੂਕਣ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ। ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਖਾਤੇ ਮਹਿਜ਼ ਤਿੰਨ ਵਿਧਾਨ ਸਭਾ ਹਲਕੇ ਆਏ ਹਨ ਤੇ ਪਾਰਟੀ ਦੇ ਵੱਡੀ ਗਿਣਤੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ ਹਨ। ਇਥੋਂ ਤੱਕ ਕਿ ਬਾਦਲ ਪਰਿਵਾਰ ਦੇ ਸਾਰੇ ਮੈਂਬਰ ਵੀ ਚੋਣ ਹਾਰ ਗਏ।

ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਇਹ ਕਮੇਟੀ ਹਰ ਪੱਧਰ 'ਤੇ ਤਾਲਮੇਲ ਕਰ ਕੇ ਵਿਸਥਾਰਤ ਰਿਪੋਰਟ ਪਾਰਟੀ ਦੀ ਕੋਰ ਕਮੇਟੀ ਨੂੰ ਸੌਂਪੇਗੀ, ਕਮੇਟੀ ਦੇ ਸੁਝਾਵਾਂ ਦੇ ਆਧਾਰ 'ਤੇ ਜਥੇਬੰਦਕ ਢਾਂਚੇ ਵਿਚ ਵੱਡੇ ਫੈਸਲੇ ਲੈਣ ਦੀ ਗੱਲ ਕਹੀ ਗਈ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਗਠਿਤ ਕਮੇਟੀ ਵਿੱਚ ਬਲਵਿੰਦਰ ਸਿੰਘ ਭੂੰਦੜ, ਚਰਨਜੀਤ ਸਿੰਘ ਅਟਵਾਲ, ਬੀਬੀ ਜਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਜਨਮੇਜਾ ਸਿੰਘ ਸੇਖੋਂ, ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਯਾਲੀ, ਡਾ. ਸੁਖਵਿੰਦਰ ਸੁੱਖੀ, ਪਰਮਬੰਸ ਸਿੰਘ ਬੰਟੀ ਰੋਮਾਣਾ ਅਤੇ ਰੌਬਿਨ ਬਰਾੜ ਦੇ ਨਾਮ ਸ਼ਾਮਲ ਹਨ। ਚੇਤੇ ਰਹੇ ਕਿ ਸਾਲ 2017 ਦੀਆਂ ਚੋਣਾਂ ਵਿਚ ਅਕਾਲੀ ਦਲ ਨੂੰ ਸਿਰਫ 15 ਸੀਟਾਂ ਮਿਲੀਆਂ ਜਿਸ ਕਾਰਨ ਪਾਰਟੀ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਹੀਂ ਕਰ ਸਕੀ। ਪਾਰਟੀ ਨੂੰ ਵੱਡੇ ਆਧਾਰ ਵਾਲੇ ਮਾਲਵਾ ਖਿੱਤੇ ਵਿਚ 69 ਵਿਚੋਂ ਇਕ ਹੀ ਸੀਟ ਹਾਸਲ ਹੋਈ। ਇਸੇ ਤਰ੍ਹਾਂ ਦੁਆਬਾ ਅਤੇ ਮਾਝਾ ਖੇਤਰ ਵਿਚੋਂ ਵੀ ਇਕੋ-ਇਕ ਸੀਟ ਮਿਲੀ। ਵਿਧਾਨ ਸਭਾ ਚੋਣਾਂ 'ਚ ਹੋਈ ਕਰਾਰੀ ਹਾਰ ਤੋਂ ਬਾਅਦ ਕੋਰ ਕਮੇਟੀ ਦੀ ਪਹਿਲੀ ਮੀਟਿੰਗ ਦੌਰਾਨ ਅਕਾਲੀ ਆਗੂਆਂ ਨੇ ਕਿਹਾ ਸੀ ਕਿ ਜੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਬੁਰੀ ਤਰ੍ਹਾਂ ਹਾਰ ਜਾਣ ਤੋਂ ਬਾਅਦ ਜੇਕਰ ਸਬਕ ਸਿੱਖਿਆ ਹੁੰਦਾ ਤਾਂ ਅੱਜ ਇਹ ਭਿਆਨਕ ਸਿਆਸੀ ਤਰਾਸਦੀ ਨਾ ਦੇਖਣੀ ਪੈਂਦੀ। ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਸਬੰਧੀ ਵੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਪਹਿਲਾਂ ਖੇਤੀ ਕਾਨੂੰਨਾਂ ਦੇ ਹੱਕ ਵਿਚ ਖੜ੍ਹਨ ਅਤੇ ਲੋਕ ਰੋਹ ਜਾਗਣ ਤੋਂ ਬਾਅਦ ਵਿਰੋਧ 'ਚ ਖੜ੍ਹਨ ਨੇ ਵੀ ਅਕਾਲੀ ਦਲ ਦਾ ਨੁਕਸਾਨ ਕੀਤਾ ਹੈ।

## ਸ਼੍ਰੋਮਣੀ ਕਮੇਟੀ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਕੋਲ ਵਿਰੋਧ ਜਤਾਇਆ

**ਅੰਮ੍ਰਿਤਸਰ:** ਪੰਜਾਬ ਤੋਂ ਹਿਮਾਚਲ ਪ੍ਰਦੇਸ਼ ਜਾਣ ਵਾਲੇ ਪੰਜਾਬੀ ਯਾਤਰੀਆਂ ਦੀਆਂ ਕਾਰਾਂ ਤੇ ਹੋਰ ਵਾਹਨਾਂ 'ਤੇ ਲੱਗੇ ਨਿਸ਼ਾਨ ਸਾਹਿਬ ਜਾਂ ਸੰਤ ਭਿੰਡਰਾਂਵਾਲੇ ਦੀਆਂ ਤਸਵੀਰਾਂ 'ਤੇ ਇਤਰਾਜ਼ ਕਰਨ ਤੇ ਵਾਹਨਾਂ ਤੋਂ ਅਜਿਹੀਆਂ ਤਸਵੀਰਾਂ ਹਟਾਉਣ ਲਈ ਮਜਬੂਰ ਕੀਤੇ ਜਾਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਵਿਰੋਧ ਕੀਤਾ ਹੈ।

ਸਿੱਖ ਸੰਸਥਾ ਨੇ ਇਸ ਸਬੰਧੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੂੰ ਇਕ ਪੱਤਰ ਭੇਜ ਕੇ ਇਤਰਾਜ਼ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਵੱਲੋਂ ਦਿੱਤੇ ਗਏ ਬਿਆਨ 'ਤੇ ਇਤਰਾਜ਼ ਦਾਇਰ ਕਰਦਿਆਂ ਕਿਹਾ ਕਿ ਅਜਿਹਾ ਫਿਰਕੂਵਾਦੀ ਬਿਆਨ ਦੇਸ਼ ਦੀ ਸ਼ਾਂਤੀ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਉਨ੍ਹਾਂ ਇਸ ਸਬੰਧੀ ਹਿਮਾਚਲ ਦੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿਚ ਲਿਖਿਆ ਹੈ ਕਿ ਭਾਰਤ ਵਿਚ ਹਰ ਇਕ ਨੂੰ ਧਾਰਮਿਕ ਆਜ਼ਾਦੀ ਦਾ ਹੱਕ ਹੈ।

# ਕੇਂਦਰ ਨੂੰ ਰਾਜੋਆਣਾ ਦੀ ਪਟੀਸ਼ਨ 'ਤੇ ਜਲਦ ਫੈਸਲਾ ਲੈਣ ਦੇ ਹੁਕਮ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ 2012 ਵਿਚ ਦਾਇਰ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ ਉਤੇ 30 ਅਪਰੈਲ ਤੱਕ ਫੈਸਲਾ ਲੈਣ ਦਾ ਹੁਕਮ ਦਿੱਤਾ ਹੈ। ਰਾਜੋਆਣਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਮੌਤ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਬੇਨਤੀ ਕੀਤੀ ਹੈ।

ਸਿਖਰਲੀ ਅਦਾਲਤ ਨੇ ਕਿਹਾ ਕਿ ਜੇਕਰ 30 ਅਪਰੈਲ ਤੱਕ ਫੈਸਲਾ ਨਹੀਂ ਲਿਆ ਜਾਂਦਾ ਤਾਂ ਗ੍ਰਹਿ ਮੰਤਰਾਲੇ ਨਾਲ ਸਬੰਧਤ ਸਕੱਤਰ ਤੇ ਸੀ.ਬੀ.ਆਈ. ਦੇ ਡਾਇਰੈਕਟਰ (ਇਸਤਗਾਸਾ) ਸੁਣਵਾਈ ਦੀ ਅਗਲੀ ਤਰੀਕ 'ਤੇ ਵਿਅਕਤੀਗਤ ਰੂਪ 'ਚ ਰਿਕਾਰਡ ਨਾਲ ਉਨ੍ਹਾਂ ਦੇ ਸਾਹਮਣੇ ਪੇਸ਼ ਹੋਣਗੇ।

ਰਾਜੋਆਣਾ ਦੀ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਬੈਂਚ ਨੇ ਕਿਹਾ ਕਿ ਅਦਾਲਤ ਦੇ ਪਹਿਲਾਂ ਦੇ ਹੁਕਮ ਦੇ ਬਾਵਜੂਦ ਇਸ ਮਾਮਲੇ ਵਿਚ ਕੁਝ ਨਹੀਂ ਕੀਤਾ ਗਿਆ ਤੇ ਕੇਂਦਰ ਵੱਲੋਂ ਪੇਸ਼ ਹੋਣ ਵਾਲੇ ਵਕੀਲ ਕੋਲ ਕੋਈ ਸਪੱਸ਼ਟ ਨਿਰਦੇਸ਼ ਨਹੀਂ ਹੈ। ਕੇਂਦਰ ਵੱਲੋਂ ਸਮਾਂ ਦਿੱਤੇ ਜਾਣ ਦੀ ਬੇਨਤੀ ਬਾਰੇ ਅਦਾਲਤ ਦੁਆਰਾ ਸੁਣਾਏ ਗਏ ਪਿਛਲੇ ਹੁਕਮਾਂ ਦਾ ਜ਼ਿਕਰ ਕਰਦਿਆਂ ਬੈਂਚ ਨੇ ਕਿਹਾ ਕਿ ਇਨ੍ਹਾਂ ਹਾਲਤਾਂ ਵਿਚ ਸੁਪਰੀਮ ਕੋਰਟ ਹੁਕਮ ਦਿੰਦਾ ਹੈ ਕਿ ਤੁਰਤ ਕੇਂਦਰ ਸਰਕਾਰ ਤੇ ਸੀ.ਬੀ.ਆਈ. ਸਣੇ ਹੋਰ ਅਥਾਰਿਟੀਆਂ ਵੱਲੋਂ ਅਰਜ਼ੀ ਉਤੇ ਗੌਰ ਕੀਤਾ ਜਾਵੇਗਾ। ਬੈਂਚ ਨੇ ਕਿਹਾ ਕਿ ਮੌਤ ਦੀ ਸਜਾ ਬਦਲਣ ਦੀ ਬੇਨਤੀ ਜਾਂ ਪ੍ਰਸਤਾਵ ਜਾਂ ਇਤਰਾਜ਼ ਸੀ.ਬੀ.ਆਈ. ਵੱਲੋਂ ਦੋ ਹਫਤਿਆਂ ਦੇ ਅੰਦਰ ਦਰਜ ਕਰਾਏ ਜਾਣਗੇ। ਬੈਂਚ ਨੇ ਮਾਮਲੇ ਨੂੰ ਦੋ ਮਈ ਨੂੰ ਅਗਲੀ ਸੁਣਵਾਈ ਲਈ ਸੂਚੀਬੱਧ ਕੀਤਾ। ਆਪਣੇ ਹੁਕਮ ਵਿਚ ਅਦਾਲਤ ਨੇ ਕਿਹਾ ਕਿ 1995 ਵਿਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦੀ ਹੱਤਿਆ ਕਰਨ ਲਈ ਸਹਿ-ਮੁਲਜ਼ਮਾਂ ਨਾਲ ਰਾਜੋਆਣਾ 'ਤੇ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਤੇ ਧਮਾਕਾਖੇਜ ਸਮੱਗਰੀ ਕਾਨੂੰਨ ਦੀ ਧਾਰਾ ਤਹਿਤ ਮੁਕੱਦਮਾ ਚਲਾਇਆ ਗਿਆ ਸੀ। ਬੈਂਚ ਨੇ ਕਿਹਾ ਕਿ ਇਨ੍ਹਾਂ ਅਪਰਾਧਾਂ ਤਹਿਤ ਦੋਸ਼ ਸਿੱਧ ਹੋਣ ਤੋਂ ਬਾਅਦ ਹੇਠਲੀ ਅਦਾਲਤ ਨੇ ਰਾਜੋਆਣਾ ਤੇ ਸਹਿ-ਮੁਲਜ਼ਮ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀ ਸਜਾ ਸੁਣਾਈ ਸੀ। ਰਾਜੋਆਣਾ ਨੂੰ ਪੰਜਾਬ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ ਵਿਚ ਸ਼ਾਮਲ ਹੋਣ ਲਈ ਦੋਸ਼ੀ ਠਹਿਰਾਇਆ ਗਿਆ ਸੀ।

# ਬਰਗਾੜੀ ਕਾਂਡ: ਸਿੱਧੂ ਨੇ ਕੇਜਰੀਵਾਲ ਨੂੰ ਜਾਂਚ ਦਾ ਚੇਤਾ ਕਰਵਾਇਆ



**ਅੰਮ੍ਰਿਤਸਰ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ 2015 ਵਿਚ ਹੋਏ ਬਰਗਾੜੀ ਕਾਂਡ ਦੀ ਜਾਂਚ ਦਾ ਮਾਮਲਾ ਯਾਦ ਕਰਵਾਇਆ ਹੈ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਸ੍ਰੀ ਕੇਜਰੀਵਾਲ ਦੀ ਇਸ ਸਬੰਧੀ ਇਕ ਵੀਡੀਓ ਅਪਲੋਡ ਕੀਤੀ ਅਤੇ ਆਖਿਆ ਕਿ ਹੁਣ ਇਸ ਮਾਮਲੇ ਵਿਚ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਉਨ੍ਹਾਂ ਨੂੰ ਕੋਈ ਨਹੀਂ ਰੋਕ ਰਿਹਾ ਹੈ।

ਬੇਅਦਬੀ ਕਾਂਡ ਵਿਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਸ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਵੀ ਆਪਣੇ ਟਵਿੱਟਰ ਖਾਤੇ ਵਿਚ 'ਆਪ' ਸਰਕਾਰ ਨੂੰ ਕਿਹਾ ਕਿ ਉਹ ਹੁਣ ਇਸ ਮਾਮਲੇ ਵਿਚ ਕਾਰਵਾਈ ਕਰੇ। ਉਨ੍ਹਾਂ ਲਿਖਿਆ ਕਿ ਹੁਣ ਉਨ੍ਹਾਂ ਨੂੰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਕੋਈ ਨਹੀਂ ਰੋਕ ਰਿਹਾ ਹੈ। ਇਸ ਸਬੰਧੀ ਅਪਲੋਡ ਕੀਤੀ 37 ਸਕਿੰਟਾਂ ਦੀ ਵੀਡੀਓ ਵਿਚ ਸ੍ਰੀ ਕੇਜਰੀਵਾਲ ਕਹਿ ਰਹੇ ਹਨ, ''ਬੇਅਦਬੀ ਮਾਮਲੇ ਵਿਚ ਸਾਰੇ ਪੰਜਾਬ ਦੇ ਲੋਕ ਨਾਰਾਜ਼ ਹਨ, ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਬਰਗਾੜੀ ਕਾਂਡ ਦੇ 'ਮਾਸਟਰਮਾਈਂਡ' ਖਿਲਾਫ ਕਾਰਵਾਈ ਹੋਵੇ। ਇਹ ਸਾਰੇ ਜਾਣਦੇ ਹਨ ਕਿ ਮਾਸਟਰਮਾਈਂਡ ਕੌਣ ਹੈ, ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜਾਂਚ ਰਿਪੋਰਟ ਵਿਚ ਇਸ ਦਾ ਜ਼ਿਕਰ ਸ਼ਾਮਲ ਹੈ।

ਮੁੱਖ ਮੰਤਰੀ ਇਸ ਰਿਪੋਰਟ ਵਿਚੋਂ ਦੋਸ਼ੀਆਂ ਦੇ ਨਾਂ ਦੇਖ ਸਕਦੇ ਹਨ ਅਤੇ 24 ਘੰਟਿਆਂ ਵਿਚ ਉਨ੍ਹਾਂ ਖਿਲਾਫ ਕਾਰਵਾਈ ਹੋ ਸਕਦੀ ਹੈ, ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।''

ਸ੍ਰੀ ਸਿੱਧੂ ਨੇ ਹੁਣ ਅਸਿੱਧੇ ਢੰਗ ਨਾਲ 'ਆਪ' ਸਰਕਾਰ ਨੂੰ ਆਖਿਆ ਕਿ ਹੁਣ ਉਨ੍ਹਾਂ ਦੀ ਪੰਜਾਬ ਵਿਚ ਸਰਕਾਰ ਹੈ ਅਤੇ ਉਹ ਦੋਸ਼ੀਆਂ ਖਿਲਾਫ ਕਾਰਵਾਈ ਕਰਨ। ਹੁਣ ਉਨ੍ਹਾਂ ਨੂੰ ਇਸ ਮਾਮਲੇ ਵਿਚ ਕਾਰਵਾਈ ਕਰਨ ਤੋਂ ਕੋਈ ਨਹੀਂ ਰੋਕੇਗਾ ਅਤੇ ਨਾ ਹੀ ਕੋਈ ਅੜਿੱਕਾ ਹੋਵੇਗਾ। ਇਥੇ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਹੁਣ ਤੱਕ ਭਗਵੰਤ ਸਿੰਘ ਮਾਨ ਵੱਲੋਂ ਇਸ ਮਾਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਬੇਅਦਬੀ ਕਾਂਡ 2015 ਵਿਚ ਤਤਕਾਲੀ ਅਕਾਲੀ ਦਲ-ਭਾਜਪਾ ਸਰਕਾਰ ਵੇਲੇ ਵਾਪਰਿਆ ਸੀ ਅਤੇ ਹੁਣ ਸੱਤ ਸਾਲ ਬਾਅਦ 2022 ਵਿਚ ਵੀ ਇਹ ਮਾਮਲਾ ਲਟਕ ਰਿਹਾ ਹੈ।

## ਕੁਲਤਾਰ ਸੰਧਵਾਂ ਵੱਲੋਂ ਅਕਾਲ ਤਖ਼ਤ 'ਤੇ ਖਿਮਾ ਯਾਚਨਾ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ 'ਆਪ' ਆਗੂ ਕੁਲਤਾਰ ਸਿੰਘ ਸੰਧਵਾਂ ਨੇ ਇਥੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਪੱਤਰ ਦੇ ਕੇ ਹੋਈ ਗਲਤੀ ਲਈ ਖਿਮਾ ਯਾਚਨਾ ਕੀਤੀ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਇਕ ਸੱਦੇ 'ਤੇ ਉਹ ਗਊਸ਼ਾਲਾ ਗਏ ਸਨ ਜਿੱਥੇ ਗਊ ਪੂਜਾ ਚੱਲ ਰਹੀ ਸੀ ਤੇ ਪੁਜਾਰੀ ਨੇ ਉਸ ਮੌਕੇ ਗਊ ਦੀ ਪੂਛ ਉਨ੍ਹਾਂ ਦੀ ਦਸਤਾਰ ਨਾਲ ਛੁਹਾਈ ਸੀ। ਉਨ੍ਹਾਂ ਕਿਹਾ ਕਿ ਅਣਜਾਣੇ ਵਿਚ ਹੋਈ ਇਸ ਗਲਤੀ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਅਤੇ ਉਹ ਇਸ ਲਈ ਖਿਮਾ ਯਾਚਨਾ ਕਰਦੇ ਹਨ। ਉਨ੍ਹਾਂ ਖਿਮਾ ਯਾਚਨਾ ਲਈ ਅਕਾਲ ਤਖ਼ਤ 'ਤੇ ਵੀ ਅਰਦਾਸ ਕੀਤੀ ਹੈ। ਇਸ ਸਬੰਧੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

# ਭਗਵੰਤ ਮਾਨ ਵੱਲੋਂ ਮੋਦੀ ਅੱਗੇ ਸੂਬੇ ਦੀ ਤਰਸਯੋਗ ਵਿੱਤੀ ਹਾਲਤ ਦਾ ਵਾਸਤਾ



**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਅਰਥਚਾਰੇ ਦੀ ਸੁਰਜੀਤੀ ਦੇ ਨਾਲ-ਨਾਲ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਦੀ ਭਲਾਈ ਵਾਸਤੇ ਕੇਂਦਰ ਸਰਕਾਰ ਪਾਸੋਂ ਇਕ ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਵਿੱਤੀ ਪੈਕੇਜ ਦੀ ਮੰਗ ਕੀਤੀ ਹੈ ਅਤੇ ਸੂਬੇ ਦੀ ਵਿੱਤੀ ਹਾਲਤ ਬਾਰੇ ਜਾਣੂ ਕਰਵਾਇਆ ਹੈ।

ਸ੍ਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੇ ਦਫਤਰ 'ਚ ਮੁਲਾਕਾਤ ਦੌਰਾਨ ਕਿਹਾ ਕਿ ਪਿਛਲੀਆਂ ਸਰਕਾਰਾਂ ਸੂਬੇ ਸਿਰ 3 ਲੱਖ ਕਰੋੜ ਰੁਪਏ ਦਾ ਕਰਜ਼ਾ ਛੱਡ ਗਈਆਂ ਹਨ। ਸੂਬੇ ਨੂੰ ਅਗਲੇ ਦੋ ਸਾਲਾਂ ਲਈ ਪ੍ਰਤੀ ਸਾਲ 50,000 ਕਰੋੜ ਰੁਪਏ ਦਾ ਵਿੱਤੀ ਪੈਕੇਜ ਤੁਰਤ ਦਿੱਤਾ ਜਾਵੇ ਤਾਂ ਜੋ ਲੀਹੋਂ ਲੱਥੀ ਆਰਥਿਕਤਾ ਮੁੜ ਲੀਹ ਉਤੇ ਲਿਆਂਦੀ ਜਾ ਸਕੇ।

ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਤੋਂ ਮਾਫੀਆ ਦਾ ਮੁਕੰਮਲ ਸਫਾਇਆ ਕਰਕੇ ਖਾਲੀ ਖਜ਼ਾਨਾ ਭਰਨ ਲਈ ਠੋਸ ਯਤਨ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਇਥੋਂ ਤੱਕ ਕਿ ਹੁਣ ਵੀ ਬਹਾਦਰ ਪੰਜਾਬੀ ਜਵਾਨ ਅੰਦਰੂਨੀ ਤੇ ਬਾਹਰੀ ਦੁਸ਼ਮਣਾਂ ਤੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਸੁਰੱਖਿਆ ਕਰਨ ਲਈ ਸਰਹੱਦਾਂ ਦੀ ਰਾਖੀ ਕਰ ਰਹੇ ਹਨ।

ਪੰਜਾਬ ਦੇ ਸਰਹੱਦੀ ਸੂਬਾ ਹੋਣ ਦੇ ਸੰਦਰਭ 'ਚ ਕੌਮੀ ਸੁਰੱਖਿਆ ਦਾ ਇਕ ਹੋਰ ਅਹਿਮ ਮੁੱਦਾ ਚੁੱਕਦਿਆਂ ਭਗਵੰਤ ਮਾਨ ਨੇ ਸਰਹੱਦ ਪਾਰ ਦੀਆਂ ਆਧੁਨਿਕ ਤਕਨੀਕਾਂ ਨਾਲ ਲੈਸ ਦੁਸ਼ਮਣ ਤਾਕਤਾਂ ਦੇ ਯਤਨਾਂ ਨੂੰ ਨਾਕਾਮ ਕਰਨ ਲਈ ਕੇਂਦਰ ਸਰਕਾਰ ਦੇ ਖੁੱਲ੍ਹ ਦਿਲੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਇਹ ਭਰੋਸਾ ਦਿੱਤਾ ਕਿ ਪੰਜਾਬ ਵੱਲੋਂ ਇਸ ਸਬੰਧ ਵਿਚ ਕੇਂਦਰ ਨੂੰ ਹਰ ਬਣਦੀ ਸਹਾਇਤਾ ਦਿੱਤੀ ਜਾਵੇਗੀ। ਮੁੱਖ ਮੰਤਰੀ ਵੱਲੋਂ ਕੇਂਦਰ ਨੂੰ ਸੂਬੇ ਦੀਆਂ ਘੁਸਪੈਠ ਵਿਰੋਧੀ ਕਾਰਵਾਈਆਂ ਦਾ ਟਾਕਰਾ ਕਰਨ ਲਈ ਫੋਰਸਾਂ ਨੂੰ ਅਤਿ-ਆਧੁਨਿਕ ਤਕਨੀਕਾਂ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਗਈ।

ਆਪਣੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਨੂੰ ਮੁਲਕ ਦਾ ਮੋਹਰੀ ਸੂਬਾ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ਅਤੇ ਵਿਸ਼ਵ ਪੱਧਰ ਉਤੇ ਮੁਲਕ ਦਾ ਨਾਮ ਵੀ ਰੋਸ਼ਨ ਹੋਵੇਗਾ। ਭਗਵੰਤ ਮਾਨ ਵੱਲੋਂ ਉਠਾਏ ਮਸਲਿਆਂ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਇਸ ਸਮੁੱਚੇ ਮਾਮਲੇ ਨੂੰ ਕੇਂਦਰੀ ਵਿੱਤ ਅਤੇ ਗ੍ਰਹਿ ਮੰਤਰਾਲਿਆਂ ਕੋਲ ਉਠਾਉਣਗੇ ਤਾਂ ਜੋ ਸੂਬੇ ਦੀ ਬਣਦੀ ਮਦਦ ਕੀਤੀ ਜਾ ਸਕੇ।

## ਸਿੱਧੂ ਖਿਲਾਫ ਕੇਸ 'ਚ ਸੁਪਰੀਮ ਕੋਰਟ ਨੇ ਫੈਸਲਾ ਰਾਖਵਾਂ ਰੱਖਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਖਿਲਾਫ 1988 ਦੇ ਰੋਡ ਰੇਜ ਮਾਮਲੇ ਵਿਚ ਨੋਟਿਸ ਦਾ ਦਾਇਰਾ ਵਧਾਉਣ ਦੀ ਮੰਗ ਵਾਲੀ ਇਕ ਅਰਜ਼ੀ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ। ਇਹ ਮਾਮਲਾ 1988 ਦਾ ਹੈ ਜਦ ਇਕ ਬਜ਼ੁਰਗ ਨਾਲ ਕਾਂਗਰਸ ਆਗੂ ਦੀ ਤਕਰਾਰ ਹੋਈ ਸੀ ਤੇ ਮਗਰੋਂ ਬਜ਼ੁਰਗ ਦੀ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਹੇਠਲੀ ਅਦਾਲਤ ਨੇ ਸਿੱਧੂ ਨੂੰ ਬਰੀ ਕਰ ਦਿੱਤਾ ਸੀ ਪਰ ਮਗਰੋਂ ਹਾਈ ਕੋਰਟ ਨੇ ਸਿੱਧੂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਸੀ। ਸਿੱਧੂ ਨੇ ਹਾਲਾਂਕਿ ਅਦਾਲਤ ਵਿਚ ਨੋਟਿਸ ਦਾ ਦਾਇਰਾ ਵਧਾਉਣ ਬਾਰੇ ਪਾਈ ਗਈ ਅਰਜ਼ੀ ਦਾ ਵਿਰੋਧ ਕੀਤਾ। ਪੀੜਤ ਪੱਖ ਨੇ ਸੁਪਰੀਮ ਕੋਰਟ ਵਿਚ ਮਾਮਲੇ ਉਤੇ ਮੁੜ ਵਿਚਾਰ ਲਈ ਅਰਜ਼ੀ ਪਾਈ ਸੀ। ਸਿੱਧੂ ਦੇ ਵਕੀਲ ਏ.ਐਮ. ਸਿੰਘਵੀ ਨੇ ਨਵੀਂ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਕਿ ਘਟਨਾ ਦੇ 34 ਸਾਲ ਬਾਅਦ ਅਤੇ ਫੈਸਲੇ ਦੇ ਚਾਰ ਸਾਲ ਬਾਅਦ ਦਾਇਰਾ ਵਧਾਉਣ ਦੀ ਮੰਗ ਤਰਕਸੰਗਤ ਨਹੀਂ ਹੈ।

# ਕੌਮਾਂਤਰੀ ਮੰਡੀ ਵਿਚ ਭਾਰਤੀ ਕਣਕ ਤੇ ਚੌਲਾਂ ਦੀ ਮੰਗ ਵਧੀ

**ਚੰਡੀਗੜ੍ਹ:** ਕਰੋਨਾ ਸੰਕਟ, ਰੂਸ ਤੇ ਯੂਕਰੇਨ ਦੇ ਯੁੱਧ ਉਪਰੰਤ ਦੁਨੀਆਂ ਵਿਚ ਅਨਾਜ ਸੰਕਟ ਦੀ ਸ਼ੰਕਾ ਪੈਦਾ ਹੋ ਗਈ ਹੈ, ਜਿਸ ਨਾਲ ਕੌਮਾਂਤਰੀ ਬਾਜ਼ਾਰ ਵਿਚ ਭਾਰਤੀ ਅਨਾਜ ਖਾਸ ਤੌਰ ਤੇ ਪਰਮਲ ਚੌਲ, ਕਣਕ ਤੇ ਮੋਟੇ ਅਨਾਜਾਂ ਦੀ ਮੰਗ ਵੱਧ ਗਈ ਹੈ।

ਰੂਸ ਅਤੇ ਯੂਕਰੇਨ ਦੀ ਲੜਾਈ ਕਾਰਨ ਨਾਟੋ ਵੱਲੋਂ ਰੂਸ ਨਾਲ ਵਪਾਰ ਦੀ ਮਨਾਹੀ ਦਾ ਦੇਸ ਦੀ ਖੇਤੀਬਾੜੀ ਸਨਅਤ ਉਤੇ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ, ਜਿਥੇ ਤੇਲ ਅਤੇ ਖਾਦਾਂ ਵਗੈਰਾ ਦੇ ਰੇਟ ਵਧਣ ਕਾਰਨ ਦੇਸ ਦੀ ਕਿਸਾਨੀ ਉਤੇ ਨਾਂਹ ਪੱਖੀ ਪ੍ਰਭਾਵ ਪਿਆ ਹੈ, ਦੂਜੇ ਪਾਸੇ ਅਨਾਜ ਖਾਸ ਕਰਕੇ ਪਰਮਲ ਤੇ ਕਣਕ ਦੀ ਮੰਗ ਵਧਣ ਕਾਰਨ ਹਾਂ ਪੱਖੀ ਪ੍ਰਭਾਵ ਪੈਣਾ ਲਾਜ਼ਮੀ ਹੈ।

ਭਾਰਤ ਸਰਕਾਰ ਨੇ ਇਸ ਸਾਲ 31 ਮਾਰਚ, 2022 ਤੱਕ 400 ਬਿਲੀਅਨ ਡਾਲਰ ਦਾ ਬਰਾਮਦ ਦਾ ਟੀਚਾ ਰੱਖਿਆ ਸੀ, ਜਿਸ ਨੂੰ ਪਹਿਲਾਂ ਹੀ ਪੂਰਾ ਕਰ ਲਿਆ ਗਿਆ ਹੈ, ਜਿਸ ਵਿਚ ਅਨਾਜ ਦੀ ਬਰਾਮਦ ਦਾ ਵੱਡਾ ਯੋਗਦਾਨ ਹੈ। ਭਾਰਤ ਸਰਕਾਰ ਨੇ ਸਾਲ 2021-22 ਲਈ 70 ਲੱਖ ਟਨ ਕਣਕ ਬਰਾਮਦ ਕਰਨ ਦਾ ਟੀਚਾ ਰੱਖਿਆ ਸੀ ਤੇ ਫਰਵਰੀ ਦੇ ਅੰਤ ਤੱਕ 66 ਲੱਖ ਟਨ ਕਣਕ ਬਰਾਮਦ ਹੋ ਚੁੱਕੀ ਹੈ। ਵਿਦੇਸ਼ਾਂ ਵਿਚ ਬਦਲਦੇ ਹਾਲਾਤ ਤੇ ਕਣਕ ਦੀ ਮੰਗ ਨੂੰ ਵੇਖਦੇ ਹੋਏ ਕੇਂਦਰ ਸਰਕਾਰ ਨੇ ਸਾਲ 2022-23 ਲਈ ਕਣਕ ਦੀ ਬਰਾਮਦ ਦਾ ਟੀਚਾ ਵਧਾ ਕੇ 1:2 ਕਰੋੜ ਟਨ ਕਰ ਦਿੱਤਾ ਹੈ ਅਤੇ ਪੰਜਾਬ ਹਰਿਆਣਾ, ਯੂ.ਪੀ. ਆਦਿ ਤੋਂ ਕਣਕ ਦੀ ਚੁਕਾਈ ਲਈ ਚਾਰ ਦਰਜਨ ਦੇ ਕਰੀਬ ਮਾਲ ਗੱਡੀਆਂ ਦਾ ਪ੍ਰਬੰਧ ਕੀਤਾ ਹੈ। ਰੂਸ ਤੇ ਯੂਕਰੇਨ ਦੂਜੇ ਦੇਸਾਂ ਨੂੰ ਕਣਕ ਦੀ ਕੁਲ ਬਰਾਮਦ ਕਣਕ ਦਾ 1/4 ਹਿੱਸਾ ਸਪਲਾਈ ਕਰਦੇ ਸਨ, ਸੋ ਲੜਾਈ ਕਾਰਨ ਜ਼ਿਆਦਾਤਰ ਦੇਸਾਂ ਨੇ ਇਨ੍ਹਾਂ ਦੋਵਾਂ ਦੇਸਾਂ ਤੋਂ ਮੂੰਹ ਮੋੜ ਲਿਆ ਹੈ ਅਤੇ ਭਾਰਤ ਨਾਲ ਵਪਾਰ ਕਰਨ ਵੱਲ ਮੂੰਹ ਕੀਤਾ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪਰਮਲ ਚੌਲਾਂ ਦੀ ਬਰਾਮਦ ਵਿਚ 136 ਫੀਸਦੀ ਤੇ ਕਣਕ ਬਰਾਮਦ ਵਿਚ 774 ਫੀਸਦੀ ਅਤੇ ਮੋਟੇ ਅਨਾਜਾਂ ਦੀ ਬਰਾਮਦ ਵਿਚ 238 ਫੀਸਦੀ ਵਾਧਾ ਹੋਇਆ ਹੈ।



## ਕਿਸਾਨ ਕਣਕ ਘੱਟ ਭਾਅ 'ਤੇ ਨਾ ਵੇਚਣ: ਟਿਕੈਤ

**ਮੁਹਾਲੀ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਆਪਣੀ ਕਣਕ ਦਾ ਇਕ ਵੀ ਦਾਣਾ ਘੱਟ ਰੇਟ 'ਤੇ ਨਾ ਵੇਚਣ ਸਗੋਂ ਪੂਰਾ ਭਾਅ ਲੈਣ ਲਈ ਸਰਕਾਰੀ ਖਰੀਦ ਏਜੰਸੀਆਂ 'ਤੇ ਜ਼ੋਰ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਲਖੀਮਪੁਰ ਘਟਨਾ ਲਈ ਜ਼ਿੰਮੇਵਾਰ ਭਾਜਪਾ ਆਗੂਆਂ ਅਤੇ ਹੋਰਨਾਂ ਵਿਅਕਤੀਆਂ ਨੂੰ ਕਾਨੂੰਨ ਮੁਤਾਬਕ ਸਜ਼ਾਵਾਂ ਦਿਵਾਉਣ ਅਤੇ ਪੀੜਤਾਂ ਨੂੰ ਇਨਸਾਫ ਦਿਵਾਉਣ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਿਸਾਨਾਂ ਦੀਆਂ ਬਕਾਇਆ ਮੰਗਾਂ ਅਤੇ ਪ੍ਰਧਾਨ ਮੰਤਰੀ ਦੀ ਵਾਅਦਾਖ਼ਿਲਾਫ਼ੀ ਬਾਰੇ ਵੀ ਵਿਚਾਰ-ਚਰਚਾ ਕੀਤੀ।

## ਰਾਜੇਵਾਲ ਤੋਂ ਨਾਰਾਜ਼ ਕਿਸਾਨਾਂ ਨੇ ਨਵੀਂ ਯੂਨੀਅਨ ਬਣਾਈ

**ਫਰੀਦਕੋਟ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਤੋਂ ਨਾਰਾਜ਼ ਕਿਸਾਨ ਆਗੂਆਂ ਨੇ ਨਵੀਂ ਜਥੇਬੰਦੀ ਬਣਾ ਲਈ ਹੈ। ਜਥੇਬੰਦੀ ਛੱਡ ਕੇ ਆਏ ਆਗੂਆਂ ਤੇ ਵਰਕਰਾਂ ਦੇ ਇਕੱਠ ਵਿਚ 7 ਜ਼ਿਲ੍ਹਿਆਂ ਦੇ ਆਗੂਆਂ ਨੇ ਹਿੱਸਾ ਲਿਆ। ਇਸ ਮੌਕੇ ਕੌਮੀ ਕਿਸਾਨ ਯੂਨੀਅਨ ਨਾਮ ਦੀ ਨਵੀਂ ਜਥੇਬੰਦੀ ਦਾ ਗਠਨ ਕਰ ਕੇ ਬਿੰਦਰ ਸਿੰਘ ਗੋਲੇਵਾਲਾ ਨੂੰ ਸੂਬਾ ਪ੍ਰਧਾਨ ਥਾਪ ਦਿੱਤਾ ਹੈ।

ਸ. ਗੋਲੇਵਾਲਾ ਨੇ ਕਿਹਾ ਕਿ ਕਿਸਾਨੀ ਹਿੱਤਾਂ ਦੀ ਰਾਖੀ ਲਈ ਨਵੀਂ ਜਥੇਬੰਦੀ ਦਾ ਗਠਨ ਕੀਤਾ ਗਿਆ ਹੈ ਅਤੇ ਛੇਤੀ ਹੀ ਜਿਲ੍ਹਾ ਪੱਧਰੀ ਇਕਾਈਆਂ ਵੀ ਤਿਆਰ ਕੀਤੀਆਂ ਜਾਣਗੀਆਂ। ਸਮਾਗਮ ਵਿਚ 500 ਤੋਂ ਵੱਧ ਕਿਸਾਨਾਂ ਨੇ ਹਿੱਸਾ ਲਿਆ ਅਤੇ ਸਾਰਿਆਂ ਨੇ ਸਰਬਸੰਮਤੀ ਨਾਲ ਬਿੰਦਰ ਸਿੰਘ ਗੋਲੇਵਾਲਾ ਨੂੰ ਨਵੀਂ ਜਥੇਬੰਦੀ ਦਾ ਪ੍ਰਧਾਨ ਐਲਾਨਿਆ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਸੈਂਕੜੇ ਕਿਸਾਨਾਂ ਨੇ ਬੀ.ਕੇ.ਯੂ. (ਰਾਜੇਵਾਲ) ਤੋਂ ਅਸਤੀਫਾ ਦੇ ਦਿੱਤਾ ਸੀ। ਰਾਜੇਵਾਲ ਧੜੇ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦੇ ਫੈਸਲੇ ਤੋਂ ਬਾਅਦ ਨਿਰਾਸ਼ ਹੋਏ ਆਗੂਆਂ ਨੇ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਸੀ ਅਤੇ ਹੁਣ ਇਨ੍ਹਾਂ ਆਗੂਆਂ ਨੇ ਨਵੀਂ ਕਿਸਾਨ ਯੂਨੀਅਨ ਦਾ ਗਠਨ ਕੀਤਾ ਹੈ।

# ਨਵੀਂ ਖਣਨ ਨੀਤੀ ਦੀਆਂ ਤਿਆਰੀਆਂ ਵਿਚ ਜੁਟੀ ਸਰਕਾਰ



**ਚੰਡੀਗੜ੍ਹ:** ਖਣਨ ਮੰਤਰੀ ਹਰਜੋਤ ਸਿੰਘ ਬੈਂਸ ਨੇ ਨਵੀਂ ਮਾਈਨਿੰਗ ਪਾਲਿਸੀ ਸਬੰਧੀ ਮਾਹਿਰਾਂ ਨਾਲ ਵਿਚਾਰ-ਚਰਚਾ ਕੀਤੀ। ਸ੍ਰੀ ਬੈਂਸ ਨੇ ਆਪਣੇ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਹੋਰ ਸਟਾਫ ਮੈਂਬਰਾਂ ਨੂੰ ਸਮੇਂ ਸਿਰ ਦਫਤਰ ਪਹੁੰਚਣ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਵਾਹ ਲਾਉਣ ਦੀ ਹਦਾਇਤ ਕੀਤੀ। ਖਣਨ ਅਤੇ ਜੇਲ੍ਹ ਵਿਭਾਗ ਵਿਚ ਭ੍ਰਿਸ਼ਟਾਚਾਰ ਨੂੰ ਹਰ ਹੀਲੇ ਰੋਕਿਆ ਜਾਵੇਗਾ। ਪੰਜਾਬ ਸਰਕਾਰ ਵੱਲੋਂ ਨਵੀਂ ਖਣਨ ਨੀਤੀ ਬਣਾਈ ਜਾ ਰਹੀ ਹੈ, ਜਿਸ ਨਾਲ ਮਾਲੀਏ ਵਿਚ ਭਾਰੀ ਵਾਧਾ ਹੋਵੇਗਾ। ਭ੍ਰਿਸ਼ਟਾਚਾਰ ਖਿਲਾਫ ਆਉਣ ਵਾਲੀਆਂ ਸ਼ਿਕਾਇਤਾਂ ਦਾ ਨਿਪਟਾਰਾ ਤਰਜੀਹੀ ਆਧਾਰ 'ਤੇ ਕੀਤਾ ਜਾਵੇਗਾ।

ਬੈਂਸ ਨੇ ਕਿਹਾ ਕਿ ਸੂਬੇ ਵਿਚ ਨਵੀਂ ਬਣਨ ਵਾਲੀ ਖਣਨ ਪਾਲਿਸੀ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਤੋਂ ਮੁਕਤ ਹੋਵੇਗੀ। ਬੈਂਸ ਨੇ ਕਿਹਾ ਕਿ ਖਣਨ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਪਹਿਲਾਂ ਇਹ ਡਰ ਰਹਿੰਦਾ ਸੀ ਕਿ ਕਈ ਮੰਤਰੀਆਂ ਤੇ ਅਧਿਕਾਰੀਆਂ ਨੂੰ ਮਹੀਨਾ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਸਾਰੇ ਸਿਸਟਮ ਨੂੰ ਬੰਦ ਕੀਤਾ ਜਾਵੇਗਾ। ਅਸੀਂ ਨਾ ਨਾਜਾਇਜ਼ ਪੈਸਾ ਖਾਵਾਂਗੇ ਤੇ ਨਾ ਹੀ ਕਿਸੇ ਨੂੰ ਖਾਣ ਦੇਵਾਂਗੇ।"

ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਦੇ ਟੀਚੇ ਮੁਤਾਬਕ ਸੂਬੇ ਵਿਚ ਨਾਜਾਇਜ਼ ਮਾਈਨਿੰਗ ਹਰਗਿਜ਼ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਜਾਂ ਤਾਂ ਬੈਂਸ ਰਹੇਗਾ ਜਾਂ ਫਿਰ ਨਾਜਾਇਜ਼ ਮਾਈਨਿੰਗ ਹੋਵੇਗੀ।

## ਭ੍ਰਿਸ਼ਟਾਚਾਰ ਕਹਿਣ ਨਾਲ ਖਤਮ ਨਹੀਂ ਹੁੰਦਾ: ਬਾਦਲ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਰੋਕਣ ਸਬੰਧੀ ਐਕਸ਼ਨ ਲਾਈਨ ਨੰਬਰ ਜਾਰੀ ਕਰਨ 'ਤੇ ਪ੍ਰਤੀਕਰਮ ਜ਼ਾਹਰ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਸਿਰਫ ਕਹਿਣ ਨਾਲ ਖਤਮ ਨਹੀਂ ਹੁੰਦਾ। ਸਿਆਸੀ ਪਾਰਟੀਆਂ ਨਵੀਂ ਸਰਕਾਰ ਬਣਨ ਸਮੇਂ ਅਜਿਹੇ ਦਾਅਵੇ ਅਤੇ ਐਲਾਨ ਕਰਿਆ ਕਰਦੀਆਂ ਹਨ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਆਖਿਆ ਸੀ ਕਿ ਚਾਰ ਹਫਤਿਆਂ 'ਚ ਭ੍ਰਿਸ਼ਟਾਚਾਰ ਅਤੇ ਨਸ਼ਾ ਬੰਦ ਕਰ ਦਿਆਂਗੇ, ਪਰ ਕੁਝ ਨਹੀਂ ਹੋਇਆ। 'ਆਪ' ਦਾ ਸੱਚ ਵੀ ਸਮੇਂ ਨਾਲ ਸਾਹਮਣੇ ਆ ਜਾਣਾ ਹੈ।

# ਕਿਸਾਨ ਸੰਗਠਨਾਂ ਨੇ ਐਮ.ਐਸ.ਪੀ. ਗਾਰੰਟੀ ਲਈ ਨਵਾਂ ਮੋਰਚਾ ਬਣਾਇਆ

**ਨਵੀਂ ਦਿੱਲੀ:** ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਕੇਂਦਰ ਖਿਲਾਫ ਅੰਦੋਲਨ ਮਗਰੋਂ ਕਿਸਾਨਾਂ ਦੇ ਇਕ ਸਮੂਹ ਨੇ ਜਿਣਸਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਦੇਣ ਸਬੰਧੀ ਕਾਨੂੰਨ ਬਣਾਉਣ ਲਈ ਇਕ ਨਵਾਂ ਮੋਰਚਾ ਬਣਾਇਆ ਹੈ।

ਮਹਾਰਾਸ਼ਟਰ ਤੋਂ ਦੋ ਵਾਰ ਸੰਸਦ ਮੈਂਬਰ ਰਹੇ ਅਤੇ ਸਵਾਭਿਮਾਨੀ ਪਕਸ ਦੇ ਆਗੂ ਰਾਜੂ ਸ਼ੈੱਟੀ ਨੇ ਕਿਹਾ ਕਿ ਇਥੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿਚ 'ਐਮ.ਐਸ.ਪੀ. ਗਾਰੰਟੀ ਕਿਸਾਨ ਮੋਰਚਾ' ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਉੱਤਰ ਪ੍ਰਦੇਸ਼ ਤੋਂ ਵੀਐਮ ਸਿੰਘ, ਹਰਿਆਣਾ ਤੋਂ ਰਾਮਪਾਲ ਜਾਟ, ਪੰਜਾਬ ਤੋਂ ਬਲਰਾਜ ਸਿੰਘ, ਝਾਰਖੰਡ ਤੋਂ ਰਾਜਾ ਰਾਮ ਸਿੰਘ ਸਮੇਤ ਕਈ ਕਿਸਾਨ ਆਗੂ ਹਾਜ਼ਰ ਹੋਏ। ਮੀਟਿੰਗ ਮਗਰੋਂ ਸ਼ੈੱਟੀ ਨੇ ਕਿਹਾ, "ਅਸੀਂ ਐਮ.ਐਸ.ਪੀ. ਗਾਰੰਟੀ ਕਿਸਾਨ ਮੋਰਚਾ ਦੇ ਬੈਨਰ ਹੇਠ ਅੰਦੋਲਨ ਸ਼ੁਰੂ ਕਰਾਂਗੇ। ਅਗਲੇ ਛੇ ਮਹੀਨਿਆਂ ਵਿਚ, ਅਸੀਂ ਐਮ.ਐਸ.ਪੀ. ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹਰੇਕ ਸੂਬੇ ਦੇ ਹਰ ਜਿਲ੍ਹੇ ਦਾ ਦੌਰਾ ਕਰਾਂਗੇ।" ਆਗੂਆਂ ਨੇ ਹਰੇਕ ਗ੍ਰਾਮ ਸਭਾ (ਪਿੰਡ ਸਭਾ) ਵੱਲੋਂ ਖੇਤੀ ਉਪਜਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਕਰਨ ਲਈ ਮਤਾ ਪਾਸ ਕਰਨ ਦਾ ਫੈਸਲਾ ਕੀਤਾ। ਸ਼ੈੱਟੀ ਨੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਜਿਹੇ ਮਤੇ ਭਾਰਤ ਦੇ ਰਾਸ਼ਟਰਪਤੀ ਨੂੰ ਭੇਜਣ ਲਈ ਕਿਹਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਦੇਸ ਵਿਆਪੀ ਅੰਦੋਲਨ ਦਾ ਐਲਾਨ ਕਰਨ ਲਈ ਰਾਜਧਾਨੀ ਵਿਚ ਤਿੰਨ ਰੋਜ਼ਾ ਕਿਸਾਨ ਸੰਮੇਲਨ ਕੀਤਾ ਜਾਵੇਗਾ। ਸ਼ੈੱਟੀ ਨੇ ਕਿਹਾ ਕਿ ਗੰਨਾ ਉਤਪਾਦਕਾਂ ਦੀਆਂ ਅਦਾਇਗੀਆਂ ਲਈ ਕੇਂਦਰ ਵੱਲੋਂ ਨਿਰਧਾਰਿਤ ਵਾਜਬ ਲਾਭਕਾਰੀ ਮੁੱਲ ਦੀ ਤਰਜ਼ 'ਤੇ ਕਿਸਾਨਾਂ ਦੀ ਖੇਤੀ ਉਪਜ ਲਈ ਵੀ ਘੱਟੋ-ਘੱਟ ਸਮਰਥਨ ਮੁੱਲ ਮਿਲਣਾ ਚਾਹੀਦਾ ਹੈ।

## ਟਿਕੈਤ ਨੂੰ ਧਮਕੀ

**ਮੁਜ਼ੱਫਰਨਗਰ:** ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ਅਣਪਛਾਤੇ ਵਿਅਕਤੀ ਨੇ ਫੋਨ ਕਰਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਸ਼ਿਕਾਇਤ ਦਰਜ ਕਰਕੇ ਜਾਂਚ ਵਿੱਢ ਦਿੱਤੀ ਹੈ। ਇਸ ਦੌਰਾਨ ਪੁਲਿਸ ਟੀਮ ਨੇ ਟਿਕੈਤ ਦੀ ਰਿਹਾਇਸ਼ 'ਤੇ ਜਾ ਕੇ ਕਿਸਾਨ ਆਗੂ ਨਾਲ ਵੀ ਗੱਲਬਾਤ ਕੀਤੀ ਹੈ।

# ਪੰਜਾਬ ਵਿਧਾਨ ਸਭਾ 'ਚ ਬੁੱਤ ਲਾਉਣ ਦੀ ਤਜਵੀਜ਼ ਤੋਂ ਵਿਵਾਦ ਛਿੜਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਬੁੱਤ ਲਗਾਏ ਜਾਣ ਦੀ ਤਜਵੀਜ਼ ਤੋਂ ਨਵਾਂ ਵਿਵਾਦ ਛਿੜ ਗਿਆ ਹੈ। ਵਿਧਾਨ ਸਭਾ ਕੰਪਲੈਕਸ ਨੂੰ ਵਿਸ਼ਵ ਵਿਰਾਸਤ ਦਾ ਇਮਾਰਤ ਦਾ ਦਰਜਾ ਪ੍ਰਾਪਤ ਹੈ ਤੇ ਇਸ 'ਚ ਬਿਨਾਂ ਪ੍ਰਵਾਨਗੀ ਕੋਈ ਤਬਦੀਲੀ ਸੰਭਵ ਨਹੀਂ ਹੈ। ਕਾਂਗਰਸੀ ਆਗੂ ਅਤੇ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਵਿਧਾਨ ਸਭਾ 'ਚ ਬੁੱਤ ਲਾਉਣ ਬਾਰੇ ਅਫਸਰਾਂ ਨੇ ਤੱਥ ਛੁਪਾਏ ਹਨ ਅਤੇ ਤੱਥ ਛੁਪਾਉਣ ਵਾਲੇ ਅਫਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਆਖਿਆ ਹੈ ਕਿ ਵਿਧਾਨ ਸਭਾ ਕੰਪਲੈਕਸ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਹਾਸਲ ਹੈ ਤੇ ਕੰਪਲੈਕਸ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਲਈ ਸਬੰਧਤ ਅਥਾਰਿਟੀ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਬਾਜਵਾ ਨੇ ਕਿਹਾ ਕਿ ਉਨ੍ਹਾਂ ਖ਼ੁਦ ਵੀ ਸਦਨ ਵਿਚ ਇਹ ਸੋਚ ਕੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਗਾਏ ਜਾਣ ਦਾ ਮਸ਼ਵਰਾ ਦਿੱਤਾ ਸੀ ਕਿ ਅਫ਼ਸਰਾਂ ਨੇ ਇਸ ਬਾਰੇ ਪੂਰਾ ਹੋਮ ਵਰਕ ਕੀਤਾ ਹੋਵੇਗਾ ਪਰ ਅਧਿਕਾਰੀਆਂ ਨੇ ਬੁੱਤ ਲਾਉਣ ਬਾਰੇ ਤੱਥ ਛੁਪਾ ਲਏ। ਉਨ੍ਹਾਂ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਜਿਹੜੇ ਅਧਿਕਾਰੀਆਂ ਨੇ ਅਜਿਹੀ ਕੋਤਾਹੀ ਕੀਤੀ ਹੈ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਸਰਕਾਰੀ ਧਿਰ ਦਾ ਕਹਿਣਾ ਹੈ ਕਿ ਸਦਨ ਨੇ ਬੁੱਤ ਲਾਉਣ ਲਈ ਯੋਗ ਕਾਰਵਾਈ ਕਰਨ ਦੀ ਹਾਲੇ ਸਿਫ਼ਾਰਸ਼ ਕੀਤੀ ਹੈ।

ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸਦਨ ਵੱਲੋਂ ਸਰਬਸੰਮਤੀ ਨਾਲ ਵਿਧਾਨ ਸਭਾ ਕੰਪਲੈਕਸ ਵਿਚ ਸ਼ਹੀਦ ਆਜ਼ਮ ਭਗਤ ਸਿੰਘ, ਡਾ. ਭੀਮ ਰਾਓ ਅੰਬੇਡਕਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਗਾਏ ਜਾਣ ਦਾ ਮਤਾ ਪਾਸ ਕੀਤਾ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਕਿਹਾ ਸੀ ਕਿ ਸਦਨ ਪੰਜਾਬ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਬੁੱਤ ਲਗਾਉਣ ਲਈ ਯੋਗ ਕਾਰਵਾਈ ਕੀਤੀ ਜਾਵੇ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਅਕਤੂਬਰ 2016 ਦੇ ਵਿਧਾਨ ਸਭਾ ਸੈਸ਼ਨ 'ਚ ਡਾ. ਭੀਮ ਰਾਓ ਅੰਬੇਡਕਰ ਦਾ ਬੁੱਤ ਲਾਉਣ ਦੀ ਵਿਉਂਤ ਸੀ। ਉਸ ਤੋਂ ਪਹਿਲਾਂ ਯੂਟੀ ਪ੍ਰਸ਼ਾਸਨ ਤੋਂ ਇਸ ਬਾਰੇ ਪ੍ਰਵਾਨਗੀ ਮੰਗੀ ਗਈ ਸੀ ਅਤੇ ਸਤੰਬਰ 2016 'ਚ ਯੂਟੀ ਪ੍ਰਸ਼ਾਸਨ ਨੇ ਬੁੱਤ ਲਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਸੀ। ਇਕ ਦਫ਼ਾ ਵਿਧਾਨ ਸਭਾ ਕੰਪਲੈਕਸ ਦੇ ਫ਼ਰਸ਼ ਦੀ ਭੰਨ ਤੋੜ ਵੀ ਸ਼ੁਰੂ ਕੀਤੀ ਗਈ ਸੀ ਅਤੇ ਇਤਰਾਜ਼ ਖੜ੍ਹੇ ਹੋਣ ਮਗਰੋਂ ਵਿਰਾਸਤੀ ਇਮਾਰਤ ਹੋਣ ਕਰਕੇ ਮੁੜ ਪੁਰਾਣਾ ਫਰਸ਼ ਲਾਉਣਾ ਪਿਆ ਸੀ।

# ਵੱਡੇ ਥੰਮ੍ਹ ਡੇਗਣ ਵਾਲਿਆਂ ਦੀ ਲੱਗ ਸਕਦੀ ਹੈ ਲਾਟਰੀ

**ਚੰਡੀਗੜ੍ਹ:** ਪੰਜਾਬ ਵਿਚ ਤੀਜੀ ਧਿਰ ਵਜੋਂ ਉੱਭਰ ਕੇ ਇਤਿਹਾਸ ਸਿਰਜਣ ਵਾਲੀ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੀ ਨਵੀਂ ਵਜ਼ਾਰਤ ਨੂੰ ਪੂਰਾ ਕਰਨ ਲਈ ਫਿਰ ਮੰਥਨ ਸ਼ੁਰੂ ਹੋ ਗਿਆ ਹੈ, ਜਿਸ ਲਈ ਪੰਜਾਬ ਦੇ ਵੱਡੇ ਸਿਆਸੀ ਥੰਮ੍ਹਾਂ ਨੂੰ ਡੇਗਣ ਵਾਲੇ ਨੌਜਵਾਨ ਚਿਹਰਿਆਂ ਵਿਚ ਨਵਾਂ ਉਤਸ਼ਾਹ ਤੇ ਜੋਸ਼ ਦਿਖਾਈ ਦੇ ਰਿਹਾ ਹੈ ਤੇ ਚੋਣਾਂ 'ਚ ਦਿਖਾਈ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਲਾਟਰੀ ਲੱਗ ਸਕਦੀ ਹੈ। ਇਸ ਦੇ ਨਾਲ ਹੀ ਪਾਰਟੀ ਦੀ ਟਿਕਟ 'ਤੇ ਦੂਜੀ ਵਾਰ ਚੋਣ ਲੜ ਕੇ ਜੇਤੂ ਰਹੇ ਵਿਧਾਇਕਾਂ ਨੇ ਵੀ ਆਸ ਰੱਖੀ ਹੋਈ ਹੈ।




'ਆਪ' ਨੇ ਪੰਜਾਬ ਦੀ ਨਵੀਂ ਵਜ਼ਾਰਤ ਦੇ 10 ਮੰਤਰੀਆਂ ਨੂੰ 19 ਮਾਰਚ ਨੂੰ ਹਲਫ਼ ਦਿਵਾ ਦਿੱਤੀ ਸੀ, ਜਿਸ ਵਿਚ ਸਿਰਫ਼ ਦੋ ਪੁਰਾਣੇ ਚਿਹਰੇ ਹਨ ਜਦੋਂਕਿ ਅੱਠ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਿਭਾਗਾਂ ਦੀ ਵੰਡ ਸਮੇਂ ਵੀ ਵਜ਼ਾਰਤ ਦੇ 10 ਮੰਤਰੀਆਂ ਨੂੰ ਉਨ੍ਹਾਂ ਦੇ ਕੰਮਕਾਜ ਦੇ ਪਿਛੋਕੜ ਨੂੰ ਵੇਖਦਿਆਂ ਹੀ ਵਿਭਾਗਾਂ ਦੀ ਵੰਡ ਕੀਤੀ ਗਈ ਹੈ। ਹਾਲਾਂਕਿ ਪਾਰਟੀ ਵੱਲੋਂ ਦੂਜੀ ਵਾਰ ਚੋਣ ਜਿੱਤਣ ਵਾਲੇ ਅਤੇ ਵੱਡੇ ਸਿਆਸੀ ਥੰਮ੍ਹਾਂ ਨੂੰ ਡੇਗਣ ਵਾਲਿਆਂ ਨੂੰ ਵਜ਼ਾਰਤ ਵਿਚ ਕੋਈ ਥਾਂ ਨਹੀਂ ਮਿਲੀ ਹੈ। ਇਸ ਨਾਲ ਪੰਜਾਬੀਆਂ ਵਿਚ ਪਾਰਟੀ ਦੇ ਫ਼ੈਸਲੇ ਬਾਰੇ ਕਈ ਤਰ੍ਹਾਂ ਦੇ ਸਵਾਲ ਉੱਠੇ ਸਨ। ਹੁਣ 'ਆਪ' ਪੰਜਾਬ ਦੀ ਨਵੀਂ ਵਜ਼ਾਰਤ ਦੇ ਰਹਿੰਦੇ ਸੱਤ ਚਿਹਰਿਆਂ ਦੀ ਚੋਣ ਕਰਨ ਸਮੇਂ ਗਲਤੀ ਦੀ ਸੰਭਾਵਨਾ ਛੱਡਣ ਤੋਂ ਗੁਰੇਜ਼ ਕਰ ਰਹੀ ਹੈ ਅਤੇ ਇਨ੍ਹਾਂ ਚਿਹਰਿਆਂ ਦੀ ਚੋਣ ਵਿਚ ਕੋਈ ਜਲਦਬਾਜੀ ਨਹੀਂ ਦਿਖਾਈ ਜਾ ਰਹੀ। ਪੰਜਾਬ ਕੈਬਨਿਟ ਦੇ 10 ਚਿਹਰਿਆਂ ਦੀ ਚੋਣ ਹੋਣ ਉਪਰੰਤ ਹੁਣ ਕਈ ਤਰ੍ਹਾਂ ਦੇ ਚਰਚੇ ਚੱਲ ਰਹੇ ਹਨ, ਜਿਸ ਕਰ ਕੇ ਪਾਰਟੀ ਹਾਈਕਮਾਨ ਕਈ ਪਹਿਲੂਆਂ ਦੇ ਆਧਾਰ 'ਤੇ ਵਿਚਾਰ ਚਰਚਾ ਕਰ ਰਹੀ ਹੈ।

ਵਿਧਾਨ ਸਭਾ ਚੋਣਾਂ ਦੌਰਾਨ ਦੌਰਾਨ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ 11,396 ਵੋਟਾਂ ਨਾਲ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ, ਕੈਪਟਨ ਅਮਰਿੰਦਰ ਸਿੰਘ ਨੂੰ 19,873 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਅਜੀਤ ਪਾਲ ਸਿੰਘ ਕੋਹਲੀ, ਚਰਨਜੀਤ ਸਿੰਘ ਚੰਨੀ ਨੂੰ ਭਦੌੜ ਤੋਂ 37,558 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਲਾਭ ਸਿੰਘ ਉੱਗੋਕੇ ਅਤੇ ਚਮਕੌਰ ਸਾਹਿਬ ਤੋਂ ਸ੍ਰੀ ਚੰਨੀ ਨੂੰ 7,942 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਡਾ. ਚਰਨਜੀਤ ਸਿੰਘ ਨੂੰ ਵਜ਼ਾਰਤ ਦੀ ਪਹਿਲੀ ਸੂਚੀ ਵਿਚੋਂ ਬਾਹਰ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ (ਪੂਰਬੀ) ਤੋਂ ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਨੂੰ 6,750 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੀ ਡਾ. ਜੀਵਨਜੋਤ ਕੌਰ, ਜਲਾਲਾਬਾਦ ਹਲਕੇ ਤੋਂ ਸੁਖਬੀਰ ਸਿੰਘ ਬਾਦਲ ਨੂੰ 30,930 ਵੋਟਾਂ ਦੇ ਫਰਕ ਨਾਲ ਮਾਤ ਦੇਣ ਵਾਲੇ ਜਗਦੀਪ ਸਿੰਘ ਗੋਲਡੀ ਕੰਬੋਜ ਵਰਗੇ ਵਿਧਾਇਕਾਂ ਨੂੰ ਵੀ ਕੈਬਨਿਟ ਵਿਚ ਕੋਈ ਥਾਂ ਨਹੀਂ ਮਿਲ ਸਕੀ ਹੈ।

# ਪੰਜਾਬ ਦੀਆਂ ਰਵਾਇਤੀ ਧਿਰਾਂ ਹੱਥੋਂ ਰਾਜ ਸਭਾ ਦੀ ਨੁਮਾਇੰਦਗੀ ਖੁੱਸੀ

**ਚੰਡੀਗੜ੍ਹ:** ਪੰਜਾਬ ਦੀਆਂ ਤਿੰਨ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਹਾਲ ਹੀ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਕਰਾਰੀ ਹਾਰ ਦੇ ਸਿੱਟੇ ਵਜੋਂ ਤਿੰਨੋਂ ਪਾਰਟੀਆਂ ਹੱਥੋਂ ਪੰਜਾਬ ਵਿਚੋਂ ਰਾਜ ਸਭਾ ਦੀ ਨੁਮਾਇੰਦਗੀ ਵੀ ਖੁੱਸ ਗਈ ਹੈ। ਰਾਜ ਸਭਾ ਦੀਆਂ ਪੰਜ ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਪੰਜ ਆਗੂਆਂ ਨੂੰ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤਾ ਗਿਆ। ਪੰਜਾਬ ਤੋਂ ਰਾਜ ਸਭਾ ਦੇ ਉਮੀਦਵਾਰ ਡਾ. ਸੰਦੀਪ ਕੁਮਾਰ ਪਾਠਕ ਅਤੇ ਰਾਘਵ ਚੱਢਾ, ਹਰਭਜਨ ਸਿੰਘ, ਅਸ਼ੋਕ ਮਿੱਤਲ ਅਤੇ ਸੰਜੀਵ ਅਰੋੜਾ ਬਿਨਾਂ ਮੁਕਾਬਲਾ ਜੇਤੂ ਰਹੇ ਹਨ। 'ਆਪ' ਦੇ ਪੰਜਾਂ ਉਮੀਦਵਾਰਾਂ ਨੇ 21 ਮਾਰਚ ਨੂੰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ। ਕਿਸੇ ਹੋਰ ਸਿਆਸੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਨਾ ਕਰਨ ਪਿੱਛੋਂ ਇਨ੍ਹਾਂ ਨੂੰ ਬਗੈਰ ਮੁਕਾਬਲਾ ਜੇਤੂ ਕਰਾਰ ਦਿੱਤਾ ਗਿਆ।

ਸੂਬੇ ਵਿਚ ਰਾਸ਼ਟਰਪਤੀ ਰਾਜ ਦੇ ਖਾਤਮੇ ਮਗਰੋਂ 1992, 1997, 2002, 2007 ਅਤੇ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵੱਲੋਂ ਪੰਜਾਬ ਤੋਂ ਆਪਣੇ ਨੁਮਾਇੰਦੇ ਰਾਜ ਸਭਾ 'ਚ ਭੇਜੇ ਗਏ ਸਨ ਜਦਕਿ 2017 ਦੀਆਂ ਚੋਣਾਂ ਦੌਰਾਨ 20 ਸੀਟਾਂ ਵਾਲੀ 'ਆਪ' ਨੂੰ ਭਾਵੇਂ ਕਿ ਇਕ ਮੈਂਬਰ ਪੰਜਾਬ ਤੋਂ ਰਾਜ ਸਭਾ ਭੇਜਣ ਦਾ ਮੌਕਾ ਮਿਲ ਸਕਦਾ ਸੀ ਪਰ 2016 ਵਿਚ ਰਾਜ ਸਭਾ ਮੈਂਬਰਾਂ ਦੀ ਚੋਣ ਹੋ ਚੁੱਕੀ ਹੋਣ ਕਾਰਨ ਪੰਜ ਸਾਲਾਂ ਦੌਰਾਨ ਪੰਜਾਬ ਵਿਚ ਰਾਜ ਸਭਾ ਦੀ ਚੋਣ ਨਹੀਂ ਕਰਵਾਈ ਗਈ, ਕਿਉਂਕਿ 2016 ਵਿਚ ਚੁਣੇ ਮੈਂਬਰਾਂ ਦਾ ਕਾਰਜਕਾਲ 2022 ਵਿਚ ਖਤਮ ਹੋਣਾ ਸੀ। ਸੂਬੇ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਦਾ ਅਮਲ ਖਤਮ ਹੁੰਦਿਆਂ ਹੀ ਰਾਜ ਸਭਾ ਦੀਆਂ ਚੋਣਾਂ ਆ ਗਈਆਂ ਅਤੇ ਪੰਜੋਂ ਸੀਟਾਂ 92 ਵਿਧਾਇਕਾਂ ਵਾਲੀ 'ਆਪ' ਦੀ ਝੋਲੀ ਪੈ ਗਈਆਂ। ਸੂਬੇ ਵਿਚੋਂ ਦੋ ਹੋਰ ਰਾਜ ਸਭਾ ਦੇ ਮੈਂਬਰਾਂ ਅੰਬਿਕਾ ਸੋਨੀ ਅਤੇ ਨਰੇਸ਼ ਗੁਜਰਾਲ ਨੇ ਇਸੇ ਸਾਲ ਜੁਲਾਈ ਮਹੀਨੇ ਸੇਵਾਮੁਕਤ ਹੋਣਾ ਹੈ ਅਤੇ ਇਹ ਦੋ ਸੀਟਾਂ ਵੀ 'ਆਪ' ਦੀ ਝੋਲੀ ਹੀ ਪੈਣੀਆਂ ਹਨ। ਇਸ ਨਾਲ 'ਆਪ ਦੇ ਪੰਜਾਬ ਤੋਂ ਸੱਤ ਮੈਂਬਰ ਅਤੇ ਦਿੱਲੀ ਤੋਂ ਤਿੰਨ ਮੈਂਬਰ ਜਾਣ ਨਾਲ ਰਾਜ ਸਭਾ ਵਿਚ ਪਾਰਟੀ ਦੇ ਮੈਂਬਰਾਂ ਦੀ ਗਿਣਤੀ 10 ਹੋ ਜਾਵੇਗੀ।




ਪੰਜਾਬ ਦੀ ਸੱਤਾ 'ਤੇ ਭਾਵੇਂ ਕਿ ਕਾਂਗਰਸ ਅਤੇ ਅਕਾਲੀ ਵਾਰੋ-ਵਾਰੀ ਕਾਬਜ਼ ਹੁੰਦੇ ਰਹੇ ਹਨ ਪਰ ਵਿਧਾਨ ਸਭਾ ਦੀਆਂ ਸੀਟਾਂ ਦੇ ਅਧਾਰ 'ਤੇ ਦੋਹਾਂ ਪਾਰਟੀਆਂ ਨਾਲ ਭਾਜਪਾ ਨੂੰ ਵੀ ਸੂਬੇ ਤੋਂ ਰਾਜ ਸਭਾ ਲਈ ਮੈਂਬਰ ਭੇਜਣ ਦਾ ਮੌਕਾ ਮਿਲ ਜਾਂਦਾ ਸੀ। ਇਸ ਮਾਮਲੇ ਵਿਚ ਅਕਾਲੀ ਦਲ ਨੂੰ ਜ਼ਿਆਦਾ ਵੱਡੀ ਸੱਟ ਵੱਜੀ ਹੈ। ਇਸ ਪਾਰਟੀ ਦੇ ਲੋਕ ਸਭਾ ਵਿਚ ਵੀ ਦੋ ਹੀ ਨੁਮਾਇੰਦੇ ਹਨ। ਕਾਂਗਰਸ ਅਤੇ ਭਾਜਪਾ ਦੀ ਨੁਮਾਇੰਦਗੀ ਕਰਨ ਵਾਲੇ ਤਾਂ ਹੋਰਨਾਂ ਸੂਬਿਆਂ ਦੇ ਰਾਜ ਸਭਾ ਮੈਂਬਰ ਵੀ ਹਨ ਪਰ ਅਕਾਲੀ ਦਲ ਦਾ ਨੁਮਾਇੰਦਾ ਕੋਈ ਨਹੀਂ ਰਿਹਾ। ਪੰਜਾਬ ਤੋਂ ਇਸ ਸਾਲ ਰਾਜ ਸਭਾ ਜਾਣ ਵਾਲੇ 'ਆਪ' ਦੇ ਆਗੂਆਂ ਦੀ ਸੇਵਾਮੁਕਤੀ 2028 ਵਿਚ ਹੋਵੇਗੀ ਅਤੇ ਅਜਿਹੀ ਸਥਿਤੀ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਜੇਕਰ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਚੰਗੀ ਕਾਰਗੁਜ਼ਾਰੀ ਦਿਖਾਉਣਗੇ, ਤਾਂ ਹੀ ਰਾਜ ਸਭਾ 'ਚ ਉਨ੍ਹਾਂ ਦਾ ਖਾਤਾ ਖੁੱਲ੍ਹ ਸਕੇਗਾ।

## 'ਆਪ' ਨੇ ਪੰਜਾਬੀਆਂ ਨਾਲ ਧੋਖਾ ਕੀਤਾ: ਭਾਜਪਾ

**ਮੁਹਾਲੀ:** ਪੰਜਾਬ ਭਾਜਪਾ ਦੇ ਪ੍ਰਧਾਨ ਅਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਸੂਬੇ ਵਿਚ ਭਾਜਪਾ ਦਾ ਵੋਟ ਬੈਂਕ ਵਧਣ ਦਾ ਦਾਅਵਾ ਕੀਤਾ ਹੈ। ਸ਼ਰਮਾ ਨੇ ਕਿਹਾ ਕਿ ਭਾਜਪਾ ਨੇ ਪੰਜਾਬ ਵਿਚ ਪਹਿਲੀ ਵਾਰ ਵੱਡੀ ਪੱਧਰ 'ਤੇ ਚੋਣਾਂ ਲੜੀਆਂ ਅਤੇ 73 ਸੀਟਾਂ 'ਤੇ ਉਮੀਦਵਾਰਾਂ ਨੂੰ 10.33 ਲੱਖ ਤੋਂ ਵੱਧ ਵੋਟਾਂ ਪਈਆਂ ਹਨ, ਜਦਕਿ ਮੁਹਾਲੀ ਜ਼ਿਲ੍ਹੇ ਵਿਚ 60 ਹਜ਼ਾਰ ਲੋਕਾਂ ਨੇ ਭਾਜਪਾ ਨੂੰ ਵੋਟ ਪਾਈ ਹੈ। ਸ੍ਰੀ ਸ਼ਰਮਾ ਨੇ 'ਆਪ' ਲੀਡਰਸ਼ਿਪ 'ਤੇ ਪੰਜਾਬੀਆਂ ਨਾਲ ਸਿਰੇ ਦਾ ਧੋਖਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਆਗੂਆਂ ਨੂੰ ਰਾਜ ਸਭਾ ਵਿਚ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸ਼ੁਰੂਆਤ ਵਿਚ ਹੀ ਪਤਾ ਲੱਗ ਗਿਆ ਹੈ ਕਿ ਹੁਣ ਪੰਜਾਬ ਦੀ ਸਰਕਾਰ ਦਿੱਲੀ ਤੋਂ ਅਰਵਿੰਦ ਕੇਜਰੀਵਾਲ ਦੇ ਰਿਮੋਟ ਨਾਲ ਚੱਲੇਗੀ।

## ਰਾਜ ਸਭਾ ਲਈ ਚੁਣੇ ਆਗੂਆਂ ਦਾ ਪੰਜਾਬ ਨਾਲ ਕੋਈ ਸਰੋਕਾਰ ਨਹੀਂ: ਜਗੀਰ ਕੌਰ

**ਜਲੰਧਰ:** ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਲਈ ਚੁਣੇ ਗਏ ਆਗੂਆਂ ਨੂੰ ਪੰਜਾਬ ਦੇ ਦਰਦ ਦਾ ਕੋਈ ਅਹਿਸਾਸ ਨਹੀਂ ਹੈ। ਇਨ੍ਹਾਂ ਪੰਜੋਂ ਆਗੂਆਂ ਦਾ ਪੰਜਾਬ ਦੇ ਮਾਮਲਿਆਂ ਨਾਲ ਕੋਈ ਸਰੋਕਾਰ ਨਹੀਂ ਰਿਹਾ ਹੈ ਤੇ ਨਾ ਹੀ ਇਹ ਪੰਜਾਬ ਦੀ ਅਸਲ ਸਮੱਸਿਆ ਤੇ ਮੁੱਦਿਆਂ ਨੂੰ ਸਮਝਣ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਪੰਜੋਂ ਆਗੂਆਂ ਵਿਚ ਕੇਂਦਰ ਦੀ ਮੋਦੀ ਸਰਕਾਰ ਨਾਲ ਡੱਟ ਕੇ ਲੜਨ ਦੀ ਨਾ ਤਾਂ ਹਿੰਮਤ ਹੈ ਤੇ ਨਾ ਹੀ ਸਿਆਸੀ ਜੁਰਅਤ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਆਮ ਆਦਮੀ ਪਾਰਟੀ ਪੰਜਾਬ ਵਿਚ ਸਿੱਖਿਆ ਦੇ ਹੋ ਰਹੇ ਨਿੱਜੀਕਰਨ ਦਾ ਵਿਰੋਧ ਕਰ ਰਹੀ ਹੈ ਉਥੇ ਹੀ ਦੂਜੇ ਪਾਸੇ ਖੁਦ ਰਾਜ ਸਭਾ ਵਿਚ ਭੇਜਣ ਲਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ ਦੀ ਚੋਣ ਕਰ ਰਹੀ ਹੈ।

## ਸੁਮੇਧ ਸੈਣੀ ਖਿਲਾਫ ਕੇਸ ਦੀ ਅਗਲੀ ਸੁਣਵਾਈ 8 ਅਪਰੈਲ ਨੂੰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨਾਲ ਸਬੰਧਤ ਕੇਸ ਦੀ ਸੁਣਵਾਈ ਮੌਕੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੇ ਇਸ ਕੇਸ 'ਚ ਥੋੜਾ ਸਮਾਂ ਹੋਰ ਮੰਗਿਆ ਹੈ ਜਿਸ ਮਗਰੋਂ ਅਦਾਲਤ ਨੇ ਕੇਸ ਦੀ ਅਗਵਾਈ ਸੁਣਵਾਈ 8 ਅਪਰੈਲ ਨੂੰ ਰੱਖ ਦਿੱਤੀ ਹੈ।

ਸਰਕਾਰੀ ਵਕੀਲ ਨੇ ਜਸਟਿਸ ਅਵਨੀਸ਼ ਝਿੰਗਣ ਦੇ ਬੈਂਚ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ 15 ਦਿਨਾਂ ਅੰਦਰ ਮੁੱਖ ਪਟੀਸ਼ਨ ਦਾ ਨਿਬੇੜਾ ਕਰਨ ਦੇ ਨਿਰਦੇਸ਼ ਦਿੱਤੇ ਸਨ। ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਨੇ ਬਹਿਸ ਲਈ ਪੇਸ਼ ਹੋਣਾ ਸੀ ਪਰ ਮੌਜੂਦਾ ਤਬਦੀਲੀਆਂ ਕਾਰਨ ਉਹ ਅਦਾਲਤੀ ਨਿਰਦੇਸ਼ਾਂ ਦੀ ਉਡੀਕ ਕਰ ਰਹੇ ਹਨ। ਇਸ ਮਗਰੋਂ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 8 ਅਪਰੈਲ ਨੂੰ ਤੈਅ ਕਰ ਦਿੱਤੀ ਹੈ।

# ਫਸਲਾਂ ਦਾ ਮੁਆਵਜ਼ਾ ਪਹਿਲਾਂ ਮਿਲੇਗਾ, ਗਿਰਦਾਵਰੀ ਬਾਅਦ 'ਚ ਹੁੰਦੀ ਰਹੇਗੀ

**ਮਾਨਸਾ:** ਕੁਦਰਤੀ ਆਫਤਾਂ ਨਾਲ ਬਰਬਾਦ ਹੁੰਦੀਆਂ ਫਸਲਾਂ ਕਾਰਨ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਝੰਬੇ ਜਾਂਦੇ ਕਿਸਾਨਾਂ ਦੇ ਹਿੱਤ ਵਿਚ ਵੱਡਾ ਫੈਸਲਾ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਭਵਿੱਖ ਵਿਚ ਅਜਿਹੇ ਕਿਸੇ ਵੀ ਨੁਕਸਾਨ ਲਈ ਕਿਸਾਨਾਂ ਨੂੰ ਤੁਰਤ ਮੁਆਵਜ਼ਾ ਦੇ ਕੇ ਗਿਰਦਾਵਰੀ ਦੀ ਪ੍ਰਕਿਰਿਆ ਬਾਅਦ ਵਿਚ ਮੁਕੰਮਲ ਕੀਤੀ ਜਾਵੇਗੀ।

ਗੁਲਾਬੀ ਸੁੰਡੀ ਦੇ ਹਮਲੇ ਕਾਰਨ ਨੁਕਸਾਨੇ ਨਰਮੇ ਦੀ ਫਸਲ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਵੰਡਣ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਫਸਲਾਂ ਦੀ ਬਰਬਾਦੀ ਤੋਂ ਬਾਅਦ ਕਿਸਾਨਾਂ ਨੂੰ ਮੁਆਵਜ਼ਾ ਲੈਣ ਲਈ ਵੀ ਗੁੰਝਲਦਾਰ ਪ੍ਰਕਿਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀ 'ਆਪ' ਸਰਕਾਰ ਵੱਲੋਂ ਪਹਿਲਾਂ ਹੀ ਇਹ ਪ੍ਰਕਿਰਿਆ ਅਪਣਾਈ ਜਾ ਰਹੀ ਹੈ, ਜਿੱਥੇ ਕਿਸਾਨਾਂ ਨੂੰ ਕੁਦਰਤੀ



ਆਫਤ ਨਾਲ ਨੁਕਸਾਨੀ ਫਸਲ ਦਾ ਮੁਆਵਜ਼ਾ ਦੇ ਕੇ ਉਸ ਤੋਂ ਬਾਅਦ ਗਿਰਦਾਵਰੀ ਕਰਵਾਈ ਜਾਂਦੀ ਹੈ। ਮਾਲਵਾ ਪੱਟੀ ਵਿਚ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਨਾਲ ਬੁਰੀ ਤਰ੍ਹਾਂ ਨੁਕਸਾਨੀ ਗਈ ਨਰਮੇ ਦੀ ਫਸਲ ਲਈ ਕਿਸਾਨਾਂ ਨੂੰ ਮੁਹੱਈਆ ਕਰਵਾਏ ਗਏ ਘਟੀਆ ਬੀਜ ਅਤੇ ਕੀਟਨਾਸ਼ਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਇਸ ਦੀ ਮੁਕੰਮਲ ਜਾਂਚ ਕਰਵਾ ਕੇ ਜ਼ਿੰਮੇਵਾਰੀ ਤੈਅ ਕਰਨ ਅਤੇ ਦੋਸ਼ੀਆਂ ਖ਼ਿਲਾਫ ਢੁਕਵੀਂ ਕਾਰਵਾਈ ਕਰਨ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਜ਼ਿਲ੍ਹੇ ਦੇ 15 ਨਰਮਾ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਦੇਣ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਰਮੇ ਦੀ ਫਸਲ ਨੂੰ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਕਾਰਨ ਹੋਏ ਨੁਕਸਾਨ ਲਈ ਕੁਦਰਤੀ ਆਫਤ ਨਹੀਂ, ਸਗੋਂ ਕਿਸਾਨਾਂ ਨੂੰ ਘਟੀਆ ਬੀਜ ਅਤੇ ਸਪਰੇਆਂ ਦੇਣ ਵਾਲੀਆਂ ਸਰਕਾਰਾਂ ਜ਼ਿੰਮੇਵਾਰ ਹਨ। ਜੇਕਰ ਉਸ ਸਮੇਂ ਕਿਸਾਨਾਂ ਨੂੰ ਮਿਆਰੀ ਬੀਜ ਅਤੇ ਅਸਲੀ ਕੀਟਨਾਸ਼ਕ ਮੁਹੱਈਆ ਕਰਵਾਏ ਜਾਂਦੇ ਤਾਂ ਅੱਜ ਕਿਸਾਨ ਪਰਿਵਾਰ ਮੰਦਹਾਲੀ ਦੇ ਦੌਰ 'ਚੋਂ ਨਾ ਗੁਜ਼ਰਦੇ ਹੁੰਦੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਸ਼ੋਸ਼ਣ ਘਟੀਆ ਬੀਜ ਜਾਂ ਦਵਾਈਆਂ ਨਾਲ ਹੀ ਨਹੀਂ ਕੀਤਾ ਜਾਂਦਾ ਸੀ, ਸਗੋਂ ਫਸਲ ਦਾ ਨੁਕਸਾਨ ਹੋ ਜਾਣ 'ਤੇ ਉਨ੍ਹਾਂ ਨੂੰ ਨਾਂਮਾਤਰ ਮੁਆਵਜ਼ਾ ਦੇ ਕੇ ਕੋਝਾ ਮਜ਼ਾਕ ਵੀ ਕੀਤਾ ਜਾਂਦਾ ਸੀ। ਇਥੋਂ ਤੱਕ ਕਿ ਸਭ ਦਾ ਢਿੱਡ ਭਰਨ ਵਾਲਾ ਅੰਨਦਾਤਾ ਸਮੇਂ ਦੀਆਂ ਸਰਕਾਰਾਂ ਨੇ ਭਿਖਾਰੀ ਬਣਾ ਕੇ ਰੱਖ ਦਿੱਤਾ ਹੈ।

ਸੂਬੇ ਦੇ ਬਹੁਮੁੱਲੇ ਕੁਦਰਤੀ ਵਸੀਲੇ ਪਾਣੀ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਕ ਕਿੱਲੋ ਚੌਲ ਪੈਦਾ ਕਰਨ ਲਈ 3800 ਲਿਟਰ ਪਾਣੀ ਬਰਬਾਦ ਹੁੰਦਾ ਹੈ, ਜਿਸ ਕਰਕੇ ਸਾਨੂੰ ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਵੱਲ ਮੁੜਨਾ ਹੋਵੇਗਾ ਕਿਉਂਕਿ ਪੰਜਾਬ ਦੀ ਜ਼ਰਖੇਜ਼ ਧਰਤੀ ਵਿਚ ਕੋਈ ਵੀ ਫਸਲ ਪੈਦਾ ਕੀਤੀ ਜਾ ਸਕਦੀ ਹੈ। ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦਾ ਵਾਅਦਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਵੱਖ-ਵੱਖ ਯੂਨੀਵਰਸਿਟੀਆਂ ਦੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰ ਰਹੀ ਹੈ ਤਾਂ ਜੋ ਨਵੀਆਂ ਤਕਨੀਕਾਂ ਲਿਆ ਕੇ ਕਿਸਾਨਾਂ ਨੂੰ ਚੰਗੇ ਮੁਨਾਫੇ ਵਾਲੀਆਂ ਫਸਲਾਂ ਬੀਜਣ ਵੱਲ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਖੇਤੀ ਨੂੰ ਘਾਟੇ ਦਾ ਸੌਦਾ ਜਾਂ ਮਜਬੂਰੀ ਦਾ ਧੰਦਾ ਨਹੀਂ ਰਹਿਣ ਦਿੱਤਾ ਜਾਵੇਗਾ।

# ਹੁਣ ਇਕ ਵਿਧਾਇਕ ਨੂੰ ਸਿਰਫ ਇਕ ਹੀ ਪੈਨਸ਼ਨ ਮਿਲੇਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੱਡਾ ਐਲਾਨ ਕਰਦਿਆਂ ਸੂਬੇ ਦੇ ਵਿਧਾਇਕਾਂ ਨੂੰ ਪੈਨਸ਼ਨ ਦੇ ਗੱਫਿਆਂ ਦੀ ਥਾਂ ਸਿਰਫ ਇਕੋ ਪੈਨਸ਼ਨ ਦੀ ਸਹੂਲਤ ਦੇਣ ਦਾ ਐਲਾਨ ਕੀਤਾ ਹੈ। 'ਆਪ' ਸਰਕਾਰ ਦੇ ਇਸ ਫੈਸਲੇ ਨਾਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਸਾਬਕਾ ਮੁੱਖ ਮੰਤਰੀਆਂ, ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਨੂੰ ਵੱਡਾ ਝਟਕਾ ਲੱਗੇਗਾ।

ਮੁੱਖ ਮੰਤਰੀ ਨੇ ਵੀਡੀਓ ਸੁਨੇਹੇ ਰਾਹੀਂ ਇਹ ਐਲਾਨ ਕਰਦਿਆਂ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤ ਦੇ ਦਿੱਤੀ ਹੈ ਕਿ ਸਾਬਕਾ ਵਿਧਾਇਕਾਂ ਨੂੰ ਸਿਰਫ ਇਕੋ ਪੈਨਸ਼ਨ ਦੀ ਵਿਵਸਥਾ ਕਰਨ ਲਈ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਅਸਿੱਧੇ ਤੌਰ 'ਤੇ ਕਟਾਖਸ਼ ਕਰਦਿਆਂ ਉਨ੍ਹਾਂ ਕਿਹਾ ਕਿ 'ਰਾਜ ਨਹੀਂ ਸੇਵਾ' ਦਾ ਨਾਅਰਾ ਦੇ ਕੇ ਵੀ ਕਈਆਂ ਨੇ ਕੁਰਸੀਆਂ ਹਾਸਲ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹੈਰਾਨੀ ਹੋਵੇਗੀ ਕਿ ਬਹੁਤ ਸਾਰੇ ਵਿਧਾਇਕ ਜੋ 4 ਜਾਂ 5-6 ਵਾਰ ਜਾਂ ਉਸ ਤੋਂ ਵੀ ਵੱਧ ਵਾਰ ਵਿਧਾਨ ਸਭਾ ਦਾ ਮੈਂਬਰ ਰਹਿਣ ਤੋਂ ਬਾਅਦ ਹਾਰ ਗਏ ਜਾਂ ਸਬੰਧਤ ਪਾਰਟੀ ਨੇ ਟਿਕਟ ਨਹੀਂ ਦਿੱਤੀ, ਅਜਿਹੇ ਵਿਧਾਇਕਾਂ ਨੂੰ ਹਰ ਮਹੀਨੇ ਲੱਖਾਂ ਰੁਪਏ ਪੈਨਸ਼ਨ ਦੇ ਰੂਪ ਵਿਚ ਮਿਲਦੇ ਹਨ। ਕਈਆਂ ਨੂੰ ਦੋ ਲੱਖ ਤੋਂ ਲੈ ਕੇ 7 ਲੱਖ ਰੁਪਏ ਤੱਕ ਪੈਨਸ਼ਨ ਮਿਲਦੀ ਹੈ। ਇਥੋਂ ਤੱਕ ਕਿ ਕਈ ਤਾਂ ਸੰਸਦ ਮੈਂਬਰ ਰਹਿਣ ਦੀ ਵੀ ਪੈਨਸ਼ਨ ਲੈ ਰਹੇ ਹਨ। ਹੁਣ ਪੰਜਾਬ ਵਿਚ ਕੋਈ ਵੀ



ਵਿਧਾਇਕ ਵਜੋਂ ਭਾਵੇਂ ਇਕ ਵਾਰੀ ਜਿੱਤੇ ਜਾਂ ਸੱਤ ਵਾਰੀ ਪਰ ਪੈਨਸ਼ਨ ਇਕ ਹੀ ਮਿਲੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੈਨਸ਼ਨਾਂ 'ਚ ਕਟੌਤੀ ਕਰਕੇ ਬਚੇ ਪੈਸੇ ਨੂੰ ਰਾਜ ਦੀ ਭਲਾਈ ਲਈ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਰਿਵਾਰਕ ਪੈਨਸ਼ਨਾਂ ਵਿਚ ਵੀ ਕਟੌਤੀ ਕੀਤੀ ਜਾਵੇਗੀ। 'ਸੇਵਾ ਕਰਨ ਦੀ ਏਨੀ ਜ਼ਿਆਦਾ ਪੈਨਸ਼ਨ ਜਾਇਜ਼ ਨਹੀਂ ਮੰਨੀ ਜਾ ਸਕਦੀ ਹੈ।' ਪੰਜਾਬ ਦੇ ਇਸ ਵੇਲੇ 325 ਸਾਬਕਾ ਵਿਧਾਇਕ ਹਨ ਜਿਨ੍ਹਾਂ ਨੂੰ ਪੈਨਸ਼ਨ ਮਿਲ ਰਹੀ ਹੈ ਜਾਂ ਮਿਲਣੀ ਹੈ। ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਵਿਧਾਇਕਾਂ ਤੇ ਤਨਖਾਹਾਂ, ਪੈਨਸ਼ਨਾਂ ਤੇ ਭੱਤਿਆਂ ਸਬੰਧੀ ਕਾਨੂੰਨ ਅਨੁਸਾਰ ਇਕ ਵਾਰੀ ਵਿਧਾਇਕ ਰਹਿਣ ਵਾਲੇ ਨੂੰ 75,150 ਰੁਪਏ ਪੈਨਸ਼ਨ ਮਿਲਦੀ ਹੈ।

ਜੇਕਰ ਕੋਈ ਦੋ ਵਾਰ ਵਿਧਾਇਕ ਰਹਿ ਜਾਂਦਾ ਹੈ ਤਾਂ ਉਸ ਨੂੰ 1.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਹਰ ਇਕ ਟਰਮ ਵਿਚ 50 ਹਜ਼ਾਰ ਰੁਪਏ ਦਾ ਵਾਧਾ ਜੁੜਦਾ ਹੈ ਜੋ ਕਰੀਬ 66 ਫੀਸਦੀ ਬਣਦਾ ਹੈ। ਬੇਸ਼ੱਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਹ 10 ਵਾਰ ਵਿਧਾਇਕ ਰਹੇ ਹੋਣ ਕਰਕੇ 5.25 ਲੱਖ ਰੁਪਏ ਦੀ ਪੈਨਸ਼ਨ ਦੇ ਹੱਕਦਾਰ ਹਨ। ਵਿਧਾਇਕ ਅਤੇ ਸੰਸਦ ਮੈਂਬਰ ਰਹਿ ਚੁੱਕੀਆਂ ਹਸਤੀਆਂ ਨੂੰ ਛੋਟ ਦਿੱਤੀ ਹੈ ਕਿ ਉਹ ਇਕੋ ਸਮੇਂ ਸਾਬਕਾ ਵਿਧਾਇਕ ਅਤੇ ਸਾਬਕਾ ਸੰਸਦ ਮੈਂਬਰ ਵਾਲੀ ਭਾਵ ਦੋਵੇਂ ਪੈਨਸ਼ਨਾਂ ਹਾਸਲ ਕਰਨ ਦਾ ਹੱਕ ਰੱਖਦੇ ਹਨ। ਜ਼ਿਕਰਯੋਗ ਹੈ ਕਿ 'ਆਪ' ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਇਕ ਵਫਦ ਨੇ 17 ਅਗਸਤ, 2021 ਨੂੰ ਪੰਜਾਬ ਵਿਧਾਨ ਸਭਾ ਦੇ ਤਤਕਾਲੀ ਸਪੀਕਰ ਨੂੰ ਮੰਗ ਪੱਤਰ ਦੇ ਕੇ ਸਾਬਕਾ ਵਿਧਾਇਕਾਂ ਨੂੰ ਸਿਰਫ ਇਕ ਪੈਨਸ਼ਨ ਦੇਣ ਦੀ ਮੰਗ ਕੀਤੀ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਅੱਜ ਦੇ ਸਮੇਂ ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਹੈ। ਉਨ੍ਹਾਂ ਕਿਹਾ ਕਿ ਰੁਜ਼ਗਾਰ ਦੀ ਆਸ ਲਾਈ ਬੈਠੇ ਨੌਜਵਾਨ ਡਿਗਰੀਆਂ ਲੈ ਕੇ ਘਰ ਵਾਪਸ ਮੁੜ ਗਏ। ਇਨ੍ਹਾਂ ਡਿਗਰੀਆਂ ਨੂੰ ਲੈ ਕੇ ਜੇਕਰ ਨੌਕਰੀਆਂ ਮੰਗਣ ਜਾਂਦੇ ਨੇ ਤਾਂ ਉਨ੍ਹਾਂ ਨੂੰ ਲਾਠੀਚਾਰਜ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਥੇ ਪਾਣੀ ਦੀਆਂ ਬੁਛਾੜਾਂ ਕਾਰਨ ਉਨ੍ਹਾਂ ਪੱਗਾਂ ਅਤੇ ਚੁੰਨੀਆਂ ਲਹਿੰਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰੁਜ਼ਗਾਰ ਦੇ ਮਾਮਲੇ ਵਿਚ ਵੀ ਬਹੁਤ ਵੱਡੇ ਕਦਮ ਚੁੱਕੇ ਜਾਣਗੇ।

## ਮੰਤਰੀਆਂ ਤੇ ਵਿਧਾਇਕਾਂ ਨੂੰ ਇਕ ਹੋਰ ਝਟਕੇ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀ 'ਆਪ' ਸਰਕਾਰ ਦਾ ਅਗਲਾ ਨਿਸ਼ਾਨਾ ਮੰਤਰੀਆਂ ਅਤੇ ਵਿਧਾਇਕਾਂ ਦਾ ਸਰਕਾਰ ਵੱਲੋਂ ਭਰਿਆ ਜਾਂਦਾ ਆਮਦਨ ਕਰ ਦੱਸਿਆ ਜਾਂਦਾ ਹੈ। ਪੰਜਾਬ ਦੇ ਮਾਮਲੇ ਵਿਚ ਇਹ ਅਨੋਖੀ ਗੱਲ ਹੈ ਕਿ ਮੰਤਰੀਆਂ ਅਤੇ ਵਿਧਾਇਕਾਂ ਦੀ ਸਰਕਾਰੀ ਆਮਦਨ 'ਤੇ ਲੱਗਣ ਵਾਲਾ ਟੈਕਸ ਸਰਕਾਰੀ ਖ਼ਜ਼ਾਨੇ ਵਿਚੋਂ ਅਦਾ ਕੀਤਾ ਜਾਂਦਾ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਸਵੈ-ਇੱਛਾ ਨਾਲ ਆਮਦਨ ਕਰ ਖੁਦ ਭਰਨ ਦੀ ਬੇਨਤੀ ਕੀਤੀ ਸੀ ਪਰ ਕਿਸੇ ਵੀ ਮੰਤਰੀ ਅਤੇ ਵਿਧਾਇਕ ਨੇ ਇਸ ਬੇਨਤੀ ਨੂੰ ਨਹੀਂ ਮੰਨਿਆ ਸੀ। ਇੱਥੋਂ ਤੱਕ ਕਿ ਬਿਜਲੀ ਸਬਸਿਡੀ ਛੱਡਣ ਦੀ ਬੇਨਤੀ ਵੀ ਸਿਰਫ ਦੋ ਵਿਧਾਇਕਾਂ ਕੁਲਜੀਤ ਸਿੰਘ ਨਾਗਰਾ ਅਤੇ ਸੁਖਪਾਲ ਸਿੰਘ ਖਹਿਰਾ ਨੇ ਹੀ ਮੰਨੀ ਸੀ।

## ਵਿਰੋਧੀ ਧਿਰਾਂ ਨੇ ਫੈਸਲੇ ਨੂੰ ਲੋਕ ਪੱਖੀ ਕਰਾਰ ਦਿੱਤਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਤ ਮਾਨ ਵੱਲੋਂ ਵਿਧਾਇਕਾਂ ਨੂੰ ਸਿਰਫ ਇਕ ਪੈਨਸ਼ਨ ਦੇਣ ਦੇ ਐਲਾਨ ਦਾ ਵਿਰੋਧੀ ਧਿਰਾਂ ਦੇ ਆਗੂਆਂ ਨੇ ਵੀ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਲੋਕ ਪੱਖੀ ਫੈਸਲਾ ਹੈ ਅਤੇ ਇਸ ਨਾਲ ਸੂਬੇ ਦਾ ਮਾਲੀ ਬੋਝ ਵੀ ਕੁਝ ਹੱਦ ਤੱਕ ਘਟੇਗਾ। ਕਾਂਗਰਸ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਅਤੇ ਪਰਗਟ ਸਿੰਘ ਨੇ 'ਆਪ' ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਆਗੂ ਅਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੇ ਵੀ 'ਆਪ' ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਖਜਾਨੇ ਨੂੰ ਲਾਭ ਹੋਵੇਗਾ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਬੇਨੇਮੀਆਂ ਖਿਲਾਫ ਮੋਰਚਾ

## ਕਮੇਟੀ ਮੈਂਬਰਾਂ ਨੇ ਸੇਵਾਮੁਕਤ ਜੱਜਾਂ ਤੋਂ ਜਾਂਚ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਦਰਜਨ ਦੇ ਕਰੀਬ ਮੈਂਬਰਾਂ ਨੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 3000 ਏਕੜ ਦੇ ਕਰੀਬ ਜ਼ਮੀਨ ਦੀ ਲੀਜ਼ ਤੋਂ ਹੋਣ ਵਾਲੀ ਕਮਾਈ ਵਿਚ ਕਥਿਤ ਘਪਲੇ ਦੀ ਜਾਂਚ ਹਾਈ ਕੋਰਟ ਦੇ ਸੇਵਾਮੁਕਤ ਜੱਜਾਂ ਤੋਂ ਕਰਵਾਈ ਜਾਵੇ।

ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਤੇ ਹੋਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ 3000 ਏਕੜ ਦੇ ਕਰੀਬ ਜ਼ਮੀਨ ਲੀਜ਼ 'ਤੇ ਦਿੱਤੀ ਹੋਈ ਹੈ ਅਤੇ ਇਸ ਸਾਲ ਇਸ ਤੋਂ ਸਿਰਫ 4.89 ਕਰੋੜ ਰੁਪਏ ਦੀ ਹੀ ਆਮਦਨ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਭਾਈਵਾਲਾਂ ਨੇ ਕਥਿਤ ਤੌਰ 'ਤੇ ਅਰਬਾਂ ਦੀ ਜਾਇਦਾਦ ਦੱਬੀ ਹੋਈ ਹੈ। ਉਨ੍ਹਾਂ ਕਿਹਾ ਕਿ ਵਿੱਤੀ ਵਰ੍ਹੇ 2022-23 ਲਈ 29 ਕਰੋੜ 70 ਲੱਖ ਰੁਪਏ ਦੇ ਘਾਟੇ ਵਾਲਾ ਬਜਟ 30 ਮਾਰਚ ਨੂੰ ਅੰਮ੍ਰਿਤਸਰ ਵਿਚ ਪੇਸ਼ ਕੀਤਾ ਜਾਣਾ ਹੈ।



ਇਹ ਬਜਟ ਸ਼੍ਰੋਮਣੀ ਗੁਰਦੁਆਰਾ ਐਕਟ 1925 ਤੇ ਪ੍ਰਬੰਧ ਸਕੀਮ ਐਕਟ ਅਨੁਸਾਰ ਤਿਆਰ ਨਹੀਂ ਕੀਤਾ ਗਿਆ। ਬਜਟ ਵਿਚ ਮਾਝਾ ਖੇਤਰ ਵਿਚਲੀ 2991 ਏਕੜ ਜ਼ਮੀਨ ਤੋਂ ਹੋਣ ਵਾਲੀ ਅਸਲ ਕਮਾਈ ਦਾ ਅਨੁਮਾਨ 4.89 ਕਰੋੜ ਰੁਪਏ ਲਾਇਆ ਗਿਆ ਹੈ ਜੋ ਕਿ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਤੇਜਾਕਲਾਂ ਪਿੰਡ ਦੇ ਗੁਰਦੁਆਰਾ ਬਾਬਾ ਬੁੱਢਾ ਜੀ ਵਿਖੇ 1015 ਏਕੜ, ਗੁਰਦੁਆਰਾ ਬਾਬਾ ਬੁੱਢਾ ਜੀ, ਰਾਮਦਾਸਪੁਰਾ 'ਚ 1300 ਏਕੜ ਅਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਵਿਖੇ 676 ਏਕੜ ਜ਼ਮੀਨ ਹੈ। ਇਸ ਜ਼ਮੀਨ ਦਾ ਔਸਤ ਠੇਕਾ 15 ਤੋਂ 16 ਹਜ਼ਾਰ ਰੁਪਏ ਪ੍ਰਤੀ ਏਕੜ ਹੈ ਜਦਕਿ ਮਾਲਵਾ ਖੇਤਰ ਵਿਚ ਸ਼੍ਰੋਮਣੀ ਕਮੇਟੀ ਦੀ ਜ਼ਮੀਨ ਦਾ ਠੇਕਾ 60 ਤੋਂ 65 ਹਜ਼ਾਰ ਰੁਪਏ ਪ੍ਰਤੀ ਏਕੜ ਹੈ। ਉਨ੍ਹਾਂ ਦੱਸਿਆ ਕਿ ਬਾਦਲਾਂ ਦੀ ਮਲਕੀਅਤ ਵਾਲੀ ਮੈਨੇਜਮੈਂਟ ਟਰੱਸਟ ਵੱਲੋਂ ਸ਼੍ਰੋਮਣੀ ਕਮੇਟੀ ਦੀ ਜ਼ਮੀਨ 99 ਸਾਲਾ ਲੀਜ਼ ਲਈ ਦਿੱਤੀ ਗਈ ਹੈ ਅਤੇ ਇੰਜੀਨੀਅਰਿੰਗ ਕਾਲਜ, ਮੈਡੀਕਲ ਕਾਲਜ ਤੇ ਹੋਰ ਸੰਸਥਾਵਾਂ ਸ਼੍ਰੋਮਣੀ ਕਮੇਟੀ ਦੀਆਂ ਕੀਮਤੀ ਜ਼ਮੀਨਾਂ 'ਤੇ ਉੱਸਰੀਆਂ ਹੋਈਆਂ ਹਨ।

ਉਨ੍ਹਾਂ ਦੋਸ਼ ਲਾਇਆ ਕਿ ਟਰੱਸਟ ਦੇ ਪ੍ਰਬੰਧਨ ਵਾਲੇ ਵਿੱਦਿਅਕ ਅਦਾਰੇ ਸ਼੍ਰੋਮਣੀ ਕਮੇਟੀ ਵੱਲੋਂ ਕਰੋੜਾਂ ਰੁਪਏ ਖਰਚ ਕਰਕੇ ਸਥਾਪਤ ਕੀਤੇ ਗਏ ਹਨ ਪਰ ਹੁਣ ਪ੍ਰਾਈਵੇਟ ਭਾਈਵਾਲ ਇਨ੍ਹਾਂ ਦੇ ਅਸਲ ਮਾਲਕ ਬਣ ਕੇ ਬੈਠ ਗਏ ਹਨ। ਇਨ੍ਹਾਂ ਦੀਆਂ ਟਰੱਸਟਾਂ ਦੇ ਮੈਂਬਰਾਂ ਵਿਚ ਬਾਦਲ ਪਰਿਵਾਰ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਉਨ੍ਹਾਂ ਦੇ ਨੇੜਲੇ ਸਿਆਸੀ ਆਗੂ ਹਨ। ਫਰਜ਼ੀ ਤੇ ਗੈਰ-ਅੰਮ੍ਰਿਤਧਾਰੀ ਵਿਅਕਤੀ ਟਰੱਸਟ ਮੈਨੇਜਮੈਂਟ ਦੇ ਮੈਂਬਰ ਬਣ ਗਏ ਹਨ। ਇਨ੍ਹਾਂ ਵਿੱਦਿਅਕ ਅਦਾਰਿਆਂ ਦੀਆਂ ਟਰੱਸਟ ਮੈਨੇਜਮੈਂਟਾਂ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਹੋਰ ਖਰਚਿਆਂ ਲਈ ਫੰਡ ਹਰ ਸਾਲ ਸ਼੍ਰੋਮਣੀ ਕਮੇਟੀ ਤੋਂ ਲੈਂਦੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਿਹਾ ਕਿ ਐਸ.ਜੀ.ਪੀ.ਸੀ. ਵੱਲੋਂ ਆਪਣੇ ਸਿੱਧੇ ਪ੍ਰਬੰਧਨ ਹੇਠਲੇ ਗੁਰਦੁਆਰਿਆਂ ਤੋਂ ਲਗਾਤਾਰ ਫੰਡ ਕਢਵਾਏ ਜਾ ਰਹੇ ਹਨ ਜੋ ਕਿ ਕਾਨੂੰਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਗਲਿਆਰੇ ਦੀ ਯੋਜਨਾ ਦੌਰਾਨ ਕਰੋੜਾਂ ਰੁਪਏ ਦਾ ਘਪਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਦੀ ਰਸਦ ਵਿਚ ਵੀ ਭ੍ਰਿਸ਼ਟਾਚਾਰ ਕੀਤਾ ਜਾ ਰਿਹਾ ਹੈ ਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਪਣੀ ਆਮਦਨ ਸਿੱਧੀ ਬੈਂਕ ਖਾਤਿਆਂ 'ਚ ਨਹੀਂ ਪਾ ਰਹੀਆਂ। ਉਨ੍ਹਾਂ ਕਿਹਾ ਕਿ ਉਹ ਗੁਰਦੁਆਰਾ ਅੰਬ ਸਾਹਿਬ ਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੀਆਂ ਜ਼ਮੀਨਾਂ ਸਬੰਧੀ ਮਸਲੇ ਕਈ ਸਾਲਾਂ ਤੋਂ ਚੁੱਕ ਰਹੇ ਹਨ। ਇਨ੍ਹਾਂ ਮੈਂਬਰਾਂ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਤੇ ਪ੍ਰਧਾਨ ਤੋਂ ਮੰਗ ਕੀਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਫੈਲੇ ਭ੍ਰਿਸ਼ਟਾਚਾਰ ਦੀ ਜਾਂਚ ਹਾਈ ਕੋਰਟ ਦੇ ਸੇਵਾਮੁਕਤ ਜੱਜਾਂ ਤੋਂ ਕਰਵਾਈ ਜਾਵੇ ਤਾਂ ਜੋ ਸਚਾਈ ਸਾਹਮਣੇ ਆ ਸਕੇ।

### ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਦੇ ਚੁੰਗਲ 'ਚੋਂ ਕੱਢਾਂਗੇ: ਢੀਂਡਸਾ

**ਸ੍ਰੀ ਅਨੰਦਪੁਰ ਸਾਹਿਬ:** ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਦੇ ਚੁੰਗਲ ਵਿਚੋਂ ਕੱਢਣ ਲਈ ਪੰਥਕ ਸੋਚ ਰੱਖਣ ਵਾਲੇ ਸਾਰੇ ਗਰੁੱਪਾਂ ਨੂੰ ਇਕੱਠਿਆਂ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਲੜਾਂਗੇ। ਢੀਂਡਸਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਜਿਥੇ ਸ਼੍ਰੋਮਣੀ ਅਕਾਲੀ ਦਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ, ਉਥੇ ਹੀ ਸ਼੍ਰੋਮਣੀ ਕਮੇਟੀ ਨੂੰ ਵੀ ਆਪਣੀ ਨਿੱਜੀ ਜਗੀਰ ਬਣਾ ਕੇ ਰੱਖਿਆ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸਾਬਕਾ ਵਿਧਾਇਕਾਂ ਨੂੰ ਸਿਰਫ ਇਕ ਪੈਨਸ਼ਨ ਦੇਣ ਦੇ ਕੀਤੇ ਫੈਸਲੇ ਦਾ ਸੁਖਦੇਵ ਸਿੰਘ ਢੀਂਡਸਾ ਨੇ ਸਮਰਥਨ ਕਰਦਿਆਂ ਇਸ ਨੂੰ ਸ਼ਲਾਘਾਯੋਗ ਦੱਸਿਆ।

## ਯੂਕਰੇਨ ਦੇ ਸ਼ਰਨਾਰਥੀਆਂ ਦੀ ਮਦਦ ਲਈ ਡਟੇ ਯੂਨਾਈਟਿਡ ਸਿੱਖਜ਼ ਦੇ ਵਾਲੰਟੀਅਰ

**ਨਵੀਂ ਦਿੱਲੀ:** ਯੂਕਰੇਨ ਦੇ ਸ਼ਰਨਾਰਥੀਆਂ ਲਈ ਐਮਰਜੈਂਸੀ ਸੇਵਾਵਾਂ ਦੇ ਰਹੇ ਸੰਯੁਕਤ ਰਾਸ਼ਟਰ ਨਾਲ ਸਬੰਧਤ ਮਨੁੱਖੀ ਅਧਿਕਾਰਾਂ ਅਤੇ ਇਸ ਦੀ ਪੈਰਵੀ ਕਰਨ ਵਾਲੇ ਸੰਗਠਨ ਯੂਨਾਈਟਿਡ ਸਿੱਖਜ਼ ਦੇ ਵਾਲੰਟੀਅਰ ਪਿਛਲੇ ਕਈ ਹਫਤਿਆਂ ਤੋਂ ਰਾਹਤ ਕਾਰਜ ਅਤੇ ਮਨੁੱਖੀ ਮਦਦ ਲਈ ਡਟੇ ਹੋਏ ਹਨ।

ਯੂਨਾਈਟਿਡ ਸਿੱਖਜ਼ ਸਿੱਖਾਂ ਦੀ ਇਕਲੌਤੀ ਸੰਸਥਾ ਹੈ ਜੋ ਜੰਗ ਦੇ ਖਤਰੇ ਦੌਰਾਨ ਵੀ ਯੂਕਰੇਨ ਅਤੇ ਇਸ ਦੇ ਗੁਆਂਢੀ ਮੁਲਕ ਪੋਲੈਂਡ ਵਿਚ ਸ਼ਰਨਾਰਥੀਆਂ ਦੀ ਮਦਦ ਕਰ ਰਹੀ ਹੈ। ਯੂਨਾਈਟਿਡ ਸਿੱਖਜ਼ ਦੇ ਅਮਰੀਕਾ, ਜਰਮਨੀ ਅਤੇ ਯੂ.ਕੇ. ਨਾਲ ਸਬੰਧਤ ਦਰਜਨ ਤੋਂ ਵੱਧ ਵਾਲੰਟੀਅਰਾਂ ਨੇ ਯੂਕਰੇਨ ਦੀ ਸਰਹੱਦ ਨੇੜੇ ਮੈਡੀਕਾ (ਪੋਲੈਂਡ) ਵਿਚ ਰਾਹਤ ਕੈਂਪ ਸਥਾਪਤ ਕੀਤਾ ਹੈ। ਯੂਨਾਈਟਿਡ ਸਿੱਖਜ਼ ਦੇ ਮਾਨਵਤਾਵਾਦੀ ਮਿਸ਼ਨ ਵੱਲੋਂ ਹੁਣ ਤੱਕ ਘੱਟੋ-ਘੱਟ ਇਕ ਲੱਖ ਸ਼ਰਨਾਰਥੀਆਂ ਦੀ ਮਦਦ ਕੀਤੀ ਜਾ ਚੁੱਕੀ ਹੈ ਅਤੇ ਹਾਲੇ ਵੀ ਰਾਹਤ ਕਾਰਜ ਜਾਰੀ ਹਨ। ਵਾਲੰਟੀਅਰਾਂ ਦੀਆਂ ਟੀਮਾਂ ਨਵ-ਜਨਮੇ ਬੱਚਿਆਂ ਲਈ ਗਰਮ




ਕੱਪੜੇ, ਭੋਜਨ, ਸੈਨੀਟੇਸ਼ਨ ਕਿੱਟਾਂ, ਪਾਣੀ, ਰੋਜ਼ਾਨਾ ਵਰਤੋਂ ਦਾ ਸਾਮਾਨ ਅਤੇ ਇਥੋਂ ਤੱਕ ਕਿ ਖਿਡੌਣੇ ਵੀ ਮੁਹੱਈਆ ਕਰਵਾ ਰਹੀਆਂ ਹਨ। ਪਿਛਲੇ ਹਫਤੇ ਵਾਲੰਟੀਅਰਾਂ ਦੀ ਇਕ ਟੀਮ ਨੇ ਯੂ.ਕੇ. ਤੋਂ ਬੇਸ ਕੈਂਪ ਤੱਕ ਪਹੁੰਚਣ ਲਈ ਸਾਮਾਨ ਨਾਲ ਭਰੀ ਇਕ ਵਪਾਰਕ ਵੈਨ 36 ਘੰਟੇ ਤੱਕ ਚਲਾਈ, ਜਿਸ ਵਿਚ ਬਿਜਲੀ ਜਨਰੇਟਰ, ਵਾਟਰ ਪੰਪ, ਕੰਬਲ, ਰਜ਼ਾਈਆਂ, ਸਲੀਪਿੰਗ ਬੈਗ, ਸੈਨੇਟਰੀ ਪੈਡ, ਟੈਂਟ, ਸਟੋਵ ਅਤੇ ਭਾਂਡੇ ਆਦਿ ਸ਼ਾਮਲ ਸੀ। ਸੰਗਠਨ ਯੂਕਰੇਨ ਦੀ ਸਰਹੱਦ 'ਤੇ ਆਰਜ਼ੀ ਰੈਣ ਬਸੇਰੇ ਮੁਹੱਈਆ ਕਰਵਾ ਰਿਹਾ ਹੈ।

## ਚੀਫ ਖਾਲਸਾ ਦੀਵਾਨ ਵੱਲੋਂ 146 ਕਰੋੜ ਦਾ ਬਜਟ ਪਾਸ

**ਅੰਮ੍ਰਿਤਸਰ:** ਪੁਰਾਤਨ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦਾ ਵਿੱਤੀ ਵਰ੍ਹੇ 2022-23 ਵਾਸਤੇ 146 ਕਰੋੜ ਰੁਪਏ ਦਾ ਬਜਟ ਪ੍ਰਵਾਨ ਕੀਤਾ ਗਿਆ ਹੈ। ਦੀਵਾਨ ਦੇ ਜਨਰਲ ਹਾਊਸ ਦੀ ਮੀਟਿੰਗ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸੱਦੀ ਗਈ ਸੀ, ਜਿਸ ਵਿਚ 146 ਕਰੋੜ 7 ਲੱਖ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ।

ਬਜਟ ਵਿਚ ਬੈਡਮਿੰਟਨ ਕੋਰਟ ਵਾਸਤੇ ਦੋ ਕਰੋੜ ਰੁਪਏ, ਆਦਰਸ਼ ਸਕੂਲਾਂ ਵਾਸਤੇ ਡੇਢ ਕਰੋੜ ਰੁਪਏ, ਦੀਵਾਨ ਦੇ ਪੇਂਡੂ ਖੇਤਰ ਹੇਠ ਆਉਂਦੇ ਸਕੂਲਾਂ ਲਈ ਤਿੰਨ ਕਰੋੜ ਰੁਪਏ, ਸਿੱਖ ਧਰਮ ਦੇ ਪ੍ਰਚਾਰ ਲਈ 40 ਲੱਖ ਰੁਪਏ ਤੇ ਦੋ ਨਵੇਂ ਪ੍ਰਾਜੈਕਟਾਂ ਲਈ 7 ਕਰੋੜ ਰੁਪਏ ਦੀ ਰਕਮ ਖਰਚ ਕਰਨ ਦੀ ਯੋਜਨਾ ਰੱਖੀ ਗਈ ਹੈ। ਜਨਰਲ ਹਾਊਸ ਦੀ ਮੀਟਿੰਗ ਤੋਂ ਪਹਿਲਾਂ ਹੋਈ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ। ਬਜਟ ਮੀਟਿੰਗ ਦੀ ਪ੍ਰਧਾਨਗੀ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕੀਤੀ। ਉਨ੍ਹਾਂ ਦੱਸਿਆ ਕਿ ਨਵੇਂ ਵਿੱਤੀ ਵਰ੍ਹੇ ਲਈ ਸਿੱਖ ਸੰਸਥਾ ਦਾ ਅਨੁਮਾਨਿਤ ਬਜਟ 146 ਕਰੋੜ 7 ਲੱਖ 15 ਹਜ਼ਾਰ ਰੁਪਏ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 2021-22 ਵਿਚ ਕੁੱਲ ਆਮਦਨ



ਇਕ ਅਰਬ ਅੱਠ ਲੱਖ ਰੁਪਏ ਰਹੀ ਤੇ ਨਵੇਂ ਵਿੱਤੀ ਵਰ੍ਹੇ 'ਚ ਅਨੁਮਾਨਿਤ ਆਮਦਨ 137 ਕਰੋੜ 98 ਲੱਖ ਰੁਪਏ ਹੋਵੇਗੀ, ਜੋ ਪਿਛਲੇ ਵਰ੍ਹੇ ਨਾਲੋਂ 37 ਕਰੋੜ ਵੱਧ ਹੈ। ਮੀਟਿੰਗ ਦੌਰਾਨ ਦੀਵਾਨ ਦੇ ਮੈਂਬਰ ਪ੍ਰੋ. ਬਲਜਿੰਦਰ ਸਿੰਘ, ਅਜਾਇਬ ਸਿੰਘ ਅਭਿਆਸੀ, ਸਰਬਜੀਤ ਸਿੰਘ, ਬੀਬੀ ਕਿਰਨਜੋਤ ਕੌਰ, ਜਸਵਿੰਦਰ ਸਿੰਘ ਐਡਵੋਕੇਟ ਆਦਿ ਨੇ ਦੀਵਾਨ ਦੇ ਸਕੂਲਾਂ ਦੇ ਚੇਅਰਮੈਨ ਦੇ ਬਣਾਏ ਗਏ ਅਹੁਦੇ ਤੇ ਇਸ ਉੱਤੇ ਡਾ. ਜਸਵਿੰਦਰ ਸਿੰਘ ਢਿੱਲੋਂ ਦੀ ਨਿਯੁਕਤੀ ਦਾ ਵਿਰੋਧ ਕੀਤਾ। ਇਸੇ ਤਰ੍ਹਾਂ ਇਕਬਾਲ ਸਿੰਘ ਲਾਲਪੁਰਾ ਦੀ ਸਥਾਨਕ ਪ੍ਰਧਾਨ ਵਜੋਂ ਨਿਯੁਕਤੀ ਦਾ ਵਿਰੋਧ ਕੀਤਾ ਗਿਆ। ਵਿਰੋਧ ਤੋਂ ਬਾਅਦ ਇਸ ਸਬੰਧੀ ਦੋਵਾਂ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ ਗਿਆ। ਇਹ ਦੋਵੇਂ ਆਗੂ ਕਿਸਾਨ ਅੰਦੋਲਨ ਵੇਲੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਮਨਾਉਣ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੀ 100 ਸਾਲਾ ਸ਼ਤਾਬਦੀ ਮਨਾਉਣ ਦਾ ਫੈਸਲਾ ਲਿਆ ਹੈ। ਇਹ ਸ਼ਹੀਦੀ ਸਾਕਾ 30 ਅਕਤੂਬਰ 1922 ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਪਾਕਿਸਤਾਨ ਵਿਖੇ ਵਾਪਰਿਆ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਦੌਰਾਨ ਸਾਕੇ ਦੀ ਪਹਿਲੀ ਸ਼ਤਾਬਦੀ ਮੌਕੇ ਭਾਰਤ ਅਤੇ ਪਾਕਿਸਤਾਨ ਵਿਚ ਵੱਖ-ਵੱਖ ਗੁਰਮਤਿ ਸਮਾਗਮ ਕਰਵਾਉਣ, ਧਾਰਮਿਕ ਸਾਹਿਤ ਛਪਵਾਉਣ ਆਦਿ ਸਬੰਧੀ ਵੱਖ-ਵੱਖ ਕਮੇਟੀਆਂ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼ਹੀਦੀ ਸਾਕੇ ਦਾ 100 ਸਾਲਾ ਦਿਹਾੜਾ ਪੰਥਕ ਰਵਾਇਤਾਂ ਅਨੁਸਾਰ ਮਨਾਇਆ ਜਾਵੇਗਾ। ਇਸ ਸ਼ਤਾਬਦੀ ਨੂੰ ਸਮਰਪਿਤ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਅਤੇ ਵਿਉਂਤਬੰਦੀ ਲਈ ਸਬ-ਕਮੇਟੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਯਤਨ ਕੀਤਾ ਜਾਵੇਗਾ ਕਿ ਇਸ ਮੌਕੇ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਸ਼ਹੀਦੀ ਸਾਕੇ ਦੇ ਵੱਖ-ਵੱਖ ਪਹਿਲੂਆਂ ਦਾ ਸਾਹਿਤ ਅਤੇ ਡਿਜੀਟਲ ਵਿਧੀ ਰਾਹੀਂ ਵੀ ਪ੍ਰਚਾਰ ਕੀਤਾ ਜਾਵੇ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਨੇ ਅਮਰੀਕਾ ਦੀ ਇਕ ਸੰਸਥਾ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਵਾਧੂ ਲਗਾ-ਮਾਤਰਾਵਾਂ ਅਤੇ ਬਿੰਦੀਆਂ ਲਗਾ ਕੇ ਛਾਪੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸੇ ਦੌਰਾਨ ਕਮੇਟੀ ਪ੍ਰਧਾਨ ਨੇ ਕਾਰ ਸੇਵਾ ਵਾਲੇ ਮਹਾਪੁਰਖਾਂ ਨਾਲ ਮੀਟਿੰਗ ਕਰ ਕੇ ਇਤਿਹਾਸਕ ਗੁਰਦੁਆਰਿਆਂ ਵਿਚ ਚੱਲ ਰਹੀਆਂ ਕਾਰ ਸੇਵਾਵਾਂ ਸਬੰਧੀ ਵਿਚਾਰਾਂ ਕੀਤੀਆਂ ਅਤੇ ਇਹ ਕਾਰਜ ਜਲਦੀ ਮੁਕੰਮਲ ਕਰਨ ਦੀ ਅਪੀਲ ਕੀਤੀ।

### ਸ਼ਹੀਦੀ ਪੁਰਬ 'ਤੇ ਜਥਾ ਪਾਕਿ ਭੇਜਣ ਬਾਰੇ ਬੇਯਕੀਨੀ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਇਸ ਵਾਰ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਸਬੰਧੀ ਸਥਿਤੀ ਬੇਯਕੀਨੀ ਵਾਲੀ ਹੈ। ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਪੁਰਬ 16 ਜੂਨ ਨੂੰ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਚ ਮਨਾਇਆ ਜਾਣਾ ਹੈ। ਪਾਕਿਸਤਾਨ 'ਚ ਪੀ.ਐਸ.ਜੀ.ਪੀ.ਸੀ. ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸ਼ਰਧਾਲੂਆਂ ਨੂੰ ਸਮਾਗਮਾਂ ਲਈ ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਸ਼ਹੀਦੀ ਪੁਰਬ ਲਈ ਵੀ ਉਨ੍ਹਾਂ ਵੱਲੋਂ 16 ਜੂਨ ਮੁਤਾਬਕ ਵੀਜ਼ੇ ਦਿੱਤੇ ਜਾਣਗੇ ਪਰ ਸ਼੍ਰੋਮਣੀ ਕਮੇਟੀ ਲਾਗੂ ਨਾਨਕਸ਼ਾਹੀ ਕੈਲੰਡਰ ਵਿਚ ਸ਼ਹੀਦੀ ਪੁਰਬ ਦੀ ਤਰੀਕ 3 ਜੂਨ ਮੁਤਾਬਕ ਵੀਜ਼ਿਆਂ ਦੀ ਮੰਗ ਕਰੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਨੁਸਾਰ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜੇ ਜਾਣ ਦਾ ਪ੍ਰੋਗਰਾਮ ਲਗਭਗ ਰੱਦ ਕਰ ਦਿੱਤਾ ਗਿਆ ਹੈ।

## ਅਮਰੀਕਾ 'ਚ ਬਿਨਾਂ ਆਗਿਆ ਸਰੂਪ ਛਾਪਣ ਦਾ ਅਕਾਲ ਤਖਤ ਵੱਲੋਂ ਨੋਟਿਸ

**ਅੰਮ੍ਰਿਤਸਰ:** ਅਮਰੀਕਾ ਸੰਸਥਾ 'ਸਿੱਖ ਬੁੱਕ ਕਲੱਬ' ਵੱਲੋਂ ਬਿਨਾਂ ਆਗਿਆ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ, ਗੁਰਬਾਣੀ ਨਾਲ ਛੇੜ-ਛਾੜ ਕਰਨ ਅਤੇ ਉਸ ਦੀ ਪੀ.ਡੀ.ਐਫ. ਬਣਾ ਕੇ ਵੈੱਬਸਾਈਟ 'ਤੇ ਪਾਉਣ ਦਾ ਅਕਾਲ ਤਖਤ ਦੇ ਜਥੇਦਾਰ ਨੇ ਸਖਤ ਨੋਟਿਸ ਲਿਆ ਹੈ।

ਉਨ੍ਹਾਂ ਇਸ ਮਾਮਲੇ ਵਿਚ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਹੈ, ਜੋ ਪੜਤਾਲ ਕਰ ਕੇ ਇਕ ਹਫਤੇ ਅੰਦਰ ਰਿਪੋਰਟ ਪੇਸ਼ ਕਰੇਗੀ। ਜਥੇਦਾਰ ਨੇ ਕਿਹਾ ਕਿ ਇਸ ਸਬੰਧੀ ਅਕਾਲ ਤਖਤ 'ਤੇ ਸ਼ਿਕਾਇਤਾਂ ਪੁੱਜੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਬੁੱਕ ਕਲੱਬ ਦੇ ਪ੍ਰਕਾਸ਼ਕ ਥਮਿੰਦਰ ਸਿੰਘ ਅਨੰਦ ਵੱਲੋਂ ਅਮਰੀਕਾ ਵਿਚ ਬਿਨਾਂ ਪ੍ਰਵਾਨਗੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਕਿਸੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਕੰਮ ਹੈ। ਥਮਿੰਦਰ ਨੇ ਕੁਝ ਸਾਲ ਪਹਿਲਾਂ ਵੀ ਚੀਨ ਵਿਚ ਸਰੂਪ ਛਪਵਾ ਕੇ ਅਮਰੀਕਾ ਭੇਜਣ ਦਾ ਯਤਨ ਕੀਤਾ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਦੇ ਥਾਣਾ ਈ-ਡਿਵੀਜ਼ਨ ਵਿਚ ਕੇਸ ਦਰਜ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਗਈ ਹੈ, ਜੋ ਇਕ ਹਫਤੇ ਵਿਚ



ਰਿਪੋਰਟ ਤਿਆਰ ਕਰ ਕੇ ਭੇਜੇਗੀ। ਉਨ੍ਹਾਂ ਸਮੂਹ ਗੁਰਦੁਆਰਾ ਕਮੇਟੀਆਂ, ਸਿੱਖ ਸੰਪਰਦਾਵਾਂ, ਜਥੇਬੰਦੀਆਂ ਤੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਪ੍ਰਕਾਸ਼ਕ ਖਿਲਾਫ ਵੱਡੀ ਪੱਧਰ 'ਤੇ ਮੁਹਿੰਮ ਆਰੰਭੀ ਜਾਵੇ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਹੀ ਓਅੰਕਾਰ ਸਿੰਘ ਨਾਂ ਦੇ ਵਿਅਕਤੀ ਵੱਲੋਂ ਵੀ ਲਿਪੀ ਅੰਤਰਨ ਅਧੀਨ ਗੁਰਬਾਣੀ ਨਾਲ ਛੇੜਛਾੜ ਕੀਤੇ ਜਾਣ ਦੀ ਸ਼ਿਕਾਇਤ ਅਕਾਲ ਤਖ਼ਤ ਕੋਲ ਪਹੁੰਚੀ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ 'ਤੇ ਵੀ ਰੋਕ ਲਾਈ ਗਈ ਸੀ, ਪਰ ਪਤਾ ਲੱਗਾ ਹੈ ਕਿ ਇਸ ਵਿਅਕਤੀ ਨੇ ਹਾਲੇ ਤੱਕ ਇਹ ਕੰਮ ਬੰਦ ਨਹੀਂ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਗੁਰਬਾਣੀ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਥਮਿੰਦਰ ਸਿੰਘ ਅਨੰਦ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਕਤ ਵੱਲੋਂ ਤਿਆਰ ਕੀਤੀ ਗਈ ਪੀ.ਡੀ.ਐੱਫ ਵਿਚ ਵਾਧੂ ਲਗਾਂ-ਮਾਤਰਾਵਾਂ ਅਤੇ ਬਿੰਦੀਆਂ ਲਾਈਆਂ ਗਈਆਂ ਹਨ।

### ਗੁਰਬਾਣੀ ਨਾਲ ਛੇੜਛਾੜ ਦਾ ਮਾਮਲਾ ਕਮਿਸ਼ਨ ਕੋਲ

**ਅੰਮ੍ਰਿਤਸਰ:** ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਪੱਤਰ ਭੇਜ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨਾਲ ਛੇੜਛਾੜ ਕਰਨ ਦੇ ਮਾਮਲੇ ਵਿਚ ਕਾਨੂੰਨੀ ਕਾਰਵਾਈ ਦੀ ਅਪੀਲ ਕੀਤੀ ਹੈ। ਉਨ੍ਹਾਂ ਲਿਖਿਆ ਕਿ ਬਾਣੀ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਅਕਾਲ ਤਖ਼ਤ ਤੋਂ ਆਦੇਸ਼ ਵੀ ਜਾਰੀ ਹੋ ਚੁੱਕਾ ਹੈ। ਪਾਵਨ ਸਰੂਪ ਛਾਪਣ ਦਾ ਅਧਿਕਾਰ ਸਿਰਫ ਸ਼੍ਰੋਮਣੀ ਕਮੇਟੀ ਕੋਲ ਹੈ। ਜੇ ਕਿਸੇ ਨੇ ਸਰੂਪ ਛਾਪਣਾ ਹੋਵੇ ਤਾਂ ਉਸ ਸਬੰਧੀ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 2 ਅਪਰੈਲ 2022

# ਫੈਡਰਲ ਢਾਂਚੇ 'ਤੇ ਹਮਲਾ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚੰਡੀਗੜ੍ਹ ਫੇਰੀ ਦੌਰਾਨ ਚੰਡੀਗੜ੍ਹ ਦੇ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ 'ਤੇ ਕੇਂਦਰੀ ਸਿਵਲ ਸੇਵਾਵਾਂ ਨਿਯਮ ਲਾਗੂ ਕਰਨ ਦੇ ਫੈਸਲੇ ਨਾਲ ਮੋਦੀ ਸਰਕਾਰ ਦੀ ਨੀਅਤ ਜ਼ਾਹਿਰ ਹੋ ਗਈ ਹੈ। ਯਾਦ ਰਹੇ ਕਿ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਪੰਜਾਬ ਸਿਵਲ ਸੇਵਾਵਾਂ ਦੇ ਨਿਯਮ ਲਾਗੂ ਸਨ ਪਰ ਹੁਣ ਨਵੇਂ ਹੁਕਮਾਂ ਨਾਲ ਨਵੇਂ ਨਿਯਮ ਪਹਿਲੀ ਅਪਰੈਲ ਤੋਂ ਲਾਗੂ ਹੋ ਗਏ ਹਨ। ਮੁਲਾਜ਼ਮ ਭਾਵੇਂ ਇਸ ਫੈਸਲੇ ਤੋਂ ਖੁਸ਼ ਹੋਣਗੇ ਕਿਉਂਕਿ ਇਸ ਫੈਸਲੇ ਨਾਲ ਉਨ੍ਹਾਂ ਦੀ ਸੇਵਾਮੁਕਤੀ ਦੀ ਉਮਰ 58 ਸਾਲ ਤੋਂ ਵਧ ਕੇ 60 ਸਾਲ ਹੋ ਗਈ ਹੈ ਪਰ ਦੇਸ਼ ਦੇ ਫੈਡਰਲ ਢਾਂਚੇ ਲਈ ਮੋਦੀ ਸਰਕਾਰ ਦਾ ਇਹ ਫੈਸਲਾ ਬਹੁਤ ਘਾਤਕ ਹੈ। ਜਦੋਂ ਤੋਂ 2014 ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਇਕ-ਇਕ ਕਰਕੇ ਸੂਬਿਆਂ ਦੇ ਹੱਕਾਂ ਉਤੇ ਲਗਾਤਾਰ ਡਾਕਾ ਮਾਰਿਆ ਜਾ ਰਿਹਾ ਹੈ। ਹੋਰ ਫੈਸਲਿਆਂ ਤੋਂ ਇਲਾਵਾ, ਤਿੰਨ ਸਾਲ ਪਹਿਲਾਂ ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਬਾਰੇ ਜੋ ਫੈਸਲਾ ਕੀਤਾ ਸੀ, ਉਹ ਇਸ ਦੀ ਫੈਡਰਲ ਢਾਂਚੇ ਵਿਰੋਧੀ ਮੁਹਿੰਮ ਦਾ ਸਿਖਰ ਸੀ। ਉਸ ਵਕਤ ਜੰਮੂ ਕਸ਼ਮੀਰ ਜਿਸ ਨੂੰ ਸੰਵਿਧਾਨ ਦੀ ਧਾਰਾ 370 ਤਹਿਤ ਵਿਸ਼ੇਸ਼ ਹੱਕ ਮਿਲੇ ਹੋਏ ਸਨ, ਕੋਲੋਂ ਇਕੋ ਝਟਕੇ ਨਾਲ ਸੂਬੇ ਦਾ ਰੁਤਬਾ ਖੋਹ ਲਿਆ ਗਿਆ ਅਤੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਫੈਸਲੇ ਤੋਂ ਬਾਅਦ ਉਥੇ ਜਿਹੜੀਆਂ ਪਾਬੰਦੀਆਂ ਲਾਈਆਂ ਅਤੇ ਉਥੋਂ ਦੇ ਆਗੂਆਂ ਨੂੰ ਘਰੇ ਨਜ਼ਰਬੰਦ ਕੀਤਾ, ਉਹ ਵੱਖਰੀਆਂ ਵਧੀਕੀਆਂ ਹਨ।

ਚੰਡੀਗੜ੍ਹ ਦੇ ਮੁਲਾਜ਼ਮਾਂ ਉਤੇ ਪੰਜਾਬ ਸਿਵਲ ਸੇਵਾਵਾਂ ਦੇ ਨਿਯਮ ਲਾਗੂ ਹੋਣ ਦਾ ਵੱਡਾ ਮਤਲਬ ਇਹੀ ਸੀ ਕਿ ਪੰਜਾਬ ਉਤੇ ਮੁੱਢਲਾ ਹੱਕ ਉਸੇ ਦਾ ਹੈ। ਚੰਡੀਗੜ੍ਹ ਪੰਜਾਬ ਦੇ ਪਿੰਡਾਂ ਦੀ ਜ਼ਮੀਨ 'ਤੇ ਹੀ ਬਣਾਇਆ ਗਿਆ ਸੀ ਪਰ ਜਦੋਂ ਪਹਿਲੀ ਨਵੰਬਰ 1966 ਨੂੰ ਮੌਜੂਦਾ ਪੰਜਾਬ ਹੋਂਦ ਵਿਚ ਆਇਆ ਤੇ ਹਰਿਆਣਾ ਨੂੰ ਨਵਾਂ ਸੂਬਾ ਬਣਾ ਦਿੱਤਾ ਗਿਆ ਤਾਂ ਹਰਿਆਣਾ ਲਈ ਨਵੀਂ ਰਾਜਧਾਨੀ ਦਾ ਪ੍ਰਬੰਧ ਕਰਨ ਦੀ ਥਾਂ ਚੰਡੀਗੜ੍ਹ ਨੂੰ ਪੰਜਾਬ ਦੇ ਨਾਲ-ਨਾਲ ਹਰਿਆਣਾ ਦੀ ਰਾਜਧਾਨੀ ਵੀ ਬਣਾ ਦਿੱਤਾ ਗਿਆ। ਇਹੀ ਨਹੀਂ, ਚੰਡੀਗੜ੍ਹ ਨੂੰ ਪੰਜਾਬ ਦਾ ਹਿੱਸਾ ਬਣਾਉਣ ਦੀ ਥਾਂ ਇਸ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਦਰਜਾ ਦੇ ਦਿੱਤਾ ਗਿਆ। ਪੰਜਾਬ ਦੀਆਂ ਹੱਕੀ ਮੰਗਾਂ ਨੇ ਸ਼੍ਰੋਮਣੀ ਅਕਾਲੀ ਦਲ ਨੇ ਵੱਡਾ ਸੰਘਰਸ਼ ਲੜਿਆ। ਇਸ ਸੰਘਰਸ਼ ਦੀਆਂ ਹੋਰ ਮੰਗਾਂ ਦੇ ਨਾਲ-ਨਾਲ ਇਕ ਮੰਗ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਲੀ ਮੰਗ ਵੀ ਸੀ। 1985 ਵਿਚ ਜਦੋਂ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ 'ਰਾਜੀਵ-ਲੌਂਗੋਵਾਲ ਸਮਝੌਤੇ' ਤਹਿਤ ਸਮਝੌਤਾ ਹੋਇਆ ਤਾਂ ਇਹ ਬਾਕਾਇਦਾ ਤੈਅ ਹੋਇਆ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਏਗਾ ਪਰ ਅਜਿਹਾ ਕੀਤਾ ਨਹੀਂ ਗਿਆ।

ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਵੇਂ ਕਿਹਾ ਹੈ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਪੰਜਾਬ ਰੀਆਰਗੇਨਾਈਜੇਸ਼ਨ ਐਕਟ-1966 ਦੇ ਵਿਰੁਧ ਹੈ ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਚੰਡੀਗੜ੍ਹ 'ਤੇ ਪੰਜਾਬ ਦੇ ਬਣਦੇ ਦਾਅਵੇ ਲਈ ਪੂਰੀ ਤਾਕਤ ਨਾਲ ਲੜਾਈ ਲੜੇਗੀ ਪਰ ਹਾਲਾਤ ਸੂਹ ਦੇ ਰਹੇ ਹਨ ਕਿ ਹੁਣ ਇਹ ਲੜਾਈ ਇਕੱਲੀ ਪੰਜਾਬ ਸਰਕਾਰ ਦੀ ਨਹੀਂ ਬਲਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਜਮਾਤਾਂ ਦੀ ਬਣਨੀ ਚਾਹੀਦੀ ਹੈ। ਅਸਲ ਵਿਚ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਦੀ ਮੂਲ ਧਾਰਨ ਸ਼ਕਤੀਆਂ ਦੇ ਕੇਂਦਰੀਕਰਨ ਦੀ ਹੈ। ਸਾਰੀਆਂ ਸ਼ਕਤੀਆਂ ਦੇ ਕੇਂਦਰੀਕਰਨ ਰਾਹੀਂ ਇਹ ਦੇਸ਼ ਵਿਚ ਹਿੰਦੂ ਰਾਸ਼ਟਰ ਦੀ ਕਾਇਮੀ ਚਾਹੁੰਦੀਆਂ ਹਨ। ਮੋਦੀ ਸਰਕਾਰ, ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਇਸ ਏਜੰਡੇ ਤਹਿਤ ਪੂਰੀ ਮੁਹਿੰਮ ਵੀ ਚਲਾ ਰਹੀਆਂ ਹਨ। ਪਿੱਛੇ ਜਿਹੇ ਲਾਗੂ ਕੀਤੇ ਤਿੰਨ ਖੇਤੀ ਕਾਨੂੰਨ ਵੀ ਇਸੇ ਏਜੰਡੇ ਦਾ ਹਿੱਸਾ ਸੀ। ਉਂਝ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਲੜੇ ਲੰਮੇ ਅਤੇ ਮਿਸਾਲੀ ਕਿਸਾਨ ਘੋਲ ਨੇ ਇਹ ਸਾਬਤ ਕਰ ਦਿਖਾਇਆ ਕਿ ਵੱਡੀ ਤੋਂ ਵੱਡੀ ਤਾਕਤ ਨੂੰ ਏਕੇ ਅਤੇ ਇਕਜੁਟਤਾ ਨਾਲ ਹਰਾਇਆ ਜਾ ਸਕਦਾ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. 'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਉਤੇ ਚੱਲ ਰਹੀਆਂ ਹਨ ਅਤੇ ਚੋਣਾਂ ਦੌਰਾਨ ਸਮਾਜ ਅੰਦਰ ਵੰਡੀਆਂ ਪਾ ਕੇ ਅਤੇ ਵੋਟਰਾਂ ਦਾ ਧਰੁਵੀਕਰਨ ਕਰਕੇ ਜਿੱਤ ਹਾਸਲ ਕਰਦੀਆਂ ਹਨ। ਹਾਲ ਹੀ ਵਿਚ ਪੰਜ ਵਿਧਾਨ ਸਭਾ ਦੇ ਨਤੀਜੇ ਇਹੀ ਜ਼ਾਹਿਰ ਕਰ ਰਹੇ ਹਨ। ਪੰਜਾਬ ਵਿਚ ਤਾਂ ਭਾਰਤੀ ਜਨਤਾ ਪਾਰਟੀ ਦੇ ਪੈਰ ਬਹੁਤੇ ਲੱਗੇ ਨਹੀਂ ਕਿਉਂਕਿ ਫਿਲਹਾਲ ਪੰਜਾਬ ਵਿਚ ਇਸ ਪਾਰਟੀ ਦਾ ਕੋਈ ਬਹੁਤਾ ਆਧਾਰ ਵੀ ਨਹੀਂ ਹੈ ਪਰ ਬਾਕੀ ਚਾਰ ਸੂਬਿਆਂ ਵਿਚ ਇਸ ਨੇ ਮੁੜ ਤੋਂ ਆਪਣੀਆਂ ਸਰਕਾਰਾਂ ਬਣਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਭਾਰਤੀ ਜਨਤਾ ਪਾਰਟੀ ਦੀ ਇਸ ਜਿੱਤ ਤੋਂ ਵਿਰੋਧੀ ਪਾਰਟੀਆਂ ਨੂੰ ਇਹ ਸਬਕ ਜ਼ਰੂਰ ਸਿੱਖਣਾ ਚਾਹੀਦਾ ਹੈ ਕਿ ਇਸ ਪਾਰਟੀ ਦੀ ਫਿਰਕੂ ਅਤੇ ਫੁੱਟਪਾਊ ਸਿਆਸਤ ਦਾ ਟਾਕਰਾ ਸਾਰੀਆਂ ਧਿਰਾਂ ਵੱਲੋਂ ਰਲ ਕੇ ਹੀ ਕੀਤਾ ਜਾ ਸਕਦਾ ਹੈ। ਅਗਲੀਆਂ ਲੋਕ ਸਭਾ ਚੋਣਾਂ ਜੋ ਸਾਲ 2024 ਵਿਚ ਹੋਣੀਆਂ ਹਨ, ਲਈ ਕੌਮੀ ਪੱਧਰ 'ਤੇ ਸਾਂਝਾ ਸਿਆਸੀ ਮੁਹਾਜ਼ ਬਣਾਉਣ ਦੀ ਕਵਾਇਦ ਚੱਲ ਵੀ ਰਹੀ ਹੈ। ਇਸ ਮਾਮਲੇ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਵਾਹਵਾ ਸਰਗਰਮੀ ਦਿਖਾ ਰਹੀ ਹੈ। ਹੁਣ ਸਮੇਂ ਦੀ ਲੋੜ ਹੈ ਕਿ ਵੱਖ-ਵੱਖ ਸਿਆਸੀ ਧਿਰਾਂ ਨੂੰ ਆਪਣੇ ਨਿੱਕੇ-ਮੋਟੇ ਮੱਤਭੇਦ ਭੁਲਾ ਕੇ ਭਾਰਤੀ ਜਨਤਾ ਪਾਰਟੀ ਦੀ ਮਾਰੂ ਸਿਆਸਤ ਖਿਲਾਫ ਡਟ ਜਾਣਾ ਚਾਹੀਦਾ ਹੈ; ਨਹੀਂ ਤਾਂ ਉਹ ਦਿਨ ਦੂਰ ਨਹੀਂ ਕਿ ਇਹ ਪਾਰਟੀ ਦੇਸ਼ ਦੇ ਫੈਡਰਲ ਢਾਂਚੇ ਦੀ ਥਾਂ ਬਹੁਤ ਮਜ਼ਬੂਤ ਕੇਂਦਰ ਵਾਲਾ ਢਾਂਚਾ ਖੜ੍ਹਾ ਕਰ ਦੇਵੇਗੀ ਅਤੇ ਇਸ ਢਾਂਚੇ ਵਿਚ ਸੂਬਿਆਂ ਨੂੰ ਬਹੁਤੇ ਹੱਕ ਨਹੀਂ ਹੋਣਗੇ। ਹੋਰ ਤਾਂ ਹੋਰ, ਸੂਬਿਆਂ ਨੂੰ ਆਪਣੇ ਨਿੱਤ ਦੇ ਖਰਚਿਆਂ ਲਈ ਵੀ ਕੇਂਦਰ ਦੇ ਹੱਥਾਂ ਵੱਲ ਦੇਖਣਾ ਪਵੇਗਾ। ਇਸ ਲਈ ਸਾਰੀਆਂ ਵਿਰੋਧੀ ਧਿਰਾਂ ਨੂੰ ਭਾਰਤੀ ਜਨਤਾ ਪਾਰਟੀ ਦੇ ਕੇਂਦਰਵਾਦ ਖਿਲਾਫ ਡਟ ਜਾਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤੇਲ ਤੇ ਤੇਲ ਦੀ ਧਾਰ ਦੇਖੋ

ਹਾਲੇ ਕੱਲ੍ਹ ਹਕੂਮਤ ਨੇ ਸਹੁੰ ਚੁੱਕੀ, ਕਰੀਏ ਹੁਣੇ ਨਾ ਕੰਮ ਤਕਰਾਰ ਵਾਲਾ,
ਕਾਹਲੇ ਪਵੋ ਨਾ ਸਮਾਂ ਤਾਂ ਦਿਓ ਯਾਰੋ, ਹੱਥ ਪਰਖਣਾ 'ਨਵੀਂ ਨੁਹਾਰ' ਵਾਲਾ।
ਸੁਪਨਾ ਹੋਇਆ ਸਾਕਾਰ ਪੰਜਾਬ ਦਾ ਐ, ਤੀਜੇ ਬਦਲ ਦੀ ਬਣੇ ਸਰਕਾਰ ਵਾਲਾ।
ਸਾਰਾ ਟੱਬਰ ਹੀ ਜਿਵੇਂ ਵਿਹਾਰ ਕਰਦਾ,, ਨਵੀਂ ਨੂੰਹ ਦੇ ਨਾਲ ਮੋਹ ਪਿਆਰ ਵਾਲਾ
'ਹਸ਼ਰ' ਜਾਣਦੇ ਈ ਐ ਪੰਜੇ-ਤੱਕੜੀ ਦਾ, ਜੇ 'ਸਿਸਟਮ' ਨਾ ਕੀਤਾ ਉਪਕਾਰ ਵਾਲਾ।
ਕਰਿਓ ਯਾਦ ਅਖਾਣ ਸਿਆਣਿਆਂ ਦਾ, ਦੇਖੋ 'ਤੇਲ ਤੇ ਤੇਲ ਦੀ ਧਾਰ' ਵਾਲਾ!

# 'ਆਪ' ਸਰਕਾਰ ਤੇ ਖੇਤੀ ਨੀਤੀ

*ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਸਰਕਾਰ ਤੋਂ ਲੋਕਾਂ ਨੂੰ ਬਹੁਤ ਆਸਾਂ ਹਨ, ਉਮੀਦਾਂ ਹਨ। ਇਹ ਲੇਖ ਪੰਜਾਬ ਵਿਚ ਟਰੈਕਟਰ ਬਣਾਉਣ ਵਾਲੇ ਚਰਚਿਤ ਅਦਾਰੇ ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਅਤੇ ਪੰਜਾਬ ਰਾਜ ਯੋਜਨਾ ਬੋਰਡ ਦੇ ਉਪ ਚੇਅਰਮੈਨ (ਕੈਬਨਿਟ ਮੰਤਰੀ ਰੈਂਕ) ਏ.ਐਸ. ਮਿੱਤਲ ਨੇ ਲਿਖਿਆ ਹੈ ਅਤੇ ਪੰਜਾਬ ਦੀ ਕਿਸਾਨੀ ਦੇ ਸੰਕਟ ਦੇ ਹੱਲ ਲਈ ਨਵੀਂ ਬਰਾਮਦ ਨੀਤੀ ਬਾਰੇ ਵਿਚਾਰ ਸਾਂਝੇ ਕੀਤੇ ਹਨ।*

ਪੰਜਾਬ ਵਿਚ ਭਗਵੰਤ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਜਨਤਾ ਦੇ ਜ਼ੋਰਦਾਰ ਫਤਵੇ ਨਾਲ ਵਜੂਦ ਵਿਚ ਆਈ ਹੈ। 'ਆਪ' ਦੀਆਂ ਵੱਖ-ਵੱਖ ਗਾਰੰਟੀਆਂ ਕਾਰਨ ਇਸ ਨੂੰ ਲੋਕਾਂ ਦਾ ਵੱਡੀਆਂ ਉਮੀਦਾਂ ਲਈ ਦਿੱਤਾ ਫਤਵਾ ਹੀ ਮੰਨਣਾ ਚਾਹੀਦਾ ਹੈ। ਵਜੂਦ ਵਿਚ ਆਈ ਨਵੀਂ ਸਰਕਾਰ ਦੀਆਂ ਤਰਜੀਹਾਂ ਭਾਵੇਂ ਬਹੁਪੱਖੀ ਹੋਣਗੀਆਂ ਪਰ ਇਸ ਵੇਲੇ ਅਜਿਹਾ ਖੇਤਰ ਵੀ ਹੈ ਜਿਸ ਵਿਚ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਲੋੜ ਹੈ; ਉਹ ਹੈ ਕਿਸਾਨਾਂ ਦੀ ਚੰਗੀ ਆਮਦਨ ਦਾ ਹੀਲਾ ਕਰਨਾ ਅਤੇ ਇਸ ਲਈ ਲੋੜ ਹੈ ਸੂਬੇ ਦੀ ਆਪਣੀ, ਵਧੀਆ ਖੇਤੀਬਾੜੀ ਬਰਾਮਦ ਨੀਤੀ ਹੋਵੇ।

ਕੁਝ ਚਿਰ ਪਹਿਲਾਂ ਖਤਮ ਹੋਇਆ ਹੁਣ ਤੱਕ ਦਾ ਸਭ ਤੋਂ ਲੰਮਾ ਕਿਸਾਨ ਅੰਦੋਲਨ ਜੋ ਪੰਜਾਬ ਦੇ ਕਿਸਾਨਾਂ ਦੀ ਅਗਵਾਈ ਵਿਚ ਚੱਲਿਆ, ਉਹ ਸਿਰਫ ਤਿੰਨ ਖੇਤੀ ਕਾਨੂੰਨ ਰੱਦ ਕਰਨ ਤੱਕ ਸੀਮਤ ਨਹੀਂ ਸੀ ਸਗੋਂ ਉਹ ਤਾਂ ਖੇਤੀਬਾੜੀ ਦੇ ਘਾਟੇ ਦੇ ਸੌਦੇ ਖਿਲਾਫ ਵੀ ਸੀ ਤਾਂ ਜੋ ਚੰਗੀ ਆਮਦਨ ਲਈ ਰਾਹ ਪੱਧਰਾ ਕੀਤਾ ਜਾ ਸਕੇ। ਕੇਂਦਰ ਸਰਕਾਰ ਨੇ ਭਾਵੇਂ ਪਿਛਲੇ ਕਈ ਦਹਾਕਿਆਂ ਤੋਂ ਘੱਟੋ-ਘੱਟ ਸਮਰਥਨ ਮੁੱਲ



**ਏ.ਐਸ. ਮਿੱਤਲ**

(ਐਮ.ਐਸ.ਪੀ.) ਲਾਗੂ ਕੀਤਾ ਹੋਇਆ ਹੈ ਪਰ ਇਸ ਨਾਲ ਖੇਤੀ 'ਤੇ ਮੰਡਰਾ ਰਹੇ ਸੰਕਟ ਦਾ ਹੱਲ ਨਹੀਂ ਨਿਕਲ ਸਕਿਆ। ਐਮ.ਐਸ.ਪੀ. ਪ੍ਰਣਾਲੀ ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਕਰਨ ਦੀ ਮੰਗ, ਖੇਤੀ ਸਮੱਸਿਆ ਦੇ ਲੰਮੇ ਸਮੇਂ ਲਈ ਟਿਕਾਊ ਹੋਣ ਦੀ ਸੰਭਾਵਨਾ ਪੈਦਾ ਕਰਦੀ ਹੈ ਜਦੋਂ ਕਿ ਖੁੰਝਿਆ ਮੌਕਾ ਤਾਂ ਕਿਸਾਨਾਂ ਦੀ ਆਮਦਨ ਵਧਾਉਣ ਲਈ ਸੂਬੇ ਵਿਚ ਬਰਾਮਦ-ਅਗਵਾਈ ਵਾਲੀ ਖੇਤੀ ਕ੍ਰਾਂਤੀ ਹੀ ਹੈ ਤੇ ਹੁਣ ਨਵੀਂ ਸਰਕਾਰ ਨੂੰ ਪੰਜਾਬ ਵਿਚ ਬਰਾਮਦ-ਅਗਵਾਈ ਵਾਲੇ ਖੇਤੀ ਵਿਕਾਸ ਨੂੰ ਅੱਗੇ ਤੋਰਨ ਦੇ ਇਸ ਖੁੰਝੇ ਹੋਏ ਮੌਕੇ 'ਤੇ ਸਖਤ ਮਿਹਨਤ ਕਰਨ ਦੀ ਲੋੜ ਹੈ। ਇਸ ਨਾਲ ਨਾ ਸਿਰਫ ਕਿਸਾਨ ਦੀ ਆਮਦਨ ਵਿਚ ਵੱਡਾ ਵਾਧਾ ਹੋ ਸਕੇਗਾ ਬਲਕਿ ਖੇਤੀ ਪ੍ਰਧਾਨ ਸੂਬੇ ਦੀ ਆਰਥਿਕਤਾ ਵਿਚ ਸਮੁੱਚੀ ਲਚਕ ਵੀ ਆਵੇਗੀ।

ਦਸੰਬਰ 2018 ਵਿਚ ਕੇਂਦਰ ਸਰਕਾਰ ਨੇ ਆਪਣੀ ਖੇਤੀ ਬਰਾਮਦ ਨੀਤੀ ਜਾਰੀ ਕੀਤੀ ਸੀ। ਇਸ ਵਿਚ ਖੇਤੀ ਆਮਦਨ ਦਾ ਟੀਚਾ ਹਾਸਲ ਕਰਨ ਲਈ ਸੂਬਾ ਸਰਕਾਰਾਂ ਨੂੰ ਆਪਣੀ ਨੀਤੀ ਦਾ ਖਰੜਾ ਤਿਆਰ ਕਰਨ ਲਈ ਕਿਹਾ ਗਿਆ ਸੀ। ਦੇਸ਼ ਦੇ ਖੇਤੀ ਸੈਕਟਰ ਦਾ ਮੁੱਖ ਧੁਰਾ ਹੋਣ ਦੇ ਨਾਤੇ ਪੰਜਾਬ ਕੋਲ ਖੇਤੀ ਉਪਜ ਲਈ ਸੂਬੇ ਦੀ ਸਰਕਾਰੀ ਮਾਲਕੀ ਵਾਲੀ ਖੇਤੀ ਬਰਾਮਦ ਨੀਤੀ ਹੋਣੀ ਚਾਹੀਦੀ ਹੈ ਜੋ ਫਿਲਹਾਲ ਨਹੀਂ ਹੈ ਜਦੋਂਕਿ ਮਹਾਰਾਸ਼ਟਰ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਨੇ ਆਪਣੀ ਖੇਤੀ ਬਰਾਮਦ ਨੀਤੀ ਸ਼ੁਰੂ ਕੀਤੀ ਹੈ ਤੇ ਹੁਣ ਉਹ ਸੂਬੇ ਦੇ ਖੇਤੀ ਬਰਾਮਦ ਨੂੰ ਹੁਲਾਰਾ ਦੇਣ ਲਈ ਕੇਂਦਰ ਦੀ ਬਰਾਮਦ ਨੀਤੀ ਵਿਚ ਇਕਸਾਰਤਾ ਦੀ ਮੰਗ ਕਰਦਾ ਹੈ।

ਕਿਸਾਨਾਂ 'ਤੇ ਸੰਕਟ ਦੇ ਬਾਵਜੂਦ ਪੰਜਾਬ ਸਮੁੱਚੇ ਅਨਾਜ ਉਤਪਾਦਨ ਵਿਚ ਦੇਸ਼ ਵਿਚ ਤੀਜੇ ਸਥਾਨ 'ਤੇ ਹੈ। ਚੌਲ ਅਤੇ ਕਣਕ ਦੇ ਮੁੱਲ ਦੀ ਟੇਢੀ ਐਮ.ਐਸ.ਪੀ. ਪ੍ਰਣਾਲੀ ਦਾ ਦਬਦਬਾ ਕਿਸਾਨਾਂ ਨੂੰ ਇਨ੍ਹਾਂ ਫਸਲਾਂ ਦੇ ਵਾਧੂ ਉਤਪਾਦਨ ਵੱਲ ਖਿੱਚਦਾ ਹੈ ਤੇ ਇਹੋ ਪਾਣੀ ਦੇ ਪੱਧਰ ਦਾ ਧਰਤੀ ਤੋਂ ਹੋਰ ਥੱਲੇ ਚਲੇ ਜਾਣ ਦਾ ਕਾਰਨ ਵੀ ਬਣਦਾ ਹੈ। ਇਹੀ ਨਹੀਂ, ਇਹ ਕਿਸਾਨਾਂ ਨੂੰ ਉਨ੍ਹਾਂ ਦੂਜੀਆਂ ਨਕਦੀ ਫਸਲਾਂ ਅਤੇ ਬਾਗਬਾਨੀ ਉਤਪਾਦਾਂ ਨੂੰ ਉਗਾਉਣ ਲਈ ਵੀ ਉਦਾਸੀਨਤਾ ਪੈਦਾ ਕਰਦਾ ਹੈ ਜਿਨ੍ਹਾਂ ਦੀ ਮੰਗ ਜ਼ਿਆਦਾ ਹੁੰਦੀ ਹੈ ਅਤੇ ਜਿਨ੍ਹਾਂ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਵੀ ਹੋ ਸਕਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਕਿਸਾਨੀ ਸੰਕਟ ਨੂੰ ਦੂਰ ਕਰਨ ਲਈ 'ਆਪ' ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਵਰਤੋਂ ਕਰਕੇ ਮੰਡੀ ਨੂੰ ਬਾਈਪਾਸ ਕਰਨ ਦੀ ਥਾਂ 'ਤੇ ਕਿਸਾਨਾਂ ਨੂੰ ਸੰਸਾਰ ਮੰਡੀ ਦੇ ਸਮਰੱਥ ਬਣਾਉਣ ਲਈ ਗੰਭੀਰ ਯਤਨ ਕਰਨੇ ਪੈਣਗੇ।

ਕਿਹਾ ਜਾ ਸਕਦਾ ਹੈ ਕਿ ਬਹੁਤ ਹੱਦ ਤੱਕ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਮੰਦਹਾਲੀ ਦਾ ਹੱਲ ਸਥਿਰ ਅਤੇ ਅਨੁਮਾਨਿਤ ਖੇਤੀ ਬਰਾਮਦ ਨੀਤੀ ਜ਼ਰੀਏ ਹੋ ਸਕਦਾ ਹੈ ਜਿਸ ਦਾ ਉਦੇਸ਼ ਬਰਾਮਦ ਮੁਖੀ ਖੇਤੀ ਉਤਪਾਦਨ ਨੂੰ ਪ੍ਰੋਸੈਸਿੰਗ ਤੋਂ ਲੈ ਕੇ ਢੋਅ-ਢੁਆਈ, ਬੁਨਿਆਦੀ ਢਾਂਚਾ ਕਾਇਮ ਕਰਨ ਅਤੇ ਸੰਸਾਰ ਮੰਡੀ ਵਿਚ ਪਹੁੰਚ ਤੱਕ ਸਮੁੱਚੀ ਮੁੱਲ ਲੜੀ ਨੂੰ ਮੁੜ ਸੁਰਜੀਤ ਕਰਨਾ ਹੋਵੇ। ਪੰਜਾਬ ਨੂੰ ਦੇਸ਼ ਲਈ ਖੁਰਾਕ ਸੁਰੱਖਿਆ ਅਤੇ ਮੁੱਖ ਖੇਤੀਬਾੜੀ ਬਰਾਮਦਕਾਰ ਦੇ ਦੋਹਰੇ ਉਦੇਸ਼ ਦੇ ਨਾਲ-ਨਾਲ, ਕਿਸਾਨ ਮੁਖੀ ਰਣਨੀਤੀ ਦੀ ਲੋੜ ਹੈ ਜੋ ਬਰਾਮਦ ਦੇ ਅਹਿਮ ਮੌਕਿਆਂ ਰਾਹੀਂ ਕਿਸਾਨਾਂ ਦੀਆਂ ਜੇਬਾਂ ਭਰ ਸਕੇਗੀ। 60ਵਿਆਂ ਦੇ ਦਹਾਕੇ ਵਿਚ ਹਰੀ ਕ੍ਰਾਂਤੀ ਤੋਂ ਲੈ ਕੇ ਹੁਣ ਤੱਕ ਖੇਤੀਬਾੜੀ ਨੀਤੀ ਖੁਰਾਕ



ਸੁਰੱਖਿਆ ਅਤੇ ਕੀਮਤ ਸਥਿਰਤਾ 'ਤੇ ਹੀ ਕੇਂਦਰਿਤ ਹੈ ਜਦੋਂਕਿ ਬਰਾਮਦ ਅਗਵਾਈ ਆਧਾਰਿਤ ਵਿਕਾਸ ਦੀ ਅਣਦੇਖੀ ਹੀ ਹੋਈ ਹੈ। ਕੇਂਦਰ ਸਰਕਾਰ ਰਣਨੀਤਕ ਜ਼ਰੂਰਤਾਂ ਦੇ ਮੱਦੇਨਜ਼ਰ ਅਨਾਜ ਭੰਡਾਰਾਂ ਦੀ ਖਰੀਦ ਅਤੇ ਸਾਂਭ-ਸੰਭਾਲ 'ਤੇ ਵੀ ਭਾਰੀ ਪੈਸਾ ਖਰਚ ਕਰ ਰਹੀ ਹੈ ਜਿਸ ਨਾਲ ਗੋਦਾਮ ਨੱਕੋ-ਨੱਕ ਭਰੇ ਪਏ ਹਨ। ਪੰਜਾਬ ਦੀ ਅਗਵਾਈ ਵਾਲੀ ਹਰੀ ਕ੍ਰਾਂਤੀ ਨੂੰ ਹੁਣ ਖੇਤੀ ਬਰਾਮਦ ਕ੍ਰਾਂਤੀ ਵਿਚ ਤਬਦੀਲ ਕਰਨ ਦੀ ਲੋੜ ਹੈ। ਇਸ ਨਾਲ ਖੇਤੀ ਬਰਾਮਦਕਾਰ ਦੇਸ਼ਾਂ 'ਤੇ ਆਪਣਾ ਦਬਦਬਾ ਕਾਇਮ ਕੀਤਾ ਜਾ ਸਕਦਾ ਹੈ। ਪੰਜਾਬ ਕੋਲ ਖੇਤੀ ਬਰਾਮਦ ਨੂੰ ਵਧਾਉਣ ਦੀ ਡਾਢੀ ਸਮਰੱਥਾ ਹੈ। ਸਾਡਾ ਸੂਬਾ ਅਨਾਜ ਦੀ ਕਟੋਰੀ ਤੋਂ ਡੇਅਰੀ ਉਤਪਾਦਾਂ, ਪ੍ਰੋਸੈਸਡ ਸਬਜ਼ੀਆਂ, ਮੀਟ, ਪੋਲਟਰੀ, ਮੱਕੀ ਤੇ ਮੱਕੀ ਦੇ ਉਤਪਾਦਾਂ, ਬਾਸਮਤੀ ਚੌਲ, ਸ਼ਹਿਦ, ਪ੍ਰੋਸੈਸਡ ਫਲ, ਜੂਸ, ਤਾਜ਼ੀਆਂ ਸਬਜ਼ੀਆਂ ਅਤੇ ਤਾਜ਼ੇ ਫਲਾਂ ਦੇ ਖੇਤਰ ਵਿਚ ਭਾਰਤ ਦਾ ਵੱਡਾ ਫਾਰਮ ਬਰਾਮਦ ਕਟੋਰਾ ਬਣ ਸਕਦਾ ਹੈ। ਪੰਜਾਬ ਐਗਰੀ-ਐਕਸਪੋਰਟ ਕਾਰਪੋਰੇਸ਼ਨ ਨੇ ਦਾਅਵਾ ਕੀਤਾ ਹੈ ਕਿ ਉਹ ਪ੍ਰੋਸੈਸਿੰਗ ਅਤੇ ਮੌਜੂਦਾ ਬੁਨਿਆਦੀ ਢਾਂਚੇ ਦੇ ਟੀਚੇ ਦੇ ਆਧਾਰ 'ਤੇ ਸੰਭਾਵੀ ਕਲੱਸਟਰਾਂ ਦੀ ਪਛਾਣ ਕਰਕੇ, ਭਾਰਤ ਦੇ ਖੇਤੀ ਅਤੇ ਸਹਾਇਕ ਉਤਪਾਦਾਂ ਵਿਚ ਰਾਜ ਦਾ ਯੋਗਦਾਨ ਜੋ 2017-18 ਵਿਚ 14,000 ਕਰੋੜ ਰੁਪਏ ਸੀ, ਨੂੰ ਵਧਾ ਕੇ 2022-23 ਤੱਕ 21,000 ਕਰੋੜ ਰੁਪਏ ਤੱਕ ਕਰਨ ਵਿਚ ਸਫਲ ਹੋ ਜਾਵੇਗਾ। ਇਹੋ ਵਾਧਾ ਵਿੱਤੀ ਸਾਲ 2027-28 ਤੱਕ 32,000 ਕਰੋੜ ਤੱਕ ਜਾ ਪੁੱਜੇਗਾ। ਇਸ ਸਮੇਂ ਪੰਜਾਬ ਤੋਂ ਬਰਾਮਦ ਕੀਤੇ ਜਾਂਦੇ ਉਤਪਾਦਾਂ ਦੇ ਸਭ ਤੋਂ ਵੱਡੇ ਦਰਾਮਦਕਾਰ ਸਾਊਦੀ ਅਰਬ, ਇਰਾਕ, ਅਮਰੀਕਾ, ਯੂ.ਏ.ਈ., ਯੂ.ਕੇ., ਪਾਕਿਸਤਾਨ, ਕੁਵੈਤ, ਓਮਾਨ, ਇਰਾਨ ਅਤੇ ਵੀਅਤਨਾਮ ਹਨ।

ਸੂਬੇ ਵਿਚ ਨਿੰਬੂ ਪ੍ਰਜਾਤੀ (ਕਿੰਨੂ), ਅਮਰੂਦ ਅਤੇ ਮਿਰਚਾਂ ਵਰਗੀਆਂ ਤਾਜ਼ੀਆਂ ਸਬਜ਼ੀਆਂ ਦਾ ਵਾਧੂ ਉਤਪਾਦਨ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਭਿੰਡੀ, ਬੀਨਜ਼, ਮਟਰ, ਬੈਂਗਣ, ਆਲੂ, ਟਮਾਟਰ, ਅਦਰਕ, ਧਨੀਆ ਆਦਿ ਦੀ ਜ਼ਰੂਰਤ ਤੋਂ ਕਿਤੇ ਵੱਧ ਪੈਦਾਵਾਰ ਹੁੰਦੀ ਹੈ; ਹਾਲਾਂਕਿ ਇਨ੍ਹਾਂ ਫਸਲਾਂ ਅਤੇ ਸਬੰਧਿਤ ਕਲੱਸਟਰਾਂ ਨੂੰ ਬਰਾਮਦ ਉਦੇਸ਼ਾਂ ਦੇ ਲਾਇਕ ਨਹੀਂ ਮੰਨਿਆ ਜਾਂਦਾ ਤੇ ਇਨ੍ਹਾਂ ਦਾ ਵਪਾਰ ਜ਼ਿਆਦਾਤਰ ਸਥਾਨਕ ਅਤੇ ਹੋਰ ਰਾਜਾਂ ਦੀਆਂ ਮੰਡੀਆਂ ਵਿਚ ਹੀ ਕੀਤਾ ਜਾਂਦਾ ਹੈ।

ਠੀਕ ਉਸੇ ਤਰ੍ਹਾਂ ਪੰਜਾਬ ਦੀ ਨਵੀਂ ਸਰਕਾਰ ਤਾਜ਼ੇ ਅਤੇ ਜੰਮੇ ਹੋਏ (ਫ੍ਰੋਜ਼ਨ) ਮੀਟ, ਪੋਲਟਰੀ, ਫਲਾਂ ਸਬਜ਼ੀਆਂ ਅਤੇ ਡੇਅਰੀ ਉਤਪਾਦਾਂ ਵਾਸਤੇ ਡਿਊਟੀ-ਮੁਕਤ ਮਾਰਕੀਟ ਵਿਚ ਪਹੁੰਚ ਕਰਨ ਲਈ ਵੱਖ-ਵੱਖ ਦੇਸ਼ਾਂ ਨਾਲ 'ਫਰੀ ਟਰੇਡ ਐਗਰੀਮੈਂਟਸ' (ਐਫ.ਟੀ.ਏ.)ਤਹਿਤ ਨਵੇਂ ਰਾਹ ਵੀ ਲੱਭ ਸਕਦੀ ਹੈ। ਜ਼ਿਆਦਾ ਪੁਰਾਣੀ ਗੱਲ ਨਹੀਂ, ਪਿਛਲੇ ਸਾਲ ਦਸੰਬਰ ਵਿਚ ਯੂ.ਏ.ਈ. ਨੇ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਸਵੀਕਾਰ ਕਰਦਿਆਂ ਭਾਰਤ ਤੋਂ ਆਂਡੇ ਅਤੇ ਹੋਰ ਪੋਲਟਰੀ ਉਤਪਾਦਾਂ ਦੀ ਦਰਾਮਦ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਸੀ। ਇਕ ਸੱਚ ਇਹ ਵੀ ਹੈ ਕਿ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਵਾਲੇ ਰਸਾਇਣਾਂ 'ਤੇ ਲਾਗੂ ਹੋਣ ਵਾਲੇ ਸਖਤ ਨਿਯਮਾਂ ਨੇ ਯੂਰਪੀ ਯੂਨੀਅਨ, ਜਾਪਾਨ, ਅਮਰੀਕਾ ਆਦਿ ਦੇਸ਼ਾਂ ਨੂੰ ਬਾਸਮਤੀ ਚੌਲਾਂ ਦੀ ਬਰਾਮਦ ਵਿਚ ਰੁਕਾਵਟ ਖੜ੍ਹੀ ਕੀਤੀ ਹੈ। ਪੰਜਾਬ ਜੋ ਬਾਸਮਤੀ ਦੇ ਬਰਾਮਦ ਵਿਚ 90 ਫੀਸਦੀ ਤੋਂ ਵੱਧ ਯੋਗਦਾਨ ਪਾਉਂਦਾ ਹੈ, ਨੇ ਟ੍ਰਾਈਸਾਈਕਲਾਜ਼ੋਲ ਅਤੇ ਬੁਪਰੋਫੇਜ਼ਿਨ ਵਰਗੇ ਰਸਾਇਣਾਂ ਵਾਲੇ ਕੀਟਨਾਸ਼ਕਾਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ। ਚੌਲਾਂ ਦੇ ਬਰਾਮਦ ਵਿਚ ਮੋਢੀ ਨੇਤਾ ਬਣਨ ਲਈ ਪੰਜਾਬ ਨੂੰ ਅਮਰੀਕਾ ਦੇ ਪਸੰਦੀਦਾ ਲਾਲ ਚੌਲ ਅਤੇ ਯੂਰਪੀ ਯੂਨੀਅਨ ਤੇ ਜਾਪਾਨ ਮੁਤਾਬਿਕ ਲੋੜੀਂਦੀਆਂ ਕੁਝ ਹੋਰ ਕਿਸਮਾਂ ਵਿਕਸਿਤ ਕਰਨ ਲਈ ਉਨ੍ਹਾਂ ਦੇਸ਼ਾਂ ਮੁਤਾਬਿਕ ਉਤਪਾਦਨ ਨੂੰ ਨਵਾਂ ਰੂਪ ਦੇਣਾ ਪਵੇਗਾ।

**ਸੰਪਰਕ ਅਤੇ ਬੁਨਿਆਦੀ ਢਾਂਚੇ ਦੀ ਘਾਟ**

-ਪੰਜਾਬ ਨੇੜਲੇ ਸੂਬਿਆਂ ਨਾਲ ਜ਼ਮੀਨੀ ਰੂਪ ਵਿਚ ਘਿਰਿਆ ਸੂਬਾ ਹੈ ਜੋ ਬੰਦਰਗਾਹਾਂ ਤੋਂ ਬਹੁਤ ਜ਼ਿਆਦਾ ਦੂਰ ਹੈ ਅਤੇ ਇਸ ਨੂੰ ਆਪਣੀ ਉਪਜ ਨੂੰ ਬੰਦਰਗਾਹਾਂ ਤੱਕ ਪਹੁੰਚਾਉਣ ਲਈ ਵਾਧੂ ਆਵਾਜਾਈ ਅਤੇ ਸਮੇਂ ਤੋਂ ਇਲਾਵਾ ਉੱਚ ਅੰਦਰੂਨੀ ਢੋਆ-ਢੁਆਈ ਦੇ ਖਰਚੇ ਵੀ ਝੱਲਣੇ ਪੈਂਦੇ ਹਨ।

-ਕਾਰਗੋ ਟਰਮੀਨਲਾਂ 'ਤੇ ਕਿਸਾਨਾਂ ਅਤੇ ਬਰਾਮਦਕਾਰਾਂ 'ਤੇ ਭਾਰੀ ਹੈਂਡਲਿੰਗ ਖਰਚੇ ਆਇਦ ਕੀਤੇ ਜਾਂਦੇ ਹਨ ਜੋ ਬਰਾਮਦ ਨੂੰ ਗੈਰ-ਵਿਹਾਰਕ ਅਤੇ ਮਹਿੰਗਾ ਬਣਾਉਂਦੇ ਹਨ।

-ਚੰਡੀਗੜ੍ਹ ਅਤੇ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡਿਆਂ 'ਤੇ ਮਜ਼ਬੂਤ ਕਾਰਗੋ ਕੇਂਦਰਾਂ ਦੀ ਘਾਟ ਰੜਕਦੀ ਹੈ।

-ਪੰਜਾਬ ਦੇ ਹਵਾਈ ਅੱਡਿਆਂ ਤੋਂ ਮੁੱਖ ਦਰਾਮਦ ਸਥਾਨਾਂ ਲਈ ਹਵਾਈ ਕਾਰਗੋ ਉਡਾਣਾਂ ਹੈ ਹੀ ਨਹੀਂ।

-ਮਲਟੀ ਮਾਡਲ ਕੋਲਡ ਚੇਨ ਨੈੱਟਵਰਕ ਦੀ ਘਾਟ ਵੀ ਰੜਕਦੀ ਹੈ।

**ਅੱਗੇ ਦਾ ਰਾਹ**

ਕਿਸਾਨ ਇਸ ਗੱਲ ਤੋਂ ਜਾਣੂ ਨਹੀਂ ਕਿ ਬਰਾਮਦ ਗੁਣਵੱਤਾ ਦੇ ਮਾਪਦੰਡਾਂ ਦੀ ਬਰਾਬਰੀ ਦਾ ਅਭਿਆਸ ਕਿਵੇਂ ਕੀਤਾ ਜਾਵੇ। ਪ੍ਰੋਸੈਸਡ ਅਨਾਜ, ਫਲ, ਸਬਜ਼ੀਆਂ ਅਤੇ ਡੇਅਰੀ ਉਤਪਾਦਾਂ ਦੇ ਉਤਪਾਦਨ ਲਈ ਬਰਾਮਦ ਮੁਖੀ ਫੂਡ ਪਾਰਕਾਂ ਨਾਲ ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓਜ਼) ਨੂੰ ਜੋੜਨਾ ਅਤੇ ਹੁਨਰਮੰਦ ਬਣਾਉਣਾ ਲਾਜ਼ਮੀ ਹੈ।

-ਉਚ ਮੁੱਲ ਵਾਲੇ ਜੈਵਿਕ ਉਤਪਾਦ, ਬਾਗਬਾਨੀ, ਡੇਅਰੀ, ਪੋਲਟਰੀ ਅਤੇ ਮੱਛੀ ਪਾਲਣ ਦੇ ਬਰਾਮਦ ਦੀ ਸੰਭਾਵਨਾ ਨੂੰ ਪੂਰਾ ਕਰਨਾ ਅੱਜ ਵੀ ਬਾਕੀ ਹੈ। ਪੰਜਾਬ ਨੂੰ ਡਬਲਿਊ.ਟੀ.ਓ.-ਅਨੁਕੂਲ ਤਰੀਕੇ ਨਾਲ ਬਰਾਮਦ ਵਧਾਉਣ ਵਾਸਤੇ, ਡੇਅਰੀ ਐਕਸਪੋਰਟ ਜ਼ੋਨ (ਡੀ.ਈ.ਜ਼ੈੱਡ.) ਅਤੇ ਆਰਗੈਨਿਕ ਪ੍ਰੋਡਕਟ ਐਕਸਪੋਰਟ ਜ਼ੋਨ (ਓ.ਪੀ.ਈਜ਼) ਦੇ ਵਿਕਾਸ 'ਤੇ ਵਿਚਾਰ ਕਰਨ ਦੀ ਵੀ ਡਾਢੀ ਲੋੜ ਹੈ।

-ਖੇਤੀਬਾੜੀ ਬਰਾਮਦ ਜੇ ਸਹੀ ਢੰਗ ਨਾਲ ਪ੍ਰੋਸੈਸਿੰਗ ਬੁਨਿਆਦੀ ਢਾਂਚੇ, ਸੰਸਥਾਈ ਮਦਦ, ਮਾਨਕੀਕਰਨ, ਪੈਕੇਜਿੰਗ, ਸਟੋਰੇਜ, ਲੌਜਿਸਟਿਕਸ, ਮਾਰਕੀਟਿੰਗ ਅਤੇ ਸਪਲਾਈ ਚੇਨ ਡ੍ਰਾਈ ਬੰਦਰਗਾਹਾਂ, ਸਮੁੰਦਰੀ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਦੇ ਸੰਪਰਕ ਨਾਲ ਜੁੜੀ ਹੋਵੇ ਤਾਂ ਜ਼ਿਆਦਾ ਠੀਕ ਹੈ।

-ਸਾਡੇ ਕੋਲ ਪਹਿਲਾਂ ਹੀ ਸ੍ਰੀਲੰਕਾ ਅਤੇ ਬੰਗਲਾਦੇਸ਼, ਯੂ.ਏ.ਈ. ਨਾਲ ਕੀਤੇ ਮੁਕਤ ਵਪਾਰ ਸਮਝੌਤੇ ਮੌਜੂਦ ਹਨ ਅਤੇ ਵਿਆਪਕ ਆਰਥਿਕ ਭਾਈਵਾਲੀ ਵਾਲੇ ਸਮਝੌਤੇ ਤਹਿਤ ਕੈਨੇਡਾ ਅਤੇ ਆਸਟਰੇਲੀਆ ਨਾਲ ਹੋਣ ਦੀ ਸੰਭਾਵਨਾ ਬਰਕਰਾਰ ਹੈ। ਭਾਰਤ ਲਈ ਯੂਰਪੀ ਯੂਨੀਅਨ, ਅਮਰੀਕਾ ਅਤੇ ਯੂ.ਕੇ. ਦੇ ਨਾਲ ਨਾਲ ਐਫ.ਟੀ.ਏ. ਵਿਚ ਪ੍ਰਵੇਸ਼ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਇਹ ਪੰਜਾਬ ਦੇ ਕਿਸਾਨਾਂ ਦੀ ਆਮਦਨ ਵਿਚ ਵੱਡਾ ਵਾਧਾ ਕਰਨ ਦੀ ਸੰਭਾਵਨਾ ਪੈਦਾ ਕਰਦਾ ਹੈ।

-ਸੰਸਾਰ ਬਰਾਮਦ ਮੁਕਾਬਲੇ ਲਈ ਫਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਨ੍ਹਾਂ ਦੇ ਉਤਪਾਦਾਂ ਨੂੰ ਹੋਰ ਬਿਹਤਰ ਬਣਾਉਣ ਲਈ ਖੋਜ ਤੇ ਵਿਕਾਸ ਅਤੇ ਤਕਨਾਲੋਜੀ ਵਿਚ ਉਚ ਨਿਵੇਸ਼ ਲਾਜ਼ਮੀ ਹੈ।

# ਪਿੰਡ ਅਨਾਇਤਪੁਰਾ ਕਾਂਡ ਦੇ ਸਬਕ

ਬੂਟਾ ਸਿੰਘ
ਫੋਨ: +91-94634-74342

ਫਿਰਕਾਪ੍ਰਸਤ ਤਾਕਤਾਂ ਕਿਵੇਂ ਮਾਮੂਲੀ ਨਿੱਜੀ ਝਗੜੇ ਨੂੰ ਫਿਰਕੂ ਲੜਾਈ ਵੱਲ ਧੱਕ ਸਕਦੀਆਂ ਹਨ, ਇਸ ਦੀ ਮਿਸਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਹਲਕੇ ਦਾ ਪਿੰਡ ਅਨਾਇਤਪੁਰ ਹੈ ਜਿੱਥੇ ਇਨ੍ਹੀਂ ਦਿਨੀਂ ਦੋ ਪਰਿਵਾਰਾਂ ਦੇ ਆਪਸੀ ਝਗੜੇ ਨੂੰ ਸਿੱਖ-ਮੁਸਲਿਮ ਝਗੜਾ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਇਸ ਨਿੱਕੇ ਜਿਹੇ ਪਿੰਡ ਵਿਚ ਤਿੰਨ ਕੁ ਘਰ ਗੁੱਜਰ ਮੁਸਲਮਾਨਾਂ ਦੇ ਹਨ ਅਤੇ 20-25 ਘਰ ਜੱਟਾਂ ਦੇ ਹਨ। ਗੁੱਜਰ ਪਰਿਵਾਰ ਇਕ ਕਿਸਾਨ ਪਰਿਵਾਰ ਵੱਲੋਂ ਦਿੱਤੀ ਜ਼ਮੀਨ ਉੱਪਰ ਰਹਿ ਰਿਹਾ ਹੈ ਜਿਨ੍ਹਾਂ ਦੀ ਆਪਸ 'ਚ ਉਸੇ ਤਰ੍ਹਾਂ ਪੁਰਾਣੀ ਰੰਜ਼ਿਸ਼ ਚੱਲ ਰਹੀ ਹੈ ਜਿਸ ਤਰ੍ਹਾਂ ਦੀ ਪਿੰਡਾਂ ਵਿਚ ਪਰਿਵਾਰਾਂ ਦਰਮਿਆਨ ਅਕਸਰ ਚੱਲਦੀ ਰਹਿੰਦੀ ਹੈ।

ਥੋੜ੍ਹੇ ਦਿਨ ਪਹਿਲਾਂ ਗੁੱਜਰ ਪਰਿਵਾਰ ਦੇ ਮੈਂਬਰਾਂ ਦਾ ਜੱਟ ਕਿਸਾਨ ਪਰਿਵਾਰ ਨਾਲ ਰਸਤੇ 'ਚੋਂ ਲੰਘਣ ਸਮੇਂ ਹੋਇਆ ਤਕਰਾਰ ਲੜਾਈ ਦਾ ਫੌਰੀ ਕਾਰਨ ਬਣਿਆ ਜੋ ਆਖਿਰਕਾਰ ਹਿੰਸਕ ਹਮਲੇ 'ਚ ਬਦਲ ਗਿਆ। ਦੋਨਾਂ ਪਰਿਵਾਰਾਂ ਨੇ ਆਪੋ ਆਪਣੇ ਬੰਦੇ ਇਕੱਠੇ ਕਰ ਲਏ। ਕਿਸਾਨਾਂ ਦਾ ਕਹਿਣਾ ਹੈ ਕਿ ਗੁੱਜਰਾਂ ਕੋਲ ਵੀ ਹਥਿਆਰ ਸਨ ਅਤੇ ਉਨ੍ਹਾਂ ਨੇ ਵੀ ਗੋਲੀਆਂ ਚਲਾਈਆਂ। ਗੁੱਜਰ ਕੁਰਾਨ ਦੀ ਕਸਮ ਖਾ ਕੇ ਔਰਤਾਂ ਨਾਲ ਗ਼ਲਤ ਵਿਹਾਰ ਕਰਨ ਅਤੇ ਹਥਿਆਰਾਂ ਦੀ ਗੱਲ ਤੋਂ ਇਨਕਾਰ ਕਰ ਰਹੇ ਹਨ ਪਰ ਇਹ ਜ਼ਾਹਰਾ ਹਕੀਕਤ ਹੈ ਕਿ ਕਿਸਾਨ ਧਿਰ ਵੱਲੋਂ ਚਲਾਈਆਂ ਗੋਲੀਆਂ ਨਾਲ ਦੋ ਗੁੱਜਰ ਚਾਚਾ-ਭਤੀਜਾ ਮਾਰੇ ਗਏ। ਗੁੱਜਰਾਂ ਦਾ ਇਲਜ਼ਾਮ ਹੈ ਕਿ ਚਾਰ ਪੰਜ ਬੰਦਿਆਂ ਵੱਲੋਂ ਉਨ੍ਹਾਂ ਉੱਪਰ ਸੌ ਤੋਂ ਵੱਧ ਗੋਲੀਆਂ ਚਲਾਈਆਂ ਗਈਆਂ। ਦੋਵੇਂ ਧਿਰਾਂ ਦੂਜੇ ਨੂੰ ਦੋਸ਼ੀ ਠਹਿਰਾ ਰਹੀਆਂ ਹਨ ਅਤੇ ਖੁਦ ਨੂੰ ਬੇਕਸੂਰ ਦੱਸ ਰਹੀਆਂ ਹਨ ਜਿਵੇਂ ਫੌਜਦਾਰੀ ਕੇਸਾਂ 'ਚ ਅਕਸਰ ਵਾਪਰਦਾ ਹੈ। ਗੁੱਜਰ ਪਰਿਵਾਰ ਨੇ ਆਪਣੇ ਦੋ ਬੰਦਿਆਂ ਦੇ ਕਤਲ ਦੇ ਬਾਵਜੂਦ ਸਾਫ ਕਿਹਾ ਹੈ ਕਿ ਸਾਡਾ ਦੋ ਪਰਿਵਾਰਾਂ ਦਾ ਝਗੜਾ ਹੈ, ਬਾਕੀ ਪਿੰਡ ਨਾਲ ਸਾਡੀ ਕੋਈ ਰੰਜ਼ਿਸ਼ ਨਹੀਂ ਹੈ।

ਕਤਲਾਂ ਦੀ ਖਬਰ ਸੁਣ ਕੇ ਗੁੱਜਰ ਭਾਈਚਾਰੇ ਦਾ ਇਕੱਠੇ ਹੋਣਾ ਸੁਭਾਵਿਕ ਸੀ ਅਤੇ ਉਹ ਪੁਲਿਸ ਦੀ ਮੌਜੂਦਗੀ 'ਚ ਹਜੂਮ ਦੇ ਰੂਪ 'ਚ ਉਸ ਪਰਿਵਾਰ ਦੇ ਘਰ ਅੱਗੇ ਜਾ ਪਹੁੰਚੇ ਅਤੇ ਘਰ ਦਾ ਗੇਟ ਭੰਨਣ ਦੀ ਕੋਸ਼ਿਸ਼ ਕੀਤੀ। ਗੁੱਜਰਾਂ ਦਾ ਪੱਖ ਹੈ ਕਿ ਉਹ ਤਾਂ ਪੁਲਿਸ ਦੇ ਨਾਲ ਇਹ ਦੱਸਣ ਲਈ ਉੱਥੇ ਗਏ ਸਨ ਕਿ ਕਤਲ ਦੇ ਦੋਸ਼ੀ ਅਜੇ ਵੀ ਆਪਣੇ ਘਰ ਵਿਚ ਲੁਕੇ ਹੋਏ ਹਨ। ਇਸ ਦੀ ਜੋ ਵੀਡੀਓ ਕਲਿੱਪ ਵਾਇਰਲ ਹੋਈ ਉਸ ਨੂੰ ਸੋਸ਼ਲ ਮੀਡੀਆ ਉੱਪਰ ਬਿਨਾਂ ਤੱਥ ਜਾਣੇ ਬਹੁਤ ਸਾਰੇ ਲੋਕਾਂ ਵੱਲੋਂ 'ਗੁੱਜਰਾਂ ਵੱਲੋਂ ਸਿੱਖਾਂ ਦੇ ਘਰ ਉੱਪਰ ਧਾਵਾ' ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇਹ ਗੱਲ ਵੀ ਜ਼ੋਰ-ਸ਼ੋਰ ਨਾਲ ਪ੍ਰਚਾਰੀ ਗਈ ਕਿ ਗੁੱਜਰਾਂ ਦੀ ਪੰਜਾਬ 'ਚ ਸਿੱਖਾਂ ਦੀਆਂ ਧੀਆਂ-ਭੈਣਾਂ ਦੀ ਬੇਇੱਜ਼ਤੀ ਕਰਨ ਅਤੇ ਪਿੰਡ ਵਿੱਚੋਂ ਕੱਢਣ ਦੀ ਹਿੰਮਤ ਕਿਵੇਂ ਪੈ ਗਈ! ਜਦਕਿ ਹਕੀਕਤ ਇਹ ਸੀ ਕਿ ਜਿਵੇਂ ਫੌਜਦਾਰੀ ਝਗੜਿਆਂ ਜਾਂ ਕਤਲ ਦੇ ਕੇਸਾਂ 'ਚ ਆਮ ਵਾਪਰਦਾ ਹੈ, ਕਤਲ ਨੂੰ ਅੰਜਾਮ ਦੇਣ ਤੋਂ ਬਾਦ ਕਤਲ ਕਰਨ ਵਾਲੇ ਅਤੇ ਉਨ੍ਹਾਂ ਦੇ ਹਮਾਇਤੀ ਗ੍ਰਿਫਤਾਰੀ ਤੋਂ ਬਚਣ ਲਈ ਘਰ-ਬਾਰ ਛੱਡ ਕੇ ਆਸੇ-ਪਾਸੇ ਹੋ ਗਏ। ਪਿੰਡ 'ਚ ਸੁੰਨ ਵਰਤਣਾ ਕੁਦਰਤੀ ਸੀ। ਪਰ ਇਸ ਨੂੰ ਕੁਝ ਟੀ.ਵੀ. ਚੈਨਲਾਂ ਵੱਲੋਂ ਭੜਕਾਊ ਰੂਪ 'ਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਗੁੱਜਰਾਂ ਦੀ ਦਹਿਸ਼ਤ ਕਾਰਨ 'ਸਿੱਖ' ਪਿੰਡ ਛੱਡ ਗਏ ਹਨ? ਇਹ ਵੀ ਤਾਅਨੇ ਦਿੱਤੇ ਗਏ ਕਿ ਸਿੱਖ ਜਥੇਬੰਦੀਆਂ ਚੁੱਪ ਬੈਠੀਆਂ ਤਮਾਸ਼ਾ ਕਿਉਂ ਦੇਖ ਰਹੀਆਂ ਹਨ। ਉਹ ਉੱਥੇ ਜਾ ਕੇ ਗੁੱਜਰਾਂ ਨੂੰ ਸਬਕ ਕਿਉਂ ਨਹੀਂ ਸਿਖਾਉਂਦੀਆਂ ਜਦਕਿ ਮੁਸਲਿਮ ਆਗੂ ਆਪਣੇ ਭਾਈਚਾਰੇ ਦੀ ਹਮਾਇਤ 'ਚ ਉੱਥੇ ਜਾ ਕੇ ਪੂਰੀ ਮੱਦਦ ਕਰ ਰਹੇ ਹਨ? ਧਾਰਮਿਕ ਜਨੂੰਨੀ ਵਿਅਕਤੀਆਂ ਵੱਲੋਂ ਗੁੱਜਰਾਂ ਨੂੰ ਸਬਕ ਸਿਖਾਉਣ ਦਾ 'ਕੌਮੀ' ਬਿਰਤਾਂਤ ਸਿਰਜਿਆ ਗਿਆ ਅਤੇ ਐਸੇ ਮੌਕਿਆਂ ਦੀ ਇੰਤਜ਼ਾਰ 'ਚ ਬੈਠੇ ਸਵਾਰਥੀ ਅਨਸਰਾਂ ਵੱਲੋਂ ਇਨ੍ਹਾਂ ਹਾਲਾਤ ਦਾ ਲਾਹਾ ਲੈਣ ਲਈ ਅੱਗ ਲਾਊ ਖੇਡ ਖੇਡਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਕਥਿਤ ਸਿੱਖ ਚੈਨਲਾਂ ਵੱਲੋਂ ਵੀ ਇਸ ਨੂੰ ਸਿੱਖਾਂ ਦੀ 'ਕੌਮੀ ਲੜਾਈ' ਬਣਾਉਣ 'ਚ ਵਾਹਵਾ ਭੂਮਿਕਾ ਨਿਭਾਈ ਗਈ। ਇਸ ਭੜਕਾਊ ਪ੍ਰਚਾਰ ਦੇ ਪ੍ਰਭਾਵ ਹੇਠ ਬਹੁਤ ਸਾਰੇ ਸਿੱਖ ਨੁਮਾਇੰਦੇ ਅਤੇ ਨਿਹੰਗ ਪਿੰਡ ਅਨਾਇਤਪੁਰ ਜਾ ਪਹੁੰਚੇ ਅਤੇ ਸਿੱਖਾਂ ਨਾਲ ਧੱਕੇਸ਼ਾਹੀ ਵਿਰੁੱਧ ਪੱਕਾ ਮੋਰਚਾ ਲਾਉਣ ਦੇ ਐਲਾਨ ਵੀ ਕੀਤੇ ਗਏ। ਮਾਹੌਲ ਬਹੁਤ ਹੀ ਚਿੰਤਾਜਨਕ ਬਣਦਾ ਜਾ ਰਿਹਾ ਸੀ। ਚੰਗੀ ਗੱਲ ਇਹ ਹੋਈ ਕਿ ਇਸ ਦੌਰਾਨ ਮੁਸਲਿਮ ਆਗੂਆਂ ਅਤੇ ਕੁਝ ਸਿੱਖ ਆਗੂਆਂ ਵੱਲੋਂ, ਜੋ ਟਕਰਾਓ ਦੇ ਖਤਰਨਾਕ ਨਤੀਜਿਆਂ ਤੋਂ ਚੌਕਸ ਹਨ, ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਇਸ ਨੂੰ ਫਿਰਕੂ ਝਗੜਾ ਬਣਨ ਤੋਂ ਰੋਕਣ ਲਈ ਸੰਜੀਦਾ ਦਖਲਅੰਦਾਜ਼ੀ ਕੀਤੀ ਗਈ। ਟਕਰਾਓ ਨੂੰ ਸੁਲਝਾਉਣ ਲਈ ਸਾਂਝੇ ਰੂਪ 'ਚ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਜਨਤਕ ਕੀਤੀ ਗਈ ਅਤੇ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ ਗਈ। ਫੋਕਸ ਇਸ ਉੱਪਰ ਹੈ ਕਿ ਪੁਲਿਸ ਕਿਸੇ ਨੂੰ ਵੀ ਨਜਾਇਜ਼ ਤੰਗ ਨਹੀਂ ਕਰੇਗੀ, ਕਤਲ ਕੇਸ ਵਿਚ ਸ਼ਾਮਿਲ ਕਰ ਲਏ ਜਾਣ ਅਤੇ ਗ੍ਰਿਫਤਾਰ ਕਰ ਲਏ ਜਾਣ ਦੇ ਡਰੋਂ ਆਸੇ-ਪਾਸੇ ਹੋਏ ਪਿੰਡ ਵਾਸੀ ਆਪਣੇ ਘਰਾਂ 'ਚ ਵਾਪਸ ਆ ਜਾਣ, ਸਹੀ ਤਫਤੀਸ਼ ਕਰਕੇ ਸਿਰਫ ਕਸੂਰਵਾਰ ਵਿਅਕਤੀਆਂ ਵਿਰੁੱਧ ਹੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹਾਲਾਤ ਦੀ ਨਜ਼ਾਕਤ ਦੇ ਮੱਦੇਨਜ਼ਰ ਪੁਲਿਸ ਅਧਿਕਾਰੀ ਵੀ ਹਾਲਾਤ ਉੱਪਰ ਕਾਬੂ ਪਾਉਣ ਦੇ ਦਬਾਓ ਹੇਠ ਹਨ। ਟਕਰਾਓ ਘਟਣ ਦੇ ਸੰਕੇਤ ਆਉਣੇ ਸ਼ੁਰੂ ਹੋ ਗਏ ਹਨ।

ਇਹ ਘਟਨਾਕ੍ਰਮ ਦੇ ਸਬਕਾਂ ਨੂੰ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਭਾਈਚਾਰੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਸੋਸ਼ਲ ਮੀਡੀਆ ਰਾਹੀਂ ਅਫਵਾਹਾਂ ਬਿਜਲਈ ਤੇਜ਼ੀ ਨਾਲ ਫੈਲਦੀਆਂ ਹਨ, ਇਨ੍ਹਾਂ ਦੇ ਨਤੀਜੇ ਬਹੁਤ ਖਤਰਨਾਕ ਹੋ ਸਕਦੇ ਹਨ। ਪਿਛਲੇ ਸਮੇਂ 'ਚ ਕਪੂਰਥਲਾ ਦੇ ਬੇਅਦਬੀ ਦੇ ਮਾਮਲੇ ਨੂੰ ਅੱਗ ਲਾਊ ਅਨਸਰਾਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਬਹੁਤ ਜ਼ਿਆਦਾ ਉਛਾਲਿਆ ਗਿਆ। ਤੱਥਾਂ ਦੀ ਛਾਣਬੀਣ ਕਰਨ ਦੀ ਬਜਾਏ ਬੇਕਸੂਰ ਵਿਅਕਤੀ ਕਤਲ ਕਰ ਦਿੱਤੇ ਗਏ। ਸਿੰਘੂ ਬਾਰਡਰ ਮਾਮਲੇ 'ਚ ਬੇਅਦਬੀ ਦੇ ਨਾਂ ਹੇਠ ਨਿਹੰਗਾਂ ਦੇ ਭੇਸ 'ਚ ਛੁਪੇ ਗ਼ਲਤ ਅਨਸਰਾਂ ਦੀ ਸਾਜ਼ਿਸ਼ੀ ਭੂਮਿਕਾ ਸਾਹਮਣੇ ਆਈ। ਭੜਕਾਊ ਅਨਸਰਾਂ ਦੇ ਆਪਣੇ ਏਜੰਡੇ ਹਨ, ਸਰਕਾਰੀ ਏਜੰਟ ਅਤੇ ਏਜੰਸੀਆਂ ਲਈ ਕੰਮ ਕਰੇ ਵਿਅਕਤੀ ਫਿਰਕੂ ਝਗੜੇ ਕਰਵਾਉਣ ਲਈ ਘਾਤ ਲਾਈ ਬੈਠੇ ਹਨ। ਕੁਛ ਐਸੀਆਂ ਰਾਜਨੀਤਕ ਤਾਕਤਾਂ ਇਸ ਤਾਕ 'ਚ ਹਨ ਕਿ ਕੋਈ ਮਸਲਾ ਬਣੇ ਤਾਂ ਉਸ ਨੂੰ ਫਿਰਕੂ ਰੰਗਤ ਦੇ ਕੇ ਆਪਣੀ ਹੋਂਦ ਦਿਖਾਈ ਜਾਵੇ। ਸੋਸ਼ਲ ਮੀਡੀਆ ਉੱਪਰ ਐਸੇ ਅਨਸਰ ਵਾਹਵਾ ਸਰਗਰਮ ਹਨ ਜੋ ਹਰ ਮਸਲੇ ਨੂੰ ਫਿਰਕੂ ਐਨਕ ਨਾਲ ਦੇਖਦੇ ਹਨ। ਸਿੱਖ ਫਿਰਕੇ ਦੇ ਸੰਜੀਦਾ ਹਿੱਸਿਆਂ ਨੂੰ ਇਨ੍ਹਾਂ ਮਾਮਲਿਆਂ ਨੂੰ ਬਹੁਤ ਹੀ ਚੌਕਸੀ ਨਾਲ ਲੈਣਾ ਚਾਹੀਦਾ ਹੈ। ਕੇਂਦਰੀ ਸੱਤਾ ਉੱਪਰ ਬਹੁਤ ਹੀ ਸ਼ਾਤਰ ਅਤੇ ਦੁਸ਼ਟ ਤਾਕਤ ਕਾਬਜ਼ ਹੈ ਜਿਸ ਦੀ ਖਾਸ ਰੁਚੀ ਸਿੱਖ-ਮੁਸਲਿਮ ਦੀ ਭਾਈਚਾਰਕ ਸਾਂਝ ਨੂੰ ਤੋੜਨ 'ਚ ਹੈ ਕਿਉਂਕਿ ਪੰਜਾਬ ਦੇ ਲੋਕ ਆਪਣੀ ਸ਼ਾਨਦਾਰ ਵਿਰਾਸਤ ਕਾਰਨ ਮਜ਼ਲੂਮ ਘੱਟਗਿਣਤੀ ਮੁਸਲਿਮ ਭਾਈਚਾਰੇ ਅਤੇ ਕਸ਼ਮੀਰੀ ਲੋਕਾਂ ਦੇ ਹੱਕ 'ਚ ਡੱਟ ਕੇ ਖੜ੍ਹ ਰਹੇ ਹਨ। ਇਹ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਖਾਸ ਤੌਰ 'ਤੇ ਚੁਭਦਾ ਹੈ ਅਤੇ ਉਹ ਇਸ ਸਾਂਝ ਨੂੰ ਤੋੜਨ ਲਈ ਹਰ ਹਰਬਾ ਵਰਤ ਰਹੇ ਹਨ। ਚੌਕਸ ਰਹਿਣਾ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ ਰਾਹੀਂ ਮੁਸਲਮਾਨਾਂ ਅਤੇ ਕਸ਼ਮੀਰੀਆਂ ਵਿਰੁੱਧ ਜ਼ਹਿਰੀਲੀ ਨਫਰਤ ਫੈਲਾਉਣ, ਮੋਦੀ ਅਤੇ ਭਾਜਪਾ ਨੂੰ ਸਿੱਖਾਂ ਦੀ ਖੈਰ-ਖਵਾਹ ਬਣਾ ਕੇ ਪੇਸ਼ ਕਰਨ ਅਤੇ ਝੂਠੀਆਂ ਖਬਰਾਂ ਅਤੇ ਅਫਵਾਹਾਂ ਫੈਲਾਉਣ ਲਈ ਭਗਵਾਂ ਆਈ.ਟੀ. ਸੈੱਲ ਲਗਾਤਾਰ ਸਰਗਰਮ ਹੈ।

ਅਨਾਇਤਪੁਰ ਮਾਮਲੇ 'ਚ ਵੀ ਸੋਸ਼ਲ ਮੀਡੀਆ ਉੱਪਰ ਲਗਾਤਾਰ ਅੱਗ ਲਾਊ ਪੋਸਟਾਂ ਪਾ ਕੇ ਸਿੱਖ ਭਾਈਚਾਰੇ ਨੂੰ ਬਦਲਾ ਲੈਣ ਲਈ ਭੜਕਾਇਆ ਗਿਆ। ਪੋਸਟਾਂ ਦੀ ਇਕ ਵੰਨਗੀ 'ਚ ਮੋਦੀ ਅਤੇ ਯੋਗੀ ਆਦਿੱਤਿਆਨਾਥ ਦੀਆਂ ਖਾਸ ਤੌਰ 'ਤੇ ਤਾਰੀਫਾਂ ਵੀ ਕੀਤੀਆਂ ਜਾ ਰਹੀਆਂ ਹਨ ਕਿ ਜਿਵੇਂ ਯੋਗੀ ਨੇ ਯੂ.ਪੀ. ਵਿਚ ਹੈਦਰੀ ਝੰਡੇ ਵਾਲਿਆਂ ਨੂੰ ਸਬਕ ਸਿਖਾਇਆ ਉਸੇ ਤਰ੍ਹਾਂ ਪੰਜਾਬ 'ਚ ਸਿੱਖਾਂ ਨੂੰ ਗੁੱਜਰਾਂ ਅਤੇ ਹੋਰ ਮੁਸਲਮਾਨਾਂ ਵਿਰੁੱਧ ਹਿੰਸਕ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ। ਚਿੰਤਾਜਨਕ ਇਹ ਹੈ ਕਿ ਇਹ ਪੋਸਟਾਂ ਪਾਉਣ ਵਾਲੇ ਪੰਜਾਬ ਦੇ ਨੌਜਵਾਨ ਹਨ। ਇਨ੍ਹਾਂ ਪੋਸਟਾਂ ਤੋਂ ਪੋਸਟਾਂ ਪਾਉਣ ਵਾਲਿਆਂ ਦੀ ਮਨਸ਼ਾ ਸਪਸ਼ਟ ਹੋ ਜਾਂਦੀ ਹੈ ਕਿ ਉਹ ਖਤਰਨਾਕ ਤਾਕਤਾਂ ਦੇ ਹੱਥਾਂ 'ਤੇ ਚੜ੍ਹੇ ਹੋਏ ਹਨ ਅਤੇ ਇਸ ਘਟਨਾ ਦੇ ਬਹਾਨੇ ਸਿੱਖ ਮੁਸਲਿਮ ਮਸਲਾ ਬਣਾ ਕੇ ਉਸ ਰਿਸ਼ਤੇ 'ਚ ਜ਼ਹਿਰ ਘੋਲਣਾ ਚਾਹੁੰਦੇ ਹਨ ਜੋ ਪਿਛਲੇ ਸਾਲਾਂ ਵਿਚ ਦੋ ਮਜ਼ਲੂਮ ਧਿਰਾਂ ਦੀ ਸਾਂਝ ਦੇ ਰੂਪ 'ਚ ਉਭਰ ਕੇ ਸਾਹਮਣੇ ਆਇਆ ਹੈ।

ਬਿਨਾਂ ਸ਼ੱਕ ਭਾਈਚਾਰਿਆਂ ਦਰਮਿਆਨ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਸੰਜੀਦਾ ਸੰਵਾਦ ਵੀ ਜ਼ਰੂਰੀ ਹਨ ਅਤੇ ਉਨ੍ਹਾਂ ਦਾ ਤਰਕਪੂਰਨ ਹੱਲ ਤਲਾਸ਼ਣ ਦੀਆਂ ਕੋਸ਼ਿਸ਼ਾਂ ਵੀ ਹੋਣੀਆਂ ਚਾਹੀਦੀਆਂ ਹਨ। ਖਾਸ ਕਰਕੇ, ਪੰਜਾਬ ਵਿਚ ਰੁਜ਼ਗਾਰ ਦੀ ਖਾਤਰ ਆ ਕੇ ਵਸੇ ਪਰਵਾਸੀ ਮਜ਼ਦੂਰਾਂ, ਗੁੱਜਰਾਂ ਅਤੇ ਹੋਰ ਭਾਈਚਾਰਿਆਂ ਨਾਲ ਸਥਾਨਕ ਬਾਸ਼ਿੰਦਿਆਂ ਦੇ ਬਹੁਤ ਸਾਰੇ ਝਗੜੇ ਖੜ੍ਹੇ ਹੁੰਦੇ ਹਨ। ਸਿੱਖ ਜਥੇਬੰਦੀਆਂ ਦਾ ਇਕ ਹਿੱਸਾ ਇਨ੍ਹਾਂ ਦੇ ਪੰਜਾਬ 'ਚ ਵਸਣ, ਇਨ੍ਹਾਂ ਦੀ ਵੋਟਾਂ ਬਣਾਏ ਜਾਣ ਨੂੰ ਰਾਜਨੀਤਕ ਤਾਕਤਾਂ ਦੀ ਵੋਟ ਬੈਂਕ ਪੱਕਾ ਕਰਨ ਦੀ ਸਾਜ਼ਿਸ਼ ਦੇ ਰੂਪ 'ਚ ਦੇਖ ਰਿਹਾ ਹੈ। ਇਨ੍ਹਾਂ ਸਵਾਲਾਂ ਬਾਰੇ ਪ੍ਰਵਾਸ ਦੀ ਜ਼ਰੂਰਤ ਅਤੇ ਪਰਵਾਸੀਆਂ ਦੇ ਮਨੁੱਖੀ ਹੱਕਾਂ ਦੇ ਨਜ਼ਰੀਏ ਤੋਂ ਤਹੱਮਲ ਨਾਲ ਸੋਚਣ ਦੀ ਜ਼ਰੂਰਤ ਹੈ। ਹਿੰਦੂ ਭਾਈਚਾਰੇ ਨਾਲ ਵੀ ਬਹੁਤ ਸਾਰੇ ਮਸਲੇ ਹਨ। ਪੰਜਾਬ ਇਕ ਤਰ੍ਹਾਂ ਨਾਲ ਬਾਰੂਦ ਦੇ ਢੇਰ ਉੱਪਰ ਬੈਠਾ ਹੈ, ਮਾਮੂਲੀ ਗ਼ਲਤੀ ਵੀ ਭਾਰੀ ਨੁਕਸਾਨ ਦਾ ਕਾਰਨ ਬਣ ਸਕਦੀ ਹੈ। ਅਸਲ ਦੁਸ਼ਮਣ ਦੀ ਸ਼ਨਾਖਤ ਕਰਨਾ ਜ਼ਰੂਰੀ ਹੈ। ਇਸ ਵਕਤ ਜ਼ਰੂਰਤ ਇਕਜੁੱਟ ਹੋ ਕੇ ਪੰਜਾਬ ਨੂੰ ਬਚਾਉਣ ਅਤੇ ਕੁਲ ਤਾਕਤਾਂ ਇਸ ਲੜਾਈ 'ਚ ਲਗਾਉਣ ਦੀ ਹੈ। ਭਾਈਚਾਰਕ ਝਗੜਿਆਂ ਦਾ ਹੱਲ ਗੱਲਬਾਤ ਰਾਹੀਂ ਕਰਨਾ ਚਾਹੀਦਾ ਹੈ।

---

# ਕਿਸਾਨਾਂ ਦੀ ਆਮਦਨ

ਦਵਿੰਦਰ ਸ਼ਰਮਾ

ਜਟਾਘਰਾ ਛੱਤੀਸਗੜ੍ਹ ਦੇ ਦੁਰਗ ਜ਼ਿਲ੍ਹੇ ਦੇ ਦਮਧਾ ਸ਼ਹਿਰ ਦੇ ਕੋਲ ਇਕ ਛੋਟਾ ਜਿਹਾ ਪਿੰਡ ਹੈ। ਭ੍ਰਿਸ਼ਟਾਚਾਰ ਦੇ ਸਮੁੰਦਰ ਦੇ ਵਿਚਕਾਰ ਜੋ ਅੱਜ ਅਸੀਂ ਆਪਣੇ ਆਲੇ-ਦੁਆਲੇ ਦੇਖਦੇ ਹਾਂ, ਇਹ ਪਿੰਡ ਖ਼ੁਸ਼ਹਾਲੀ ਦੇ ਦੀਪ 'ਚ ਬਦਲ ਗਿਆ ਹੈ। ਇਹ ਸੁਣਨ 'ਚ ਹੈਰਾਨ ਕਰਨ ਵਾਲਾ ਲੱਗ ਸਕਦਾ ਹੈ ਕਿ ਇਕ ਆਰਥਿਕ ਤੌਰ 'ਤੇ ਵਿਵਹਾਰਕ ਖੇਤੀ ਹੈ, ਜਿਸ ਨੇ ਇਸ ਪਿੰਡ 'ਚ ਇਹ ਤਬਦੀਲੀ ਲਿਆਂਦੀ ਹੈ।

ਪਿੰਡ 'ਚ ਰਹਿਣ ਵਾਲੇ ਲਗਭਗ 90 ਤੋਂ 100 ਘਰਾਂ ਲਈ ਪੇਂਡੂ ਜੀਵਨ ਸ਼ੈਲੀ 'ਚ ਲਗਾਤਾਰ ਸੁਧਾਰ ਇਹ ਸਭ ਕੁਝ ਦਰਸਾਉਂਦਾ ਹੈ। ਇਕ ਪ੍ਰਸਿੱਧ ਹਿੰਦੀ ਅਖ਼ਬਾਰ ਦੀ ਰਿਪੋਰਟ ਮੁਤਾਬਿਕ ਜਟਾਘਰਾ 'ਚ ਹੁਣ 25 ਕਾਰਾਂ, 45 ਏਅਰ ਕੰਡੀਸ਼ਨਰ, 30 ਜਰਮਨ ਸ਼ੈਫਰਡ ਨਸਲ ਦੇ ਕੁੱਤੇ ਹਨ, ਜੋ ਇਕ ਸੁਪਨਿਆਂ ਦਾ ਪਿੰਡ ਬਣ ਗਿਆ ਹੈ ਅਤੇ ਇੱਥੇ ਰਹਿ ਰਹੇ ਕੁਝ ਪਰਿਵਾਰਾਂ ਦੇ ਕੋਲ ਮਾਡਊਲਰ ਰਸੋਈ, ਮਹਿੰਗੇ ਸਮਾਰਟ ਫੋਨ ਅਤੇ ਇਲੈਕਟ੍ਰਾਨਿਕ ਰਸੋਈ ਵੀ ਹੈ। ਅਤਿ-ਆਧੁਨਿਕ 70 ਟਰੈਕਟਰਾਂ ਅਤੇ ਹੋਰ ਖੇਤੀ ਉਪਕਰਨਾਂ ਦੇ ਨਾਲ ਪਿੰਡ ਦੀ 1400 ਏਕੜ ਖੇਤੀ ਯੋਗ ਜ਼ਮੀਨ ਦਾ ਜ਼ਿਆਦਾਤਰ ਰਕਬਾ ਟਮਾਟਰ ਦੀ ਖੇਤੀ ਅਧੀਨ ਹੈ। ਪਿੰਡ ਦੀ 700 ਦੇ ਲਗਭਗ ਆਬਾਦੀ 'ਚੋਂ ਸਿਰਫ 2 ਵਿਅਕਤੀ ਹੀ ਸਰਕਾਰੀ ਨੌਕਰੀ ਕਰਦੇ ਹਨ। ਉਕਤ ਵਰਨਣਯੋਗ ਪਰਿਵਰਤਨ ਸਿਰਫ ਖੇਤੀਬਾੜੀ ਕਰਕੇ ਹੀ ਸੰਭਵ ਹੋ ਸਕਿਆ ਹੈ।


ਇਸ ਤੋਂ ਪਹਿਲਾਂ ਕਿ ਤੁਹਾਨੂੰ ਕਿਸੇ ਤਰ੍ਹਾਂ ਦੀ ਕੋਈ ਗਲਤਫਹਿਮੀ ਹੋਵੇ ਅਤੇ ਤੁਸੀਂ ਉੱਚ ਆਮਦਨ ਪ੍ਰਾਪਤ ਕਰਨ ਲਈ ਦੇਸ਼ ਦੇ ਬਾਕੀ ਹਿੱਸਿਆਂ ਦੇ ਕਿਸਾਨਾਂ ਨੂੰ ਟਮਾਟਰ ਦੀ ਪੈਦਾਵਾਰ ਵਧਾਉਣ ਲਈ ਉੱਨਤ ਤਕਨੀਕ ਨਾ ਅਪਣਾਉਣ ਲਈ ਦੋਸ਼ ਦੇਣਾ ਸ਼ੁਰੂ ਕਰੋ, ਮੈਂ ਤੁਹਾਨੂੰ ਇਕ ਗੱਲ ਦੱਸ ਦੇਵਾਂ ਕਿ ਇਹ ਸਭ ਦੂਜੀ ਤਰ੍ਹਾਂ ਨਾਲ ਹੋਇਆ। ਇਹ ਅਸਲ 'ਚ ਉੱਚ ਆਮਦਨ ਦਾ ਇਕ ਨਿਰੰਤਰ ਦੌਰ ਸੀ, ਜਿਸ ਨੇ ਪਰਿਵਰਤਨ ਲਿਆਂਦਾ। ਟਮਾਟਰ ਦੀ ਫਸਲ ਨਾਲ ਹੋਣ ਵਾਲੀ ਉੱਚ ਆਮਦਨ ਦੇ ਨਾਲ, ਕਿਸਾਨ ਉੱਚਿਤ ਤਕਨੀਕ ਦੀ ਵਰਤੋਂ ਕਰਕੇ ਫਸਲ ਪ੍ਰਬੰਧ ਕਰਨ 'ਚ ਨਿਵੇਸ਼ ਕਰਨ ਦੇ ਸਮਰੱਥ ਹੋਏ। ਇਸ ਲਈ ਇਸ ਪਿੰਡ ਵਿਚ ਸਿਰਜੀ ਗਈ ਸਫਲਤਾ ਦੀ ਕਹਾਣੀ ਦਾ ਸੰਦੇਸ਼ ਸਪੱਸ਼ਟ ਹੈ ਕਿ ਪਿੰਡ ਦੀ ਖ਼ੁਸ਼ਹਾਲੀ ਦੀ ਕੁੰਜੀ ਕਿਸਾਨਾਂ ਨੂੰ ਇਕ ਯਕੀਨੀ ਅਤੇ ਲਾਭਦਾਇਕ ਆਮਦਨ ਮੁਹੱਈਆ ਕਰਵਾਉਣਾ ਹੈ। ਮੈਂ ਤਿੰਨ ਸਾਲ ਪਹਿਲਾਂ ਰਾਏਪੁਰ ਦੇ ਇਕ ਨੌਜਵਾਨ ਪੱਤਰਕਾਰ ਅਤੇ ਲੇਖਕ ਗੋਵਿੰਦ ਪਟੇਲ ਜਿਨ੍ਹਾਂ ਨੇ ਟਮਾਟਰ ਦੀ ਖੇਤੀ 'ਤੇ ਇਕ ਲੋਕਪ੍ਰਿਯ ਪੁਸਤਕ ਵੀ ਲਿਖੀ ਹੈ, ਦੇ ਨਾਲ ਇਕ ਅਗਾਂਹਵਧੂ ਟਮਾਟਰ ਉਤਪਾਦਕ ਜ਼ਾਲਮ ਸਿੰਘ ਪਟੇਲ ਨੂੰ ਮਿਲਣ ਲਈ ਜਟਾਘਰਾ ਪਿੰਡ ਗਿਆ ਸੀ। ਆਪਣੇ ਖੇਤ ਨੇੜੇ ਲਿਜਾ ਕੇ ਜ਼ਾਲਮ ਸਿੰਘ ਨੇ ਮੈਨੂੰ ਸਮਝਾਇਆ ਕਿ ਕਿਵੇਂ ਉਹ ਆਪਣੀ ਖੇਤੀਬਾੜੀ ਸਰਗਰਮੀ ਨੂੰ ਇਕ ਕਾਰੋਬਾਰ ਉਦਯੋਗ ਵਿਚ ਤਬਦੀਲ ਕਰਨ 'ਚ ਸਫਲ ਰਹੇ। ਮੈਂ ਉਨ੍ਹਾਂ ਕੋਲੋਂ ਇਹ ਜਾਣਨ ਲਈ ਬਹੁਤ ਉਤਸੁਕ ਸੀ ਕਿ ਉਹ ਏਨਾ ਚੰਗਾ ਕਾਰੋਬਾਰ ਕਰਨ 'ਚ ਕਿਵੇਂ ਸਫਲ ਰਹੇ, ਖ਼ਾਸਕਰ ਅਜਿਹੇ ਸਮੇਂ 'ਚ ਜਦੋਂ ਵਾਜਬ ਮੁੱਲ ਨਾ ਮਿਲਣ ਤੋਂ ਨਾਰਾਜ਼ ਕਿਸਾਨਾਂ ਵਲੋਂ ਸੜਕਾਂ 'ਤੇ ਟਮਾਟਰ ਸੁੱਟਣ ਦੀਆਂ ਖ਼ਬਰਾਂ ਅਕਸਰ ਸਾਹਮਣੇ ਆਉਂਦੀਆਂ ਹਨ। ਲੰਬੀ ਕਹਾਣੀ ਨੂੰ ਛੋਟਾ ਕਰਦਾ ਹੋਇਆ ਮੈਂ ਦੱਸ ਦੇਵਾਂ ਕਿ ਉਨ੍ਹਾਂ ਵਰਗੇ ਕਿਸਾਨਾਂ ਲਈ ਆਸਾਧਾਰਨ ਤੌਰ 'ਤੇ ਚੰਗਾ ਪ੍ਰਦਰਸ਼ਨ ਕਰਨ ਪਿੱਛੇ ਦਾ ਕਾਰਨ ਇਹ ਹੈ ਕਿ ਉਹ ਵੱਖੋ-ਵੱਖ ਰਾਜਾਂ 'ਚ ਟਮਾਟਰ ਦੀ ਫਸਲ ਦੇ ਆਉਣ ਤੋਂ ਪਹਿਲਾਂ ਭਾਵ ਅਕਤੂਬਰ-ਨਵੰਬਰ 'ਚ ਜਲਦੀ ਫਸਲ ਯਕੀਨੀ ਬਣਾ ਕੇ ਬਾਜ਼ਾਰ ਦਾ ਲਾਭ ਚੁੱਕਣ 'ਚ ਕਾਮਯਾਬ ਰਹੇ। ਮੌਸਮ ਤੋਂ ਪਹਿਲਾਂ ਫਸਲ ਲੈਣ ਨਾਲ ਉਨ੍ਹਾਂ ਨੂੰ ਵੱਧ ਕੀਮਤ ਮਿਲ ਸਕਦੀ ਹੈ। ਅਕਸਰ ਉਨ੍ਹਾਂ ਨੂੰ 24 ਤੋਂ 28 ਕਿੱਲੋਗ੍ਰਾਮ ਦੇ ਟਮਾਟਰਾਂ ਨਾਲ ਭਰੇ ਕੈਰਟ (ਟੋਕਰੇ) ਦੀ ਕੀਮਤ 1200 ਰੁਪਏ ਤੋਂ 1400 ਰੁਪਏ ਮਿਲ ਜਾਂਦੀ ਹੈ, ਭਾਵ ਉਹ ਲਗਭਗ 50 ਰੁਪਏ ਪ੍ਰਤੀ ਕਿੱਲੋਗ੍ਰਾਮ ਦੇ ਹਿਸਾਬ ਨਾਲ ਟਮਾਟਰ ਵੇਚਦੇ ਹਨ। ਇਸ ਦੀ ਤੁਲਨਾ ਆਮ ਸਮੇਂ ਨਾਲ ਕੀਤੀ ਜਾਵੇ ਜਦੋਂ ਟਮਾਟਰ ਦੀ ਫਸਲ ਆਉਣ ਦੇ ਕਾਰਨ ਕੀਮਤਾਂ 'ਚ ਗਿਰਾਵਟ ਆਉਂਦੀ ਹੈ, ਜੋ ਅਕਸਰ 8 ਰੁਪਏ ਤੋਂ 10 ਰੁਪਏ ਪ੍ਰਤੀ ਕਿੱਲੋਗ੍ਰਾਮ ਤੱਕ ਆਮ ਨਾਲੋਂ ਘੱਟ ਹੁੰਦੀ ਹੈ। ਅਜਿਹੇ ਔਖੇ ਸਮੇਂ 'ਚ ਕਿਸਾਨਾਂ ਦੀ ਜੋ ਕਮਾਈ ਹੁੰਦੀ ਹੈ, ਉਹ ਅੰਤਿਮ ਉਪਭੋਗਤਾ ਮੁੱਲ ਦਾ ਇਕ ਹਿੱਸਾ ਹੈ।

ਗੋਵਿੰਦ ਪਟੇਲ ਨੇ ਮੈਨੂੰ ਸਮਝਾਇਆ ਕਿ ਕਿਵੇਂ ਉੱਚ ਕੀਮਤਾਂ ਦਾ ਇਕ ਸਥਿਰ ਦੌਰ ਚੱਲਿਆ, ਪਿਛਲੇ ਸਾਲ ਜਦੋਂ ਦੇਸ਼ ਦੇ ਜ਼ਿਆਤਾਦਾਰ ਹਿੱਸਿਆਂ 'ਚ ਫਸਲ ਖ਼ਰਾਬ ਹੋ ਗਈ ਸੀ, ਲਗਭਗ ਤਿੰਨ ਮਹੀਨਿਆਂ ਦੇ ਲਈ ਟਮਾਟਰ ਦੀਆਂ ਕੀਮਤਾਂ 57 ਰੁਪਏ ਪ੍ਰਤੀ ਕਿੱਲੋਗ੍ਰਾਮ ਤੱਕ ਪਹੁੰਚ ਗਈਆਂ ਸਨ, ਇਹੀ ਉਹ ਕਾਰਨ ਹੈ, ਜਦੋਂ ਜਟਾਘਰਾ ਪਿੰਡ ਦੇ ਕਿਸਾਨਾਂ ਨੇ ਇਸ ਕਾਰੋਬਾਰ 'ਤੇ ਆਪਣੀ ਪਕੜ ਬਣਾ ਲਈ। ਹਰਿਆਣਾ 'ਚ 'ਭਾਵਾਂਤਰ ਭਰਾਈ ਯੋਜਨਾ' ਤਹਿਤ ਟਮਾਟਰ ਉਤਪਾਦਕ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਵੱਲ ਉਤਸ਼ਾਹਿਤ ਕਰਨ ਲਈ ਘੱਟੋ-ਘੱਟ 4 ਰੁਪਏ ਪ੍ਰਤੀ ਕਿੱਲੋ ਦੇਣ ਦੇ ਵਾਅਦੇ ਦੇ ਨਾਲ ਇਸ ਪਿੰਡ ਦੀ ਤੁਲਨਾ ਕਰੀਏ ਤਾਂ ਜਟਾਘਰਾ ਦੇ ਕਿਸਾਨ ਲਗਾਤਾਰ ਉੱਚੀਆਂ ਕੀਮਤਾਂ ਪ੍ਰਾਪਤ ਰਹੇ ਹਨ। ਜਟਾਘਰਾ ਇਕ ਆਧੁਨਿਕ ਅਤੇ ਖ਼ੁਸ਼ਹਾਲ ਪਿੰਡ ਵਜੋਂ ਕਿਉਂ ਅਤੇ ਕਿਵੇਂ ਵਿਕਸਿਤ ਹੋਇਆ, ਇਸ ਦਾ ਕਾਰਨ ਬਹੁਤ ਸਪੱਸ਼ਟ ਹੋ ਜਾਂਦਾ ਹੈ। ਇਸ ਲਈ ਇਕ ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ ਦੇ ਮਾਧਿਅਮ ਨਾਲ ਇਕ ਯਕੀਨੀ ਅਤੇ ਲਾਭਦਾਇਕ ਆਮਦਨ ਪ੍ਰਧਾਨ ਮੰਤਰੀ ਦੇ 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਸੁਪਨੇ ਨੂੰ ਸਾਕਾਰ ਕਰਨ ਦੀ ਕੁੰਜੀ ਹੈ। ਪਰ ਹਰ ਕਿਸਾਨ ਤੋਂ ਜਲਦੀ ਫਸਲ ਲਏ ਜਾਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਜੇਕਰ ਉਹ ਅਜਿਹਾ ਕਰਦੇ ਵੀ ਹਨ ਤਾਂ ਇਸ ਨਾਲ ਜਟਾਘਰਾ ਦੇ ਕਿਸਾਨਾਂ ਨੂੰ ਵੀ ਉਸੇ ਤਰ੍ਹਾਂ ਦੀ ਭਾਰੀ ਮੁੱਲ ਗਿਰਾਵਟ ਦਾ ਸਾਹਮਣਾ ਕਰਨਾ ਪਵੇਗਾ, ਜਿਸ ਤਰ੍ਹਾਂ ਫਸਲ ਦੀ ਭਰਮਾਰ ਹੋਣ ਸਮੇਂ ਹੁੰਦਾ ਹੈ। ਇਸ ਲਈ ਇਸ ਸਮੱਸਿਆ ਦਾ ਹੱਲ ਇਹ ਯਕੀਨੀ ਬਣਾਉਣ 'ਚ ਹੈ ਕਿ ਟਮਾਟਰ ਉਤਪਾਦਕਾਂ ਨੂੰ ਕਣਕ ਅਤੇ ਚਾਵਲ ਉਗਾਉਣ ਵਾਲੇ ਹੋਰ ਕਿਸਾਨਾਂ ਦੀ ਤਰ੍ਹਾਂ ਇਕ ਗਾਰੰਟੀਸ਼ੁਦਾ ਮੁੱਲ ਮੁਹੱਈਆ ਕਰਵਾਇਆ ਜਾਵੇ ਤਾਂ ਕਿ ਇਹ ਯਕੀਨੀ ਹੋ ਸਕੇ ਕਿ ਉਹ ਘਾਟੇ 'ਚ ਨਹੀਂ ਚੱਲ ਰਹੇ ਹਨ। ਘੱਟੋ-ਘੱਟ ਉਤਪਾਦਨ ਦੀ ਲਾਗਤ ਅਤੇ ਇਕ ਉੱਚਿਤ ਲਾਭ ਜਾਂ ਵਾਜਬ ਮੁੱਲ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ, ਜੋ ਵੀ ਹੋਵੇ ਕਿਸਾਨਾਂ ਨੂੰ ਉੱਚਿਤ ਮੁੱਲ ਦਾ ਭਰੋਸਾ ਦਿੱਤਾ ਜਾਵੇ ਅਤੇ ਉਹ ਬਿਹਤਰੀ ਲਈ ਪੇਂਡੂ ਪਰਿਵਰਤਨ ਲਿਆਉਣਗੇ। ਇਹ ਯਕੀਨੀ ਤੌਰ 'ਤੇ ਕਿਸੇ ਆਰਥਿਕ ਚਮਤਕਾਰ ਤੋਂ ਘੱਟ ਨਹੀਂ ਹੋਵੇਗਾ। ਕਿਸਾਨਾਂ ਨੂੰ ਗਾਰੰਟੀਸ਼ੁਦਾ ਮੁੱਲ ਤੋਂ ਵਾਂਝੇ ਕਰਨਾ ਖੇਤੀ ਲਈ ਹਾਨੀਕਾਰਕ ਹੈ। ਭਾਰਤ 'ਚ ਹੀ ਨਹੀਂ, ਵਿਕਸਿਤ ਦੇਸ਼ਾਂ ਦੇ ਕਿਸਾਨ ਵੀ ਗੰਭੀਰ ਖੇਤੀ ਸੰਕਟ ਦਾ ਸਾਹਮਣਾ ਕਰਦੇ ਹਨ। ਚਾਹੇ ਅਮਰੀਕਾ 'ਚ ਹੋਵੇ ਜਾਂ ਭਾਰਤ 'ਚ, ਖੇਤੀ 'ਤੇ ਸੰਕਟ ਦੇ ਵਿਗੜਨ ਦਾ ਕਾਰਨ ਹੇਠਾਂ ਤੋਂ ਉੱਪਰ ਤੱਕ ਧਨ ਦਾ ਬਾਹਰ ਜਾਣਾ ਹੈ। ਜੇਕਰ ਧਨ ਪਿੰਡ 'ਚ ਰਹਿੰਦਾ ਹੈ, ਜਿਵੇਂ ਕਿ ਜਟਾਘਰਾ 'ਚ ਅਨਜਾਣੇ 'ਚ ਹੋਇਆ ਸੀ, ਤਾਂ ਇਹ ਦਲਿਤਾਂ ਦੇ ਜੀਵਨ 'ਚ ਤੇਜ਼ੀ ਨਾਲ ਪਰਿਵਰਤਨ ਲਿਆਉਂਦਾ ਹੈ, ਪਰ ਇਹ ਕੁਝ ਕਾਲਪਨਿਕ ਨਹੀਂ ਹੈ।

ਅਸੀਂ ਪਿੰਡਾਂ ਤੋਂ ਕਈ ਦਹਾਕਿਆਂ ਤੱਕ ਧਨ ਬਾਹਰ ਜਾਣ ਦਿੱਤਾ ਹੈ। ਸਮਾਂ ਆ ਗਿਆ ਹੈ ਕਿ ਇਸ ਪ੍ਰਥਾ ਨੂੰ ਬੰਦ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਖੇਤੀ ਉਪਜ ਦਾ ਸਹੀ ਮੁੱਲ ਮਿਲੇ। ਮੈਨੂੰ ਖ਼ੁਸ਼ੀ ਹੈ ਕਿ ਪਿਛਲੇ ਹਫਤੇ ਮਿਨਿਆਪੋਲਿਸ 'ਚ ਰਾਸ਼ਟਰੀ ਕਿਸਾਨ ਸੰਘ (ਐਨ.ਐਫ.ਯੂ.) ਦੀ 112ਵੀਂ ਵਰ੍ਹੇਗੰਢ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਅਮਰੀਕੀ ਖੇਤੀ ਸਕੱਤਰ ਟਾਮ ਵਿਸਲੈਕ ਨੇ ਵੀ ਇਸ ਨੂੰ ਮੰਨਿਆ। ਉਨ੍ਹਾਂ ਨੇ ਕਿਹਾ ਕਿ ਬਹੁਤ ਲੰਬੇ ਸਮੇਂ ਤੋਂ ਸਾਡੇ ਕੋਲ ਪੇਂਡੂ ਅਮਰੀਕਾ 'ਚ ਇਕ ਰਵਾਇਤੀ ਅਰਥ ਵਿਵਸਥਾ ਹੈ। ਸਾਨੂੰ ਇਕ ਅਜਿਹੀ ਵਿਵਸਥਾ ਬਣਾਉਣ ਦੀ ਜ਼ਰੂਰਤ ਹੈ, ਜਿੱਥੇ ਜ਼ਮੀਨ ਤੋਂ ਪੈਦਾ ਹੋਈ ਦੌਲਤ ਜ਼ਮੀਨ ਦੇ ਨੇੜੇ ਰਹੇ। ਯੂ.ਐਸ.ਡੀ.ਏ. ਸਕੱਤਰ ਨੇ ਜਿਸ ਰਵਾਇਤੀ ਅਰਥ ਵਿਵਸਥਾ ਬਾਰੇ ਗੱਲ ਕੀਤੀ ਹੈ, ਉਹ ਪੂਰੀ ਦੁਨੀਆ 'ਚ ਪ੍ਰਚੱਲਿਤ ਹੈ। ਪਰ ਸਹੀ ਗੱਲਾਂ ਵੱਲ ਧਿਆਨ ਦਿਵਾਉਣ ਦੇ ਬਾਵਜੂਦ ਮੈਂ ਟਾਮ ਵਿਲਸੈਕ ਵਲੋਂ ਇਸ ਰੁਝਾਨ ਨੂੰ ਬਦਲਣ ਲਈ ਇਕ ਸਾਰਥਕ ਹੱਲ ਦੱਸਣ ਤੋਂ ਵਿਰਵਾ ਰਹਿਣ ਕਰਕੇ ਨਿਰਾਸ਼ ਹੋਇਆ ਹਾਂ। ਖੇਤੀ ਵਿਚ ਪੈਸਾ ਹੈ। ਆਖਿਰ ਇਹ ਕਿਵੇਂ ਹੋ ਸਕਦਾ ਹੈ ਕਿ ਜਦੋਂ ਕਿਸਾਨ ਜਿਊਂਦਾ ਰਹਿਣ ਲਈ ਸੰਘਰਸ਼ ਕਰਦੇ ਹਨ, ਤਾਂ ਪੂਰੀ ਖੇਤੀ ਸਪਲਾਈ ਚੇਨ ਵਿੱਤੀ ਲਾਭ 'ਚ ਡੁੱਬ ਜਾਂਦੀ ਹੈ। ਜਦੋਂ ਕਾਰਪੋਰੇਟ ਖੇਤੀ 'ਚ ਪ੍ਰਵੇਸ਼ ਕਰ ਰਿਹਾ ਹੈ ਅਤੇ ਜਿਸ 'ਚ ਈ-ਪਲੇਟਫਾਰਮ ਅਤੇ ਡਿਜੀਟਲ ਪਲੇਟਫਾਰਮ ਆਊਟਲੈੱਟ ਸ਼ਾਮਿਲ ਹਨ, ਤਾਂ ਉਹ ਕਿੰਨਾ ਪੈਸਾ ਕਮਾਉਂਦੇ ਹਨ, ਜਦੋਂ ਕਿ ਕਿਸਾਨ ਭੁੱਖੇ ਪੇਟ ਸੌਂਦੇ ਹਨ? ਇਹ ਸਿਰਫ ਇਸ ਲਈ ਹੈ ਕਿਉਂਕਿ ਅਸੀਂ ਬਹੁਤ ਲੰਬੇ ਸਮੇਂ ਤੱਕ ਖੇਤੀ 'ਚ ਇਕ ਸ਼ੋਸ਼ਕ ਬਾਜ਼ਾਰ ਆਰਥਿਕ ਪ੍ਰਣਾਲੀ ਨੂੰ ਮਜ਼ਬੂਤ ਹੋਣ ਦਿੱਤਾ ਹੈ, ਜੋ ਜਾਣਬੁੱਝ ਕੇ ਖੇਤੀ ਸੰਪਰਦਾ ਨੂੰ ਖਾ ਗਈ ਹੈ। ਜਦੋਂ ਤੱਕ ਇਸ 'ਤੇ ਰੋਕ ਨਹੀਂ ਲਗਾਈ ਜਾਂਦੀ, ਮੈਨੂੰ ਨਹੀਂ ਲਗਦਾ ਕਿ ਖੇਤੀ 'ਚ ਜਿਸ ਤਰ੍ਹਾਂ ਦਾ ਤਕਨੀਕੀ ਨਿਵੇਸ਼ ਕੀਤਾ ਜਾ ਰਿਹਾ ਹੈ, ਉਹ ਕਿਸਾਨਾਂ ਨੂੰ ਸੰਕਟ ਦਾ ਸਾਹਮਣਾ ਕਰਨ ਲਈ ਤਿਆਰ ਕਰੇਗਾ। ਜ਼ਮੀਨ ਤੋਂ ਧਨ ਦੀ ਨਿਕਾਸੀ ਜਾਰੀ ਰੱਖਣ ਲਈ ਇਹ ਸਿਰਫ ਇਕ ਹੋਰ ਅੱਖੀਂ ਘਟਾ ਪਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਉਨ੍ਹਾਂ ਨੂੰ ਕਿਸਾਨਾਂ ਵਲੋਂ ਬਣਾਈ ਗਈ ਆਰਥਿਕ ਸੰਪਤੀ ਨੂੰ ਆਰਥਿਕ ਲਾਭ ਦੇਣਾ ਚਾਹੀਦਾ ਹੈ। ਇਸ ਸੰਦਰਭ 'ਚ ਮੈਨੂੰ ਲਗਦਾ ਹੈ ਕਿ ਇਕ ਅਦਭੁੱਤ ਬਦਲਾਅ ਲਿਆਉਣ 'ਚ ਜਟਾਘਰਾ ਦੀ ਸਫਲਤਾ ਦੁਨੀਆ ਭਰ ਦੇ ਨੀਤੀ ਨਿਰਮਾਤਾਵਾਂ ਦੇ ਲਈ ਇਕ ਸਬਕ ਹੈ। ਖੇਤੀ ਨੂੰ ਆਰਥਿਕ ਤੌਰ 'ਤੇ ਵਿਹਾਰਕ ਬਣਾਈਏ, ਉਨ੍ਹਾਂ ਨੂੰ ਇਕ ਜਿਊਣਯੋਗ ਅਤੇ ਗਾਰੰਟੀਸ਼ੁਦਾ ਆਮਦਨ ਮੁਹੱਈਆ ਕਰਵਾਈਏ ਬਾਕੀ ਕੰਮ ਉਹ ਆਪ ਕਰਨਗੇ। ਹੇਠਾਂ ਤੋਂ ਉੱਪਰ ਤੱਕ ਕੰਮ ਕਰਨ ਦਾ ਇਹੀ ਤਰੀਕਾ ਹੈ।

# ਭਗਵੰਤ ਮਾਨ ਸਰਕਾਰ ਦੇ ਮੁੱਢਲੇ ਕਦਮ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਦੋਂ ਵੀ ਕਿਸੇ ਰਾਜ ਵਿਚ ਕੋਈ ਨਵੀਂ ਸਰਕਾਰ ਬਣਦੀ ਹੈ, ਉਸ ਦੇ ਪਹਿਲੇ ਦਿਨੀਂ ਨਵੀਂ ਵਿਆਹੀ ਨੂੰਹ ਦੇ ਚਾਅ ਵਰਗਾ ਚਾਅ ਜਿਹਾ ਚੜ੍ਹਿਆ ਹੁੰਦਾ ਹੈ। ਕੁਝ ਦਿਨ ਲੰਘਣ ਪਿੱਛੋਂ ਹਕੀਕਤਾਂ ਦੇ ਦਰਸ਼ਨ ਹੁੰਦੇ ਹਨ। ਪੰਜਾਬ ਦੀ ਨਵੀਂ ਬਣੀ ਸਰਕਾਰ ਅਜੇ ਮੁੱਢਲੇ ਦਿਨਾਂ ਵਿਚ ਹੈ। ਇਹ ਲਿਖਤ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਦੇ ਖਟਕੜ ਕਲਾਂ ਵਿਚ ਹੋਏ ਸਹੁੰ ਚੁੱਕ ਸਮਾਗਮ ਦੇ ਗਿਆਰਵੇਂ ਦਿਨ ਲਿਖਣ ਵੇਲੇ ਦੋ ਕਿਸਮ ਦੇ ਪ੍ਰਭਾਵ ਹਨ। ਇਕ ਪ੍ਰਭਾਵ ਇਹ ਕਿ ਇਸ ਦੇ ਵਿਰੋਧੀਆਂ ਨੇ ਇਸ ਨੂੰ ਸਰਕਾਰੀ ਕੰਮ ਵੀ ਸੰਭਾਲਣ ਤੋਂ ਪਹਿਲਾਂ ਹੀ ਘੇਰਨਾ ਆਰੰਭ ਕਰ ਦਿੱਤਾ ਹੈ ਅਤੇ ਓਦੋਂ ਘੇਰਿਆ ਜਾਣ ਲੱਗਾ ਹੈ, ਜਦੋਂ ਅਜੇ ਮਸਾਂ ਅੱਧੀ ਦਰਜਨ ਅਫਸਰ ਇਸ ਨੇ ਬਦਲੇ ਹਨ, ਬਾਕੀ ਸਾਰੇ ਪਹਿਲੇ ਹਾਕਮਾਂ ਦੇ ਲਾਏ ਤੇ ਉਨ੍ਹਾਂ ਵਾਲੀ ਚਾਲ ਉੱਤੇ ਚੱਲਦੇ ਅਫਸਰਾਂ ਨਾਲ ਡੰਗ ਸਾਰਿਆ ਜਾ ਰਿਹਾ ਹੈ। ਦੂਸਰਾ ਪੱਖ ਇਹ ਕਿ ਹਰ ਪਾਸਿਉਂ ਚੁਣੌਤੀ ਮਿਲ ਰਹੀ ਹੈ ਕਿ ਇਸ ਪਾਰਟੀ ਨੇ ਕਿਹਾ ਸੀ ਕਿ ਫਲਾਣਾ ਕੰਮ ਸਹੁੰ ਚੁੱਕਦੇ ਸਾਰ ਕਰ ਦੇਵਾਂਗੇ ਤਾਂ ਫਿਰ ਇਹ ਕਰਦੇ ਕਿਉਂ ਨਹੀਂ, ਕਰਨ ਜੋਗੇ ਹੀ ਨਹੀਂ ਹਨ। ਇਹ ਗੱਲ ਇੱਕ ਸੀਨੀਅਰ ਭਾਜਪਾ ਆਗੂ ਨੇ ਵੀ ਕਹੀ ਹੈ ਤੇ ਕਾਂਗਰਸ ਦੇ ਇੱਕ ਆਗੂ ਨੇ ਵੀ ਇੰਜ ਕਹੀ ਹੈ, ਜਿਵੇਂ ਦੋਵਾਂ ਨੇ ਸਲਾਹ ਕਰ ਕੇ ਬਿਆਨ ਲਿਖਿਆ ਹੋਵੇ। ਉਨ੍ਹਾਂ ਨੂੰ ਇਹ ਲਿਖਣ ਦਾ ਵੀ ਹੱਕ ਹੈ ਤੇ ਕਹਿਣ ਦਾ ਵੀ, ਪਰ ਨਾ ਭਾਜਪਾ ਆਗੂ ਇਹ ਦੱਸੇਗਾ ਕਿ ਅੱਠ ਸਾਲ ਪਹਿਲਾਂ ਨਰਿੰਦਰ ਮੋਦੀ ਦੇ ਮੂੰਹੋਂ ਨਿਕਲੇ ਵਾਅਦੇ ਤੇ ਦਾਅਵੇ ਸਿਰਫ ਚੋਣ ਜੁਮਲੇ ਕਿਉਂ ਬਣ ਗਏ ਸਨ ਅਤੇ ਨਾ ਕਾਂਗਰਸ ਦਾ ਆਗੂ ਦੱਸੇਗਾ ਕਿ ਪੰਜ ਸਾਲ ਪਹਿਲਾਂ ਉਸ ਦੇ ਆਗੂ ਨੇ ਗੁਟਕਾ ਸਾਹਿਬ ਮੱਥੇ ਨੂੰ ਲਾ ਕੇ ਜਿਹੜਾ ਦਾਅਵਾ ਕੀਤਾ ਸੀ, ਉਸ ਦਾ ਕੀ ਬਣਿਆ? ਉਹ ਕਹਿੰਦੇ ਹਨ ਕਿ ਸਾਡੇ ਵਾਲੇ ਮਾੜੇ ਸਨ, ਏਸੇ ਲਈ ਹਾਰ ਗਏ, ਅੱਗੋਂ ਨਵੀਂ ਸਰਕਾਰ ਕੁਝ ਕਰ ਕੇ ਵਿਖਾਵੇ। ਇਹ ਗੱਲ ਉਹ ਠੀਕ ਕਹਿੰਦੇ ਹਨ, ਨਵੀਂ ਸਰਕਾਰ ਨੂੰ ਇਹ ਸਾਬਤ ਕਰਨਾ ਪੈਣਾ ਹੈ ਕਿ ਉਹ ਪਹਿਲੀਆਂ ਸਰਕਾਰਾਂ ਵਰਗੀ ਨਹੀਂ, ਪਰ ਸਾਬਤ ਕਰ ਸਕਣ ਲਈ ਕੁਝ ਵਕਤ ਵੀ ਤਾਂ ਦੇਣਾ ਪਵੇਗਾ, ਲੋਕ ਦੇਣ ਨੂੰ ਤਿਆਰ ਹਨ, ਵਿਰੋਧੀ ਧਿਰ ਦੇ ਆਗੂ ਤਿਆਰ ਨਹੀਂ।

ਵਿਰੋਧੀ ਧਿਰ ਦੇ ਆਗੂਆਂ ਵਿਚੋਂ ਕੌਣ ਕੀ ਕਹਿੰਦਾ ਹੈ, ਉਸ ਨੂੰ ਪਾਸੇ ਰੱਖਦੇ ਹੋਏ ਇਹ ਗੱਲ ਕਹੀ ਜਾ ਸਕਦੀ ਹੈ ਕਿ ਨਵੀਂ ਸਰਕਾਰ ਦੇ ਮੁੱਢਲੇ ਕਦਮਾਂ ਵਿਚੋਂ ਸਿਰਫ ਰਾਜ ਸਭਾ ਲਈ ਪੰਜ ਬੰਦੇ ਚੁਣਨ ਦੀ ਗੱਲ ਲੋਕਾਂ ਨੂੰ ਹਜ਼ਮ ਨਹੀਂ ਹੋ ਸਕੀ, ਬਾਕੀ ਲਗਭਗ ਸਭ ਗੱਲਾਂ ਵਿਚ ਇਸ ਸਰਕਾਰ ਦੇ ਕਦਮ ਲੋਕਾਂ ਨੇ ਸਲਾਹੇ ਹਨ। ਖਾਸ ਤੌਰ ਉੱਤੇ ਇਹ ਗੱਲ ਆਮ ਲੋਕਾਂ ਨੇ ਬਹੁਤ ਸਲਾਹੀ ਹੈ ਕਿ ਨਵੇਂ ਮੁੱਖ ਮੰਤਰੀ ਨੇ ਸਾਬਕਾ ਵਿਧਾਇਕਾਂ ਦੀਆਂ ਹੱਦੋਂ ਬਾਹਰੀਆਂ ਪੈਨਸ਼ਨਾਂ ਨੂੰ ਕੁਹਾੜੇ ਵਾਲਾ ਟੱਕ ਲਾਇਆ ਹੈ। ਨਵੀਂ ਸਰਕਾਰ ਨੇ ਕਿਹਾ ਹੈ ਕਿ ਸਾਬਕਾ ਵਿਧਾਇਕਾਂ ਦੀਆਂ ਪੈਨਸ਼ਨਾਂ ਦੇ ਗਲਤ ਢੰਗ ਨਾਲ ਪੰਜਾਬ ਦਾ ਖ਼ਜ਼ਾਨਾ ਇੰਜ ਲੁਟਾਇਆ ਜਾਂਦਾ ਸੀ ਕਿ ਸਭ ਤੋਂ ਪੁਰਾਣੇ ਵਿਧਾਇਕ ਅਤੇ ਪੰਜ ਵਾਰੀ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਦੀ ਪੈਨਸ਼ਨ ਹਰ ਵਾਰੀ ਦੇ ਹਿਸਾਬ ਵਧੀ ਜਾਣ ਨਾਲ ਇਸ ਵੇਲੇ ਛੇ ਲੱਖ ਬਾਹਠ ਹਜ਼ਾਰ ਰੁਪਏ ਬਣਨੀ ਸੀ। ਇਸ ਨਵੇਂ ਕਦਮ ਦੇ ਵਿਰੋਧ ਵਿਚ ਇੱਕ ਸਾਬਕਾ ਮੰਤਰੀ ਨੇ ਸਾਨੂੰ ਇਹ ਵੇਰਵਾ ਭੇਜਿਆ ਹੈ ਕਿ ਦਿੱਲੀ ਵਿਚ ਜਿੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਓਥੇ ਵੀ ਹਰ ਵਾਰ ਦੇ ਹਿਸਾਬ ਨਾਲ ਵਿਧਾਇਕਾਂ ਦੀ ਪੈਨਸ਼ਨ ਵਧਦੀ ਹੈ। ਉਸ ਦਾ ਧੰਨਵਾਦੀ ਹੁੰਦੇ ਹੋਏ ਅਸੀਂ ਉਹ ਵੇਰਵਾ ਫੋਲਿਆ ਤਾਂ ਗੱਲ ਉਸ ਦੀ ਸੱਚੀ ਨਿਕਲੀ, ਪਰ ਇਹ ਅੱਧਾ ਸੱਚ ਸੀ ਤੇ ਸਾਰੇ ਜਾਣਦੇ ਹਨ ਕਿ ਅੱਧੇ ਸਿਰ ਦੀ ਪੀੜ ਵਾਂਗ ਅੱਧਾ ਸੱਚ ਵੀ ਕੋਰੇ ਝੂਠ ਤੋਂ ਮਾੜਾ ਹੁੰਦਾ ਹੈ। ਦਿੱਲੀ ਦੇ ਸਾਬਕਾ ਵਿਧਾਇਕਾਂ ਨੂੰ ਮਾਸਿਕ ਪੈਨਸ਼ਨ ਸਾਢੇ ਸੱਤ ਹਜ਼ਾਰ ਰੁਪਏ ਅਤੇ ਮੈਂਬਰੀ ਦੇ ਹਰ ਸਾਲ ਨਾਲ ਇੱਕ ਹਜ਼ਾਰ ਦੇ ਵਾਧੇ ਨਾਲ ਜੇ ਕੋਈ ਵੱਡੇ ਬਾਦਲ ਸਾਹਿਬ ਵਾਂਗ ਬਾਈ ਵਾਰੀਆਂ ਮਿਲਾ ਕੇ ਬਤਾਲੀ ਸਾਲ ਮੈਂਬਰ ਰਹੇ ਤਾਂ ਸਮੁੱਚੀ ਪੈਨਸ਼ਨ ਪੰਜਾਹ ਹਜ਼ਾਰ ਤੋਂ ਘੱਟ ਬਣੇਗੀ, ਵੱਡੇ ਬਾਦਲ ਦੀ ਅਜੋਕੇ ਹਿਸਾਬ ਦੀ ਪੈਨਸ਼ਨ ਦਾ ਬਾਰਵਾਂ ਹਿੱਸਾ ਵੀ ਨਹੀਂ ਬਣਨੀ। ਪੰਜਾਬ ਦੇ ਵਿਧਾਇਕਾਂ ਦੀ ਭੱਤਿਆਂ ਸਮੇਤ ਪੈਨਸ਼ਨ ਸ਼ੁਰੂ ਹੀ ਪੌਣਾ ਕੁ ਲੱਖ ਟੱਪ ਕੇ ਹੁੰਦੀ ਹੈ। ਇਹ ਨਿਯਮ ਵੀ ਦਿੱਲੀ ਵਿਚ ਅਜੋਕੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਹੀਂ ਬਣਾਏ, ਪਿਛਲੀ ਕਾਂਗਰਸ ਸਰਕਾਰ ਨੇ ਗਿਆਰਾਂ ਸਾਲ ਪਹਿਲਾਂ ਬਣਾਏ ਸਨ ਤੇ ਪਿਛਲੇ ਸਾਲ ਜਦੋਂ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਵਧੀ ਮਹਿੰਗਾਈ ਵੇਖ ਕੇ ਸੋਧਣੇ ਚਾਹੇ ਸਨ ਤਾਂ ਕੇਂਦਰ ਸਰਕਾਰ ਨੇ ਅੜਿੱਕਾ ਪਾ ਦਿੱਤਾ ਸੀ। ਫਿਰ ਵੀ ਕੇਜਰੀਵਾਲ ਸਰਕਾਰ ਨੇ ਸਾਬਕਾ ਵਿਧਾਇਕਾਂ ਨੂੰ ਛੱਡੋ, ਮੌਜੂਦਾ ਵਿਧਾਇਕਾਂ ਲਈ ਤਨਖਾਹਾਂ ਸਮੇਤ ਜਿੰਨੀ ਕੁੱਲ ਰਕਮ ਪਾਸ ਕਰਨ ਦਾ ਪਿਛਲੇ ਸਾਲ ਇਰਾਦਾ ਬਣਾਇਆ ਸੀ, ਉਸ ਦੀ ਬਹੁਤ ਚਰਚਾ ਚੱਲੀ ਸੀ।



ਸਾਡੇ ਕੋਲ ਪਿਛਲੇ ਸਾਲ 2021 ਦੇ ਤਿੰਨ ਅਗਸਤ ਨੂੰ ਛਪੀ 'ਟਾਈਮਜ਼ ਨਾਓ ਡਿਜੀਟਲ' ਦੀ ਰਿਪੋਰਟ ਹੈ ਤੇ ਸਭ ਨੂੰ ਪਤਾ ਹੈ ਕਿ 'ਟਾਈਮਜ਼ ਨਾਓ' ਕਿਸੇ ਦਾ ਵੀ ਹੋਵੇ, ਆਮ ਆਦਮੀ ਪਾਰਟੀ ਦਾ ਸਮਰਥਕ ਚੈਨਲ ਉਹ ਬਿਲਕੁਲ ਨਹੀਂ ਕਿਹਾ ਜਾ ਸਕਦਾ। ਇਸ ਰਿਪੋਰਟ ਵਿਚ ਲਿਖਿਆ ਹੈ ਕਿ ਕਿਹੜੇ ਰਾਜ ਵਿਚ ਵਿਧਾਨ ਸਭਾ ਮੈਂਬਰਾਂ ਨੂੰ ਕੀ ਮਿਲਦਾ ਹੈ ਤੇ ਇਸ ਰਿਪੋਰਟ ਨੂੰ ਪੜ੍ਹਨ ਲੱਗਾ ਬੰਦਾ ਹੈਰਾਨ ਹੋ ਜਾਂਦਾ ਹੈ। ਰਿਪੋਰਟ ਮੁਤਾਬਕ ਸਭ ਤੋਂ ਵੱਧ ਤਨਖਾਹ ਤੇਲੰਗਾਨਾ ਵਿਚਲੇ ਵਿਧਾਇਕਾਂ ਨੂੰ ਢਾਈ ਲੱਖ ਰੁਪਏ ਮਿਲਦੀ ਹੈ ਅਤੇ ਦੂਸਰੇ ਨੰਬਰ ਉੱਤੇ ਭਾਜਪਾ ਦੀ ਸਰਕਾਰ ਵਾਲੇ ਉੱਤਰਾਖੰਡ ਵਿਚਲੇ ਵਿਧਾਇਕਾਂ ਨੂੰ ਕੁੱਲ ਤਨਖਾਹ ਇੱਕ ਲੱਖ ਅਠਾਨਵੇਂ ਹਜ਼ਾਰ ਰੁਪਏ ਮਿਲ ਰਹੀ ਹੈ। ਤੀਸਰੇ ਹਿਮਾਚਲ ਪ੍ਰਦੇਸ਼ ਦੀ ਭਾਜਪਾ ਸਰਕਾਰ ਕੁੱਲ ਇੱਕ ਲੱਖ ਨੱਬੇ ਹਜ਼ਾਰ ਅਤੇ ਚੌਥੀ ਹਰਿਆਣਾ ਦੀ ਭਾਜਪਾ ਸਰਕਾਰ ਇੱਕ ਲੱਖ ਪਚਵੰਜਾ ਹਜ਼ਾਰ ਦੇਂਦੀ ਹੈ। ਪੰਜਵਾਂ ਨੰਬਰ ਰਾਜਸਥਾਨ ਦੀ ਕਾਂਗਰਸ ਸਰਕਾਰ ਦਾ ਹੈ, ਜਿੱਥੇ ਇੱਕ ਲੱਖ ਸਾਢੇ ਬਤਾਲੀ ਹਜ਼ਾਰ ਤੇ ਛੇਵਾਂ ਕਮਜ਼ੋਰੀ ਦੇ ਮਾਰੇ ਬਿਹਾਰ ਦਾ ਹੈ, ਜਿੱਥੇ ਭਾਜਪਾ ਤੇ ਨਿਤੀਸ਼ ਕੁਮਾਰ ਦੀ ਸਰਕਾਰ ਕੁੱਲ ਇੱਕ ਲੱਖ ਤੀਹ ਹਜ਼ਾਰ ਦੇਂਦੀ ਹੈ, ਜਦ ਕਿ ਦਿੱਲੀ ਦੀ ਸਰਕਾਰ ਨੇ ਪਿਛਲੇ ਸਾਲ ਜਿਹੜੀ ਤਨਖਾਹ ਵਧਾਉਣੀ ਸੀ, ਉਹ ਲਾਗੂ ਹੋ ਜਾਂਦੀ ਤਾਂ ਉਹ ਦਸਵੇਂ ਥਾਂ ਆਪਣੇ ਵਿਧਾਇਕਾਂ ਨੂੰ ਕੁੱਲ ਨੱਬੇ ਹਜ਼ਾਰ ਰੁਪਏ ਹਰ ਮਹੀਨੇ ਦੇਣਾ ਚਾਹੁੰਦੀ ਸੀ। ਹੈਰਾਨੀ ਵਾਲੀ ਗੱਲ ਹੈ ਕਿ ਵਿਧਾਇਕਾਂ ਨੂੰ ਵੱਧ ਤਨਖਾਹ ਦੇਣ ਵਾਲੇ ਉਤਲੇ ਦਸ ਵੱਧ ਰਾਜਾਂ ਵਿਚੋਂ ਛੇ ਭਾਜਪਾ ਦੇ ਹਨ, ਪਰ ਮਾੜਾ ਕੇਜਰੀਵਾਲ ਹੈ!

ਗੱਲਾਂ ਵਿਚੋਂ ਗੱਲ ਚੱਲ ਪੈਣ ਵਾਂਗ ਦਿੱਲੀ ਤੇ ਭਾਜਪਾ ਦੇ ਮੁਕਾਬਲੇ ਵੱਲ ਮੁੜੀ ਇਹ ਗੱਲ ਮੋੜ ਕੇ ਪੰਜਾਬ ਵੱਲ ਝਾਕੀਏ ਤਾਂ ਏਥੇ ਇਸ ਵਕਤ ਖਜ਼ਾਨੇ ਦਾ ਬੁਰਾ ਹਾਲ ਹੈ। ਪੰਜ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਵਾਗ ਸੰਭਾਲਣ ਵੇਲੇ ਸੁਣਿਆ ਸੀ ਕਿ ਅਕਾਲੀ-ਭਾਜਪਾ ਦੀ ਪਿਛਲੀ ਸਰਕਾਰ ਆਖਰੀ ਛਿਮਾਹੀ ਦੌਰਾਨ ਕੇਂਦਰ ਸਰਕਾਰ ਤੋਂ ਇਕੱਤੀ ਹਜ਼ਾਰ ਕਰੋੜ ਰੁਪਏ ਮਨਜ਼ੂਰ ਕਰਵਾ ਕੇ ਲਿਆਈ ਸੀ, ਪਰ ਇਹ ਪਤਾ ਨਹੀਂ ਲੱਗਦਾ ਕਿ ਉਹ ਪੈਸੇ ਗਏ ਕਿੱਥੇ ਹਨ ਤੇ ਇਸ ਦੀ ਜਾਂਚ ਕਰਵਾਉਣੀ ਹੈ। ਇਕੱਤੀ ਹਜ਼ਾਰ ਕਰੋੜ ਰੁਪਏ ਛੋਟੀ ਰਕਮ ਨਹੀਂ ਸੀ ਕਿ ਭੁੱਲ ਜਾਵੇ, ਪਰ ਕੈਪਟਨ ਦੀ ਸਰਕਾਰ ਨੇ ਬਾਅਦ ਵਿਚ ਇਸ ਬਾਰੇ ਚੁੱਪ ਵੱਟ ਲਈ ਅਤੇ ਸਾਢੇ ਚਾਰ ਸਾਲਾਂ ਬਾਅਦ ਚਰਚਾ ਇਹ ਚੱਲੀ ਕਿ ਇਸ ਇਕੱਤੀ ਹਜ਼ਾਰ ਦੇ ਨੌਂਗੇ ਪਾਉਣ ਦਾ ਏਟੀ-ਟਵੰਟੀ ਵਰਗਾ ਸੌਦਾ ਹੋ ਗਿਆ ਸੀ। ਅਜੋਕੀ ਸਰਕਾਰ ਕੋਲ ਨਾ ਖਜ਼ਾਨੇ ਵਿਚ ਕੁਝ ਲੱਭਦਾ ਹੈ ਤੇ ਨਾ ਉਸ ਦਾ ਰਵਾਇਤੀ ਪਾਰਟੀਆਂ ਵਿਚੋਂ ਕਿਸੇ ਨਾਲ ਕੋਈ ਸੌਦਾ ਹੀ ਵੱਜਣ ਦੀ ਕਨਸੋਅ ਜਾਂ ਸੰਭਾਵਨਾ ਦਿਸਦੀ ਹੈ। ਏਦਾਂ ਦੇ ਹਾਲਾਤ ਵਿਚ ਮੁੱਖ ਮੰਤਰੀ ਨੂੰ ਅੱਕੀਂ-ਪਲਾਹੀਂ ਹੱਥ ਮਾਰ ਕੇ ਸਰਕਾਰ ਚਲਾਉਣ ਲਈ ਕਈ ਜੁਗਾੜ ਕਰਨੇ ਪੈਣੇ ਹਨ ਅਤੇ ਦੇਸ਼ ਦੇ ਉਸ ਪ੍ਰਧਾਨ ਮੰਤਰੀ ਤੋਂ ਵੀ ਪੈਕੇਜ ਮੰਗਣ ਦਾ ਅੱਕ ਚੱਬਣਾ ਪੈਣਾ ਹੈ, ਜਿਸ ਨਾਲ ਸੰਬੰਧ ਚੰਗੇ ਨਹੀਂ ਸੁਣੀਂਦੇ। ਇਸ ਕਰਕੇ ਅਸੀਂ ਆਮ ਲੋਕਾਂ ਵਾਂਗ ਇਸ ਸਰਕਾਰ ਦੇ ਮੁੱਢਲੇ ਕਦਮਾਂ ਵੱਲ ਵੇਖਾਂਗੇ ਵੀ ਅਤੇ ਇਸ ਨੂੰ ਕੁਝ ਕਰਨ ਦਾ ਮੌਕਾ ਵੀ ਦੇਵਾਂਗੇ, ਜੇ ਨਾ ਕਰੇਗੀ ਤਾਂ ਇਸ ਨੂੰ ਮਿਲਿਆ ਪੰਜ ਸਾਲਾਂ ਦਾ ਸਮਾਂ ਸਿਰਫ ਪੰਜ ਸਾਲ ਨਹੀਂ ਹੁੰਦਾ, ਉਸ ਦੇ ਤਿੰਨ ਸੌ ਸੱਠ ਹਫਤੇ ਬਣਨਗੇ, ਜਿਨ੍ਹਾਂ ਵਿਚ ਅਸੀਂ ਲੋਕਾਂ ਅੱਗੇ ਇਸ ਸਰਕਾਰ ਦਾ ਚੰਗਾ-ਮਾੜਾ ਵੀ ਰੱਖਦੇ ਰਹਾਂਗੇ। ਸਰਕਾਰ ਕਿਸੇ ਦੀ ਵੀ ਹੋਵੇ, ਕੋਈ ਲਿਹਾਜ਼ ਨਹੀਂ ਕਰਾਂਗੇ।

# ਰੂਸ-ਯੂਕਰੇਨ ਜੰਗ ਅਤੇ ਗਲੋਬਲ ਮੀਡੀਆ

ਪ੍ਰੋ. ਕੁਲਬੀਰ ਸਿੰਘ
ਫੋਨ: 94171-53513

ਰੂਸ-ਯੂਕਰੇਨ ਜੰਗ ਨੂੰ ਵੱਖ-ਵੱਖ ਮੁਲਕਾਂ ਦਾ ਮੀਡੀਆ ਆਪੋ-ਆਪਣੇ ਢੰਗ ਨਾਲ, ਆਪੋ-ਆਪਣੇ ਨਜ਼ਰੀਏ ਤੋਂ ਪ੍ਰਕਾਸ਼ਿਤ ਤੇ ਪ੍ਰਸਾਰਿਤ ਕਰ ਰਿਹਾ ਹੈ। ਰੂਸ, ਯੂਕਰੇਨ, ਅਮਰੀਕਾ, ਯੂਰਪ, ਭਾਰਤ ਅਤੇ ਪੱਛਮੀ ਮੁਲਕਾਂ ਦੀ ਮੀਡੀਆ ਕਵਰੇਜ ਵੇਖ ਕੇ ਪਾਠਕ, ਦਰਸ਼ਕ ਭੰਬਲਭੂਸੇ ਵਿਚ ਪੈ ਜਾਂਦਾ ਹੈ। ਕਿਸ ਦਾ ਪੱਖ, ਕਿਸਦੀ ਕਵਰੇਜ ਸਹੀ ਹੈ, ਕਿਸਦੀ ਉਲਾਰ ਅਤੇ ਕਿਸਦੀ ਗ਼ਲਤ ਹੈ। ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਇਸ ਜੰਗ ਦਾ, ਇਨ੍ਹਾਂ ਹਮਲਿਆਂ ਦਾ ਵਿਰੋਧ ਹੋ ਰਿਹਾ ਹੈ ਪਰ ਭਾਰਤੀ ਮੀਡੀਆ ਉਸਦਾ ਜ਼ਿਕਰ ਨਹੀਂ ਕਰ ਰਿਹਾ।

ਰੂਸ ਦੇ ਮੀਡੀਆ ਨੂੰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੂਸ 'ਚ, ਯੂਕਰੇਨ ਦੇ ਅੰਦਰ ਕੀ ਹੋ ਰਿਹਾ ਹੈ ਉਹ ਵਿਖਾਉਣ ਦੀ ਜਗ੍ਹਾ ਪੁਤਿਨ ਸਰਕਾਰ ਜੋ ਚਾਹੁੰਦੀ ਹੈ, ਉਹ ਵਿਖਾਇਆ ਜਾ ਰਿਹਾ ਹੈ। ਅਧੂਰੀ ਤੇ ਗ਼ੈਰ-ਭਰੋਸੇਮੰਦ ਜਾਣਕਾਰੀ ਦਿੱਤੀ ਜਾ ਰਹੀ ਹੈ। ਰੂਸ ਦਾ ਮੀਡੀਆ ਇਸਨੂੰ ਜੰਗ ਨਹੀਂ, ਮਿਲਟਰੀ ਅਪਰੇਸ਼ਨ ਕਹਿ ਰਿਹਾ। ਵਧੇਰੇ ਕਰਕੇ ਪੁਤਿਨ ਅਤੇ ਹੋਰ ਸਰਕਾਰੀ ਅਧਿਕਾਰੀਆਂ ਦੇ ਬਿਆਨ ਪ੍ਰਸਾਰਿਤ ਤੇ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਰੂਸ ਦਾ ਸਰਕਾਰੀ ਮੀਡੀਆ ਰੂਸੀ ਜਨਤਾ ਨੂੰ ਗੁਮਰਾਹ ਕਰ ਰਿਹਾ ਹੈ। ਇਸੇ ਲਈ ਰੂਸ ਨੇ ਫੇਸਬੁੱਕ ਅਤੇ ਟਵਿੱਟਰ ਆਦਿ 'ਤੇ ਪਾਬੰਦੀ ਲਾ ਦਿੱਤੀ ਹੈ। ਬੀ.ਬੀ.ਸੀ. ਦਾ ਪ੍ਰਸਾਰਨ ਵੀ ਰੋਕ ਦਿੱਤਾ ਗਿਆ ਹੈ। ਵਲਾਦੀਮੀਰ ਪੁਤਿਨ ਨੇ ਉਨ੍ਹਾਂ ਮੀਡੀਆ ਅਦਾਰਿਆਂ ਅਤੇ ਵਿਅਕਤੀਆਂ ਵਿਰੁੱਧ ਕਾਰਵਾਈ ਆਰੰਭ ਕਰ ਦਿੱਤੀ ਹੈ ਜੋ ਯੂਕਰੇਨ ਜੰਗ ਬਾਰੇ ਉਨ੍ਹਾਂ ਦੇ ਅਨੁਸਾਰ ਖ਼ਬਰਾਂ ਨਹੀਂ ਪੇਸ਼ ਕਰ ਰਹੇ। ਵਾਇਸ ਆਫ਼ ਅਮੈਰਿਕਾ, ਰੇਡੀਓ ਫ੍ਰੀ ਯੂਰਪ, ਰੇਡੀਓ ਲਿਬਰਟੀ, ਡਿਊਸ਼ ਵੈਲੇ ਦਾ ਪ੍ਰਸਾਰਨ ਬੰਦ ਕਰ ਦਿੱਤਾ ਗਿਆ ਹੈ। ਜਿਹੜਾ ਵਿਦੇਸ਼ੀ ਮੀਡੀਆ ਰੂਸੀ ਭਾਸ਼ਾ ਵਿਚ ਪ੍ਰਸਾਰਨ ਕਰਦਾ ਹੈ ਉਸ 'ਤੇ ਵਧੇਰੇ ਸਖ਼ਤੀ ਕੀਤੀ ਜਾ ਰਹੀ ਹੈ। ਕਿਉਂਕਿ ਰੂਸ ਨੂੰ ਸਥਾਨਕ ਪੱਧਰ 'ਤੇ ਹੋ ਰਹੇ ਵਿਰੋਧ ਦੇ ਵਧਣ ਦਾ ਡਰ ਵੀ ਸਤਾ ਰਿਹਾ ਹੈ।

ਬੀ.ਬੀ.ਸੀ. ਦੇ ਡਾਇਰੈਕਟਰ ਦਾ ਕਹਿਣਾ ਹੈ ਕਿ ਯੂਕਰੇਨ-ਰੂਸ ਜੰਗ ਦੌਰਾਨ ਰੂਸ ਵਿਚ ਬੀ.ਬੀ.ਸੀ. ਦਾ ਪ੍ਰਸਾਰਨ ਵੇਖਣ ਵਾਲਿਆਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ। ਇਸੇ ਲਈ ਰੂਸ ਵੱਲੋਂ ਪਾਬੰਦੀ ਲਾਈ ਗਈ ਹੈ।

ਰੂਸੀ ਮੀਡੀਆ ਉਹੀ ਜਾਣਕਾਰੀ ਤੇ ਡਾਟਾ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰ ਰਿਹਾ ਹੈ ਜਿਹੜਾ ਅਧਿਕਾਰਤ ਰਸ਼ੀਅਨ ਸਰੋਤਾਂ ਤੋਂ ਪ੍ਰਾਪਤ ਹੋ ਰਿਹਾ ਹੈ। ਰੂਸ ਦਾ ਮੀਡੀਆ ਯੂਕਰੇਨ 'ਤੇ ਹੋ ਰਹੇ ਹਮਲਿਆਂ ਨੂੰ ਬਹੁਤ ਘਟਾ ਕੇ ਪੇਸ਼ ਕਰ ਰਿਹਾ ਹੈ। ਯੂਕਰੇਨ ਵਿਖੇ ਜ਼ਮੀਨੀ ਹਕੀਕਤ ਨੂੰ ਤੋੜ ਮਰੋੜ ਕੇ ਵਿਖਾਇਆ ਜਾ ਰਿਹਾ ਹੈ।

ਉਧਰ, ਯੂਕਰੇਨ ਦਾ ਮੀਡੀਆ ਸੁਪਰ ਪਾਵਰ ਰੂਸ ਦੇ ਖੋਖਲੇਪਨ ਨੂੰ ਉਭਾਰ ਰਿਹਾ ਹੈ ਅਤੇ ਵਾਰ-ਵਾਰ ਕਹਿ ਰਿਹਾ ਹੈ ਕਿ ਯੂਕਰੇਨ ਵਾਲੇ ਹਾਰਨਗੇ ਜਾਂ ਜਿੱਤਣਗੇ ਜਾਂ ਮਰਨਗੇ, ਮੈਦਾਨ ਨਹੀਂ ਛੱਡਣਗੇ। ਉਹ ਲਗਾਤਾਰ ਰੂਸ ਦੀਆਂ ਫੌਜਾਂ ਨੂੰ ਯੂਕਰੇਨ ਦੀਆਂ ਫੌਜਾਂ ਵੱਲੋਂ ਪਹੁੰਚਾਏ ਜਾ ਰਹੇ ਵੱਡੇ ਨੁਕਸਾਨ ਨੂੰ ਉਭਾਰ ਕੇ ਪੇਸ਼ ਕਰ ਰਿਹਾ ਹੈ।

ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੇ ਮੀਡੀਆ ਦੀ ਸੁਰ ਸਾਰਿਆਂ ਤੋਂ ਵੱਖਰੀ ਹੈ। ਉਹ ਇਸ ਜੰਗ ਕਾਰਨ ਰੂਸ ਨੂੰ ਹੋ ਰਹੇ ਤਰ੍ਹਾਂ-ਤਰ੍ਹਾਂ ਦੇ ਨੁਕਸਾਨ 'ਤੇ ਕੇਂਦਰਿਤ ਕਰ ਰਿਹਾ ਹੈ। ਉਸ ਦੀਆਂ ਸੁਰਖੀਆਂ ਹੁੰਦੀਆਂ ਹਨ ਰੂਸ ਆਰਥਿਕ ਤੌਰ 'ਤੇ ਤਬਾਹ ਹੋ ਚੁੱਕਾ ਹੈ, ਰੂਸ ਦੁਨੀਆ ਨਾਲੋਂ ਅਲੱਗ-ਥਲੱਗ ਪੈ ਗਿਆ, ਰੂਸੀ ਕਰੰਸੀ ਰੂਬਲ ਹੋਰ ਕਮਜ਼ੋਰ ਹੋਈ।




ਬਹੁਤੇ ਭਾਰਤੀ ਚੈਨਲ ਰੂਸ-ਯੂਕਰੇਨ ਜੰਗ ਨੂੰ ਟੀ.ਆਰ.ਪੀ. ਵਧਾਉਣ ਲਈ ਆਪਣੇ ਢੰਗ ਨਾਲ ਵਿਖਾ ਰਹੇ ਹਨ। ਕੁਝ ਚੈਨਲ ਸਾਰਾ ਦਿਨ ਇਵੇਂ ਵਿਖਾਉਂਦੇ ਰਹਿੰਦੇ ਹਨ ਜਿਵੇਂ ਕੋਈ ਤਮਾਸ਼ਾ ਹੋ ਰਿਹਾ ਹੋਵੇ ਜਾਂ ਜੰਗ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੋਵੇ। ਯੂਕਰੇਨ ਖੰਡਰ ਬਣ ਰਿਹਾ ਹੈ ਪਰ ਰੂਸ-ਯੂਕਰੇਨ ਦੋਵੇਂ ਖ਼ੁਦ ਨੂੰ ਜਾਂਬਾਜ਼ ਸਿੱਧ ਕਰ ਰਹੇ ਹਨ। ਦੋ ਨੇਤਾਵਾਂ ਦੀ ਈਗੋ ਨੇ ਕਰੋੜਾਂ ਲੋਕਾਂ ਦਾ ਜੀਵਨ ਬਰਬਾਦ ਕਰ ਦਿੱਤਾ ਹੈ, ਲੱਖਾਂ ਨੂੰ ਘਰੋਂ ਬੇਘਰ ਕਰ ਮਾਰਿਆ।

ਦੁਨੀਆ ਦੇ ਬਹੁਤੇ ਮੁਲਕਾਂ ਦੀਆਂ ਵੱਡੀਆਂ ਅਖਬਾਰਾਂ ਰੂਸ-ਯੂਕਰੇਨ ਜੰਗ ਨੂੰ ਲਗਾਤਾਰ ਮੁਖ ਪੰਨੇ 'ਤੇ ਮੁਖ ਸੁਰਖ਼ੀ ਵਜੋਂ ਕਵਰ ਕਰ ਰਹੀਆਂ ਹਨ। ਅਮਰੀਕਾ ਦੀ ਵਾਲ ਸਟਰੀਟ ਜਨਰਲ ਅਤੇ ਵਾਸ਼ਿੰਗਟਨ ਸਟਰੀਟ ਮੁੱਖ ਪੰਨੇ 'ਤੇ ਵੱਡੀਆਂ ਸੁਰਖੀਆਂ ਦੇ ਰਹੀਆਂ ਹਨ। ਜੰਗ ਪ੍ਰਤੀ ਕਿਸੇ ਮੁਲਕ ਦਾ ਕੀ ਨਜ਼ਰੀਆ ਹੈ, ਉਸੇ ਦ੍ਰਿਸ਼ਟੀਕੋਣ ਤੋਂ ਉਸ ਮੁਲਕ ਦਾ ਮੀਡੀਆ ਜੰਗ ਦੀ ਕਵਰੇਜ ਕਰ ਰਿਹਾ ਹੈ। ਭਾਰਤ ਸਥਿਤ ਰੂਸੀ ਦੂਤਾਵਾਸ ਨੇ ਭਾਰਤੀ ਮੀਡੀਆ ਨੂੰ ਨਸੀਹਤ ਦਿੱਤੀ ਹੈ ਕਿ ਲੋਕਾਂ ਤਕ ਸਹੀ ਜਾਣਕਾਰੀ ਪਹੁੰਚਾਵੇ। ਇਹ ਵੀ ਕਿਹਾ ਕਿ ਰੂਸ ਨੇ ਜੰਗ ਨਹੀਂ ਛੇੜੀ ਹੈ ਅਤੇ ਸਮਝੌਤੇ ਲਈ ਲਗਾਤਾਰ ਯਤਨ ਜਾਰੀ ਹਨ।

ਓਧਰ ਪੱਛਮੀ ਦੇਸ਼ ਭਾਰਤ 'ਤੇ ਦਬਾਅ ਬਣਾ ਰਹੇ ਹਨ ਕਿ ਭਾਰਤ ਸਰਕਾਰ ਅਤੇ ਭਾਰਤੀ ਮੀਡੀਆ ਰੂਸ ਦੇ ਹਮਲਿਆਂ ਦੀ ਨਿੰਦਾ ਕਰੇ। ਇਹ ਵੀ ਪਤਾ ਲੱਗਾ ਹੈ ਕਿ ਰੂਸੀ ਮੀਡੀਆ ਇਸ ਜੰਗ ਲਈ ਕਈ ਸਾਲਾਂ ਤੋਂ ਜ਼ਮੀਨ ਤਿਆਰ ਕਰ ਰਿਹਾ ਸੀ।

ਇਕ ਗੱਲ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਸੋਸ਼ਲ ਮੀਡੀਆ ਦੇ ਇਸ ਯੁਗ ਵਿਚ ਕੋਈ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੇ, ਪਾਬੰਦੀਆਂ ਲਾ ਲਵੇ, ਜੰਗ ਦੀ ਅਸਲੀਅਤ ਨੂੰ ਛੁਪਾਇਆ ਨਹੀਂ ਜਾ ਸਕਦਾ। ਉਹ ਵੀ ਉਸ ਹਾਲਤ ਵਿਚ ਜਦ ਵੱਡੀਆਂ ਸੋਸ਼ਲ ਮੀਡੀਆ ਕੰਪਨੀਆਂ 'ਤੇ ਅਮਰੀਕਾ ਦਾ ਕਬਜ਼ਾ ਹੈ। ਇਕ ਜੰਗ ਯੂਕਰੇਨ ਦੀ ਧਰਤੀ 'ਤੇ ਲੜੀ ਜਾ ਰਹੀ ਹੈ, ਦੂਸਰੀ ਸੂਚਨਾ ਪ੍ਰਸਾਰ ਲਈ ਦੁਨੀਆ ਦਾ ਮੀਡੀਆ ਲੜ ਰਿਹਾ ਹੈ।

ਅਮਰੀਕੀ ਸੋਸ਼ਲ ਮੀਡੀਆ ਕੰਪਨੀਆਂ ਨੇ ਰੂਸ ਸਮਰਥਕ ਚੈਨਲਾਂ ਅਤੇ ਅਖ਼ਬਾਰਾਂ 'ਤੇ ਰੋਕ ਲਗਾ ਦਿੱਤੀ ਹੈ। ਗੂਗਲ ਨੇ 'ਰਸ਼ੀਅਨ ਟੂਡੇ ਨਿਊਜ਼' ਅਤੇ ਸਪੁਤਨਿਕ ਜਿਹੇ ਐਪ ਗੂਗਲ ਪਲੇਅ ਸਟੋਰ ਤੋਂ ਹਟਾ ਦਿੱਤੇ ਹਨ। ਯੂ ਟਿਊਬ ਪਹਿਲਾਂ ਹੀ ਇਨ੍ਹਾਂ 'ਤੇ ਪਾਬੰਦੀ ਲਾ ਚੁੱਕਾ ਹੈ। ਇਸੇ ਤਰ੍ਹਾਂ ਅਮਰੀਕੀ ਕੰਪਨੀ ਐਪਲ ਨੇ ਵੀ ਆਪਣੇ ਐਪ ਸਟੋਰ 'ਚ ਰੂਸੀ ਚੈਨਲ ਰੋਕ ਦਿੱਤੇ ਹਨ। ਦਾਅਵਾ ਇਹ ਕੀਤਾ ਜਾ ਰਿਹਾ ਹੈ ਕਿ ਇਹ ਸਾਰੇ ਚੈਨਲ ਜੰਗ ਸਬੰਧੀ ਗਲਤ ਜਾਣਕਾਰੀ ਪ੍ਰਸਾਰਿਤ ਕਰ ਰਹੇ ਹਨ। ਗੂਗਲ ਐਪਸ ਦੇ ਲਾਈਵ ਫੀਚਰ ਨੂੰ ਯੂਕਰੇਨ ਵਿਚ ਬੰਦ ਕਰ ਦਿੱਤਾ ਗਿਆ ਹੈ ਤਾਂ ਜੋ ਰੂਸੀ ਫੌਜ ਉਸਦਾ ਲਾਭ ਨਾ ਲੈ ਸਕੇ।

ਸੋਸ਼ਲ ਮੀਡੀਆ ਪੂਰੀ ਤਰ੍ਹਾਂ ਐਕਸ਼ਨ ਵਿਚ ਹੈ। ਜਿਸ ਜਾਣਕਾਰੀ ਨੂੰ ਜਿੱਥੇ ਰੋਕਣਾ ਚਾਹੁੰਦਾ ਹੈ ਉਸਨੂੰ ਰੋਕਣ ਲਈ ਨਵੇਂ ਉਪਕਰਨ ਵਿਕਸਤ ਕੀਤੇ ਜਾ ਰਹੇ ਹਨ। ਯੂਰਪੀਅਨ ਯੂਨੀਅਨ ਇਸ ਪੱਖੋਂ ਪੂਰੀ ਸਰਗਰਮ ਹੈ। ਉਸ ਨੇ ਯੂਕਰੇਨ ਵਿਚ ਰਹਿ ਰਹੇ ਬਹੁਤ ਸਾਰੇ ਲੋਕਾਂ ਦੇ ਸੋਸ਼ਲ ਮੀਡੀਆ ਅਕਾਊਂਟ ਬੰਦ ਕਰ ਦਿੱਤੇ ਹਨ ਜਿਹੜੇ ਪੱਤਰਕਾਰ ਦੇ ਰੂਪ ਵਿਚ ਜੰਗ ਸਬੰਧੀ ਜਾਣਕਾਰੀ ਪ੍ਰਸਾਰਿਤ ਕਰ ਰਹੇ ਸਨ।

**ਰੂਸ-ਯੂਕਰੇਨ ਜੰਗ ਦੌਰਾਨ ਕਿਹੜੀ ਸੂਚਨਾ ਸਹੀ ਹੈ ਅਤੇ ਕਿਹੜੀ ਗ਼ਲਤ ਹੈ, ਇਸਦਾ ਨਿਰਣਾ ਕਰਨਾ ਮੁਸ਼ਕਲ ਹੋ ਗਿਆ ਹੈ। ਚੀਨੀ ਸੋਸ਼ਲ ਮੀਡੀਆ (ਵੀਬੋ ਅਤੇ ਟਿਕਟਾਕ) ਰੂਸ ਦੇ ਪੱਖ ਵਿਚ ਪ੍ਰਚਾਰ ਕਰ ਰਹੀਆਂ ਹਨ। ਇਕ ਜੰਗ ਜ਼ਮੀਨ 'ਤੇ ਲੜੀ ਜਾ ਰਹੀ ਹੈ ਤੇ ਦੂਸਰੀ ਮੀਡੀਆ ਰਾਹੀਂ।**

# ਮਿਆਰੀ ਪੁਸਤਕ 'ਪਰਵਾਸੀ ਕਲਮਾਂ'



ਦਰਸ਼ਨ ਸਿੰਘ


ਕਹਾਣੀਆਂ, ਵੰਨ ਸੁਵੰਨੇ ਲੇਖ ਅਤੇ ਕਵਿਤਾਵਾਂ, ਮੈਗਜ਼ੀਨਾਂ ਵਿਚ ਤਾਂ ਇਕ ਥਾਂ ਪੜ੍ਹਨ ਨੂੰ ਮਿਲਦੀਆਂ ਹਨ ਜਾਂ ਵਿਦਿਆਰਥੀਆਂ ਲਈ ਸੰਬੰਧਤ ਭਾਸ਼ਾ ਦੀਆਂ ਕਿਤਾਬਾਂ ਵਿਚ। ਨਿਰੋਲ ਸਾਹਿਤਕ ਪੁਸਤਕਾਂ ਤਾਂ ਇਕੋ ਹੀ ਸਾਹਿਤਕ ਰੂਪ ਦੀਆਂ ਪ੍ਰਚੱਲਤ ਹਨ। ਰਵਿੰਦਰ ਸਿੰਘ ਸੋਢੀ ਵਲੋਂ ਸੰਪਾਦਤ ਕੀਤੀ 'ਪਰਵਾਸੀ ਕਲਮਾਂ' ਕਿਤਾਬ ਪੜ੍ਹਨ ਦਾ ਸਬੱਬ ਬਣਿਆ, ਜਿਸ ਵਿਚ ਵੀਹ ਪਰਵਾਸੀ ਲੇਖਕਾਂ ਦੀਆਂ ਕਹਾਣੀਆਂ, ਲੇਖ ਅਤੇ ਕਵਿਤਾਵਾਂ ਸ਼ਾਮਲ ਹਨ। ਮੇਰੀ ਸਮਝ ਅਨੁਸਾਰ ਇਸ ਪੁਸਤਕ ਦੇ ਸੰਪਾਦਕ ਅਤੇ ਲੇਖਕਾਂ ਵਲੋਂ ਅਜਿਹੀ ਕਿਤਾਬ ਦੀ ਵਿਉਂਤ ਉਲੀਕਣੀ ਦੋ ਧਾਰੀ ਤਲਵਾਰ ਨੂੰ ਸੰਭਾਲਣ ਨਾਲੋਂ ਵੀ ਮੁਸ਼ਕਲ ਕਾਰਜ ਹੈ। ਬਹੁਤੀ ਵਾਰ ਆਮ ਪਾਠਕਾਂ ਦੀ ਖਿੱਚ ਸਾਹਿਤ ਦੇ ਕਿਸੇ ਇਕ ਵਿਸ਼ੇਸ਼ ਰੂਪ ਵੱਲ ਹੀ ਹੁੰਦੀ ਹੈ, ਭਾਵੇਂ ਕੁਝ ਪਾਠਕ ਇਕ ਤੋਂ ਵੱਧ ਰੂਪਾਂ ਨੂੰ ਵੀ ਮਾਣਦੇ ਹਨ। ਵੱਖ-ਵੱਖ ਸਾਹਿਤਕ ਰੂਪਾਂ ਨੂੰ ਇਕ ਪੁਸਤਕ ਵਿਚ ਇਕੱਠਾ ਸ਼ਾਮਲ ਕਰਨ ਵੇਲੇ ਮੁੱਖ ਸਮੱਸਿਆ ਇਹ ਆਉਂਦੀ ਹੈ ਕਿ ਇਨ੍ਹਾਂ ਸਾਰੇ ਰੂਪਾਂ ਵਿਚ ਪ੍ਰਭਾਵ ਦੀ ਇਕਸਾਰਤਾ ਕਿਵੇਂ ਕਾਇਮ ਰੱਖੀ ਜਾਵੇ, ਕਿਉਂ ਜੋ ਸਾਹਿਤ ਦੇ ਹਰ ਰੂਪ ਨੇ ਪਾਠਕਾਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਇਕ ਸੁਨੇਹਾ ਤਾਂ ਦੇਣਾ ਹੀ ਹੁੰਦਾ ਹੈ, ਪਰ ਕਹਾਣੀ, ਲੇਖ, ਕਵਿਤਾ, ਨਾਟਕ ਆਦਿ ਦਾ ਮਨੋਰੰਜਨ ਅਤੇ ਸੁਨੇਹਾ ਦੇਣ ਦਾ ਆਪੋ ਆਪਣਾ ਵੱਖਰਾ ਢੰਗ ਹੁੰਦਾ ਹੈ।

'ਪਰਵਾਸੀ ਕਲਮਾਂ' ਪੁਸਤਕ ਦਾ ਮੁੱਖ ਮੰਤਵ ਵੀਹ ਪਰਵਾਸੀ ਲੇਖਕਾਂ ਦੀਆਂ ਵੱਖ-ਵੱਖ ਰਚਨਾਵਾਂ ਅਤੇ ਲੇਖਕਾਂ ਨਾਲ ਜਾਣ ਪਹਿਚਾਣ ਕਰਵਾਉਣ ਦੇ ਨਾਲ ਨਾਲ ਪਾਠਕਾਂ ਦੀ ਚੰਗਾ ਸਾਹਿਤ ਪੜ੍ਹਨ ਦੀ ਰੁਚੀ ਪੂਰੀ ਕਰਨ ਦਾ ਵੀ ਹੈ। ਐਸ ਸਾਕੀ ਅਤੇ ਸੰਪਾਦਕ ਤੋਂ ਇਲਾਵਾ ਬਹੁਤੇ ਲੇਖਕ ਆਮ ਪੰਜਾਬੀ ਪਾਠਕਾਂ ਲਈ ਨਵੇਂ ਹਨ। ਭਾਵੇਂ ਪ੍ਰਸਤੁਤ ਪੁਸਤਕ ਵਿਚ ਸ਼ਾਮਲ ਬਹੁਤੇ ਲੇਖਕਾਂ ਦੀਆਂ ਇਕ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਪਰ ਆਮ ਪਾਠਕ ਉਨ੍ਹਾਂ ਤੋਂ ਬਹੁਤੇ ਵਾਕਿਫ ਨਹੀਂ। ਆਸਟ੍ਰੇਲੀਆ ਰਹਿੰਦੇ ਅਵਤਾਰ ਸਿੰਘ ਸੰਘਾ ਦੀਆਂ ਅੰਗਰੇਜ਼ੀ ਅਤੇ ਪੰਜਾਬੀ ਪੁਸਤਕਾਂ ਦਾ ਜ਼ਿਕਰ ਇਸ ਪੁਸਤਕ ਵਿਚ ਹੈ। ਉਨ੍ਹਾਂ ਦਾ ਨਵਾਂ ਨਾਵਲ 'ਤੇ ਪ੍ਰੀਖਿਆ ਚਲਦੀ ਰਹੀ' ਸੰਬੰਧੀ ਕੁਝ ਹਾਂ-ਪੱਖੀ ਰੀਵਿਊ ਵੀ ਪੜ੍ਹਨ ਨੂੰ ਮਿਲੇ ਹਨ। ਇਸੇ ਤਰ੍ਹਾਂ ਰਿਸ਼ੀ ਗੁਲਾਟੀ ਦੀਆਂ ਦੋ ਪੁਸਤਕਾਂ ਦੀ ਚਰਚਾ ਚੱਲੀ ਹੈ ਕਿਉਂ ਜੋ ਉਹ ਲੀਕ ਤੋਂ ਹਟ ਕੇ ਲਿਖੇ ਵਿਸ਼ਿਆਂ ਨਾਲ ਸੰਬੰਧਤ ਹਨ। ਡਾ. ਦਵਿੰਦਰ ਸਿੰਘ ਜੀਤਲਾ ਦੀਆਂ ਦੋ ਕਾਵਿ ਪੁਸਤਕਾਂ ਦੀ ਵੀ ਕੁਝ ਚਰਚਾ ਹੋਈ ਹੈ ਅਤੇ ਗੁਰਸ਼ਮਿੰਦਰ ਸਿੰਘ ਬਰਾੜ ਦੀ ਵਾਰਤਕ ਪੁਸਤਕ 'ਕੈਂਗਰੂਨਾਮਾ' ਨੂੰ ਵੀ ਪਾਠਕਾਂ ਵੱਲੋਂ ਹੁੰਗਾਰਾ ਮਿਲਿਆ ਹੈ। ਹਰਕੀਰਤ ਸਿੰਘ ਸੰਧਰ ਦੀ ਕਾਫੀ ਟੇਬਲ ਬੁੱਕ ਸੰਬੰਧੀ ਵੀ ਕੁਝ ਜਾਣਕਾਰੀ ਮਿਲਦੀ ਹੈ।

ਮੇਰੇ ਮੁਤਾਬਕ 'ਪਰਵਾਸੀ ਕਲਮਾਂ' ਪੁਸਤਕ ਪੜ੍ਹਨ ਦਾ ਸਹੀ ਢੰਗ ਇਸਦੀ ਭੂਮਿਕਾ ਤੋਂ ਲੈ ਕੇ ਅੰਤ ਤਕ ਪੜ੍ਹਨਾ ਹੈ। ਸਾਰੀਆਂ ਕਹਾਣੀਆਂ, ਲੇਖ, ਕਵਿਤਾਵਾਂ ਰੰਗ ਬਰੰਗੇ ਫੁੱਲਾਂ ਦੀ ਲੜੀ ਵਾਂਗ ਹਨ। ਸੰਪਾਦਕ ਨੇ ਮੁੱਖ ਬੰਦ ਵਿਚ ਆਪ ਮੰਨਿਆ ਹੈ ਕਿ 'ਫੁੱਲਾਂ ਦੇ ਗੁਲਦਸਤੇ ਵਿਚ ਕਈ ਫੁੱਲ ਹਲਕੇ ਰੰਗ ਦੇ ਵੀ ਹੁੰਦੇ ਹਨ ਅਤੇ ਅਜਿਹੀ ਪੁਸਤਕ ਦੇ ਸੰਪਾਦਨ ਸਮੇਂ ਕੁਝ ਸਮਝੌਤੇ ਵੀ ਕਰਨੇ ਪੈਂਦੇ ਹਨ।' ਸੰਪਾਦਕ ਦੀ ਇਸ ਸਾਫਗੋਈ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ, ਪਰ ਸਾਰੀਆਂ ਰਚਨਾਵਾਂ ਪੜ੍ਹਨ ਉਪਰੰਤ ਇਹ ਅਹਿਸਾਸ ਹੁੰਦਾ ਹੈ ਕਿ ਆਟੇ ਵਿਚ ਲੂਣ ਦੀ ਮਿਕਦਾਰ ਵਧੀ ਨਹੀਂ।

ਸੰਪਾਦਕ ਨੇ ਕਿਉਂ ਜੋ ਪਰਵਾਸੀ ਲੇਖਕਾਂ ਦੀਆਂ ਰਚਨਾਵਾਂ ਲਈਆਂ ਹਨ, ਇਸ ਲਈ ਉਸ ਨੇ ਮੁੱਖ ਬੰਦ ਵਿਚ ਪਰਵਾਸ ਦੇ ਸੰਦਰਭ ਵਿਚ ਪੰਜਾਬੀ ਪਰਵਾਸੀਆਂ ਅਤੇ ਉਨ੍ਹਾਂ ਦੀਆਂ ਸਾਹਿਤਕ ਰੁਚੀਆਂ ਦੀ, ਪਰਵਾਸ ਦੀਆਂ ਮੁਸ਼ਕਲਾਂ ਦੀ ਗੱਲ ਛੋਹਣ ਦੇ ਨਾਲ ਹੀ ਉਨ੍ਹਾਂ ਵਲੋਂ ਪੁਸਤਕਾਂ ਦੀ ਪ੍ਰਕਾਸ਼ਨਾ ਸਮੇਂ ਆਉਂਦੀਆਂ ਸਮੱਸਿਆਵਾਂ ਦੀ ਗੱਲ ਵੀ ਕੀਤੀ ਹੈ। ਇਸ ਲਈ ਇਹ ਇਕ ਰਸਮੀ ਮੁੱਖ ਬੰਦ ਨਾ ਹੋ ਕੇ ਇਸ ਪੁਸਤਕ ਦਾ ਹੀ ਅਹਿਮ ਹਿੱਸਾ ਕਿਹਾ ਜਾ ਸਕਦਾ ਹੈ।

ਐਸ. ਸਾਕੀ ਨਿਰਸੰਦੇਹ ਪੰਜਾਬੀ ਗਲਪ ਸਾਹਿਤ ਦੇ ਮਜ਼ਬੂਤ ਥੰਮ੍ਹ ਹਨ। ਇਸ ਪੁਸਤਕ ਵਿਚ ਦਰਜ ਉਨ੍ਹਾਂ ਦੀਆਂ ਤਿੰਨੋ ਕਹਾਣੀਆਂ ਹੀ ਵੱਖੋ ਵੱਖਰੇ ਅੰਦਾਜ਼ ਦੀਆਂ ਹਨ। ਇਕ ਬਿਆਨੀਆ ਕਹਾਣੀ ਹੈ, ਦੂਜੀ, ਬਲਦੇ ਸਿਵਿਆਂ ਵਿਚ ਜਲ ਰਹੇ ਮੁਰਦਿਆਂ ਦੀ ਕਹਾਣੀ ਹੈ, ਤੀਜੀ ਵਿਚ ਮੁਰਗੇ ਨੂੰ ਮੁੱਖ ਪਾਤਰ ਬਣਾਇਆ ਹੈ। ਅਵਤਾਰ ਸਿੰਘ ਸੰਘਾ ਕੋਲ ਕਹਾਣੀ ਕਹਿਣ ਦੀ ਕਲਾ ਹੈ, ਉਸ ਨੂੰ ਪਤਾ ਹੈ ਕਿ ਕਹਾਣੀ ਕਿਵੇਂ ਸ਼ੁਰੂ ਕਰਨੀ ਹੈ ਅਤੇ ਕਿਵੇਂ ਖਤਮ। ਉਸ ਦੀਆਂ ਤਿੰਨੋਂ ਕਹਾਣੀਆਂ ਸਾਹਿਤਕ ਗੁਣਾਂ ਨਾਲ ਭਰਪੂਰ ਹਨ। ਬਲਵੰਤ ਸਿੰਘ ਗਿੱਲ ਦੀਆਂ ਦੋਵੇਂ ਕਹਾਣੀਆਂ ਇਕ ਲੜੀ ਨੂੰ ਹੀ ਅੱਗੇ ਤੋਰਦੀਆਂ ਹਨ। ਪਹਿਲੀ ਕਹਾਣੀ (ਗਰੀਬ ਦੀ ਹੱਟੀ) ਇਹ ਦਰਸਾਉਂਦੀ ਹੈ ਕਿ ਜਿਨ੍ਹਾਂ ਦੇ ਦਿਲ ਵਿਚ ਕੁਝ ਕਰਨ ਦੀ ਲਗਨ ਹੋਵੇ ਉਹ ਆਪਣੇ ਦੇਸ਼ ਵਿਚ ਵੀ ਸਫਲ ਹੋ ਸਕਦੇ ਹਨ ਅਤੇ ਦੂਜੀ ਕਹਾਣੀ (ਪੁੱਤ ਪ੍ਰਦੇਸੀ) ਵਿਚ ਪ੍ਰਦੇਸ ਜਾ ਕੇ ਸਫਲਤਾ ਪ੍ਰਾਪਤ ਕਰਨ ਦੀ ਜੱਦੋ-ਜਹਿਦ ਦੀ ਪੇਸ਼ਕਾਰੀ ਹੈ, ਜਿਸ ਦਾ ਅੰਤ ਦੁਖਾਂਤਕ ਹੋ ਨਿੱਬੜਦਾ ਹੈ। ਜਸਬੀਰ ਸਿੰਘ ਆਹਲੂਵਾਲੀਆ ਅਤੇ ਨਿਰਮਲ ਸਿੰਘ ਕੰਧਾਲਵੀ ਦੀਆਂ ਕਹਾਣੀਆਂ ਵੀ ਪ੍ਰਭਾਵਿਤ ਕਰਦੀਆਂ ਹਨ। ਮੋਹਨ ਸਿੰਘ ਵਿਰਕ ਦੀ 'ਵਤਨ ਵਾਪਸੀ' ਜਿੱਥੇ ਪਰਵਾਸੀ ਬੱਚਿਆਂ ਵਲੋਂ ਮਾਪਿਆਂ ਨਾਲ ਕੀਤੇ ਦੁਰਵਿਹਾਰ ਨੂੰ ਪੇਸ਼ ਕਰਦੀ ਹੈ, ਉਥੇ ਇਹ ਵੀ ਦਰਸਾਇਆ ਹੈ ਕਿ ਕੁਝ ਮਾਪੇ ਅਜਿਹੇ ਬੱਚਿਆਂ ਨੂੰ ਹਲੂਣਾ ਵੀ ਦੇ ਦਿੰਦੇ ਹਨ। ਚਰਨਜੀਤ ਸਿੰਘ ਮਿਨਹਾਸ ਦੀ ਕਹਾਣੀ 'ਪਰਛਾਵੇਂ, ਬਿੰਦੂ ਅਤੇ ਆਕਾਰ' ਨਿਵੇਕਲੀ ਕਹਾਣੀ ਹੈ, ਜਿਸ ਦੀ ਤਕਨੀਕ ਵਿਚ ਵਿਲੱਖਣਤਾ ਹੈ।


ਲੇਖਕ ਰਵਿੰਦਰ ਸੋਢੀ ਤੇ ਪੁਸਤਕ ਪਰਵਾਸੀ ਕਲਮਾਂ ਦਾ ਮੁਖੜਾ

ਵਾਰਤਕ ਦੇ ਪਾਠਕ ਆਮ ਤੌਰ 'ਤੇ ਘੱਟ ਹੀ ਹੁੰਦੇ ਹਨ ਕਿਉਂ ਜੋ ਵਾਰਤਕ ਸਮਝਣ ਲਈ ਦਿਮਾਗ 'ਤੇ ਬੋਝ ਪਾਉਣ ਦੀ ਲੋੜ ਹੁੰਦੀ ਹੈ। ਇਸ ਪੁਸਤਕ ਵਿਚ ਰਿਸ਼ੀ ਗੁਲਾਟੀ ਦਾ ਲੇਖ ਅਜਿਹਾ ਹੀ ਹੈ, ਪਰ ਲੇਖਕ ਨੇ ਅਸਲ ਮੁੱਦੇ 'ਤੇ ਆਉਣ ਤੋਂ ਪਹਿਲਾਂ ਆਪਣੀ ਵਿਅਕਤੀਗਤ ਜ਼ਿੰਦਗੀ ਦੀਆਂ ਜੋ ਪਰਤਾਂ ਫ਼ਰੋਲੀਆਂ ਹਨ, ਉਸ ਨਾਲ ਪਾਠਕ ਲੇਖ ਨਾਲ ਜੁੜਨਗੇ ਅਤੇ ਦੂਜਾ ਵਿਸ਼ਾ ਨਵਾਂ ਹੋਣ ਕਾਰਨ ਵੀ ਉਨ੍ਹਾਂ ਦੀ ਨਵਾਂ ਜਾਣਨ ਦੀ ਭੁੱਖ ਤ੍ਰਿਪਤ ਹੋਵੇਗੀ। ਮਿੰਟੂ ਬਰਾੜ ਦੇ ਦੋਵੇਂ ਲੇਖ ਵੀ ਪਾਠਕਾਂ ਦਾ ਧਿਆਨ ਖਿੱਚਣ ਵਾਲੇ ਹਨ। ਡਾ. ਦਵਿੰਦਰ ਸਿੰਘ ਜੀਤਲਾ ਦਾ ਲੇਖ ਹੈ ਤਾਂ ਜਾਣਕਾਰੀ ਭਰਪੂਰ ਪਰ ਜੇ ਵਿਸਥਾਰ ਨਾਲੋਂ ਸੰਖੇਪਤਾ ਤੋਂ ਕੰਮ ਲਿਆ ਜਾਂਦਾ ਤਾਂ ਹੋਰ ਵੀ ਵਧੀਆ ਹੁੰਦਾ। ਪਰਮਿੰਦਰ ਸਿੰਘ ਪਾਪਾਟੋਏਟੋਏ ਅਤੇ ਹਰਕੀਰਤ ਸਿੰਘ ਸੰਧਰ ਦੇ ਲੇਖਾਂ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਸੰਧਰ ਨੇ ਨਿਰਸੰਦੇਹ ਆਪਣੇ ਲੇਖਾਂ ਦੀ ਸਮੱਗਰੀ ਨੂੰ ਸੰਖੇਪ ਪਰ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਹੈ। ਅਜਿਹੀ ਜਾਣਕਾਰੀ ਵਾਲੇ ਲੇਖ ਕਿਸੇ ਵੀ ਕਿਤਾਬ ਨੂੰ ਸਾਂਭਣਯੋਗ ਬਣਾਉਂਦੇ ਹਨ।

ਕਹਾਣੀ ਅਤੇ ਵਾਰਤਕ ਭਾਗ ਵਾਂਗ ਕਵਿਤਾ ਭਾਗ ਵੀ ਪ੍ਰਭਾਵਿਤ ਕਰਨ ਵਾਲਾ ਹੈ। ਇਸ ਹਿੱਸੇ ਵਿਚ ਗੀਤ, ਗ਼ਜ਼ਲ, ਖੁੱਲ੍ਹੀ ਕਵਿਤਾ, ਤੋਲ-ਤੁਕਾਂਤ ਵਾਲੀ ਕਵਿਤਾ ਅਤੇ ਵਿਅੰਗਮਈ ਕਵਿਤਾ ਦਾ ਸੁਮੇਲ ਹੈ। ਜੋਗਿੰਦਰ ਸਿੰਘ ਥਿੰਦ, ਹਰਜਿੰਦਰ ਸਿੰਘ ਗੁਲਪੁਰ, ਤਖਤਿੰਦਰ ਸਿੰਘ, ਦਰਸ਼ਨ ਸਿੰਘ ਸੰਧੂ ਦੇ ਗੀਤ, ਗ਼ਜ਼ਲਾਂ ਪੜ੍ਹਨ ਯੋਗ ਹਨ। ਰਮਿੰਦਰ ਵਾਲੀਆ ਦੀਆਂ ਖੁੱਲ੍ਹੀਆਂ ਕਵਿਤਾਵਾਂ ਵਿਚ ਵੀ ਰਵਾਨੀ ਹੈ। ਕੰਵਲ ਸਿੱਧੂ, ਰੂਪ ਦਵਿੰਦਰ ਕੌਰ ਦੀਆਂ ਕਵਿਤਾਵਾਂ ਅਤੇ ਪੁਸਤਕ ਦੇ ਸੰਪਾਦਕ ਰਵਿੰਦਰ ਸਿੰਘ ਸੋਢੀ ਦੀਆਂ ਗ਼ਜ਼ਲਾਂ, ਗੀਤ ਅਤੇ ਨਜ਼ਮਾਂ ਸਭ ਤੋਂ ਵੱਧ ਧਿਆਨ ਖਿੱਚਦੀਆਂ ਹਨ। ਕੰਵਲ ਸਿੱਧੂ ਦੀਆਂ ਯਾਦਾਂ ਵਿਚ ਵਸੇ ਪੇਂਡੂ ਜੀਵਨ ਦੇ ਭਾਵਪੂਰਤ ਪ੍ਰਗਟਾਅ ਦੇ ਨਾਲ-ਨਾਲ ਉਹ ਧਰਮ ਦੇ ਖੇਤਰ ਵਿਚ ਫੈਲੇ ਲੋਟੂਆਂ ਨੂੰ ਵੀ ਵੰਗਾਰਦਾ ਹੈ। ਰੂਪ ਦਵਿੰਦਰ ਦੀਆਂ ਕਵਿਤਾਵਾਂ ਡੂੰਘੇ ਅਰਥਾਂ ਵਾਲੀਆਂ ਅਤੇ ਇਕ ਨਵਾਂ ਕਾਵਿਕ ਮੁਹਾਵਰਾ ਸਿਰਜਣ ਯੋਗ ਹਨ। ਸੰਪਾਦਕ ਦੀ ਇਸ ਗੱਲੋਂ ਤਾਰੀਫ ਕਰਨੀ ਬਣਦੀ ਹੈ ਕਿ ਉਸ ਨੇ ਆਪਣੀਆਂ ਉਮਦਾ ਰਚਨਾਵਾਂ ਨੂੰ ਸ਼ਾਮਲ ਕਰ ਕੇ ਪੁਸਤਕ ਦੇ ਸਾਹਿਤਕ ਮਿਆਰ ਵਿਚ ਵਾਧਾ ਕੀਤਾ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਨਵੀਨਤਾ ਹੈ। ਕੁੜੀਆਂ ਦੀ ਤ੍ਰਾਸਦੀ ਨੂੰ ਪੇਸ਼ ਕਰਦਾ ਗੀਤ ਜ਼ੁਬਾਨ 'ਤੇ ਚੜ੍ਹਨ ਵਾਲਾ ਹੈ। ਦੋ ਸ਼ਬਦ ਲੇਖਕਾਂ ਦੇ ਰੇਖਾ ਚਿੱਤਰਾਂ ਸੰਬੰਧੀ ਵੀ ਲਿਖਣੇ ਬਣਦੇ ਹਨ। ਤਕਰੀਬਨ ਸਾਰੇ ਹੀ ਰੇਖਾ ਚਿੱਤਰਾਂ ਦੇ ਸਿਰਲੇਖ ਪੜ੍ਹ ਕੇ ਹੀ ਪਾਠਕ ਝਟਪਟ ਉਨ੍ਹਾਂ ਨੂੰ ਪੜ੍ਹਨਾ ਲੋਚਣਗੇ। ਕੁਝ ਸਿਰਲੇਖ ਹਨ: 'ਦੇਸ਼ ਦੁਆਬਾ ਤੋਂ ਡਾਰਲਿੰਗ ਹਾਰਬਰ ਤਕ ਦਾ ਸਫਰ', 'ਭੱਠਾ ਮਜ਼ਦੂਰ ਤੋਂ ਮੇਅਰ ਤਕ ਦਾ ਸਫਰ', 'ਕੱਚੇ ਘਰਾਂ 'ਚੋਂ ਪੈਦਾ ਹੋਇਆ ਪੱਕੇ ਇਰਾਦਿਆਂ ਦਾ ਧਾਰਨੀ', 'ਕੌੜਤੁੰਮੇ ਦੇ ਮਿੱਠੇ ਸਵਾਦ ਵਰਗਾ', 'ਅਵਾਜ਼, ਰੂਪ ਅਤੇ ਕਲਮ ਦਾ ਸੁਮੇਲ', 'ਸ਼ੀਸ਼ੇ ਸਾਹਮਣੇ ਖੜ੍ਹਾ ਬਣਾ ਆਦਮੀ' ਆਦਿ।

ਏਨੀਆਂ ਖੂਬੀਆਂ ਦੇ ਬਾਵਜੂਦ ਇਕ ਛੋਟੀ ਜਿਹੀ ਘਾਟ ਰੜਕੀ ਹੈ, ਜਿਸਦਾ ਸੰਬੰਧ ਪੁਸਤਕ ਦੇ ਸਾਹਿਤਕ ਮਿਆਰ ਨਾਲ ਨਹੀਂ ਸਗੋਂ ਤਕਨੀਕੀ ਪੱਖ ਨਾਲ ਹੈ। ਤਤਕਰੇ ਵਿਚ ਲੇਖਕਾਂ ਦੇ ਰੇਖਾ ਚਿੱਤਰਾਂ ਦੇ ਸਿਰਲੇਖਾਂ ਦੇ ਨਾਲ-ਨਾਲ ਰਚਨਾਵਾਂ ਦੀ ਸੂਚੀ ਵੀ ਦੇਣੀ ਚਾਹੀਦੀ ਸੀ। ਸਮੁੱਚੇ ਰੂਪ ਵਿਚ 'ਪਰਵਾਸੀ ਕਲਮਾਂ' ਪੁਸਤਕ ਵਿਚ 20 ਪਰਵਾਸੀ ਲੇਖਕਾਂ ਦੀਆਂ ਮਿਆਰੀ ਚੋਣਵੀਆਂ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਪ੍ਰੀਤ ਪਬਲੀਕੇਸ਼ਨ ਨਾਭਾ ਵੱਲੋਂ ਪ੍ਰਕਾਸ਼ਤਿ ਇਸ ਪੁਸਤਕ ਦੀ ਦਿੱਖ ਅਤੇ ਛਪਾਈ ਵਧੀਆ ਹੈ। 264 ਪੰਨਿਆ ਦੀ ਪੁਸਤਕ ਦੀ ਕੀਮਤ ਵੀ 350 ਰੁਪਏ ਹੈ।

## ਕਾਵਿ-ਕਿਆਰੀ

### ਰਾਜ ਨਹੀਂ ਏਹ ਸੇਵਾ (ਪੈਨਸ਼ਨਾਂ)

ਰਾਜ ਨਹੀਂ ਏਹ ਸੇਵਾ,
ਰਲ-ਮਿਲ ਜਾਣਦੇ ਸਾਂ
ਪੈਨਸ਼ਨਾਂ ਲਾਈਆਂ ਖੁਦ ਨੂੰ,
ਮੌਜਾਂ ਮਾਣ ਦੇ ਸਾਂ।

ਲੋਕਤੰਤਰ ਦੇ ਨਾਂ 'ਤੇ,
ਧੱਕਾ ਤੇ ਤਾਨਾਸ਼ਾਹੀ,
ਜਿਸ ਦੇ ਸਿਰ 'ਤੇ ਚਾਹੁੰਦੇ,
ਬੰਦੂਕਾਂ ਤਾਣਦੇ ਸਾਂ।

ਵੱਖ ਵੱਖ ਸਨ ਭਾਵੇਂ ਪਾਰਟੀਆਂ,
ਅੰਦਰੋਂ ਏਕਾ ਸੀ,
ਜਨਤਾ ਦਾ ਖੂਨ ਸਾਂ ਚੂਸਦੇ,
ਇਕੋ ਹੀ ਹਾਣ ਦੇ ਸਾਂ।

ਉਨੀ ਸੌ ਸੰਨਤਾਲੀ ਤੋਂ ਆਪਾਂ,
ਹੁਣ ਤਾਈਂ ਤਾਂ
ਧਰਮਾਂ, ਡੇਰਿਆਂ, ਜਾਤੀਵਾਦ 'ਚੋਂ,
ਵੋਟਾਂ ਛਾਣਦੇ ਸਾਂ।

ਸੁੱਖਵਿੰਦਰ ਬੋਦਲਾਂਵਾਲਿਆ,
ਆਹ ਕੀ ਠਾਹ ਸੋਟਾ
ਭਗਵੰਤ ਮਾਨ ਲਾਓ ਖੂੰਜੇ,
ਅਸੀਂ ਪਹਿਚਾਣਦੇ ਸਾਂ।

*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360 281 2624*

---

### ਚਿਰਾਂ ਤੋਂ ਭਟਕਦਾ ਸੀ

ਚਿਰਾਂ ਤੋਂ ਭਟਕਦਾ ਸੀ
ਮੇਰੇ ਨਾਲ ਮੇਰਾ ਸਾਇਆ
ਮੁੜ ਕੇ ਪਿਛਾਂਹ ਨੂੰ ਤੱਕਿਆ ਤਾਂ
ਤੇਰਾ ਖਿਆਲ ਆਇਆ।

ਇਹ ਭਟਕਣ ਜਿਵੇਂ
ਖਤਾਂ ਨੂੰ ਸਿਰਨਾਵਿਆਂ ਦੀ ਸੀ
ਉਹ ਟੀਸ ਬਣ ਉਹਦੇ ਦਿਲ ਦੀ
ਸਦਾ ਨਾਲ ਨਾਲ ਆਇਆ।

ਅੱਖੀਆਂ ਨੇ ਵੀ ਪੜ੍ਹਿਆ ਹੈ
ਸ਼ਾਇਦ ਰੁੱਤਾਂ ਦਾ ਫ਼ਲਸਫ਼ਾ
ਆਪੇ ਹੀ ਬਰਸ ਪਈਆਂ
ਜਦ ਦਿਲ 'ਚ ਉਛਾਲ ਆਇਆ।

ਕਲਮ ਜਦ ਕਦੇ ਵੀ
ਮੁਹੱਬਤਾਂ ਦਾ ਰਾਗ ਛੇੜੇ
ਗੀਤਾਂ ਦੇ ਚੇਹਰੇ 'ਤੇ
ਵੱਖਰਾ ਨਿਖਾਰ ਆਇਆ।
ਫਿਜ਼ਾ ਦੇ ਰੰਗ ਉਹੀ ਸਨ,
ਬਸ ਦਿਲ ਉਦਾਸ ਸੀ
ਦਿਲ ਮੌਲ ਪਿਆ ਤਾਂ ਵੱਖਰਾ ਹੀ
ਜਾਹੋ-ਜਲਾਲ ਛਾਇਆ।

ਆਪਣੀ ਸਿਲਕੀ ਜੇਬ ਦੀਆਂ
ਨੁੱਕਰਾਂ ਫਰੋਲਦਾ ਹਾਂ
ਮਜ਼ਲੂਮ ਜਿਹਾ ਇਕ ਦਿਲ ਸੀ
ਕਿੱਥੇ ਵਿਸਾਰ ਆਇਆ।

*-ਨਵਚੇਤਨ*

---

### ਰਿਸ਼ਤੇ

ਕੁਝ ਰਿਸ਼ਤੇ ਰੱਬ ਬਣਾਏ
ਕੁਝ ਰਿਸ਼ਤੇ ਜੱਗ ਬਣਾਏ
ਕੁਝ ਰਿਸ਼ਤੇ ਠੱਗ ਬਣਾਏ
ਕੁਝ ਰਿਸ਼ਤੇ ਯੱਭ ਬਣਾਏ।

ਕੁਝ ਰਿਸ਼ਤੇ ਨਿਰੇ ਸਮਝੌਤੇ
ਕੁਝ ਰਿਸ਼ਤੇ ਨਾਮ ਕੇ ਹੋਤੇ
ਕੁਝ ਰਿਸ਼ਤੇ ਉਤਰਨ ਧੋਤੇ
ਕੁਝ ਰਿਸ਼ਤੇ ਬੇਨਾਮ ਹੈਂ ਹੋਤੇ।

ਕੁਝ ਰਿਸ਼ਤੇ ਖਾ ਜਾਣ ਗੰਢਾਂ
ਕੁਝ ਰਿਸ਼ਤੇ ਸ਼ੱਕ ਦੀਆਂ ਪੰਡਾਂ
ਕੁਝ ਰਿਸ਼ਤੇ ਮਿੱਠੇ ਨੇ ਖੰਡਾਂ
ਕੁਝ ਰਿਸ਼ਤੇ ਛੱਜ ਪਾ ਛੰਡਾਂ।

ਕੁਝ ਰਿਸ਼ਤੇ ਭੱਜ ਜਾਣ ਮੌਕੇ
ਕੁਝ ਰਿਸ਼ਤੇ ਦੇ ਜਾਵਣ ਧੋਖੇ
ਕੁਝ ਰਿਸ਼ਤੇ ਤਾਂ ਬਾਹਲੇ ਔਖੇ
ਕੁਝ ਰਿਸ਼ਤੇ ਨਿਭਦੇ ਨੇ ਸੌਖੇ।

ਕੁਝ ਰਿਸ਼ਤੇ ਪਾਕ ਪਵਿੱਤਰ
ਕੁਝ ਰਿਸ਼ਤੇ ਨੇ ਸੱਚੇ ਮਿੱਤਰ
ਕੁਝ ਰਿਸ਼ਤੇ ਕਈ ਚਲਿੱਤਰ
ਕੁਝ ਰਿਸ਼ਤੇ ਰੂਹ ਕਲਿੱਤਰ।

*-ਰਵਿੰਦਰ ਲਾਲਪੁਰੀ*
*ਫੋਨ: 94634-52261*

---

### ਨਾਜ਼ੁਕ ਖਿਆਲੀਆਂ

ਬੋਲ ਕੁਬੋਲ ਨਾ ਬੋਲ ਨੀ ਜਿੰਦੇ,
ਬਹਿ ਸੱਜਣਾਂ ਦੇ ਕੋਲ਼ ਨੀ ਜਿੰਦੇ!
ਨਾ ਨਜ਼ਰ ਚੁਰਾ ਨਾ ਗ਼ਮ ਛੁਪਾ,
ਦਿਲ ਦੀ ਘੁੰਡੀ ਖੋਲ੍ਹ ਨੀ ਜਿੰਦੇ!

ਦਿਲ ਦਰਿਆ ਸਮੁੰਦਰੋਂ ਡੂੰਘੇ,
ਕਾਹਨੂੰ ਲੱਭਦੀ ਫਿਰਦੀ ਲੂੰਘੇ।
ਦਿਲ ਨੂੰ ਦਿਲ ਦੀ ਚਾਹ ਸਦਾ,
ਸੋਚ ਅਤੇ ਸੁਲਝਾਅ ਨੀ ਜਿੰਦੇ!

ਪਿਆਰ ਵਾਲ਼ੀ ਕੱਤ ਨੀਂ ਪੂਣੀ,
ਰੰਗਤ ਚੜ੍ਹ ਜਾਏ ਦੂਣੀ ਚੂਣੀ।
ਰੰਗ ਮਜੀਠੇ ਭਿੱਜ ਜਾਏ ਰੂਹ,
ਤੱਕ ਤੱਕ ਔਸੀਆਂ ਪਾ ਨੀ ਜਿੰਦੇ!

ਝੂਠੀਆਂ ਨੇ ਮੋਹ ਦੀਆਂ ਤੰਦਾਂ,
ਰਿਸ਼ਤੇ ਨਾਤੇ ਪੀਢੀਆਂ ਗੰਢਾਂ।
ਇਕ ਇਕ ਕਰ ਕੇ ਟੁੱਟ ਜਾਣੇ,
ਜੀਵਨ ਜਫ਼ਰ ਜਲਾ ਨੀ ਜਿੰਦੇ!

ਛੱਡ ਦੇ ਮਨ ਨੂੰ ਲਾਣਾ ਝੋਰਾ,
ਕਾਹਨੂੰ ਮਰਨਾ ਹੋ ਭੋਰਾ ਭੋਰਾ।
ਤੇਰੇ ਬਾਝੋਂ ਕੀ ਸੰਸਾਰ ਹੈ ਸੁੰਨਾ,
ਜ਼ਿੰਦਗੀ ਤਾਂ ਹੈ ਦਗ਼ਾ ਨੀ ਜਿੰਦੇ!

ਆਏ ਔਲੀਆ ਪੀਰ ਸਿਕੰਦਰ,
ਬੋਲਦੇ ਕੁਝ ਨਹੀਂ ਜੱਗ ਅੰਦਰ।
ਰਿਸ਼ੀ ਮੁਨੀ ਬਾਣੀ ਦਾ ਕਹਿਣਾ,
ਸੱਚੇ ਨਾਲ਼ ਨਿਭਾਅ ਨੀਂ ਜਿੰਦੇ!

*-ਸੇਵਾ ਸਿੰਘ "ਨੂਰਪੁਰੀ"*

---

# ਬਦਲਦੇ ਸੰਸਾਰ ਵਿਚ ਮਾਰਕਸਵਾਦ

ਕੋਈ ਵੀ ਪ੍ਰਬੰਧ ਖੜੋਤ ਵਿਚ ਨਹੀਂ ਰਹਿੰਦਾ, ਇਸ ਕਰਕੇ ਅੱਜ ਸਰਮਾਏਦਾਰੀ ਪ੍ਰਬੰਧ ਮਾਰਕਸ ਜਾਂ ਲੈਨਿਨ ਦੇ ਸਮੇਂ ਤੋਂ ਬਹੁਤ ਬਦਲ ਚੁੱਕਾ ਹੈ। ਚਾਹੇ ਸਰਮਾਏਦਾਰੀ ਪ੍ਰਬੰਧ ਦੇ ਕੁਝ ਬੁਨਿਆਦੀ ਲੱਛਣ ਜਿਵੇਂ ਕਿਰਤ ਦਾ ਸ਼ੋਸ਼ਣ, ਮੁਕਾਬਲੇਬਾਜ਼ੀ ਦੀ ਦੌੜ, ਤਕਨੀਕ ਦੀ ਵਰਤੋਂ ਮਨੁੱਖੀ ਭਲਾਈ ਦੀ ਬਜਾਏ ਮੁਨਾਫੇ ਵਧਾਉਣ ਲਈ ਕਰਨਾ, ਰਾਜਸੀ ਤਾਕਤ ਉਤੇ ਕੰਟਰੋਲ ਆਦਿ ਅੱਜ ਵੀ ਬਰਕਰਾਰ ਹਨ ਪਰ ਇਸ ਦੌਰਾਨ ਸਰਮਾਏਦਾਰੀ ਪ੍ਰਬੰਧ ਨੇ ਆਪਣੇ ਸੰਕਟਾਂ ਉਤੇ ਕਾਬੂ ਪਾਉਣ ਵਿਚ ਕਾਫੀ ਮਹਾਰਤ ਹਾਸਲ ਕਰ ਲਈ ਹੈ ਅਤੇ ਸੱਤਾ ਵਿਚ ਰਹਿਣ ਲਈ ਨਵੀਆਂ ਸਿਆਸੀ ਜੁਗਤਾਂ ਘੜ ਲਈਆਂ ਹਨ। ਦੂਜੇ ਪਾਸੇ, ਤਕਨੀਕੀ ਵਿਕਾਸ ਨੇ ਉਤਪਾਦਨ ਪ੍ਰਕਿਰਿਆ ਨੂੰ ਬਦਲ ਦਿੱਤਾ ਹੈ, ਵਸਤੂ ਦੇ ਉਤਪਾਦਨ ਵਿਚ ਕਿਰਤ ਦਾ ਅਨੁਪਾਤਕ ਮਹੱਤਵ ਘਟਿਆ ਹੈ, ਪੈਦਾਵਾਰੀ ਜਮਾਤਾਂ ਦੀ ਕਿਰਤ ਦੇ ਸਾਧਨਾਂ ਅਤੇ ਵਿਧੀਆਂ ਨੂੰ ਬਦਲ ਦਿੱਤਾ ਹੈ, ਕਾਮਾ ਜਮਾਤ ਦੀਆਂ ਪਦਾਰਥਕ ਹਾਲਤਾਂ ਨੂੰ ਬਦਲਿਆ ਹੈ, ਉਨ੍ਹਾਂ ਦੀ ਸੋਚ ਨੂੰ ਬਦਲਿਆ ਹੈ, ਕਿਰਤ ਦੇ ਸ਼ੋਸ਼ਣ ਦੇ ਨਾਲ-ਨਾਲ ਕੁਦਰਤ ਦਾ ਸ਼ੋਸ਼ਣ ਵੀ ਮਹੱਤਵਪੂਰਨ ਮੁੱਦਾ ਬਣ ਗਿਆ ਹੈ। ਇਨ੍ਹਾਂ ਸਾਰੇ ਮੁੱਦਿਆਂ ਨੂੰ ਨਵੀਆਂ ਹਾਲਤਾਂ ਦੇ ਪ੍ਰਸੰਗ ਵਿਚ ਵਿਚਾਰਨ ਦੀ ਲੋੜ ਹੈ।




**ਰਾਜਪਾਲ ਸਿੰਘ**
ਫੋਨ: +91-98767-10809

ਮਸ਼ੀਨਾਂ ਦੇ ਡਿਜੀਟਲ ਜਾਂ ਕੰਪਿਊਟਰ ਨਾਲ ਕੰਟਰੋਲ ਹੋਣ ਨੇ ਸਰੀਰਕ ਮਿਹਨਤ ਵਾਲੇ ਕੰਮ ਲਈ ਮਜ਼ਦੂਰਾਂ ਦੀ ਗਿਣਤੀ ਘਟਾਈ ਹੈ। ਇਸ ਸਬੰਧ ਵਿਚ ਪੈਦਾਵਾਰ ਦੇ ਹਰ ਖੇਤਰ ਵਿਚੋਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਜੇ ਅਸੀਂ ਡਰਾਈਵਰ ਰਹਿਤ ਕਾਰਾਂ ਵਰਗੀਆਂ ਭਵਿੱਖੀ ਸੰਭਾਵਨਾਵਾਂ ਨੂੰ ਛੱਡ ਵੀ ਦੇਈਏ, ਤਦ ਵੀ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਆਏ ਦਿਨ ਨਵੇਂ ਤੋਂ ਨਵਾਂ ਕੰਮ ਆਟੋਮੈਟਿਕ ਮਸ਼ੀਨਾਂ ਉਪਰ ਸਿਫਟ ਹੋ ਰਿਹਾ ਹੈ। ਇਥੋਂ ਤੱਕ ਕਿ ਖੇਤੀ ਬਾੜੀ ਵਰਗੇ ਜ਼ਮੀਨੇ ਨਾਲ ਜੁੜੇ ਖੇਤਰਾਂ ਵਿਚ ਵੀ ਕੰਪਿਊਟਰ ਕਰਾਹੇ, ਮੋਬਾਈਲ ਨਾਲ ਚਲਦੇ ਟਿਊਬਵੈੱਲ ਆਦਿ ਵਿਚ ਇਸ ਦੀਆਂ ਝਲਕਾਂ ਦੇਖੀਆਂ ਜਾ ਸਕਦੀਆਂ ਹਨ। ਕੰਪਿਊਟਰ ਅਤੇ ਇੰਟਰਨੈੱਟ ਨਾਲ ਜੁੜਨ ਸਦਕਾ ਬਹੁਤ ਸਾਰੇ ਕਾਰੋਬਾਰ ਆਨਲਾਈਨ ਹੋਣ ਲੱਗ ਪਏ ਜਿਸ ਨੇ ਕਾਮਿਆਂ ਦੀ ਗਿਣਤੀ ਘਟਾਉਣ ਦੇ ਨਾਲ-ਨਾਲ ਉਨ੍ਹਾਂ ਦਾ ਖਿੰਡਾ ਵੀ ਦਿੱਤਾ ਹੈ।

ਇਸ ਨਾਲ ਗੈਰ-ਹੁਨਰਮੰਦ ਕਾਮਿਆਂ ਲਈ ਕੰਮ ਦੇ ਮੌਕੇ ਘਟੇ ਹਨ ਪਰ ਤਕਨੀਕੀ ਕਾਮਿਆਂ ਦੀ ਮੰਗ ਵਧੀ ਹੈ। ਇਸ ਨਾਲ ਪੈਦਾਵਾਰੀ ਅਮਲ ਵਿਚ ਮਸ਼ੀਨ ਦਾ ਅੰਗ ਬਣ ਕੇ ਕੰਮ ਕਰਨ ਵਾਲੇ ਸਾਧਨ ਵਿਹੂਣੇ ਪ੍ਰੋਲਤਾਰੀ ਕਾਮੇ ਦੀ ਥਾਂ ਤਕਨੀਕੀ ਗਿਆਨ ਨਾਲ ਲੈਸ ਕਾਮੇ ਦਾ ਮਹੱਤਵ ਵਧਿਆ ਹੈ। ਜਿਸ ਕਾਮੇ ਨੇ ਆਪਣੇ ਗਿਆਨ ਨੂੰ ਲਗਾਤਾਰ ਅਪਡੇਟ ਰੱਖਣਾ ਹੈ, ਉਹ ਉਸ ਆਰਥਿਕ ਸਥਿਤੀ ਨਾਲ ਕੰਮ ਨਹੀਂ ਕਰ ਸਕਦਾ ਕਿ ਉਸ ਨੂੰ ਸਿਰਫ ਜਿਊਂਦੇ ਰਹਿਣ ਲਈ ਘੱਟੋ-ਘੱਟ ਜ਼ਰੂਰੀ ਉਜਰਤ ਮਿਲਦੀ ਹੋਵੇ। ਵਿਕਸਿਤ ਸਰਮਾਏਦਾਰੀ ਮੁਲਕਾਂ ਦਾ ਬਹੁਗਿਣਤੀ ਕਾਮਾ ਵਰਗ ਅਜਿਹਾ ਹੈ ਜਿਸ ਕੋਲ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਤੋਂ ਅੱਗੇ ਵੀ ਕਾਫੀ ਕੁਝ ਹੈ; ਭਾਵ, ਹੁਣ ਉਹ ਪ੍ਰੋਲਤਾਰੀ ਕਾਮਾ ਨਹੀਂ ਜਿਸ ਕੋਲ ਗੁਆਉਣ ਲਈ ਕੁਝ ਨਹੀਂ ਹੈ। ਵਸਤਾਂ ਦੇ ਉਤਪਾਦਨ ਵਿਚ ਜਿੱਥੇ ਪਹਿਲਾਂ ਪੂੰਜੀ ਅਤੇ ਕਿਰਤ ਮੁੱਖ ਫੈਕਟਰ ਸਨ, ਆਟੋਮੇਸ਼ਨ ਹੋਣ ਨਾਲ ਕਿਰਤ ਨਾਲੋਂ ਤਕਨੀਕੀ ਗਿਆਨ ਦਾ ਮਹੱਤਵ ਵਧ ਗਿਆ ਹੈ।

ਤਕਨੀਕੀ ਕਾਢਾਂ ਨੇ ਕੇਵਲ ਪੈਦਾਵਾਰ ਦਾ ਢੰਗ ਹੀ ਨਹੀਂ ਬਦਲਿਆ, ਕਾਮਾ ਜਮਾਤ ਦਾ ਸਮਾਜਕ ਸਭਿਆਚਾਰਕ ਜੀਵਨ ਵੀ ਬਦਲ ਦਿੱਤਾ ਹੈ। ਟੀ.ਵੀ. ਦੀ ਸਕਰੀਨ ਦੇ ਸਾਈਜ਼ ਅਤੇ ਪਿਕਚਰ ਕੁਆਲਿਟੀ ਦੇ ਛੋਟੇ ਫਰਕਾਂ ਤੋਂ ਬਿਨਾਂ ਕਾਮਾ ਜਮਾਤ ਨੂੰ ਵੀ ਬਹੁਤ ਕੁਝ ਉਹੀ ਦੇਖਣ ਨੂੰ ਮਿਲਦਾ ਹੈ ਜੋ ਮੱਧ ਅਤੇ ਉਚ ਵਰਗ ਨੂੰ। ਮੋਬਾਈਲ ਫੋਨ ਅਤੇ ਇੰਟਰਨੈੱਟ ਨੇ ਜਾਣਨ, ਸੋਚਣ ਅਤੇ ਸਮਝਣ ਦੇ ਢੰਗਾਂ ਨੂੰ ਮੁੱਢੋਂ ਤਬਦੀਲ ਕਰ ਦਿੱਤਾ ਹੈ। ਇਸ ਤਰ੍ਹਾਂ ਤਕਨੀਕੀ ਵਿਕਾਸ ਨੇ ਪ੍ਰੋਲਤਾਰੀ ਜਮਾਤ ਦੀ ਗਿਣਤੀ ਅਤੇ ਗੁਣਾਂ ਦੋਵਾਂ ਨੂੰ ਹੀ ਬਹੁਤ ਬਦਲ ਦਿੱਤਾ ਹੈ।

ਮੌਜੂਦਾ ਸਰਮਾਏਦਾਰੀ ਪ੍ਰਬੰਧ ਦੀ ਤਾਕਤ ਮਜਬੂਤ ਹੋਣ ਵਿਚ ਇਕ ਵੱਡਾ ਰੋਲ ਉਨ੍ਹਾਂ ਵੱਲੋਂ ਖਪਤ ਸਭਿਆਚਾਰ ਵਿਕਸਿਤ ਕਰਨ ਦਾ ਹੈ। ਜਿਥੇ ਮਾਰਕਸ ਦੇ ਸਮੇਂ ਬਹੁਤਾ ਉਤਪਾਦਨ ਜੀਵਨ ਲਈ ਲੋੜੀਂਦੀਆਂ ਵਸਤਾਂ ਨਾਲ ਸਬੰਧਿਤ ਹੁੰਦਾ ਸੀ, ਉਥੇ ਅੱਜ ਦਾ ਉਤਪਾਦਨ ਜ਼ਿਆਦਾ ਤੋਂ ਜ਼ਿਆਦਾ ਐਸ਼ੋ-ਆਰਾਮ ਦੀਆਂ ਵਸਤਾਂ ਅਤੇ ਸੇਵਾਵਾਂ ਨਾਲ ਸੰਬਧਿਤ ਹੈ। ਸਰਮਾਏਦਾਰੀ ਪ੍ਰਬੰਧ ਨੇ ਮਾਸ ਮੀਡੀਆ ਰਾਹੀਂ ਜਨਤਾ ਦੀ ਮਾਨਸਿਕਤਾ ਤਬਦੀਲ ਕਰਨ ਦਾ ਕਾਰਜ ਅਰੰਭਿਆ ਜਿਸ ਵਿਚ ਉਹ ਪੂਰਾ ਸਫਲ ਹੋਇਆ। ਇਸ ਪ੍ਰਕਿਰਿਆ ਵਿਚ ਪਹਿਲਾਂ ਐਸ਼ੋ-ਆਰਾਮ ਦੀਆਂ ਵਸਤਾਂ ਪ੍ਰਤੀ ਵੀ ਜੀਵਨ ਦੀਆਂ ਜ਼ਰੂਰੀ ਵਸਤਾਂ ਵਰਗੀ ਤੀਬਰ ਖਿੱਚ ਬਣਾ ਦਿੱਤੀ ਗਈ। ਇਸ ਤੋਂ ਅਗਲਾ ਪੜਾਅ ਇਹ ਹੋਇਆ ਕਿ ਇਹ ਗੈਰ-ਬੁਨਿਆਦੀ ਵਸਤਾਂ ਐਸ਼ੋ-ਆਰਾਮ ਦੀਆਂ ਸਹੂਲਤਾਂ ਤੋਂ ਅੱਗੇ ਸਟੇਟਸ ਸਿੰਬਲ ਵਿਚ ਬਦਲ ਦਿੱਤੀਆਂ ਗਈਆਂ; ਜਿਵੇਂ 500 ਰੁਪਏ ਵਾਲੀ ਜੀਨ ਨਾਲੋਂ 5000 ਰੁਪਏ ਵਾਲੀ ਜੀਨ ਦੀ ਪੈਂਟ ਆਰਾਮਦਾਇਕ ਤਾਂ ਵਧੇਰੇ ਨਹੀਂ ਹੁੰਦੀ ਪਰ ਉਸ ਦੀ ਬ੍ਰਾਂਡ ਵੈਲਿਊ ਪਹਿਲੀ ਨਾਲੋਂ 10 ਗੁਣਾ ਬਣਾ ਦਿੱਤੀ ਗਈ ਹੈ। ਇਵੇਂ ਮੋਬਾਈਲ ਜਾਂ ਟੀ.ਵੀ. ਦੇ ਨਵੇਂ ਤੋਂ ਨਵੇਂ ਮਾਡਲ ਮਾਰਕਿਟ ਵਿਚ ਭੇਜੇ ਜਾਂਦੇ ਹਨ। ਇਸ ਨਾਲ ਵਸਤੂ ਵਰਤੇ ਜਾਣ ਕਾਰਨ ਖਤਮ ਨਹੀ ਹੁੰਦੀ ਬਲਕਿ ਆਊਟ-ਡੇਟਿਡ ਹੋਣ ਕਾਰਨ ਖਤਮ ਹੁੰਦੀ ਹੈ। ਇਸ ਖਪਤ ਕਲਚਰ ਨੇ ਸਰਮਾਏਦਾਰੀ ਸਿਸਟਮ ਵਿਚ ਆਉਂਦੀ ਵੱਧ ਉਤਪਾਦਨ ਦੀ ਸਮੱਸਿਆ ਨੂੰ ਬਹੁਤ ਹੱਦ ਤੱਕ ਹੱਲ ਕਰ ਦਿੱਤਾ ਹੈ।



ਇਸ ਕਾਰਜ ਲਈ ਮਾਕੀਟਿੰਗ ਦੇ ਖੇਤਰ ਵਿਚ ਨਵੀਆਂ-ਨਵੀਆਂ ਜੁਗਤਾਂ ਵਿਕਸਿਤ ਕੀਤੀਆਂ ਗਈਆਂ। ਬੈਂਕਾਂ ਅਤੇ ਫਾਈਨੈਂਸ ਕੰਪਨੀਆਂ ਤੋਂ ਕਰਜ਼ਿਆਂ ਦੀ ਸਹੂਲਤ, ਕ੍ਰੈਡਿਟ ਕਾਰਡਾਂ, ਕਿਸ਼ਤਾਂ ਰਾਹੀਂ ਪੇਮੈਂਟ ਆਦਿ ਦੀਆਂ ਸਹੂਲਤਾਂ ਨਾਲ ਜ਼ਰੂਰਤ ਤੋਂ ਬਗੈਰ ਅਤੇ ਆਰਥਿਕ ਵਿਊਂਤਬੰਦੀ ਤੋਂ ਬਗੈਰ ਵਸਤਾਂ ਖਰੀਦਣ ਦੇ ਰੁਝਾਨ ਨੂੰ ਬਹੁਤ ਬਲ ਮਿਲਿਆ। ਵਸਤਾਂ ਦੇ ਨਾਲ ਨਾਲ ਸੇਵਾਵਾਂ ਜਿਵੇਂ ਟੂਰਿਜ਼ਮ, ਹੋਟਲ ਸਨਅਤ, ਮਨੋਰੰਜਨ ਦੀ ਸਨਅਤ ਆਦਿ ਨੂੰ ਮਾਰਕੀਟਿੰਗ ਰਾਹੀਂ ਇਸ ਤਰ੍ਹਾਂ ਪ੍ਰਚਾਰਿਆ ਗਿਆ ਕਿ ਇਨ੍ਹਾਂ ਨੂੰ ਵਿਅਕਤੀ ਦੀਆਂ ਆਮ ਲੋੜਾਂ ਅਤੇ ਜ਼ਰੂਰੀ ਗਤੀਵਿਧੀਆਂ ਵਿਚ ਸ਼ਾਮਲ ਕਰ ਦਿੱਤਾ ਗਿਆ।

ਇਹ ਨਹੀਂ ਕਿ ਖਪਤ ਸਭਿਆਚਾਰ ਨੂੰ ਸਥਾਪਿਤ ਕਰ ਦੇਣ ਨਾਲ ਸਰਮਾਏਦਾਰੀ ਉਤਪਾਦਨ ਢੰਗ ਦਾ ਸਾਰਾ ਮਸਲਾ ਹੱਲ ਹੋ ਗਿਆ; ਹੁਣ ਅਣਨਿਯੰਤਰਿਤ ਅਤੇ ਗੈਰ-ਯੋਜਨਾਬੱਧ ਪੈਦਾਵਾਰ ਨੇ ਇਸ ਪ੍ਰਬੰਧ ਦੀ ਕੁਦਰਤ ਨਾਲ ਵਿਰੋਧਤਾਈ ਨੂੰ ਜ਼ੋਰ ਨਾਲ ਅੱਗੇ ਲੈ ਆਂਦਾ ਹੈ। ਮਨੁੱਖ ਦੀ ਵਧੀ ਹੋਈ ਤਕਨੀਕੀ ਸਮਰੱਥਾ ਨੇ ਖਪਤ ਸਭਿਆਚਾਰ ਨਾਲ ਮਿਲ ਕੇ ਕੁਦਰਤੀ ਸਾਧਨਾਂ ਦੀ ਬਰਬਾਦੀ ਦਾ ਰਾਹ ਫੜ ਲਿਆ ਜੋ ਮਨੁੱਖ ਸਮੇਤ ਸਾਰੇ ਜੈਵਿਕ ਸੰਸਾਰ ਦੀ ਹੋਂਦ ਲਈ ਹੀ ਖਤਰਾ ਬਣ ਗਿਆ ਹੈ। ਖੱਬੀ ਲਹਿਰ ਨੂੰ ਸਰਮਾਏਦਾਰੀ ਪ੍ਰਬੰਧ ਦੀ ਕੁਦਰਤ ਨਾਲ ਬਣੀ ਇਸ ਵਿਰੋਧਤਾਈ 'ਤੇ ਵੀ ਕੇਂਦਰਿਤ ਹੋਣ ਦੀ ਤਿੱਖੀ ਲੋੜ ਹੈ।

ਮਾਰਕਸ ਦੇ ਸਮੇਂ ਸਨਅਤੀ ਸਰਮਾਏਦਾਰੀ ਸੀ ਪਰ ਅੱਜ ਇਸ ਦਾ ਮੁੱਖ ਰੂਪ ਵਿਤੀ ਸਰਮਾਏਦਾਰੀ ਹੈ। ਇਹ ਨਹੀਂ ਕਿ ਵਿਤੀ ਸਰਮਾਏਦਾਰੀ ਮਾਰਕਸ ਜਾਂ ਲੈਨਿਨ ਦੇ ਸਮਿਆਂ ਵਿਚ ਨਹੀਂ ਸੀ; ਇਹ ਤਾਂ ਬਲਕਿ ਪ੍ਰਚੀਨ ਕਾਲ ਤੋਂ ਹੀ ਸ਼ਾਹੂਕਾਰਾਂ ਦੇ ਰੂਪ ਵਿਚ ਮੌਜੂਦ ਸੀ ਜੋ ਵਪਾਰ, ਕਾਰੋਬਾਰ, ਰਾਜਸੀ ਅਤੇ ਹੋਰ ਲੋੜਾਂ ਲਈ ਕਰਜੇ ਦਿੰਦੇ ਸਨ ਅਤੇ ਉਨ੍ਹਾਂ ਦੀ ਆਮਦਨ ਦਾ ਮੁੱਖ ਸ੍ਰੋਤ ਇਨ੍ਹਾਂ ਕਰਜ਼ਿਆਂ ਤੋਂ ਮਿਲਦਾ ਵਿਆਜ ਹੁੰਦਾ ਸੀ। 20ਵੀਂ ਸਦੀ ਦੇ ਸ਼ੁਰੂ ਵਿਚ ਵਿਤੀ ਸਰਮਾਏਦਾਰ ਆਪਣਾ ਪੈਸਾ ਬੈਕਿੰਗ ਅਤੇ ਸਨਅਤ, ਦੋਹਾਂ ਵਿਚ ਲਗਾਉਂਦੇ ਸਨ। ਲੈਨਿਨ ਨੇ ਵੀ ਆਪਣੇ ਦੌਰ ਦੇ ਸਾਮਰਾਜਵਾਦ ਦੇ ਲੱਛਣ ਬਿਆਨ ਕਰਦੇ ਹੋਏ ਲਿਖਿਆ ਹੈ ਕਿ ਵੱਡੀਆਂ ਬੈਂਕਾਂ ਦਾ ਸਰਮਾਇਆ, ਸਨਅਤੀ ਸਰਮਾਏ ਨਾਲ ਘੁਲਮਿਲ ਗਿਆ ਹੈ। ਪਰ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਬਾਅਦ ਸਨਅਤੀ ਵਿਕਾਸ ਦੀ ਗਤੀ ਧੀਮੀ ਪੈਣ ਲੱਗੀ ਸੀ। ਇਸ ਦੌਰ ਵਿਚ ਵਿਤੀ ਅਦਾਰਿਆਂ, ਸੱਟੇਬਾਜ਼ੀ, ਸ਼ੇਅਰਾਂ ਅਤੇ ਪ੍ਰਾਪਰਟੀ ਦੀ ਖਰੀਦੋ-ਫਰੋਖਤ ਵਿਚ ਸਰਮਾਇਆਕਾਰੀ ਵਧਦੀ ਗਈ, ਕਿਉਂਕਿ ਇਸ ਪਾਸੇ ਮੁਨਾਫਾ ਵੱਧ ਅਤੇ ਜਲਦੀ ਮਿਲਦਾ ਸੀ। ਅੱਜ ਵਿਤੀ ਸਰਮਾਇਆ, ਸਨਅਤੀ ਸਰਮਾਏ ਨੂੰ ਸੱਤਾ ਤੋਂ ਲਾਹ ਕੇ ਪ੍ਰਮੁੱਖ ਸਥਾਨ ਹਾਸਲ ਕਰ ਚੁੱਕਾ ਹੈ। ਇਸ ਵਿਚ ਬੈਂਕਾਂ, ਕਰੈਡਿਟ ਕਾਰਡ ਕੰਪਨੀਆਂ, ਬੀਮਾ ਕੰਪਨੀਆਂ, ਸ਼ੇਅਰ ਮਾਰਕੀਟ, ਜਾਇਦਾਦ ਦੀ ਖਰੀਦੋ-ਫਰੋਖਤ ਆਦਿ ਖੇਤਰ ਸ਼ਾਮਲ ਹਨ। ਕਿੱਤੇ ਵਜੋਂ ਵੀ ਹੁਣ ਬਹੁਤ ਵੱਡੀ ਗਿਣਤੀ ਪੈਦਾਵਾਰੀ ਕੰਮਾਂ ਦੀ ਬਜਾਇ ਇਸ ਸੈਕਟਰ ਵਿਚ ਲੱਗੀ ਹੋਈ ਹੈ।

ਵਿਤੀ ਸਰਮਾਇਆ ਅੰਨ੍ਹੇ ਮੁਨਾਫੇ ਕਮਾਉਂਦਾ ਹੈ। ਜਿਵੇਂ ਜੀਨ ਦੀ ਕੀਮਤ ਦੀ ਉਦਾਹਰਨ ਦਿੱਤੀ ਗਈ ਹੈ। ਪੈਦਾਵਾਰ ਕਰਨ ਵਾਲਾ ਫੈਕਟਰੀ ਮਾਲਕ ਤਾਂ ਫੈਕਟਰੀ ਵਿਚੋਂ 500 ਦੀ ਜੀਨ ਬਾਹਰ ਕੱਢ ਕੇ ਦੋ ਸੌ ਰੁਪਿਆ ਮੁਨਾਫਾ ਕਮਾ ਸਕਦਾ ਹੈ ਜਿਸ ਵਿਚ ਮਜਦੂਰ ਦੀ ਵਾਫਰ ਕਿਰਤ ਦੀ ਲੁਟ ਸ਼ਾਮਲ ਹੁੰਦੀ ਹੈ ਪਰ ਇਸ ਨੂੰ ਵੱਡੇ ਮਾਲਜ਼ ਵਿਚ ਲਿਜਾ ਕੇ, ਇਸ਼ਤਿਹਾਰਾਂ ਰਾਹੀਂ ਬਰੈਂਡ ਨਾਮ ਸਥਾਪਿਤ ਕਰਕੇ 5000 ਵਿਚ ਵੇਚਣ ਵਾਲਾ ਗੈਰ-ਪੈਦਾਵਾਰੀ ਸਰਮਾਇਆ ਵੱਡਾ ਮੁਨਾਫਾ ਲੈਂਦਾ ਹੈ। ਇਸ ਤਰ੍ਹਾਂ, ਇਹ ਕੇਵਲ ਮਜਦੂਰ ਦੀ ਕਿਰਤ ਦੀ ਲੁੱਟ ਹੀ ਨਹੀਂ ਕਰਦਾ ਸਗੋਂ ਸਨਅਤੀ ਸਰਮਾਏਦਾਰੀ ਸਮੇਤ ਸਭ ਤੋਂ ਮੁਨਾਫਾ ਬਟੋਰਦਾ ਹੈ। ਇਸ ਦੁਆਰਾ ਤੈਅ ਕੀਤੀਆਂ ਜ਼ਮੀਨਾਂ ਦੀਆਂ ਕੀਮਤਾਂ, ਦਫਤਰਾਂ/ਸ਼ੋਅਰੂਮਾਂ ਦੇ ਕਿਰਾਏ, ਲੀਜ਼ ਦੀਆਂ ਰਕਮਾਂ, ਕਰਜ਼ਿਆਂ ਦੀ ਵਿਆਜ ਦਰਾਂ, ਜਦ ਵਸਤਾਂ ਦੀ ਪੈਦਾਵਾਰ ਵਿਚੋਂ ਹੁੰਦੇ ਮੁਨਾਫੇ ਨਾਲੋਂ ਵੱਧ ਜਾਂਦੀਆਂ ਹਨ ਤਾਂ ਇਹ ਪੈਦਾਵਾਰੀ ਸਰਮਾਏ ਨੂੰ ਹੜੱਪ ਕਰ ਜਾਂਦਾ ਹੈ।

ਸਨਅਤੀ ਸਰਮਾਇਆ ਮੰਦੀ ਦੇ ਦੌਰਾਂ ਤੋਂ ਘਬਰਾਉਂਦਾ ਸੀ ਅਤੇ ਉਨ੍ਹਾਂ ਨੂੰ ਟਾਲਣ ਦਾ ਯਤਨ ਕਰਦਾ ਸੀ ਪਰ ਵਿਤੀ ਸਰਮਾਇਆ ਉਲਟਾ ਮੰਦੀ ਦੇ ਦੌਰਾਂ ਵਿਚ ਹੋਰ ਵਧਦਾ ਫੁਲਦਾ ਹੈ ਕਿਉਂਕਿ ਮੰਦੀ ਦੇ ਸਮੇਂ ਵਿਚ ਇਹ ਪ੍ਰਾਪਰਟੀ ਨੂੰ ਸਸਤੇ ਭਾਵਾਂ ਉਤੇ ਖਰੀਦ ਲੈਂਦਾ ਹੈ। ਇਹ ਠੀਕ ਹੈ ਇਸ ਦੌਰਾਨ ਵਿਤੀ ਸਰਮਾਏ ਦੇ ਛੋਟੇ ਖਿਡਾਰੀ ਮਾਰੇ ਜਾਂਦੇ ਹਨ ਪਰ ਵੱਡਾ ਵਿਤੀ ਸਰਮਾਇਆ ਹੋਰ ਤਾਕਤਵਰ ਹੋ ਜਾਂਦਾ ਹੈ।

ਸਨਅਤੀ ਸਰਮਾਏਦਾਰ ਦਾ ਜ਼ੋਰ ਪੈਦਾਵਾਰ ਵਧਾਉਣ ਵੱਲ ਹੁੰਦਾ ਸੀ, ਜਿਸ ਨਾਲ ਪਦਾਰਥਕ ਤਰੱਕੀ ਹੁੰਦੀ ਸੀ ਜਦਕਿ ਵਿਤੀ ਸਰਮਾਏ ਦੀ ਪੈਦਾਵਾਰ ਵਿਚ ਵਾਧੇ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ, ਇਸ ਦਾ ਸਾਰਾ ਜ਼ੋਰ ਸ਼ੇਅਰਾਂ ਅਤੇ ਜ਼ਮੀਨ ਜਾਇਦਾਦ ਦੀਆਂ ਕੀਮਤਾਂ ਵਧਾਉਣ ਵਿਚ ਲਗਾ ਰਹਿੰਦਾ ਹੈ। ਇਸ ਕਰਕੇ ਇਹ ਖੋਜ ਅਤੇ ਵਿਕਾਸ ਲਈ ਕੋਈ ਪੈਸਾ ਖਰਚ ਕੇ ਰਾਜ਼ੀ ਨਹੀਂ ਹੁੰਦਾ। ਮਨੁੱਖੀ ਸਭਿਆਚਾਰ ਵਿਚ ਇਹ ਬਹੁਤ ਮਾੜੇ ਪੱਖਾਂ ਨੂੰ ਲਿਆ ਰਿਹਾ ਹੈ। ਇਸ ਮਿਹਨਤ ਦੀ ਬਜਾਏ ਲਾਲਚੀ ਹੋਣ ਦੇ ਗੁਣ ਨੂੰ ਉਤਸ਼ਾਹਿਤ ਕਰਦਾ ਹੈ, ਪੈਦਾਵਾਰ ਕਰਨ ਦੀ ਬਜਾਏ ਇਹ ਅੰਕੜਿਆਂ ਦੀ ਗੇਮ ਖੇਡਣ ਨੂੰ ਪਹਿਲ ਦਿੰਦਾ ਹੈ। ਇਸ ਤਰ੍ਹਾਂ ਵਿਤੀ ਸਰਮਾਇਆ ਸਨਅਤੀ ਸਰਮਾਏ ਨਾਲੋਂ ਵੱਧ ਮਨੁੱਖਤਾ ਵਿਰੋਧੀ ਹੈ ਅਤੇ ਇਸ ਨਾਲ ਮਜ਼ਦੂਰ-ਮਾਲਕ ਨਾਲੋਂ ਵੱਖਰੀਆਂ ਵਿਰੋਧਤਾਈਆਂ ਸਾਹਮਣੇ ਆ ਰਹੀਆਂ ਹਨ।

ਅੱਜ ਦੁਨੀਆ ਦੇ ਬਹੁਤ ਵੱਡੇ ਹਿੱਸੇ ਉਤੇ ਚੰਗਾ/ਮਾੜਾ ਜਮਹੂਰੀ ਢਾਂਚਾ ਸਥਾਪਿਤ ਹੋ ਗਿਆ ਹੈ ਜਿੱਥੇ ਰਾਜਨੀਤੀ ਵਿਚ ਹਿੱਸਾ ਲੈਣ ਦੀ ਅਸੂਲਨ ਸਭ ਨੂੰ ਖੁੱਲ੍ਹ ਹੈ। ਬਹੁਤੇ ਥਾਈਂ ਸਰਕਾਰ ਲੋਕਾਂ ਦੀ ਮਰਜ਼ੀ ਨਾਲ ਹੀ ਚੁਣੀ ਜਾਂਦੀ ਹੈ ਅਤੇ ਤੀਜੀ ਦੁਨੀਆ ਦੇ ਦੇਸ਼ਾਂ ਵਿਚ ਵੀ ਵੋਟਾਂ ਦੌਰਾਨ ਸਿੱਧਾ ਧੱਕਾ ਬਹੁਤ ਘਟ ਗਿਆ ਹੈ ਪਰ ਇਥੇ ਹੁਣ ਇਕ ਹੋਰ ਵੱਡਾ ਵਰਤਾਰਾ ਹੋਂਦ ਵਿਚ ਆਇਆ ਹੈ ਕਿ ਚਾਹੇ ਸਰਕਾਰ ਲੋਕਾਂ ਦੀ 'ਮਰਜ਼ੀ' ਨਾਲ ਬਣਦੀ ਹੈ ਪਰ ਲੋਕਾਂ ਦੀ ਇਹ ਮਰਜ਼ੀ ਹੁਣ ਉਪਰਲੇ ਵਰਗ ਦੁਆਰਾ ਬਣਾਈ ਜਾਂਦੀ ਹੈ ਜਿਸ ਨੂੰ ਨਿਰਮਾਣਿਤ ਸਹਿਮਤੀ ਦੀ ਸਿਖਲਾਈ ਲਈ ਕੋਰਸ ਸ਼ੁਰੂ ਕਰਨੇ ਪੈਣਗੇ। ਲਾਤੀਨੀ ਅਮਰੀਕੀ ਚਿੰਤਕ ਮਾਰਤਾ ਹਰਨੇਕਰ ਅਨੁਸਾਰ ਇਸ ਲਈ ਕੋਈ ਸੈਂਸਰਸ਼ਿਪ ਲਾਉਣੀ ਜਿੱਥੇ ਰਾਜਨੀਤਕ ਤੌਰ 'ਤੇ ਗਲਤ ਹੈ ਉਥੇ ਵਿਸ਼ਵੀਕਰਨ ਅਤੇ ਇੰਟਰਨੈੱਟ ਦੇ ਜ਼ਮਾਨੇ ਵਿਚ ਕੋਈ ਸੈਂਸਰਸ਼ਿਪ ਕਾਮਯਾਬ ਵੀ ਨਹੀਂ ਹੋ ਸਕਦੀ। ਸੋ, ਲੋਕਾਂ ਦੀ ਚੇਤਨਾ ਦੁਆਲੇ ਕੰਧ ਕੱਢਣ ਦੀ ਬਜਾਇ ਲੋਕਾਂ ਦੀ ਚੇਤਨਾ ਦੇ ਅੰਦਰ ਹੀ ਇਹ ਕਾਬਲੀਅਤ ਬਣਾਉਣੀ ਪਵੇਗੀ ਕਿ ਉਹ ਬਾਹਰੋਂ ਹੋ ਰਹੇ ਪ੍ਰਚਾਰ ਨੂੰ ਤਰਕ ਦੇ ਆਧਾਰ 'ਤੇ ਪਰਖ ਕੇ ਹੀ ਆਪਣੀ ਸੋਚ ਦਾ ਹਿੱਸਾ ਬਣਾਉਣ। ਇਸ ਲਈ ਸਿੱਖਿਆ, ਸਾਹਿਤ, ਕਲਾ ਦੇ ਨਾਲ-ਨਾਲ ਸੋਸ਼ਲ ਮੀਡੀਆ, ਬਦਲਵੇਂ ਮੀਡੀਆ, ਪ੍ਰਿੰਟ ਮੀਡੀਆ, ਮੀਟਿੰਗਾਂ, ਸੈਮੀਨਾਰ ਆਦਿ ਸਾਧਨ ਜੋ ਆਮ ਜਨਤਾ ਦੀ ਪਹੁੰਚ ਵਿਚ ਹਨ, ਉਨ੍ਹਾਂ ਦੀ ਭਰਪੂਰ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਭਾਰਤ ਵਿਚ ਆਰ.ਐਸ.ਐਸ. ਨੇ ਵਿਚਾਰਾਂ ਦੇ ਖੇਤਰ ਵਿਚ ਕੰਮ ਕੀਤਾ; ਚਾਹੇ ਉਨ੍ਹਾਂ ਨੇ ਕੁਝ ਹਥਿਆਰਾਂ ਦੀ ਟ੍ਰੇਨਿੰਗ ਨੂੰ ਵੀ ਆਪਣੀ ਸਿਖਲਾਈ ਦਾ ਅੰਗ ਬਣਾਇਆ ਪਰ ਇਹ ਹਥਿਆਰਾਂ ਦੀ ਸਿਖਲਾਈ ਵੀ ਉਨ੍ਹਾਂ ਨੇ ਆਪਣੇ ਵਿਚਾਰਾਂ ਦੇ ਬਚਾਅ ਅਤੇ ਫੈਲਾਅ ਲਈ ਹੀ ਵਰਤੀ। ਚਾਹੇ ਉਨ੍ਹਾਂ ਵੱਲੋਂ ਸੱਤਾ ਹਾਸਲ ਕਰਨ ਵਿਚ ਹੋਰ ਵੀ ਬਹੁਤ ਫੈਕਟਰ ਹਨ ਪਰ ਇਹ ਸਪਸ਼ਟ ਹੈ ਕਿ ਉਨ੍ਹਾਂ ਵੱਲੋਂ ਸੱਤਾ ਤੱਕ ਪਹੁੰਚਣ ਲਈ ਹਥਿਆਰਾਂ ਦੀ ਬਜਾਇ ਵਿਚਾਰਾਂ ਉਤੇ ਟੇਕ ਰੱਖੀ ਗਈ।

ਅੱਜ ਸਮੁੱਚੀ ਉਤਪਾਦਨ ਪ੍ਰਕਿਰਿਆ ਦਾ ਸੰਸਾਰੀਕਰਨ ਹੋ ਚੁੱਕਾ ਹੈ। ਨਾ ਸਿਰਫ ਵਸਤਾਂ ਦੇ ਨਿਰਮਾਣ ਦੀ ਪ੍ਰਕਿਰਿਆ ਬਲਕਿ ਉਨ੍ਹਾਂ ਨਾਲ ਸਬੰਧਿਤ ਡਿਜ਼ਾਈਨ, ਮਾਰਕੀਟਿੰਗ, ਸਪਲਾਈ ਚੇਨ, ਫਾਈਨੈਂਸ, ਆਫਟਰ-ਸੇਲ ਸਰਵਿਸ ਆਦਿ ਸਾਰੇ ਕੁਝ ਦਾ ਕੌਮਾਂਤਰੀਕਰਨ ਹੋ ਗਿਆ ਹੈ। ਅੱਜ ਇਕ ਕੰਪਿਊਟਰ ਦਾ ਡਿਜ਼ਾਈਨ ਜਾਪਾਨ ਵਿਚ ਹੋ ਕੇ, ਉਸ ਦਾ ਮੈਮਰੀ-ਕਾਰਡ ਕੋਰੀਆ ਵਿਚ ਬਣਕੇ, ਅਸੈਂਬਲੀ ਭਾਰਤ ਵਿਚ ਹੋ ਕੇ, ਫਾਈਨੈਂਸ ਅਮਰੀਕਨ ਬੈਂਕ ਵੱਲੋਂ ਅਤੇ ਵਰਤੋਂ ਡੁਬਈ ਵਿਚ ਹੋ ਸਕਦੀ ਹੈ। ਅੱਜ ਇਕ ਦੇਸ਼ ਵਿਚੋਂ ਦੁਨੀਆ ਦੇ ਦੂਜੇ ਹਿੱਸੇ ਵਿਚ ਪੈਸਾ ਲਿਜਾਣ ਲਈ ਕੰਪਿਊਟਰ ਜਾਂ ਮੋਬਾਈਲ ਉਤੇ ਕੁਝ ਬਟਨ ਦੱਬਣ ਦੀ ਹੀ ਲੋੜ ਹੁੰਦੀ ਹੈ। ਇਸ ਨੇ ਸਰਮਾਏ ਦੀ ਕੌਮਾਂਤਰੀ ਆਵਾਜਾਈ ਨੂੰ ਬਹੁਤ ਸੌਖੇਰਾ ਕਰ ਦਿੱਤਾ ਹੈ। ਹੁਣ ਕਿਊਬਾ ਦੇ ਸਾਬਕਾ ਡਿਕਟੇਟਰ ਬਤਿਸਤਾ ਵਾਂਗ ਸੋਨੇ ਦੇ ਜਹਾਜ਼ ਭਰ ਕੇ ਬਾਹਰ ਭੇਜਣ ਦੀ ਲੋੜ ਨਹੀਂ ਪੈਂਦੀ ਬਲਕਿ ਕੰਪਿਊਟਰ ਦੀ ਕਲਿੱਕ ਨਾਲ ਹੀ ਸਰਮਾਏ ਨੂੰ ਕਿਤੇ ਵੀ ਪਹੁੰਚਾ ਸਕਦੇ ਹੋ।

ਪਹਿਲਾਂ ਕੁਝ ਦੇਸ਼ਾਂ ਦੀਆਂ ਸਰਮਾਏਦਾਰ ਕੰਪਨੀਆਂ ਸਨ ਜੋ ਆਪਣੇ ਪਿਤਰੀ ਦੇਸ਼ਾਂ ਵਿਚੋਂ ਬਾਹਰ ਨਿਕਲ ਕੇ ਦੂਸਰੇ ਦੇਸ਼ਾਂ ਵਿਚੋਂ ਕੱਚਾ ਮਾਲ ਖਰੀਦਣ ਅਤੇ ਤਿਆਰ ਮਾਲ ਵੇਚਣ ਲੱਗੀਆਂ। ਫਿਰ ਬਹੁਕੌਮੀ ਕੰਪਨੀਆਂ ਆਈਆਂ ਜੋ ਪੈਦਾਵਾਰ ਦਾ ਅਮਲ ਆਪਣੇ ਦੇਸ਼ ਤੋਂ ਬਾਹਰ ਵੱਖ-ਵੱਖ ਦੇਸ਼ਾਂ ਵਿਚ ਲੈ ਗਈਆਂ ਪਰ ਉਨ੍ਹਾਂ ਦੀ ਮਾਲਕੀ ਆਮ ਕਰਕੇ ਇਕ ਦੇਸ਼ ਦੀ ਸਰਮਾਏਦਾਰੀ ਨਾਲ ਹੀ ਸਬੰਧਿਤ ਹੁੰਦੀ ਸੀ। ਉਸ ਉਪਰੰਤ ਬਹੁਕੌਮੀ ਕਾਰਪੋਰੇਸ਼ਨਾਂ ਬਣੀਆਂ ਜਿਨ੍ਹਾਂ ਦੀ ਮਾਲਕੀ ਉਨ੍ਹਾਂ ਦੇ ਸ਼ੇਅਰ-ਹੋਲਡਰਾਂ ਕੋਲ ਹੁੰਦੀ ਹੈ ਜੋ ਵੱਖ-ਵੱਖ ਦੇਸ਼ਾਂ ਨਾਲ ਸਬੰਧਿਤ ਹੋ ਸਕਦੇ ਹਨ। ਇਸ ਤਰ੍ਹਾਂ ਇਨ੍ਹਾਂ ਦੀ ਮਾਲਕੀ, ਪ੍ਰਬੰਧ ਅਤੇ ਕਾਰੋਬਾਰ ਇੱਕ ਦੇਸ਼ ਨਾਲ ਸਬੰਧਿਤ ਨਾ ਰਹਿ ਕੇ ਸੰਸਾਰ ਪੱਧਰੀ ਹੋ ਜਾਂਦੇ ਹਨ। ਇਸ ਤੋਂ ਅੱਗੇ ਅੱਜ ਕਾਰਪੋਰੇਸ਼ਨਾਂ ਦਾ ਜਾਲ ਬਣ ਗਿਆ ਹੈ ਜਿਸ ਵਿਚ ਫਾਈਨੈਂਸ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਦਾਰੇ ਆਪਸ ਵਿਚ ਘੁਲਮਿਲ ਗਏ ਹਨ। ਇਸ ਨੇ ਸਾਰੇ ਵਿਸ਼ਵ ਦੀ ਨਾ ਸਿਰਫ ਆਰਥਿਕਤਾ, ਬਲਕਿ ਰਾਜਨੀਤੀ ਅਤੇ ਸਭਿਆਚਾਰ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਹੈ। ਅੱਜ ਖੱਬੀ ਧਿਰ ਅੱਗੇ ਇਸ ਵਿਸ਼ਵ ਪੱਧਰੀ ਜਾਲ ਦੀ ਜਕੜ ਤੋੜਨ ਲਈ ਇਸ ਦੀਆਂ ਸੂਖਮ ਤੰਦਾਂ ਨੂੰ ਪਛਾਣਨ ਅਤੇ ਕੱਟਣ ਦੀ ਰਣਨੀਤੀ ਬਾਰੇ ਸੋਚਣ ਦੀ ਲੋੜ ਹੈ।

ਮਾਰਕਸ ਦੇ ਸਮੇਂ ਸਨਅਤੀ ਵਿਕਾਸ ਨਾਲ ਵਾਤਾਵਰਨ ਦੇ ਪ੍ਰਦੂਸ਼ਣ ਦਾ ਮਸਲਾ ਤਾਂ ਸਾਹਮਣੇ ਆ ਗਿਆ ਸੀ ਪਰ ਤਕਨੀਕ ਮਨੁੱਖ ਨੂੰ ਐਨਾ ਸਮਰੱਥ ਬਣਾ ਦੇਵੇਗੀ ਕਿ ਉਹ ਪ੍ਰਿਥਵੀ ਉਪਰਲੇ ਸਾਰੇ ਮਹੱਤਵਪੂਰਨ ਕੁਦਰਤੀ ਸੋਮਿਆਂ ਨੂੰ ਹੀ ਆਪਣੇ ਲਾਲਚ ਨਾਲ ਤਬਾਹ ਕਰਨ ਦੇ ਨਜ਼ਦੀਕ ਪਹੁੰਚ ਜਾਵੇਗਾ, ਇਹ ਗੱਲ ਉਸ ਸਮੇਂ ਐਨੀ ਉਭਰ ਕੇ ਸਾਹਮਣੇ ਨਹੀਂ ਆਈ ਸੀ। ਉਸ ਤੋਂ ਬਾਅਦ ਜਿੱਥੇ ਮਾਰਕਸੀ ਵਿਚਾਰਧਾਰਾ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦਾ ਮੌਕਾ ਮਿਲਿਆ; ਭਾਵ ਰੂਸ ਵਿਚ, ਉਥੇ ਆਬਾਦੀ ਦੇ ਮੁਕਾਬਲੇ ਖੇਤਰਫਲ ਬਹੁਤ ਜ਼ਿਆਦਾ ਹੋਣ ਕਾਰਣ ਕੁਦਰਤੀ ਸਾਧਨ ਅਥਾਹ ਮਾਤਰਾ ਵਿਚ ਜਾਪਦੇ ਸਨ। ਸੋ, ਉਥੇ ਵੀ ਕੁਦਰਤ ਨੂੰ ਬਚਾਈ ਰੱਖਣ ਦੀ ਗੱਲ ਕਿਸੇ ਏਜੰਡੇ 'ਤੇ ਨਾ ਆਈ। ਪੂੰਜੀਵਾਦ ਵਾਂਗ ਮਾਰਕਸਵਾਦ ਵੀ ਕੁਦਰਤੀ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਹਾਮੀ ਭਰਦਾ ਰਿਹਾ। ਅੱਜ ਇਹ ਮੁੱਦਾ ਐਨਾ ਗੰਭੀਰ ਹੋ ਗਿਆ ਕਿ ਬਹੁਤ ਸਾਰੇ ਚਿੰਤਕ ਕੁਦਰਤ ਦੇ ਸ਼ੋਸ਼ਣ ਰੋਕਣ ਨੂੰ ਮਨੁੱਖ ਦੇ ਸ਼ੋਸ਼ਣ ਰੋਕਣ ਵਰਗਾ ਹੀ ਮਹੱਤਵ ਦੇ ਕੇ ਲੜਨ ਦੀ ਗੱਲ ਕਰਦੇ ਹਨ। ਪੂੰਜੀਵਾਦੀ ਪ੍ਰਬੰਧ ਇਸ ਸ਼ੋਸ਼ਣ ਨੂੰ ਠੱਲ੍ਹ ਨਹੀ ਪਾ ਸਕਦਾ ਕਿਉਂਕਿ ਪੂੰਜੀਵਾਦੀ ਆਰਥਿਕਤਾ ਦਾ ਧੁਰਾ ਹੀ ਅੰਨ੍ਹੀ ਮੁਕਾਬਲੇਬਾਜ਼ੀ ਅਤੇ ਖਪਤ ਸਭਿਆਚਾਰ ਦਾ ਪਾਸਾਰ ਕਰਨ ਵਿਚ ਹੈ। ਸਮਾਜਵਾਦੀ ਵਿਚਾਰਧਾਰਾ ਇਸ ਪੱਖੋਂ ਮਜ਼ਬੂਤ ਸਥਿਤੀ ਵਿਚ ਹੋ ਸਕਦੀ ਹੈ ਕਿਉਂਕਿ ਉਸ ਦੀ ਆਰਥਿਕਤਾ ਸਮਾਜਕ ਲੋੜਾਂ ਅਨੁਸਾਰ ਯੋਜਨਾਬੱਧ ਹੋਣੀ ਹੁੰਦੀ ਹੈ। ਲੋੜ ਇਸ ਯੋਜਨਾਬੰਦੀ ਵਿਚ ਮਨੁੱਖ ਦੇ ਨਾਲ-ਨਾਲ ਕੁਦਰਤ ਨੂੰ ਸ਼ਾਮਲ ਕਰਨ ਦੀ ਹੈ।

ਚਾਹੇ ਹੋਰ ਵੀ ਬਹੁਤ ਸਾਰੇ ਖੇਤਰ ਗਿਣਾਏ ਜਾ ਸਕਦੇ ਹਨ ਜਿਨ੍ਹਾਂ ਵਿਚ ਹੋਈ ਤਬਦੀਲੀ ਨੇ ਸਮਾਜਕ, ਸਭਿਆਚਾਰਕ ਅਤੇ ਰਾਜਸੀ ਜੀਵਨ ਬਦਲ ਦਿੱਤਾ ਹੈ ਪਰ ਇਸ ਸਾਰੀ ਤਬਦੀਲੀ ਦੀ ਜੜ੍ਹ ਵਿਚ ਉਹੀ ਚੀਜ਼ ਹੈ ਜਿਸ ਨੂੰ ਮਾਰਕਸ ਨੇ ਸਮਾਜਕ ਵਿਕਾਸ ਦੀ ਚਾਲਕ ਸ਼ਕਤੀ ਕਿਹਾ ਸੀ, ਭਾਵ ਪੈਦਾਵਾਰੀ ਤਕਨੀਕ ਦਾ ਵਿਕਾਸ। ਫਰਕ ਇਹ ਪਿਆ ਹੈ ਕਿ ਤਕਨੀਕ ਦੇ ਵਿਕਾਸ ਨੇ ਹੁਣ ਵਸਤਾਂ ਦੇ ਉਤਪਾਦਨ ਦੇ ਨਾਲ ਨਾਲ ਸਭਿਆਚਾਰ ਦੇ ਉਤਪਾਦਨ ਨੂੰ ਹੀ ਕੰਟਰੋਲ ਕਰ ਲਿਆ ਹੈ।

# ਹੋਲਾ ਮਹੱਲਾ ਤੇ ਗੁਰੂ ਕਾ ਲੰਗਰ

ਇਨ੍ਹਾਂ ਦਿਨਾਂ ਵਿਚ ਮੈਂ ਚੰਡੀਗੜ੍ਹ ਤੋਂ ਹੁਸ਼ਿਆਰਪੁਰ ਜਾਣਾ ਸੀ। ਵੇਖਣ ਵਿਚ ਆਇਆ ਕਿ ਹਰ ਡੇਢ-ਦੋ ਮੀਲ ਉੱਤੇ ਗੁਰੂ ਕਾ ਲੰਗਰ ਲਿਖ ਲਿਖ ਕੇ ਸੰਗਤਾਂ ਨੂੰ ਲੰਗਰ ਵਰਤਾਇਆ ਜਾ ਰਿਹਾ ਸੀ। ਲੰਗਰ, ਫਲਾਂ ਦਾ ਲੰਗਰ, ਠੰਢਾ ਲੰਗਰ ਤੇ ਗੰਨੇ ਦਾ ਰਸ ਵਰਤਾਇਆ ਜਾ ਰਿਹਾ ਸੀ। ਜਿੱਥੇ ਯਾਤਰੀ ਪ੍ਰਸ਼ਾਦਾ, ਚਾਹ, ਗੰਨੇ ਦਾ ਰਸ, ਲਿਮਕਾ, ਜੂਸ ਜਾਂ ਫਲਾਂ ਦਾ ਸੇਵਨ ਕਰ ਰਹੇ ਸਨ।

ਇਹ ਵੀ ਵੇਖਣ ਵਿਚ ਆਇਆ ਕਿ ਹਰ ਦਸ-ਪੰਦਰਾਂ ਮੀਲ ਦੀ ਦੂਰੀ ਉੱਤੇ ਆਨੰਦਪੁਰ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਉੱਤੇ ਗੁਰਮੁਖੀ ਅਤੇ ਰੋਮਨ ਲਿਪੀ ਵਿਚ ਲਿਖੀਆਂ ਤਖਤੀਆਂ ਲੱਗੀਆਂ ਹੋਈਆਂ ਸਨ। ਇਨ੍ਹਾਂ ਤਖਤੀਆਂ ਨੇ ਮੈਨੂੰ ਆਪਣੀਆਂ ਆਨੰਦਪੁਰ ਸਾਹਿਬ ਦੀਆਂ ਫੇਰੀਆਂ ਵੀ ਚੇਤੇ ਕਰਵਾ ਦਿੱਤੀਆਂ। ਖਾਸ ਕਰਕੇ ਵਿਰਾਸਤ ਏ ਖਾਲਸਾ ਦੀ ਸਿਰਜਣਾ ਦੁਆਰਾ ਖਾਲਸਾ ਸਾਜਨਾ ਦੇ ਵੱਖ ਵੱਖ ਪੜਾਵਾਂ ਨੂੰ ਉਜਾਗਰ ਕਰਨ ਦੀ ਵਿਧੀ। ਹੁਣ ਇਸ ਵਿਰਾਸਤ ਦਾ ਦੂਜਾ ਤੇ ਆਖਰੀ ਭਾਗ ਵੀ ਸੰਪੂਰਨ ਕਰ ਲਿਆ ਗਿਆ ਹੈ ਜਿਸ ਵਿਚ ਲੰਗਰ ਦੀ ਪ੍ਰਥਾ ਨੂੰ ਵਿਸ਼ੇਸ਼ ਢੰਗ ਨਾਲ ਦਰਸਾਇਆ ਗਿਆ ਹੈ। ਇਹ ਵੀ ਚੇਤੇ ਆਇਆ ਕਿ ਦਿੱਲੀ ਬਾਰਡਰ ਉੱਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਚੱਲੇ ਸਾਲ ਭਰ ਦੇ ਕਿਸਾਨ ਅੰਦੋਲਨ ਵਿਚ ਗੁਰੂ ਕੇ ਲੰਗਰ ਦਾ ਵਰਤਾਰਾ ਵੇਖਣ ਵਾਲਾ ਸੀ। ਚੇਤੇ ਰਹੇ ਕਿ ਗੁਰੂ ਸਾਹਿਬਾਨ ਵਲੋਂ ਲੰਗਰ ਵਾਲੇ ਭੋਜਨ ਪਾਣੀ ਤੋਂ ਬਿਨਾਂ ਨੌਜਵਾਨਾਂ, ਬੀਬੀਆਂ ਤੇ ਬੱਚਿਆਂ ਦੀ ਸੁਰੱਖਿਆ ਲਈ ਦੇਗ ਦੇ ਨਾਲ ਤੇਗ ਨੂੰ ਵੀ ਪੂਰਾ ਮਹੱਤਵ ਦਿੱਤਾ ਗਿਆ ਹੈ। ਦੇਗ ਤੇਗ ਫਤਿਹ ਨੂੰ ਚਿਤਵ ਕੇ ਤੇ ਚਿਤਾਰ ਕੇ। ਗੁਰੂ ਦਾ ਲੰਗਰ ਜ਼ਿੰਦਾਬਾਦ।

**ਰੌਸ਼ਨ ਕਲਾ ਕੇਂਦਰ ਦਾ ਸਾਲਾਨਾ ਸਮਾਗਮ**

ਗ਼ਜ਼ਲਗੋ ਗੁਰਦਿਆਲ ਰੌਸ਼ਨ ਦੀ ਸ਼ਾਇਰੀ ਦੇ ਇਕ ਮੱਦਾਹ ਕਮਲਜੀਤ ਕੰਵਰ ਨੇ ਜੇਜੋਂ-ਗੜ੍ਹਸ਼ੰਕਰ ਮਾਰਗ ਉੱਤੇ ਪੈਂਦੇ ਪਿੰਡ ਗਜੱਰ ਦੀ ਪੱਥਰ ਬੂਟਿਆਂ ਵਾਲੀ ਹਰਿਆਲੀ ਧਰਤੀ ਵਿਚ ਰੌਸ਼ਨ ਕਲਾ ਕੇਂਦਰ ਦੀ ਸਥਾਪਨਾ ਕੀਤੀ ਹੈ। ਉਹਦੇ ਵਲੋਂ ਕਲਾਕਾਰਾਂ ਤੇ ਲੇਖਕਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਚਾਹੁਣ ਤਾਂ ਉੱਥੇ ਆਪਣੇ ਰਹਿਣ ਲਈ ਬਹੁਤ ਥੋੜੇ ਪੈਸਿਆਂ ਵਿਚ ਕੁਟੀਆ ਵੀ ਉਸਾਰ ਸਕਦੇ ਹਨ। ਉਹ ਇਸ ਕੇਂਦਰ ਵਿਚ ਹਰ ਸਾਲ ਇਕ ਸਮਾਗਮ ਵੀ ਰਚਾਉਂਦਾ ਹੈ ਜਿੱਥੇ ਕਲਾ ਤੇ ਸਾਹਿਤ ਨਾਲ ਸਬੰਧਤ ਗੋਸ਼ਟੀਆਂ ਵੀ ਹੁੰਦੀਆਂ ਹਨ, ਅਦਬੀ ਮਹਿਫਿਲਾਂ, ਕਵੀ ਦਰਬਾਰ ਤੇ ਮੌਜ ਮੇਲਾ ਵੀ।



ਏਸ ਵਰ੍ਹੇ ਦਾ ਸਮਾਗਮ 19 ਮਾਰਚ 2022 ਤੋਂ ਸ਼ੁਰੂ ਹੋ ਕੇ 20 ਮਾਰਚ ਤਕ ਚੱਲਿਆ। ਇਸਦਾ ਸਮੁੱਚਾ ਪ੍ਰਬੰਧ ਅਜੀਤ ਲੰਗੇਰੀ, ਦਲਬੀਰ, ਗੁਰਦਿਆਲ ਰੌਸ਼ਨ, ਸੰਧੂ ਵਰਿਆਣਵੀ, ਕਮਲਜੀਤ ਕੰਵਰ, ਅਮਰਜੀਤ ਕੌਰ ਅਮਰ ਤੇ ਦਲਬੀਰ ਸਿੰਘ ਜੱਸੋਵਾਲ ਵਲੋਂ ਕੀਤਾ ਗਿਆ।

ਪਹਿਲੇ ਦਿਨ ਸ਼ਾਮ ਵੇਲੇ ਰਾਤ ਦੇ ਖਾਣੇ ਤੋਂ ਬਾਅਦ, ਮਹਿਮਾਨ ਸ਼ਾਇਰਾਂ ਦੀ ਸ਼ਾਇਰੀ ਤੇ ਸੰਗੀਤ ਦਾ ਦੌਰ ਚੱਲਿਆ ਜਿਸ ਵਿਚ ਵਿਜੇ ਭੱਟੀ, ਬਲਜੀਤ ਕੌਰ ਸ਼ਰਮਾ, ਬਲਜਿੰਦਰ ਬੈਂਸ, ਸੁਲੱਖਣ ਸਰਹੱਦੀ, ਜਮੀਲ ਅਬਦਾਲੀ, ਦੇਵੀ ਪ੍ਰਸਾਦ ਪਾਂਡੇ ਅਤੇ ਸਤਿਆ ਨਾਰਾਇਣ ਨੇ ਖੂਬ ਰੰਗ ਬੰਨ੍ਹਿਆ। ਤਾਰਿਆਂ ਦੀ ਛਾਵੇਂ, ਕੁਦਰਤੀ ਮਾਹੌਲ ਤੇ ਸੁਹਾਵਣੇ ਮੌਸਮ ਵਿਚ ਦਰਸ਼ਕਾਂ, ਸਰੋਤਿਆਂ ਨੇ ਇਸ ਮਹਿਫਿਲ ਦਾ ਖੂਬ ਆਨੰਦ ਮਾਣਿਆ। ਦੂਜੇ ਦਿਨ 11 ਵਜੇ 'ਸਾਹਿਤ ਦੇ ਬਦਲਦੇ ਰੁਝਾਨਾਂ' ਉੱਤੇ ਗੋਸ਼ਟੀ ਹੋਈ ਜਿਸ ਵਿਚ ਡਾ. ਲਖਵਿੰਦਰ ਸਿੰਘ ਜੌਹਲ, ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ. ਸਰਬਜੀਤ ਕੌਰ ਸੋਹਲ ਨੇ ਭਾਗ ਲਿਆ।

ਇਸ ਮਗਰੋਂ ਸੁਖਦੇਵ ਸਿਰਸਾ ਦੇ ਪਰਚੇ ਵਿਚ ਸਾਹਿਤਕ ਹਵਾਲਿਆਂ ਰਾਹੀਂ ਨਵੇਂ ਰੁਝਾਨਾ ਉੱਤੇ ਰੌਸ਼ਨੀ ਪਾਈ ਗਈ। ਜਿਨ੍ਹਾਂ ਸ਼ਖਸੀਅਤਾਂ ਨੇ ਸਾਹਿਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਕੁਲਦੀਪ ਸਿੰਘ ਬੇਦੀ ਨੂੰ ਸ਼ਰਧਾ ਰਾਮ ਫਿਲੌਰੀ ਪੁਰਸਕਾਰ, ਅਜਮੇਰ ਸਿੱਧੂ ਨੂੰ ਦੀਪਕ ਜੈਤੋਈ ਪੁਰਸਕਾਰ, ਸਿਰੀ ਰਾਮ ਅਰਸ਼ ਨੂੰ ਚਾਨਣ ਗੋਬਿੰਦਪੁਰੀ ਗਜ਼ਲ ਪੁਰਸਕਾਰ, ਸਰਵਣ ਰਾਹੀ ਨੂੰ ਉਲਫ਼ਤ ਬਾਜਵਾ ਪੁਰਸਕਾਰ, ਹਰਜਿੰਦਰ ਬੱਲ ਨੂੰ ਕਰਤਾਰ ਸਿੰਘ ਪੰਛੀ ਪੁਰਸਕਾਰ ਤੇ ਅਮਨ ਪੰਜਾਬੀ ਨੂੰ ਮਾਸਟਰ ਮਦਨ ਪੁਰਸਕਾਰ।

ਇਸ ਤੋਂ ਬਾਅਦ ਦਿਨ ਵਾਲਾ ਕਵੀ ਦਰਬਾਰ ਸ਼ੁਰੂ ਹੋਇਆ ਜਿਸ ਵਿਚ ਸਿਰੀ ਰਾਮ ਅਰਸ਼, ਹਰਜਿੰਦਰ ਬੱਲ, ਭੁਪਿੰਦਰ ਦੁਲੇ, ਸਰਵਣ ਰਾਹੀ, ਗੁਰਚਰਨ ਕੌਰ ਕੋਚਰ, ਆਦੇਸ਼ ਅੰਕੁਸ਼, ਰੇਸ਼ਮ ਚਿਤਰਕਾਰ, ਸੁਖਰਾਜ ਸਿੰਘ, ਰਿਤੂ ਵਾਸੂਦੇਵ, ਜਗਜੀਤ ਕੌਰ ਢਿੱਲਵਾਂ, ਕੁਲਜੀਤ ਕੌਰ ਮੰਡ, ਪ੍ਰੀਤ ਲੱਧੜ, ਪਰਮਿੰਦਰ ਕੌਰ ਅਮਨ, ਗਾਇਕ ਗੁਰਦੀਪ, ਗੁਰਦਿਆਲ ਰੌਸ਼ਨ, ਵਿਸ਼ਾਲ, ਨੱਕਾਸ਼ ਚਿਤੇਵਾਣੀ, ਲਖਵਿੰਦਰ ਜੌਹਲ, ਅਸ਼ੋਕ ਭੰਡਾਰੀ, ਸੁਰਿੰਦਰ ਚੋਕਾ, ਇੰਦਰਪਾਲ, ਜਤਿੰਦਰ ਢਿੱਲੋਂ ਰੰਧਾਵਾ, ਸਤਪਾਲ ਸਾਹਲੋਂ, ਜਗਦੀਸ਼ ਰਾਣਾ, ਅਜੀਤ ਲੰਗੇਰੀ, ਮਨ ਮਾਨ, ਡਾ. ਸੈਂਹਬੀ ਆਦਿ ਨੇ ਆਪਣੀ ਸ਼ਾਇਰੀ ਤੇ ਗੀਤਾਂ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਇਸ ਸਮਾਗਮ ਦੌਰਾਨ ਗੁਰਦਿਆਲ ਰੌਸ਼ਨ ਦਾ ਗਜ਼ਲ ਸੰਗ੍ਰਹਿ 'ਕਾਲਾ ਸੂਰਜ' ਅਤੇ ਕਿਸਾਨੀ ਸੰਘਰਸ਼ ਦੇ ਸੰਦਰਭ ਵਿਚ ਲਿਖੀ ਗ਼ਜ਼ਲਾਂ ਦੀ 'ਖੇਤਾਂ ਤੋਂ ਦਿੱਲੀ ਤਕ' ਪੁਸਤਕ ਅਤੇ ਬਲਬੀਰ ਕੌਰ ਰੀਹਲ ਦੀ ਕਿਤਾਬ 'ਚੜ੍ਹਦੇ ਸੂਰਜ ਦੀ ਲਾਲੀ' ਲੋਕ ਅਰਪਣ ਕੀਤੀਆਂ ਗਈਆਂ। ਚਾਹ ਪਾਣੀ ਤੇ ਲੰਗਰ ਵਜੋਂ ਏਥੇ ਵੀ ਹੋਲਾ ਮਹੱਲਾ ਹੀ ਸੀ।

**ਚੁਰਾਸੀ ਦੇ ਗੇੜ ਤੋਂ ਅੱਗੇ ਦੀ ਗਾਥਾ**

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com


ਇਸ ਮਹੀਨੇ ਦੀ 22 ਮਾਰਚ ਨੂੰ ਮੈਂ ਅਠਾਸੀਆਂ ਦਾ ਹੋ ਗਿਆ ਹਾਂ। ਚੁਰਾਸੀ ਤੋਂ ਚਾਰ ਉੱਤੇ। ਕੋਈ ਅਜਿਹਾ ਕੰਮ ਨਹੀਂ ਜਿਹੜਾ ਮੈਂ ਕਰਨਾ ਚਾਹੁੰਦਾ ਸੀ ਪਰ ਕਰ ਨਹੀਂ ਸਕਿਆ। ਹੁਣ ਤਾਂ ਭੱਜ ਦੌੜ ਤੋਂ ਮਨ ਕਤਰਾਉਂਦਾ ਹੈ। ਰੌਲਾ ਰੱਪਾ ਚੰਗਾ ਨਹੀਂ ਲੱਗਦਾ। ਸ਼ਾਇਰੀ ਨਾਲ ਮਨ ਬਹਿਲਾਉਂਦਾ ਹਾਂ। ਮਿਰਜ਼ਾ ਗ਼ਾਲਿਬ ਦਾ ਮੱਦਾਹ ਹਾਂ। ਸ਼ਾਇਦ ਮੇਰੇ ਸ਼ੌਕ ਨੂੰ ਪਛਾਣਦਿਆਂ ਹੀ 21 ਮਾਰਚ ਨੂੰ ਵਿਸ਼ਵ ਕਵਿਤਾ ਦਿਵਸ ਐਲਾਨਿਆ ਗਿਆ ਹੈ ਤਾਂ ਕਿ ਮੈਂ ਆਪਣੇ ਜਨਮ ਤੋਂ ਪਹਿਲੀ ਸ਼ਾਮ ਨੂੰ ਵਧੀਆ ਸ਼ਿਅਰ ਗੁਣਗੁਣਾ ਕੇ ਮਾਣ ਸਕਾਂ ਤੇ ਮਾਣਿਆ ਵੀ ਹੈ। ਇਸ ਸਵਾਰੀ ਦੇ ਸ਼ਿਅਰ ਅੰਤਿਕਾ ਵਿਚ ਪੇਸ਼ ਹਨ।

**ਅੰਤਿਕਾ**

ਮਿਰਜ਼ਾ ਗ਼ਾਲਿਬ
ਰਹੀਏ ਅਬ ਐਸੀ ਜਗ੍ਹਾ ਚਲ ਕਰ
ਜਹਾਂ ਕੋਈ ਨਾ ਹੋ,
ਹਮਸੁਖਨ ਕੋਈ ਨਾ ਹੋ
ਔਰ ਹਮਜ਼ੁਬਾਂ ਕੋਈ ਨਾ ਹੋ।
ਬੇ-ਦਰ-ਓ-ਦੀਵਾਰ ਸਾ
ਇਕ ਘਰ ਬਨਾਇਆ ਚਾਹੀਏ,
ਕੋਈ ਹਮਸਾਯਾ ਨਾ ਹੋ
ਔ ਪਾਸਬਾਂ ਕੋਈ ਨਾ ਹੋ।
ਪੜੀਏ ਗਰ ਬਿਮਾਰ ਤੋ
ਕੋਈ ਨਾ ਹੋ ਤੀਮਾਰ ਦਾਰ,
ਔਰ ਅਗਰ ਮਰ ਜਾਈਏ ਤੋ
ਨੌਹਾ ਖਾਂ ਕੋਈ ਨਾ ਹੋ।

# ਰੱਬ ਕੀ ਹੈ ਤੇ ਕੁਦਰਤ ਕੀ ਹੈ?

ਮੁੱਦਤਾਂ ਤੋਂ ਸ੍ਰਿਸ਼ਟੀ ਉਪਰ ਜੋ ਕੁਝ ਵੀ ਵਾਪਰਦਾ ਸੀ ਉਸ ਸਭ ਕੁੱਝ ਨੂੰ ਰੱਬ ਵਲੋਂ ਵਰਦਾਨ ਜਾਂ ਰੱਬ ਵਲੋਂ ਸਰਾਪ ਸਮਝਦੇ ਹੋਏ ਮੰਨ ਲਿਆ ਜਾਂਦਾ ਸੀ। ਉਸ ਦਾ ਲੋਕਾਂ ਵਿਚ ਚੰਗਾ ਪ੍ਰਭਾਵ ਇਹ ਪੈਂਦਾ ਸੀ ਕਿ ਜੋ ਮਾੜਾ ਜਾਂ ਅਨਹੋਣੀ ਵਾਪਰ ਜਾਂਦੀ ਸੀ ਤਾਂ ਉਸਨੂੰ ਰੱਬ ਦੀ ਕਰੋਪੀ ਜਾਂ ਸਰਾਪ ਸਮਝਦੇ ਹੋਏ ਸਿਰ ਝੁਕਾ ਦਿੱਤਾ ਜਾਂਦਾ ਸੀ। ਕਿਸੇ ਹੋਰ ਨਾਲ ਗਿਲਾ ਸ਼ਿਕਵਾ ਨਹੀਂ ਸੀ ਖੜ੍ਹਾ ਹੁੰਦਾ। ਬਾਲ ਰੱਬ ਦੇ ਪਾਲੇ ਵਿਚ ਸੁੱਟ ਦੇਣ ਨਾਲ ਬੰਦੇ ਨੂੰ ਧਰਵਾਸ ਆਉਣਾ ਸ਼ੁਰੂ ਹੋ ਜਾਂਦਾ ਸੀ ਤੇ ਵਕਤ ਦੇ ਨਾਲ ਨਾਲ ਬੰਦਾ ਨਾਰਮਲ ਹਾਲਤ ਵਿਚ ਆ ਜਾਂਦਾ ਸੀ।



**ਸੁਖਦੇਵ ਸਿੰਘ**
ਫੋਨ: 94171-91916

ਵਕਤ ਦੇ ਬਦਲਾਅ ਨਾਲ ਵਿਅਕਤੀ ਦੀ ਸੋਚ ਵੀ ਬਦਲੀ ਜਿਸ ਨਾਲ ਲੋਕਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਕੁਝ ਕੰਮ ਆਪਣੇ ਆਪ ਤਾਂ ਵਾਪਰਦੇ ਹਨ ਪਰ ਉਹ ਕਿਸੇ ਨਾ ਕਿਸੇ ਨਿਯਮ ਅਧੀਨ ਹੁੰਦੇ ਹਨ। ਜਿਵੇਂ ਕਿ ਵੱਧ ਗਰਮੀ ਪੈ ਜਾਵੇ ਤਾਂ ਹਨੇਰੀ ਜਾਂ ਮੀਂਹ ਦਾ ਆਉਣਾ ਜ਼ਰੂਰੀ ਹੈ ਤਾਂ ਇਸ ਤੋਂ ਲੋਕਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਕੁਝ ਕੰਮ ਕਿਸੇ ਨਿਯਮ ਹੇਠ ਹੁੰਦੇ ਹਨ। ਇਸ ਨੂੰ ਕੁਦਰਤ ਕਹਿਣਾ ਸ਼ੁਰੂ ਕਰ ਦਿੱਤਾ। ਸੂਰਜ ਦਾ ਨਿਤਾ ਪ੍ਰਤੀ ਇਕ ਪਾਸੇ ਤੋਂ ਚੜ੍ਹਨਾ ਤੇ ਛਿਪਣਾ, ਜ਼ਿਆਦਾ ਠੰਢ ਨਾਲ ਪਾਣੀ ਦਾ ਬਰਫ ਬਣ ਜਾਣਾ ਜਾਂ ਗਰਮੀ ਨਾਲ ਬਰਫ ਦਾ ਪਾਣੀ ਵਿਚ ਤਬਦੀਲ ਹੋ ਜਾਣਾ ਸਭ ਕੁਝ ਨਿਯਮ ਅਧੀਨ ਹੈ।


ਹੁਣ ਜਦੋਂ ਸਾਡੇ ਕੋਲ ਦੋ ਸ਼ਕਤੀਆਂ ਹੋ ਗਈਆਂ ਤਾਂ ਅਸੀਂ ਇਨ੍ਹਾਂ ਦੋਵਾਂ ਦੇ ਵਿਚਕਾਰ ਕੰਮਾਂ ਦੀ ਵੰਡ ਕਰਨੀ ਸ਼ੁਰੂ ਕਰ ਦਿੱਤੀ। ਜਿਹੜਾ ਵੀ ਹੋ ਰਿਹਾ ਕੰਮ ਮੇਰੀ ਨਿਗ੍ਹਾ ਹੇਠ ਜਾਂ ਸੋਚ ਵਿਚ ਹੋ ਰਿਹਾ ਹੈ ਤਾਂ ਉਸ ਤਰ੍ਹਾਂ ਦੇ ਕੰਮਾਂ ਨੂੰ ਵਿਅਕਤੀ ਨੇ ਕੁਦਰਤ ਦੇ ਨਿਯਮ ਦੇ ਖਾਤੇ ਵਿਚ ਪਾ ਦਿੱਤਾ। ਇਨ੍ਹਾਂ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਤੇ ਨਾ ਕਿਤੇ ਵਿਅਕਤੀ ਦਾ ਵੀ ਰੋਲ ਹੁੰਦਾ ਹੈ ਜਾਂ ਇਹ ਕੁਝ ਵਾਪਰਦਾ ਉਸਨੂੰ ਦਿਖਾਈ ਦੇ ਰਿਹਾ ਹੁੰਦਾ ਹੈ।

ਕੁਝ ਕਿਰਿਆਵਾਂ ਸ੍ਰਿਸ਼ਟੀ 'ਤੇ ਇਸ ਤਰ੍ਹਾਂ ਦੀਆਂ ਵੀ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਬਾਰੇ ਵਿਅਕਤੀ ਨੂੰ ਕੁਝ ਵੀ ਪਤਾ ਨਹੀਂ ਹੁੰਦਾ। ਵਾਪਰਨ ਤੋਂ ਬਾਅਦ ਹੀ ਪਤਾ ਲੱਗਦਾ ਹੈ। ਜਿਵੇਂ ਕਿ ਮੌਤ ਦਾ ਆਉਣਾ, ਜਨਮ ਦਾ ਹੋਣਾ (ਲੜਕਾ ਜਾਂ ਲੜਕੀ ਦਾ ਹੋਣਾ) ਅਚਾਨਕ ਕੁਝ ਵਾਪਰ ਜਾਣਾ ਜਿਸ ਉਪਰ ਵਿਅਕਤੀ ਦਾ ਕੋਈ ਕੰਟਰੋਲ ਨਾ ਹੋਣਾ ਤਾਂ ਅਜਿਹੀਆਂ ਹੋਰ ਵੀ ਕਿਰਿਆਵਾਂ ਰੱਬ ਜੀ ਦੇ ਖਾਤੇ ਵਿਚ ਪਾ ਦਿੱਤੀਆਂ ਜਾਣ ਲੱਗ ਪਈਆਂ। ਹੁਣ ਸ੍ਰਿਸ਼ਟੀ ਉਪਰ ਦੋ ਸ਼ਕਤੀਆਂ ਮੰਨੀਆਂ ਜਾਣ ਲੱਗ ਗਈਆਂ, ਕੁਦਰਤ ਅਤੇ ਰੱਬ।

ਸਦੀਆਂ ਤਕ ਇਸੇ ਤਰ੍ਹਾਂ ਕੰਮ ਚੱਲਦਾ ਰਿਹਾ। ਕੋਈ ਦੋ ਸ਼ਕਤੀਆਂ ਮੰਨਦੇ ਰਹੇ ਕੋਈ ਇਹ ਕਹਿੰਦੇ ਰਹੇ ਕਿ ਸ਼ਕਤੀ ਇਕ ਹੀ ਹੈ ਨਾਮ ਹੀ ਦੋ ਹਨ ਪਰ ਵਕਤ ਦੇ ਨਾਲ-ਨਾਲ ਸਾਡੀ ਸੋਚ ਵਿਚ ਜਾਂ ਸਾਡੀ ਸੋਚ ਸ਼ਕਤੀ ਵਿਚ ਸੁਧਾਰ ਵੀ ਆਉਂਦਾ ਰਿਹਾ ਹੈ। ਉਸ ਵਕਤ ਬੰਦੇ ਨੇ ਇਹ ਵੀ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਨਹੀਂ ਸਭ ਕੁਝ ਕੁਦਰਤ ਜਾਂ ਰੱਬ ਆਪ ਹੀ ਨਹੀਂ ਕਰ ਦਿੰਦੇ ਉਸ ਵਿਚ ਬੰਦੇ ਦਾ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੋਲ ਹੁੰਦਾ ਹੈ।

ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਆਉਣ ਉਪਰੰਤ ਗੁਰੂ ਜੀ ਨੇ ਆਪਣੇ 'ਗਿਆਨ' ਨੂੰ ਗੁਰੂ ਕਿਹਾ ਤੇ ਪ੍ਰਚਾਰਿਆ। ਉਨ੍ਹਾਂ ਨੂੰ ਆਪਣੀਆਂ ਵੱਖੋ ਵੱਖਰੀਆਂ ਯਾਤਰਾਵਾਂ ਦੌਰਾਨ ਜਿਸ ਕਿਸੇ ਨੇ ਵੀ ਗੁਰੂ ਬਾਰੇ ਪੁੱਛਿਆ ਤਾਂ ਹਰ ਵਾਰ ਜਾਂ ਹਰ ਜਗ੍ਹਾ ਉਨ੍ਹਾਂ ਦਾ ਜਵਾਬ ਸੀ ਸ਼ਬਦ ਗੁਰੂ ਹੈ। ਸ਼ਬਦ ਤੋਂ ਭਾਵ ਹੈ ਗਿਆਨ ਗੁਰੂ ਹੈ। ਗੁਰਬਾਣੀ ਵਿਚ ਕਈ ਵਾਰ ਉਚਾਰਿਆ ਗਿਆ ਮਿਲੇਗਾ ਕਿ 'ਗੁਰੂ ਹੀ ਪਰਮੇਸ਼ਰ ਹੈ', ਜਿਸ ਦਾ ਅਰਥ ਹੈ ਕਿ ਗਿਆਨ ਗੁਰੂ ਹੈ ਤੇ ਗਿਆਨ ਹੀ ਪ੍ਰਮਾਤਮਾ ਹੈ ਭਾਵ ਰੱਬ ਹੈ। ਜਿਸ ਦਾ ਮਤਲਬ ਹੋਇਆ ਕਿ ਪੰਦਰਵੀਂ ਸਦੀ ਤੋਂ ਬਾਅਦ 'ਗਿਆਨ' ਰੂਪੀ ਸ਼ਕਤੀ ਵੀ ਹੋਂਦ ਵਿਚ ਆ ਗਈ। ਉਹ ਗੱਲ ਵੱਖਰੀ ਹੈ ਕਿ ਸਿੱਖ ਧਰਮ ਤੋਂ ਬਾਹਰ ਅਜੇ ਇਸ ਥਿਊਰੀ ਨੂੰ ਬਹੁਤੀ ਮਾਨਤਾ ਨਹੀਂ ਮਿਲੀ।

ਹੁਣ ਅਸੀਂ 'ਗਿਆਨ' ਵਾਲੀ ਥਿਊਰੀ ਨੂੰ ਧਿਆਨ ਵਿਚ ਰੱਖਦਿਆਂ ਵਿਸ਼ੇ ਬਾਰੇ ਅੱਗੇ ਵਧਦੇ ਹਾਂ। ਕੋਈ ਵਕਤ ਸੀ ਸ੍ਰਿਸ਼ਟੀ ਉਪਰ ਚੰਗਾ ਜਾਂ ਮਾੜਾ ਜੋ ਵੀ ਵਾਪਰਦਾ ਸੀ ਸਭ ਕੁਝ ਰੱਬ ਜੀ ਦੇ ਖਾਤੇ ਵਿਚ ਸੀ। ਥੋੜ੍ਹੀ ਸੋਝੀ ਵਧੀ ਤਾਂ ਕੁਦਰਤ ਦਾ ਨਿਯਮ ਹਿੱਸੇਦਾਰ ਬਣ ਗਿਆ। ਉਸ ਹਾਲਤ ਵਿਚ



ਪਹਾੜਾਂ ਉਪਰ ਮੀਂਹ ਦਾ ਪੈਣਾ, ਗਰਮੀਆਂ ਵਿਚ ਬਰਫ ਦਾ ਪਘਰ ਕੇ ਪਾਣੀ ਬਣ ਜਾਣਾ ਤੇ ਨਿਮਾਨ ਨੂੰ ਚੱਲਣਾ, ਦਰਿਆਵਾਂ, ਨਦੀਆਂ, ਨਾਲਿਆਂ ਦਾ ਰੂਪ ਧਾਰਨ ਕਰਦਾ ਹੋਇਆ ਸਮੁੰਦਰ ਵਿਚ ਜਾ ਗਿਰਦਾ ਸੀ। ਰਸਤੇ ਵਿਚ ਪਾਣੀ ਦਾ ਉਪਯੋਗ ਘੱਟ ਹੀ ਹੁੰਦਾ ਸੀ। ਪਹਾੜਾਂ ਵਿਚ ਕੋਈ ਆਵਾਜਾਈ ਦੇ ਸਾਧਨ ਨਹੀਂ ਸਨ। ਜਦੋਂ 'ਗਿਆਨ' ਸ਼ਕਤੀ ਦਾ ਵਕਤ ਆਇਆ ਤਾਂ ਪਹਾੜਾਂ ਵਿਚ ਰਸਤੇ ਬਣਾ ਲਏ ਗਏ। ਬਾਅਦ ਵਿਚ ਸੜਕਾਂ ਬਣ ਗਈਆਂ। ਆਵਾਜਾਈ ਚੱਲ ਪਈ। ਦਰਿਆਵਾਂ ਉਪਰ ਬੰਨ੍ਹ ਲਾ ਕੇ ਖੁੱਲ੍ਹੇ ਜਾਂਦੇ ਪਾਣੀ ਨੂੰ ਵਿਉਂਤਬੰਦੀ ਕਰ ਕੇ ਨਹਿਰਾਂ ਕੱਢ ਦਿੱਤੀਆਂ ਜਿਸ ਤੋਂ ਫਸਲਾਂ ਦੀ ਸਿੰਜਾਈ ਹੋਣ ਲੱਗ ਗਈ ਉਪਜ ਵਿਚ ਵਾਧਾ ਹੋ ਗਿਆ। ਜਿਹੜਾ ਕੰਮ ਰੱਬ ਆਸਰੇ ਛੱਡਿਆ ਹੋਇਆ ਸੀ ਉਹ ਗਿਆਨ ਨੇ ਸੰਭਾਲ ਲਿਆ ਅਤੇ ਵਧੀਆ ਤਰੀਕੇ ਨਾਲ ਸੰਭਾਲਿਆ।

ਜ਼ਮੀਨ ਦੀ ਪੈਦਾਵਾਰ ਜਿਹੜੀ ਸਿਰਫ ਮੀਂਹ 'ਤੇ ਨਿਰਭਰ ਕਰਦੀ ਸੀ ਉਹ ਹੁਣ ਗਿਆਨ ਕਾਰਨ ਖੂਹਾਂ ਨਾਲ ਤੇ ਬਾਅਦ ਵਿਚ ਟਿਊਬਵੈੱਲਾਂ ਨਾਲ ਸਿੰਜੀ ਜਾਣ ਲੱਗ ਪਈ। ਫਸਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਮਰ ਜਾਂਦੀ ਸੀ ਭਾਵ ਉਪਜ ਘੱਟ ਹੁੰਦੀ ਸੀ ਉਸ ਨੂੰ ਵੀ ਗਿਆਨ ਨਾਲ ਦਵਾਈਆਂ ਤਿਆਰ ਕਰ ਕੇ ਫਸਲਾਂ ਦਾ ਨੁਕਸਾਨ ਬਚਾ ਲਿਆ ਗਿਆ।

ਬੰਦਿਆਂ ਅਤੇ ਪਸ਼ੂਆਂ ਪੰਛੀਆਂ ਦੇ ਜਨਮ ਤੇ ਮੌਤ ਬਾਰੇ ਰੱਬ ਜੀ ਨੂੰ ਮਾਲਕ ਸਮਝਿਆ ਜਾਂਦਾ ਰਿਹਾ ਹੈ ਪ੍ਰੰਤੂ ਜੇ ਮੈਂ ਪੁੱਛਾਂ ਕਿ 60-70 ਸਾਲ ਪਹਿਲਾਂ ਹਰੇਕ ਘਰ 8-10 ਬੱਚੇ ਹੁੰਦੇ ਸਨ। ਜਿਹੜੇ ਘਟਦੇ ਘਟਦੇ ਦੋ 'ਤੇ ਆ ਗਏ ਹਨ। ਕੁਝ ਧਰਮਾਂ ਵਿਚ ਅਜੇ ਵੀ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ ਤਾਂ ਕੀ ਰੱਬ ਜੀ ਨੇ ਜਨਮ ਦਰ 'ਤੇ ਕੰਟਰੋਲ ਕਰ ਲਿਆ ਹੈ। ਕੁਝ ਧਰਮ ਵਾਲਿਆਂ ਨੂੰ ਛੋਟ ਦੇ ਦਿੱਤੀ ਹੈ। ਨਹੀਂ ਇਹ ਗੱਲ ਨਹੀਂ ਹੈ। ਸਾਡੇ ਗਿਆਨ ਨੇ ਸਾਨੂੰ ਸਿਆਣੇ ਬਣਾ ਦਿੱਤਾ ਹੈ, ਜਿਸ ਨਾਲ ਬੱਚਿਆਂ ਦੀ ਗਿਣਤੀ ਘਟ ਗਈ ਹੈ। ਭਾਵ ਰੱਬ ਕੁਝ ਨਹੀਂ ਕਰਦਾ। ਸਭ ਕੁਝ ਗਿਆਨ ਕਰਦਾ ਹੈ।

ਕੋਈ ਵਕਤ ਸੀ ਮੌਤ ਦਰ ਬਹੁਤ ਜ਼ਿਆਦਾ ਸੀ। ਹੁਣ ਜਨਮ ਵਕਤ ਬੱਚਾ ਜਾਂ ਜੱਚਾ ਮਰਨ ਦਰ ਘਟ ਗਈ ਹੈ। ਕਾਰਨ ਗਿਆਨ ਨਾਲ ਲੋੜੀਂਦੀਆਂ ਦਵਾਈਆਂ ਤੇ ਇਲਾਜ ਉਪਲੱਬਧ ਹੋ ਗਿਆ ਹੈ। ਨਾਮੁਰਾਦ ਬਿਮਾਰੀਆਂ ਨਾਲ ਮਰੀਜ਼ਾਂ ਦੀ ਮੌਤ ਹੋ ਜਾਇਆ ਕਰਦੀ ਸੀ। ਗਿਆਨ ਦਾ ਇਸਤੇਮਾਲ ਕਰ ਕੇ ਲੋੜੀਂਦੀਆਂ ਸਹੂਲਤਾਂ ਤੇ ਇਲਾਜ ਮੁਹੱਈਆ ਕਰ ਦਿੱਤਾ ਗਿਆ ਹੈ, ਜਿਸ ਨਾਲ ਉਮਰ ਦਰ ਵਿਚ ਵਾਧਾ ਹੋਇਆ ਹੈ। ਇਹ ਸਭ ਕੁਝ ਸਾਬਤ ਕਰਦਾ ਹੈ ਕਿ ਰੱਬ ਕੁਝ ਨਹੀਂ ਕਰਦਾ। ਜੋ ਕਰਦਾ ਹੈ ਉਹ "ਗਿਆਨ" ਕਰਦਾ ਹੈ।

ਸੁੰਨੇ ਰਸਤੇ ਉਪਰ ਰਾਤ ਦੇ ਹਨੇਰੇ ਵਿਚ ਪਾਣੀ ਭਰੀ ਨਦੀ ਅੱਗੇ ਦੇਖ ਕੇ ਕਦਮ ਰੁਕ ਗਿਆ। ਜੇ ਨਾ ਰੁਕਦਾ ਤਾਂ ਕੀ ਹੋਣਾ ਸੀ। ਇਸੇ ਤਰ੍ਹਾਂ ਰੇਲ ਲਾਈਨ ਪਾਰ ਕਰਦਿਆਂ ਅਚਾਨਕ ਤੇਜ਼ ਰਫਤਾਰ ਗੱਡੀ ਆ ਗਈ ਕਦਮ ਰੋਕ ਕੇ ਪਿੱਛੇ ਹਟ ਗਿਆ। ਦੋਹਾਂ ਕੇਸਾਂ ਵਿਚ ਜਾਨ ਰੱਬ ਨੇ ਬਚਾਈ ਜਾਂ ਗਿਆਨ ਨੇ। ਜੇਕਰ ਸੱਚ ਬੋਲਣ ਦਾ ਹੌਸਲਾ ਰੱਖਦੇ ਹੋ ਤਾਂ ਜਵਾਬ ਹੋਵੇਗਾ ਕਿ "ਗਿਆਨ" ਨੇ।

ਇਹ ਤਾਂ ਗੱਲ ਸਾਫ ਹੋ ਗਈ ਹੈ ਕਿ ਰੱਬ, ਕੁਦਰਤ ਗਿਆਨ ਦੀ ਗੈਰਹਾਜ਼ਰੀ ਵਿਚ ਪ੍ਰਧਾਨਗੀ ਕਰਦੇ ਰਹੇ। ਜਿਸ ਦਿਨ ਗਿਆਨ ਨੇ ਚਾਰਜ ਸੰਭਾਲਿਆ ਹੈ ਤਾਂ ਦੋਵੇਂ ਹੀ ਅਲੋਪ ਹੋ ਗਏ ਹਨ। ਹਰੇਕ ਦਾ ਗਿਆਨ ਉਸਦਾ ਗੁਰੂ ਹੈ। ਗਿਆਨ ਹੀ ਉਸਦਾ ਰੱਬ ਹੈ। ਸਾਡੇ ਸਾਰੇ ਕੰਮ ਸਾਡਾ ਗਿਆਨ ਕਰਦਾ ਹੈ। ਇਸ ਲਈ ਮੇਰਾ ਗਿਆਨ ਹੀ ਮੇਰਾ ਰੱਬ ਹੈ। ਹਰੇਕ ਦਾ ਆਪਣਾ ਆਪਣਾ ਰੱਬ ਹੈ। ਆਪਣੇ ਆਪਣੇ ਗਿਆਨ ਨੂੰ ਸਹੀ ਸੇਧ ਦਿੰਦੇ ਰਹੋ ਤੇ ਸੁਖ ਸ਼ਾਂਤੀ ਵਿਚ ਜ਼ਿੰਦਗੀ ਬਤੀਤ ਕਰਦੇ ਰਹੋ।

# ਲੋਕ ਗੀਤਾਂ ਦੀ ਲੋਅ

**ਕਲਾ ਪਰਿਕਰਮਾ**

**ਜਸਪ੍ਰੀਤ ਕੌਰ ਸੰਘਾ**
ਫੋਨ: +91-99150-33176

ਆਦਿ ਕਾਲ ਤੋਂ ਹੀ ਮਨੁੱਖ ਸੁਹਜ ਦਾ ਰਸੀਆ ਰਿਹਾ ਹੈ। ਮੁੱਢਲੀਆਂ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਉਹ ਆਪਣੀ ਸੁਹਜ ਦੀ ਭੁੱਖ ਨੂੰ ਤ੍ਰਿਪਤ ਕਰਨ ਲਈ ਵੀ ਯਤਨਸ਼ੀਲ ਰਿਹਾ ਹੈ। ਹਰ ਜਾਤੀ ਦਾ ਭੰਡਾਰ ਲੋਕ ਗੀਤਾਂ ਨਾਲ ਭਰਿਆ ਹੁੰਦਾ ਹੈ, ਭਾਵੇਂ ਉਹ ਜਾਤੀ ਆਦਮ ਅਵਸਥਾ ਵਿਚੋਂ ਲੰਘ ਰਹੀ ਹੋਵੇ ਜਾਂ ਸਮਾਜਕ ਪੱਖੋਂ ਵਿਕਸਤ ਹੋਵੇ। ਲੋਕ ਗੀਤ ਲੋਕਾਂ ਦੇ ਗੀਤ ਹੁੰਦੇ ਹਨ, ਇਸ ਕਰਕੇ ਲੋਕ ਗੀਤਾਂ ਨੂੰ ਕਿਸੇ ਖਾਸ ਵਿਅਕਤੀ ਦੀ ਰਚਨਾ ਨਹੀਂ ਕਿਹਾ ਜਾਂਦਾ ਸਗੋਂ ਇਹ ਤਾਂ ਇੱਕ ਖਾਸ ਸਮੂਹ ਦੇ ਲੋਕਾਂ ਦੀ ਰਚਨਾ ਮੰਨੇ ਜਾਂਦੇ ਹਨ। ਅਸਲ ਵਿਚ ਲੋਕ ਗੀਤ ਕਿਸੇ ਜਾਤੀ ਦੇ ਹਿਰਦੇ ਦਾ ਪ੍ਰਕਾਸ਼ ਹੁੰਦੇ ਹਨ, ਇਹ ਲੋਕਾਂ ਦੇ ਵੇਗ ਵਿਚ ਆਏ ਉਹ ਜਜ਼ਬੇ, ਵੇਦਨਾ ਅਤੇ ਸੱਧਰਾਂ ਹਨ ਜੋ ਸਹਿਜ ਰੂਪ ਵਿਚ ਹੀ ਸ਼ਬਦਾਂ ਦੇ ਰੂਪ ਵਿਚ ਰੂਪਮਾਨ ਹੋ ਜਾਂਦੀਆਂ ਹਨ। ਲੋਕ ਗੀਤ ਮਨੁੱਖੀ ਮਨ ਦੇ ਉਛਾਲ ਹਨ, ਹਿਰਦੇ ਦੀ ਤਹਿ ਦੀ ਕੋਈ ਤਰੰਗ ਅਤੇ ਜੀਵਨ ਦਾ ਕੋਈ ਝੋਕਾ ਹਨ। ਕੋਈ ਗੀਤ ਉਦੋਂ ਤੱਕ ਲੋਕ ਗੀਤ ਨਹੀਂ ਬਣਦਾ, ਜਦੋਂ ਤੱਕ ਜਨ ਸਮੂਹ ਉਸ ਨੂੰ ਪ੍ਰਵਾਨ ਕਰਕੇ ਆਪਣੇ ਗੀਤ-ਭੰਡਾਰ ਵਿਚ ਪਰੰਪਰਾ ਦੇ ਰੂਪ ਵਿਚ ਅਪਣਾ ਨਹੀਂ ਲੈਂਦਾ। ਲੋਕ ਗੀਤਾਂ ਦੀ ਸਮੱਗਰੀ ਪਰੰਪਰਾ ਵਿਚੋਂ ਹੀ ਲਈ ਜਾਂਦੀ ਹੈ ਅਤੇ ਇਸ ਦੀਆਂ ਜੜ੍ਹਾਂ ਸਮਾਜ ਵਿਚ ਹੁੰਦੀਆਂ ਹਨ।

ਪੰਜਾਬੀ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਜਿੰਦਜਾਨ ਹਨ। ਪੰਜਾਬੀਆਂ ਦੇ ਰਹਿਣ-ਸਹਿਣ, ਰਿਸ਼ਤੇ-ਨਾਤੇ, ਉਨ੍ਹਾਂ ਦੇ ਸਮਾਜਕ-ਆਰਥਕ ਹਾਲਾਤ, ਉਨ੍ਹਾਂ ਦੇ ਰੀਤੀ ਰਿਵਾਜ਼ਾਂ ਦਾ ਅਸਲੀ ਝਲਕਾਰਾ ਸਾਨੂੰ ਪੰਜਾਬੀ ਲੋਕ ਗੀਤਾਂ ਵਿਚੋਂ ਹੀ ਦੇਖਣ ਨੂੰ ਮਿਲਦਾ ਹੈ। ਜ਼ਿੰਦਗੀ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇਗਾ ਜੋ ਲੋਕ ਗੀਤਾਂ ਵਿਚ ਦ੍ਰਿਸ਼ਟੀਗੋਚਰ ਨਾ ਹੋਇਆ ਹੋਵੇ। ਪੰਜਾਬੀ ਲੋਕ ਗੀਤ ਪੰਜਾਬੀਆਂ ਦੇ ਜਨਮ ਤੋਂ ਮੌਤ ਤੱਕ ਦੇ ਸਾਥੀ ਹਨ। ਇਸੇ ਲਈ ਆਖਦੇ ਹਨ ਕਿ ਪੰਜਾਬੀ ਲੋਕ ਗੀਤਾਂ ਵਿਚ ਜੰਮਦਾ ਹੈ, ਜਵਾਨ ਹੁੰਦਾ ਹੈ ਤੇ ਇਨ੍ਹਾਂ ਵਿਚ ਹੀ ਮਰਦਾ ਹੈ। ਸਾਡੇ ਲੋਕ ਗੀਤ ਵੀ ਜ਼ਿੰਦਗੀ ਜਿੰਨੇ ਹੀ ਰੰਗੀਨ ਹੁੰਦੇ ਹਨ। ਘੋੜੀਆਂ, ਸੁਹਾਗ, ਸਿੱਠਣੀਆਂ, ਥਾਲ, ਟੱਪੇ, ਲੋਰੀਆਂ, ਕਿੱਕਲੀ ਆਦਿ ਸਭ ਔਰਤਾਂ ਦੁਆਰਾ ਗਾਏ ਜਾਣ ਵਾਲੇ ਲੋਕ ਗੀਤ ਹਨ। ਔਰਤਾਂ ਦੇ ਵੈਣ, ਅਲਾਹੁਣੀਆਂ ਆਦਿ ਵੀ ਲੋਕ ਗੀਤਾਂ ਦਾ ਹਿੱਸਾ ਹਨ। ਢੋਲੇ, ਮਾਹੀਏ, ਜਿੰਦੂਏ, ਬੋਲੀਆਂ ਆਦਿ ਪੰਜਾਬੀ ਮਰਦ ਬੜੇ ਸ਼ੌਕ ਨਾਲ ਗਾਉਂਦੇ ਹਨ। ਅਸਲ ਵਿਚ ਪੰਜਾਬੀ ਲੋਕ ਗੀਤ ਕਈ ਰੂਪਾਂ ਵਿਚ ਮਿਲਦੇ ਹਨ। ਲੋਕ ਗੀਤਾਂ ਦੀ ਰੂਹ ਪੁਰਾਣੀ ਹੈ। ਕਈ ਵਾਰ ਲੋਕ ਗੀਤ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਵਧਦਾ ਜਾਂ ਘਟਦਾ ਵੀ ਰਹਿੰਦਾ ਹੈ। ਅਸਲ ਵਿਚ ਇਹ ਲੋਕ ਗੀਤ ਸਾਡੇ ਅਮੀਰ ਵਿਰਸੇ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ।

ਲੋਕ ਗੀਤਾਂ ਦੇ ਉਪਜਣ ਤੇ ਵਿਕਾਸ ਲਈ ਖਾਸ ਕਿਸਮ ਦੇ ਸਮਾਜਕ ਵਾਤਾਵਰਨ ਦੀ ਲੋੜ ਹੁੰਦੀ ਹੈ। ਅੱਜ ਕੱਲ੍ਹ ਭੱਜ-ਨੱਠ ਵਾਲੇ ਵਾਤਾਵਰਨ ਵਿਚ ਲੋਕ ਗੀਤ ਲੋਪ ਹੁੰਦੇ ਜਾ ਰਹੇ ਹਨ। ਪੰਜਾਬੀ ਲੋਕ ਗੀਤਾਂ ਦਾ ਖਜ਼ਾਨਾ ਇੰਨਾ ਭਰਪੂਰ ਹੈ ਕਿ ਇਹ ਆਪਣੇ ਅੰਦਰ ਹਰ ਰਿਸ਼ਤੇ ਦੇ ਆਪਸੀ ਪਿਆਰ, ਮਨ ਮੁਟਾਵ, ਪਿਆਰ ਭਰੀ ਨੋਕ-ਝੋਕ ਆਦਿ ਨੂੰ ਸਮੋਈ ਬੈਠੇ ਹਨ, ਫਿਰ ਚਾਹੇ ਉਹ ਮਾਂ-ਧੀ ਦੇ ਪਵਿੱਤਰ ਰਿਸ਼ਤੇ ਵਿਚਲਾ ਪਿਆਰ ਹੋਵੇ ਜਾਂ ਫਿਰ ਦਿਉਰ-ਭਰਜਾਈ ਅਤੇ ਨਣਦ-ਭਰਜਾਈ ਦੇ ਰਿਸ਼ਤੇ ਵਿਚਲੀ ਆਪਸੀ ਨੋਕ-ਝੋਕ। ਪੰਜਾਬੀ ਲੋਕ ਗੀਤਾਂ ਵਿਚ ਹਰ ਰਿਸ਼ਤੇ ਦੇ ਮਹੱਤਵ ਨੂੰ ਬੜੇ ਸੁਚੱਜੇ ਢੰਗ ਨਾਲ ਦਰਸਾਇਆ ਗਿਆ ਹੈ। ਮਾਂ-ਧੀ ਦਾ ਰਿਸ਼ਤਾ ਜੋ ਸਭ ਤੋਂ ਵੱਧ ਮੋਹ ਵਾਲਾ ਰਿਸ਼ਤਾ ਹੈ, ਉਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿਚ ਆਮ ਹੀ ਹੁੰਦਾ ਹੈ:

ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ
ਕੋਈ ਟੁੱਟਦੀ ਏ ਕਹਿਰਾਂ ਦੇ ਨਾਲ
ਕਣਕਾਂ ਨਿੱਸਰੀਆਂ
ਧੀਆਂ ਕਿਉਂ ਵਿਸਰੀਆਂ ਮਾਏ

ਸਾਡੇ ਲੋਕ ਗੀਤਾਂ ਵਿਚ ਧੀਆਂ ਦੀ ਤੁਲਨਾ ਚਿੜੀਆਂ ਨਾਲ ਕੀਤੀ ਜਾਂਦੀ ਹੈ। ਚਿੜੀਆਂ ਦੀ ਤਰ੍ਹਾਂ ਧੀਆਂ ਨੇ ਵੀ ਇੱਕ ਨਾ ਇੱਕ ਦਿਨ ਉਡਾਰੀ ਮਾਰਨੀ ਹੁੰਦੀ ਹੈ। ਧੀ ਚਾਹੇ ਅਮੀਰ ਦੀ ਹੋਵੇ ਜਾਂ ਫਿਰ ਗਰੀਬ ਦੀ, ਉਸ ਨੂੰ ਪੇਕਾ ਘਰ ਛੱਡ ਸਹੁਰੇ ਘਰ ਜਾਣਾ ਹੀ ਪੈਂਦਾ ਹੈ:



ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ
ਸਾਡੀ ਲੰਮੀ ਉਡਾਰੀ ਵੇ
ਬਾਬਲ ਕਿਹੜੇ ਦੇਸ ਜਾਣਾ।

ਸਾਡੇ ਪੰਜਾਬੀ ਲੋਕ ਗੀਤਾਂ ਵਿਚ ਦਿਉਰ-ਭਰਜਾਈ ਦੇ ਰਿਸ਼ਤੇ ਦਾ ਵਰਨਣ ਆਮ ਆਉਂਦਾ ਹੈ। ਪੰਜਾਬੀ ਸਭਿਆਚਾਰ ਵਿਚ ਵੱਡੀ ਭਰਜਾਈ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਭਰਜਾਈ ਵੀ ਛੋਟੇ ਦਿਉਰ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਦਿਉਰ ਦੇ ਵਿਆਹ ਤੋਂ ਬਾਅਦ ਇਸ ਦਿਉਰ-ਭਰਜਾਈ ਦੇ ਰਿਸ਼ਤੇ ਵਿਚ ਕਈ ਵਾਰ ਨੋਕ-ਝੋਕ ਵੀ ਦੇਖਣ ਨੂੰ ਮਿਲਦੀ ਹੈ ਜਿਸ ਦਾ ਵਰਨਣ ਸਾਡੇ ਲੋਕ ਗੀਤ ਇਸ ਤਰ੍ਹਾਂ ਕਰਦੇ ਹਨ:

ਲਿਆ ਦਿਉਰਾ ਤੈਨੂੰ ਅੱਡ ਕਰ ਦੇਵਾਂ
ਦੇ ਕੇ ਸੇਰ ਕੁ ਆਟਾ
ਵੇ ਨਿੱਤ ਕੌਣ ਲੜੇ
ਕੌਣ ਪਟਾਵੇ ਝਾਟਾ
ਵੇ ਨਿੱਤ ਕੌਣ ਲੜੇ।

ਪਰਿਵਾਰਕ ਰਿਸ਼ਤਿਆਂ ਵਿਚ ਇੱਕ ਬੜਾ ਹੀ ਖੱਟਾ-ਮਿੱਠਾ ਰਿਸ਼ਤਾ ਹੈ ਤੇ ਉਹ ਰਿਸ਼ਤਾ ਹੈ ਨਣਦ-ਭਰਜਾਈ ਦਾ। ਨਣਦ-ਭਰਜਾਈ ਦੇ ਰਿਸ਼ਤੇ ਵਿਚ ਪਿਆਰ ਭਰੀ ਨੋਕ-ਝੋਕ ਆਮ ਹੀ ਵੇਖਣ ਨੂੰ ਮਿਲਦੀ ਹੈ, ਜਿਸ ਦਾ ਵਰਨਣ ਸਾਡੇ ਲੋਕ ਗੀਤਾਂ ਵਿਚ ਵੀ ਕੀਤਾ ਗਿਆ ਹੈ:

ਨੀ ਨਨਾਣੇ ਬੇਈਮਾਨੇ
ਅੱਖਾਂ ਫੇਰ ਗਈ ਰਕਾਨੇ
ਐਸੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ
ਅੱਜ ਤੂੰ ਮੈਨੂੰ ਮਾਰ ਪੁਆਈ ਨਣਦੇ।

ਰਿਸ਼ਤਿਆਂ ਦੀ ਇਸ ਮਾਲਾ ਵਿਚ ਸੁੱਚੇ ਮੋਤੀ ਵਰਗਾ ਰਿਸ਼ਤਾ ਹੈ ਭੈਣ-ਭਰਾ ਦਾ ਰਿਸ਼ਤਾ। ਭੈਣ-ਭਰਾ ਦੇ ਪਿਆਰ ਦੇ ਦੀਵੇ ਨੂੰ ਤਾਂ ਤੇਜ਼ ਝੱਖੜਾਂ ਵਾਲੀ ਪਦਾਰਥਵਾਦੀ ਹਨੇਰੀ ਵੀ ਬੁਝਾ ਨਹੀਂ ਸਕਦੀ। ਸਾਡੇ ਲੋਕ ਗੀਤ ਇਸ ਪਿਆਰ ਭਰੇ ਰਿਸ਼ਤੇ ਵਿਚ ਹੋਰ ਵੀ ਮਿਠਾਸ ਭਰ ਦਿੰਦੇ ਹਨ:

ਇੱਕ ਵੀਰ ਦੇਈਂ ਵੇ ਰੱਬਾ
ਮੇਰੀ ਸਾਰੀ ਉਮਰ ਦੇ ਪੇਕੇ।

ਪੰਜਾਬੀ ਲੋਕ ਗੀਤ ਸਿਰਫ ਰਿਸ਼ਤਿਆਂ ਦੀ ਬਾਤ ਹੀ ਨਹੀਂ ਪਾਉਂਦੇ ਸਗੋਂ ਸਾਡੇ ਰੀਤੀ-ਰਿਵਾਜ਼ਾਂ ਅਤੇ ਰਸਮਾਂ ਨੂੰ ਵੀ ਦਰਸਾਉਂਦੇ ਹਨ। ਮੌਕਾ ਖੁਸ਼ੀ ਦਾ ਹੋਵੇ ਜਾਂ ਗਮੀ ਦਾ, ਹਰ ਮੌਕੇ ਨਾਲ ਸਬੰਧਿਤ ਲੋਕ ਗੀਤ ਸਾਡੇ ਸੱਭਿਆਚਾਰ ਦਾ ਅੰਗ ਹਨ। ਬੱਚੇ ਦੇ ਜਨਮ ਦੇ ਨਾਲ ਹੀ ਘਰ-ਪਰਿਵਾਰ ਵਿਚ ਖੁਸ਼ੀਆਂ ਆ ਜਾਂਦੀਆਂ ਹਨ। ਬੱਚਾ ਜਦੋਂ ਰੋਂਦਾ ਹੈ ਤਾਂ ਮਾਂ ਉਸ ਨੂੰ ਬੜੇ ਪਿਆਰ ਨਾਲ ਲੋਰੀ ਦੇ ਕੇ ਚੁੱਪ ਕਰਾਉਂਦੀ ਹੈ:

ਸੌਂ ਜਾ ਕਾਕਾ ਤੂੰ
ਤੇਰੇ ਬੋਦੇ ਲੜ ਗਈ ਜੂੰ
ਕੱਢਣ ਵਾਲੀਆਂ ਮਾਸੀਆਂ
ਕਢਾਉਣ ਵਾਲਾ ਤੂੰ।

ਇਸੇ ਤਰ੍ਹਾਂ ਬੱਚੇ ਦੇ ਜਨਮ ਤੋਂ ਬਾਅਦ ਉਸ ਦੇ ਜਵਾਨ ਹੋਣ ’ਤੇ ਸਭ ਤੋਂ ਵੱਡਾ ਖੁਸ਼ੀ ਦਾ ਮੌਕਾ ਉਸ ਦੇ ਵਿਆਹ ਦਾ ਹੁੰਦਾ ਹੈ। ਵਿਆਹ ਦੀ ਖੁਸ਼ੀ ਨੂੰ ਚਾਰ ਚੰਦ ਲਗਾਉਣ ਲਈ ਵੀ ਸਾਡੇ ਕੋਲ ਅਨੇਕਾਂ ਲੋਕ ਗੀਤ ਹਨ। ਵਿਆਹ ਦੀ ਹਰ ਰਸਮ ਨਾਲ ਸਬੰਧਿਤ ਲੋਕ ਗੀਤ ਸਾਡੇ ਖਜ਼ਾਨੇ ਵਿਚ ਸ਼ਾਮਲ ਹਨ। ਇਨ੍ਹਾਂ ਰਸਮਾਂ ਵਿਚੋਂ ਮਹੱਤਵਪੂਰਨ ਰਸਮ ਸਿਹਰਾਬੰਦੀ ਦੀ ਹੈ। ਇਹ ਰਸਮ ਲਾੜੇ ਦੀਆਂ ਭੈਣਾਂ ਅਦਾ ਕਰਦੀਆਂ ਹਨ। ਸਿਹਰਾ ਬੰਨ੍ਹਾ ਕੇ ਲਾੜਾ ਸ਼ਗਨ ਵਜੋਂ ਭੈਣਾਂ ਨੂੰ ਕੁਝ ਰੁਪਏ ਦਿੰਦਾ ਹੈ। ਇਸ ਸਮੇਂ ਆਮ ਤੌਰ ’ਤੇ ਇਹ ਲੋਕ ਗੀਤ ਗਾਇਆ ਜਾਂਦਾ ਹੈ:

ਵਕਤ ਵਿਆਹ ਦੇ ਸਿਹਰੇ ਦੀ ਪਵੇ ਕੀਮਤ
ਹੁੰਦਾ ਵਿਆਹ ਵਿਚ ਸ਼ਗਨਾਂ ਦੀ ਰੀਤ ਸਿਹਰਾ
ਪਿਆਰ ਮੁਹੱਬਤ ਦੇ ਖਿੜ ਪਏ ਫੁੱਲ ਸੋਹਣੇ
ਬੰਨ੍ਹਿਆ ਲਾੜੇ ਨੇ ਜਦੋਂ ਪ੍ਰੀਤ ਸਿਹਰਾ।

ਇਸੇ ਤਰ੍ਹਾਂ ਵਿਆਹ ਦੀ ਇੱਕ ਹੋਰ ਮਹੱਤਵਪੂਰਨ ਰਸਮ ਸੁਰਮਾ ਪਾਉਣ ਦੀ ਹੈ। ਵਿਆਂਦੜ ਦੀ ਭਰਜਾਈ ਵਿਆਂਦੜ ਦੀਆਂ ਅੱਖਾਂ ਵਿਚ ਸੁਰਮਾ ਪਾਉਂਦੀ ਹੈ ਜਿਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿਚ ਵੀ ਮਿਲਦਾ ਹੈ:

ਤਿੰਨ ਰੇਸ਼ਮੀ ਕੱਪੜੇ
ਵੇ ਬੂਰੀ ਮੱਝ ਫੜਾਈ
ਜਾਂਦਾ ਭਾਬੋ ਨੇ ਰੋਕਿਆ
ਵੇ ਦੇ ਜਾ ਸੁਰਮਾ ਪਵਾਈ।

ਪੰਜਾਬੀ ਜੀਵਨ ਦਾ ਪੂਰਾ ਝਲਕਾਰਾ ਸਾਨੂੰ ਇਨ੍ਹਾਂ ਲੋਕ ਗੀਤਾਂ ਵਿਚ ਦੇਖਣ ਨੂੰ ਮਿਲਦਾ ਹੈ। ਇਹ ਲੋਕ ਗੀਤ ਸਾਡੀ ਸਮਾਜਕ ਅਤੇ ਆਰਥਕ ਦਸ਼ਾ ਦਾ ਵਰਣਨ ਵੀ ਬਾਖੂਬੀ ਕਰਦੇ ਹਨ। ਕਿਰਸਾਨੀ ਜੀਵਨ ਸ਼ੁਰੂ ਤੋਂ ਹੀ ਤੰਗੀਆਂ-ਤੁਰਸ਼ੀਆਂ ਵਾਲਾ ਰਿਹਾ ਹੈ ਜਿਸ ਦਾ ਪਤਾ ਸਾਡੇ ਲੋਕ ਗੀਤਾਂ ਤੋਂ ਚੱਲਦਾ ਹੈ:

ਜੱਟ ਜੱਟੀ ਨੂੰ ਲੈਣ ਨਾ ਜਾਵੇ
ਡਰਦਾ ਕਬੀਲਦਾਰੀਓਂ।

ਪੰਜਾਬੀ ਲੋਕ ਗੀਤਾਂ ਵਿਚ ਪੰਜਾਬ ਦੇ ਸੁਹਾਵਣੇ ਮੌਸਮ ਦਾ ਜ਼ਿਕਰ ਵੀ ਬਾਖੂਬੀ ਮਿਲਦਾ ਹੈ। ਪੰਜਾਬ ਭੂਗੋਲਿਕ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਸੂਬਾ ਹੈ। ਗਰਮੀ, ਸਰਦੀ, ਬਸੰਤ, ਪੱਤਝੜ ਪੰਜਾਬ ਦੀ ਹਰ ਰੁੱਤ ਹੀ ਸੁਹਾਵਣੀ ਤੇ ਵੰਨ-ਸਵੰਨਤਾ ਭਰਪੂਰ ਹੈ ਜਿਸ ਦਾ ਵਰਣਨ ਸਾਡੇ ਲੋਕ ਗੀਤ ਇਸ ਤਰ੍ਹਾਂ ਕਰਦੇ ਹਨ:

ਚੇਤਰ ਨਾ ਜਾਈਂ ਚੰਨਾ
ਖਿੜੀ ਬਹਾਰ ਵੇ
ਵਿਸਾਖ ਨਾ ਜਾਈਂ ਚੰਨਾ
ਕੰਮਾਂ ਦੀ ਮਾਰ ਵੇ।


ਇਸ ਪ੍ਰਕਾਰ ਲੋਕ ਗੀਤ ਆਪਣੇ ਅੰਦਰ ਜ਼ਿੰਦਗੀ ਦੇ ਹਰ ਰੰਗ ਨੂੰ ਸਮੋਈ ਬੈਠੇ ਹਨ। ਲੋਕ ਗੀਤ ਮੌਖਿਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਯਾਤਰਾ ਕਰਦੇ ਹਨ। ਜਿਹੜੇ ਲੋਕ ਗੀਤ ਲਿੱਪੀਬੱਧ ਕਰ ਲਏ ਜਾਂਦੇ ਹਨ, ਉਨ੍ਹਾਂ ਦੀ ਮਹੱਤਤਾ ਖਤਮ ਨਹੀਂ ਹੁੰਦੀ ਬਲਕਿ ਉਹ ਸਾਂਭੇ ਜਾਣ ਕਰਕੇ ਅਮਰ ਹੋ ਜਾਂਦੇ ਹਨ। ਲੋਕ ਗੀਤਾਂ ਦੀ ਰਚਨਾ ਹਰ ਕਾਲ ਵਿਚ ਹੁੰਦੀ ਰਹਿੰਦੀ ਹੈ ਪਰ ਵਰਤਮਾਨ ਪਦਾਰਥਵਾਦੀ ਯੁੱਗ ਵਿਚ ਅਸੀਂ ਆਪਣੇ ਇਸ ਮਹਾਨ ਵਿਰਸੇ ਤੋਂ ਬੇਮੁੱਖ ਹੁੰਦੇ ਜਾ ਰਹੇ ਹਾਂ। ਅੱਜ ਲੋੜ ਹੈ, ਇਸ ਲੋਪ ਹੋ ਰਹੇ ਵਿਰਸੇ ਨੂੰ ਸੰਭਾਲਣ ਦੀ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਹਾਨ ਸਭਿਆਚਾਰ ਨਾਲ ਜੋੜਨ ਦੀ। ਜੇ ਪੰਜਾਬੀ ਲੋਕ ਗੀਤ ਨਾ ਸੰਭਾਲੇ ਗਏ ਤਾਂ ਅਸੀਂ ਇਸ ਅਮੀਰ ਵਿਰਾਸਤ ਤੋਂ ਵਿਰਵੇ ਹੋ ਜਾਵਾਂਗੇ।

***ਲੋਕ ਗੀਤ ਆਪਣੇ ਅੰਦਰ ਜ਼ਿੰਦਗੀ ਦੇ ਹਰ ਰੰਗ ਨੂੰ ਸਮੋਈ ਬੈਠੇ ਹਨ। ਲੋਕ ਗੀਤ ਮੌਖਿਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਯਾਤਰਾ ਕਰਦੇ ਹਨ। ਜਿਹੜੇ ਲੋਕ ਗੀਤ ਲਿੱਪੀਬੱਧ ਕਰ ਲਏ ਜਾਂਦੇ ਹਨ, ਉਨ੍ਹਾਂ ਦੀ ਮਹੱਤਤਾ ਖਤਮ ਨਹੀਂ ਹੁੰਦੀ ਬਲਕਿ ਉਹ ਸਾਂਭੇ ਜਾਣ ਕਰਕੇ ਅਮਰ ਹੋ ਜਾਂਦੇ ਹਨ। ਲੋਕ ਗੀਤਾਂ ਦੀ ਰਚਨਾ ਹਰ ਕਾਲ ਵਿਚ ਹੁੰਦੀ ਰਹਿੰਦੀ ਹੈ ਪਰ ਵਰਤਮਾਨ ਪਦਾਰਥਵਾਦੀ ਯੁੱਗ ਵਿਚ ਅਸੀਂ ਆਪਣੇ ਇਸ ਮਹਾਨ ਵਿਰਸੇ ਤੋਂ ਬੇਮੁੱਖ ਹੋ ਰਹੇ ਹਾਂ। ਅੱਜ ਲੋੜ ਲੋਪ ਹੋ ਰਹੇ ਵਿਰਸੇ ਨੂੰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਹਾਨ ਸਭਿਆਚਾਰ ਨਾਲ ਜੋੜਨ ਦੀ ਹੈ।***

## ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਅਪਰੈਲ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-528



**ਚਰਖਿਆਂ ਦੀ ਘੂਕ ਗਈ, ਤ੍ਰਿੰਞਣਾਂ ਦੇ ਪੂਰ ਗਏ।
ਅੱਟੀਆਂ ਗਲੋਟੇ ਤੰਦ ਲੁਕੇ, ਅੱਖੀਆਂ ਤੋਂ ਦੂਰ ਗਏ।
ਕੁਰੋਸ਼ੀਆ ਦੋ ਸੂਤੀਆਂ ਦੀ, ਕੱਢੇ ਨਾ ਕਢਾਈ ਕੋਈ,
ਚਾਦਰਾਂ ਰੁਮਾਲ ਬਸਤੇ ਦੀ, ਵਿਰਸਾ ਵਿਦਾਈ ਹੋਈ।**

### ਕੈਪਸ਼ਨ ਮੁਕਾਬਲਾ-526



ਉਮਰ ਬੀਤ ਗਈ ਹੱਡ ਰਗੜਦਿਆਂ,
ਮਾੜੇ ਸਿਸਟਮ ਨਾਲ ਝਗੜਦਿਆਂ,
ਬੁਢਾਪੇ ਦੀ ਡੰਗੋਰੀ ਸਾਥ ਛੱਡ ਗਈ,
ਖਬਰੇ ਕਿਹੜਾ ਵੈਰ ਕੱਢ ਗਈ?
ਆਪਣੇ ਵੀ ਸਭ ਹੋਏ ਪਰਾਏ,
ਰਿਸ਼ਤੇ-ਨਾਤੇ ਜਾਂਦੇ ਕਿਰਦੇ।
ਹਿੰਮਤ ਹੈ, ਪਰ, ਚਾਅ ਨ੍ਹੀਂ ਜਿਊਣ ਦਾ,
ਤਾਹੀਓਂ ਸਾਬਤ ਕਦਮੀਂ ਫਿਰਦੇ।
***-ਗੁਰਦੇਵ ਸਿੰਘ ਢਪਾਲੀ***
***ਬਠਿੰਡਾ।***
***ਫੋਨ: 94176-49275***

---

ਜ਼ਿੰਦਗੀ ਦੀ ਘਾਲਣਾ
ਅਖਰੀ ਉਮਰੇ ਹੀ ਚੇਤਾ ਆਉਂਦਾ
ਜਵਾਨੀ ਹੁੰਦੀ ਮਸਤਾਨੀ
ਮਤਾੜ ਹੋਏ ਝੋਟੇ ਦੇ ਕੰਨੇ ਵਾਂਗ
ਰਿਸਦਿਆਂ ਵੀ ਪੰਜਾਬੀ
ਥੱਲੇ ਜੁੜਿਆ ਰਹਿੰਦਾ,
ਜਦੋਂ ਹੱਢੋਂ ਤੁਰਨਾ ਵੀ ਜਾਮ ਹੋ ਜਾਂਦਾ
ਪੁੱਤ ਧੀਆਂ ਵੀ ਸਾਥ ਛੱਡ ਜਾਂਦੇ

ਇਕੱਲੇ ਬੈਠ ਝੂਰ ਝੂਰ
ਆਖਰੀ ਸਾਹ ਲੈਣੇ ਪੈਂਦੇ
ਰੋਟੀ ਟੁੱਕ ਦਾ ਆਹਰ
ਫਿਰ ਵੀ ਖੁਦ ਹੀ ਕਰਨਾ ਪੈਂਦਾ
***-ਦਰਸ਼ਨ ਪਾਲ ਦੋਸਾਂਝ***

ਧੰਦੇ ਕਰਦਿਆਂ ਉਮਰ ਬੀਤ ਗਈ,
ਸੁਖ ਦਾ ਪਲ ਨਾ ਕਦੇ ਹੰਢਾਇਆ,
ਉਮਰਾਂ ਦੇ ਪੰਧ ਕਦੋਂ ਬੀਤ ਗਏ,
ਇਹ ਵੀ ਕਦੇ ਨਾ ਚੇਤੇ ਆਇਆ,
ਬੁਢਾਪਾ ਆਇਆ ਕੁੱਬ ਪੈ ਗਿਆ
ਇਰਾਦੇ ਦੇ ਵਿਚ ਵਲ ਨੀ ਪਾਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: +1 2042963177***

---

ਪੰਜਾਬੀ ਬਜ਼ੁਰਗ
ਟਿਕ ਕੇ ਨੀ ਬੈਠ ਸਕਦੇ,
ਜਵਾਨੀ ਵੇਲੇ ਦੇ ਕੰਮ ਕਰਨ ਸਾਰੇ
ਭਾਵੇਂ ਹੋਣ ਰੱਜੇ-ਪੁੱਜੇ ਘਰਾਂ ਦੇ,
ਹੋਣ ਚਾਹੇ ਕਿਸਮਤ ਦੇ ਮਾਰੇ।
ਬਚਪਨਾ ਜ਼ਿੰਦਗੀ ਦਾ ਹਾਵੀ ਹੋਈ ਜਾਵੇ
ਹਲੀਮੀ ਨਾਲ ਸਮਝਾ ਕੇ
ਸੁਰੱਖਿਆ ਵਿਚਾਰੋ।
ਧੱਕੇ ਨਾਲ ਜਾਂ ਝਿੜਕ ਨਾਕ ਰੋਕੋ ਨਾ,
ਰੂਹ ਉਨ੍ਹਾਂ ਦੀ ਹੋਵੇ
ਖੁਸ਼ ਵਾਂਗ ਬੱਚੇ ਜੇ ਪੁਚਕਾਰੋ।
***-ਅਮਰਜੀਤ ਸਿੰਘ ਤੂਰ।***
***ਫੋਨ: 98784-69639***


---

ਜੀਊਣਾ ਮਹਾਨ ਨਹੀਂ ਹੁੰਦਾ
ਹਰ ਕੋਈ ਮਹਾਨ ਨਹੀਂ ਹੁੰਦਾ
ਜ਼ਿੰਦਗੀ ਵਿਚ ਜਿਵੇਂ ਦਾ ਵੀ ਸਮਾਂ ਆਵੇ
ਕਦੇ ਹਿੰਮਤ ਨਾ ਹਾਰਨਾ,
ਤੁਹਾਡੀ ਹਿੰਮਤ ਨੇ ਹੀ ਤੁਹਾਨੂੰ
ਹਰ ਮੁਸ਼ਕਿਲ ਤੋਂ ਸਵਾਰਨਾ।
***-ਬੱਲਾ ਲਬਾਣਾ***
***ਫੋਨ: 848-235-8344***

# ਅਰਾਜਕਤਾ ਦੀ ਵਿਆਕਰਨ ਅਤੇ ਮੋਦੀ ਯੁੱਗ

***ਸਾਲ 2014 ਤੋਂ ਬਾਅਦ ਜਦੋਂ ਤੋਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਨੇ ਸੱਤਾ ਹਾਸਲ ਕੀਤੀ ਹੈ, ਮੁਲਕ ਦਾ ਸਰੂਪ ਹੀ ਬਦਲਿਆ ਜਾ ਰਿਹਾ ਹੈ। ਪੇਸ਼ੇ ਵਜੋਂ ਵਕੀਲ ਅਤੇ ਸਮਾਜਕ ਕਾਰਕੁਨ ਅਰਵਿੰਦ ਨਾਰਾਇਣ ਨੇ ਆਪਣੀ ਕਿਤਾਬ 'ਇੰਡੀਆ'ਜ਼ ਅਨਡਿਕਲੇਅਰਡ ਐਮਰਜੈਂਸੀ' ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜਕਾਲ ਬਾਰੇ ਟਿੱਪਣੀ ਕਰਦਿਆਂ ਸਮੁੱਚੇ ਹਾਲਾਤ ਨੂੰ ਅਣਐਲਾਨੀ ਐਮਰਜੈਂਸੀ ਕਰਾਰ ਦਿੱਤਾ ਹੈ। ਉਨ੍ਹਾਂ ਦੀ ਕਿਤਾਬ ਬਾਰੇ ਟਿੱਪਣੀ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। ਅਰਵਿੰਦ ਨਾਰਾਇਣ ਸਪਸ਼ਟ ਲਕੀਰ ਖਿੱਚ ਕੇ ਕਹਿੰਦਾ ਹੈ ਕਿ ਨਰਿੰਦਰ ਮੋਦੀ ਭਾਰਤ ਦੇ ਪਹਿਲੇ ਹਾਕਮਾਂ ਤੋਂ ਕਿਸ ਤਰ੍ਹਾਂ ਵੱਖਰਾ ਹੈ।***

ਨਰਿੰਦਰ ਮੋਦੀ ਦੀ ਸ਼ਖਸੀਅਤ ਅਤੇ ਰਾਜਕਾਲ ਬਾਰੇ ਦਰਜਨਾਂ ਕਿਤਾਬਾਂ ਛਪ ਚੁੱਕੀਆਂ ਹਨ। ਕੁਝ ਉਸ ਨੂੰ ਮਸੀਹਾ ਦੱਸਦੀਆਂ ਹਨ, ਕੁਝ ਗੋਲ-ਮੋਲ ਗੱਲਾਂ ਕਰਦੀਆਂ ਹਨ ਅਤੇ ਬਾਕੀ ਉਸ ਦੀ ਹੁਕਮਰਾਨੀ ਤੇ ਕਾਰਜ ਸ਼ੈਲੀ ਵਿਚੋਂ ਮੀਨ-ਮੇਖ ਕੱਢਦੀਆਂ ਹਨ। ਮੀਨ-ਮੇਖ ਕੱਢਣ ਵਾਲੀਆਂ ਕਿਤਾਬਾਂ ਵਿਚੋਂ ਕੁਝ ਕੁ ਦੀ ਸੁਰ ਕਾਫੀ ਤਿੱਖੀ ਰਹੀ ਹੈ। ਅਰਵਿੰਦ ਨਾਰਾਇਣ ਦੀ ਕਿਤਾਬ 'ਇੰਡੀਆ'ਜ਼ ਅਨਡਿਕਲੇਅਰਡ ਐਮਰਜੈਂਸੀ' (ਭਾਰਤ ਦੀ ਅਣ-ਐਲਾਨੀ ਐਮਰਜੈਂਸੀ) ਤਿੱਖੀ ਸੁਰ ਵਾਲੀਆਂ ਪੋਥੀਆਂ ਦੀ ਸਫ ਵਿਚ ਆਉਂਦੀ ਹੈ। ਇਹ ਮੋਦੀ ਦੇ ਪ੍ਰਧਾਨ ਸੇਵਕ, ਉਰਫ ਪ੍ਰਧਾਨ ਮੰਤਰੀ ਵਾਲੇ ਸਮੇਂ ਨੂੰ ਅੰਨ੍ਹੇ ਯੁੱਗ ਜਾਂ ਸਿਆਹ ਦੌਰ ਵਜੋਂ ਚਿੱਤਰਦੀ ਹੈ। ਇੰਦਰਾ ਗਾਂਧੀ ਵੱਲੋਂ 1975 ਵਿਚ ਐਲਾਨੀ ਐਮਰਜੈਂਸੀ ਨੂੰ ਪ੍ਰਸੰਗਕ ਬਣਾ ਕੇ ਇਹ ਕਿਤਾਬ ਮੋਦੀ ਯੁੱਗ ਨੂੰ



ਅਣਐਲਾਨੀ ਐਮਰਜੈਂਸੀ ਦੱਸਦੀ ਹੈ ਅਤੇ ਇਸੇ ਵਿਚਾਰ ਦੁਆਲੇ ਸਿਧਾਂਤਕ ਅਤੇ ਦਲੀਲਾਂ ਦਾ ਤਾਣਾ-ਬਾਣਾ ਬੁਣਦੀ ਹੈ। ਇਨ੍ਹਾਂ ਦਲੀਲਾਂ ਅਤੇ


**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਇਨ੍ਹਾਂ ਨਾਲ ਜੁੜੇ ਪ੍ਰਸੰਗਾਂ ਵਿਚ ਪੱਖਪਾਤ ਨਿਹਿਤ ਹੈ। ਪ੍ਰਸੰਗ ਚੁਣੇ ਹੀ ਉਹ ਗਏ ਹਨ ਜੋ ਲੇਖਕ ਦੀ ਸੋਚ ਤੇ ਪਹੁੰਚ ਲਈ ਮੁਫੀਦ ਹੋਣ ਪਰ ਇਸ ਦੇ ਬਾਵਜੂਦ ਇਹ ਕਿਤਾਬ ਨਿਰੋਲ ਅੰਧ-ਵਿਰੋਧ ਨਹੀਂ। ਇਹ ਸਾਡੇ ਵਰਤਮਾਨ ਦਾ ਅਹਿਮ ਦਸਤਾਵੇਜ਼ ਹੈ। ਇਹ ਚਿਤਾਵਨੀ ਹੈ ਕਿ ਸਾਡੀ ਕੌਮੀ ਦੇਗਚੀ ਵਿਚ ਜਿਹੜਾ ਕਾੜ੍ਹਾ ਕੜ੍ਹ ਰਿਹਾ ਹੈ, ਉਹ ਇਹਤਿਆਤ ਨਾ ਵਰਤੇ ਜਾਣ ਦੀ ਸੂਰਤ ਵਿਚ ਜ਼ਹਿਰੀ ਮਾਦੇ 'ਚ ਬਦਲ ਸਕਦਾ ਹੈ।

ਅਰਵਿੰਦ ਨਾਰਾਇਣ ਪੇਸ਼ੇ ਪੱਖੋਂ ਵਕੀਲ ਅਤੇ ਸੁਭਾਅ ਪੱਖੋਂ ਸਮਾਜਕ ਕਾਰਕੁਨ ਹੈ। ਉਹ ਬੰਗਲੁਰੂ ਸਥਿਤ ਸੰਸਥਾ 'ਆਲਟਰਨੇਟਿਵ ਲਾਅ ਫੋਰਮ' ਦੇ ਸੰਸਥਾਪਕਾਂ ਵਿਚੋਂ ਇਕ ਹੈ। ਹਮਜਿਨਸੀਆਂ ਦੇ ਹੱਕਾਂ ਅਤੇ ਵਿਆਹਾਂ ਨੂੰ ਸੁਪਰੀਮ ਕੋਰਟ ਪਾਸੋਂ ਮਾਨਤਾ ਦਿਵਾਉਣ ਲਈ ਲੜੀ ਲੜਾਈ 'ਚ ਉਹ ਮੋਹਰੀ ਰਿਹਾ। ਸੀ.ਏ.ਏ. ਅਤੇ ਇਸੇ ਵਰਗੇ ਹੋਰ ਕਾਲੇ ਕਾਨੂੰਨਾਂ ਖਿਲਾਫ ਅਦਾਲਤਾਂ ਵਿਚ ਚੱਲ ਰਹੀ ਜੱਦੋਜਹਿਦ ਵਿਚ ਵੀ ਉਹ ਸ਼ਰੀਕ ਹੈ। ਉਸ ਦਾ ਮੱਤ ਹੈ ਕਿ ਮੋਦੀ ਵਾਲਾ ਦੌਰ ਇੰਦਰਾ ਗਾਂਧੀ ਦੇ ਐਮਰਜੈਂਸੀ ਵਾਲੇ ਦੌਰ ਤੋਂ ਸੁਭਾਅ ਪੱਖੋਂ ਨਾ ਸਿਰਫ ਬਹੁਤ ਵੱਖਰਾ ਹੈ ਸਗੋਂ ਜ਼ਿਆਦਾ ਖਤਰਨਾਕ ਅਤੇ ਖੌਫਨਾਕ ਵੀ ਹੈ। ਇਸ ਦੌਰ ਨਾਲ ਜੁੜੇ ਖਤਰਿਆਂ ਅਤੇ ਖੌਫ ਨੂੰ ਉਹ ਛੇ ਲੱਛਣਾਂ ਦੇ ਰੂਪ ਵਿਚ ਬਿਆਨ ਕਰਦਾ ਹੈ: (1) ਹਿੰਦੂਤਵ ਦਾ ਵਿਆਪਕ ਪ੍ਰਚਾਰ-ਪਾਸਾਰ ਅਤੇ ਇਸ ਕੱਟੜਪੰਥੀ ਪ੍ਰਤੀ ਵਧਦੀ ਜਾ ਰਹੀ ਵਚਨਬੱਧਤਾ; (2) ਇਸ ਵਰਤਾਰੇ ਵਿਚ ਸਰਕਾਰ, ਅਫਸਰਸ਼ਾਹੀ, ਸੰਘ ਪਰਿਵਾਰ ਤੇ ਇੱਥੋਂ ਤਕ ਕਿ ਸਿਵਲ ਸੁਸਾਇਟੀ ਦੇ ਵੱਡੇ ਹਿੱਸੇ ਦੀ ਸਰਗਰਮ ਸ਼ਮੂਲੀਅਤ; (3) ਹੁਕਮਰਾਨ ਧਿਰ, ਖਾਸਕਰ ਮੋਦੀ ਦੀ ਵਿਰਾਟ ਲੋਕਪ੍ਰਿਯਤਾ; (4) ਹਜੂਮੀ ਤਾਕਤ ਤੇ ਹਜੂਮੀ ਹਿੰਸਾ ਨੂੰ ਸਰਕਾਰੀ ਸਰਪ੍ਰਸਤੀ ਅਤੇ ਲੋਕਾਈ 'ਚ ਇਸ ਰੁਝਾਨ ਪ੍ਰਤੀ ਘ੍ਰਿਣਾ ਦੀ ਥਾਂ ਉਦਾਸੀਨਤਾ ਵਾਲਾ ਦਸਤੂਰ ਵੱਧ ਭਾਰੂ ਹੋਣਾ; (5) ਧਰਮ ਨਿਰਪੇਖਤਾ ਤੇ ਸਮਾਜਕ ਸਮਤਾ ਨੂੰ ਖੋਰਾ ਲਾਉਣ ਵਾਲੇ ਕਾਨੂੰਨ, ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿਚ ਆਸਾਨੀ ਨਾਲ ਪਾਸ ਹੋਣੇ ਅਤੇ ਵਿਰੋਧੀ ਦਲਾਂ ਵੱਲੋਂ ਅਜਿਹੇ ਖੋਰੇ ਦੇ ਖਿਲਾਫ ਸਖਤ ਸਟੈਂਡ ਲੈਣ ਤੋਂ ਝਿਜਕਣਾ; ਤੇ (6) ਗਰੀਬਾਂ ਨੂੰ ਮੁਫਤ ਰਾਸ਼ਨ ਤੇ ਹੋਰ ਨਿੱਕੇ-ਨਿੱਕੇ ਲਾਭਾਂ ਦੇ ਠੁੰਮ੍ਹਣੇ ਅਤੇ ਕਾਰਪੋਰੇਟਾਂ ਤੇ ਕਾਰੋਬਾਰੀਆਂ ਨੂੰ ਨਿੱਜੀ ਖਜ਼ਾਨੇ ਭਰਨ ਦੀਆਂ ਵੱਧ ਕਾਨੂੰਨੀ ਖੁੱਲ੍ਹਾਂ।

ਨਾਰਾਇਣ ਲਿਖਦਾ ਹੈ ਕਿ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਉਣ ਲਈ ਸੰਵਿਧਾਨਕ ਮੱਦਾਂ ਦਾ ਸਹਾਰਾ ਲਿਆ ਸੀ। ਉਸ ਵੇਲੇ ਸੰਵਿਧਾਨ ਦਾ ਪਰਦਾ ਕਿਸੇ ਨਾ ਕਿਸੇ ਰੂਪ ਵਿਚ ਬਰਕਰਾਰ ਜ਼ਰੂਰ ਰਿਹਾ ਸੀ। ਹੁਣ ਵਾਲੇ ਦੌਰ ਵਿਚ ਅਜਿਹੀ ਪਰਦਾਪੋਸ਼ੀ ਦੀ ਨਾ ਤਾਂ ਲੋੜ ਸਮਝੀ ਗਈ ਹੈ ਅਤੇ ਨਾ ਹੀ ਗੁੰਜਾਇਸ਼ ਛੱਡੀ ਹੈ। ਇਸੇ ਲਈ ਮੋਦੀ-ਭਗਤ ਹਿੰਸਕ ਕਾਰ-ਵਿਹਾਰ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਣ ਲੱਗ ਪਏ ਹਨ। ਉਹ ਅਦਾਲਤਾਂ ਨੂੰ ਵੀ ਅੱਖਾਂ ਦਿਖਾਉਂਦੇ ਹਨ ਅਤੇ ਜਮਹੂਰੀਅਤ ਦੇ ਹੋਰ ਥੰਮ੍ਹਾਂ ਨੂੰ ਵੀ। ਇੰਦਰਾ ਵਾਲੀ ਐਮਰਜੈਂਸੀ ਸਮੇਂ ਨਿਆਂਪਾਲਿਕਾ, ਮੀਡੀਆ ਤੇ ਸਿਵਲ ਸੁਸਾਇਟੀ ਦੇ ਕੁਝ ਹਿੱਸਿਆਂ ਨੇ ਵਿਰੋਧ ਤੇ ਜੱਦੋਜਹਿਦ ਦਾ ਜਜ਼ਬਾ ਦਿਖਾਇਆ ਸੀ। ਹੁਣ ਮੀਡੀਆ ਤੇ ਸਿਵਲ ਸੁਸਾਇਟੀ ਤਾਂ ਮਨਫੀ ਹੋ ਹੀ ਚੁੱਕੇ ਹਨ, ਨਿਆਂਪਾਲਿਕਾ ਵੀ ਰੀੜ੍ਹ ਵਾਲਾ ਵਜੂਦ ਨਹੀਂ ਦਿਖਾ ਰਹੀ। ਇਸ ਧਾਰਨਾ ਦੀਆਂ ਮਿਸਾਲਾਂ ਵਜੋਂ ਉਹ ਸੀ.ਏ.ਏ., ਚੁਣਾਵੀ ਬਾਂਡਾਂ ਦੀ ਵਾਜਬੀਅਤ ਅਤੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਵਰਗੇ ਮਾਮਲਿਆਂ ਪ੍ਰਤੀ ਸੁਪਰੀਮ ਕੋਰਟ ਦੇ ਰੁਖ ਦਾ ਜ਼ਿਕਰ ਕਰਦਾ ਹੈ। ਉਸ ਦੇ ਸ਼ਬਦਾਂ ਮੁਤਾਬਿਕ ਇਨ੍ਹਾਂ ਮਾਮਲਿਆਂ 'ਤੇ ਫੌਰੀ ਤੇ ਦਿਨ-ਪ੍ਰਤੀ-ਦਿਨ ਸੁਣਵਾਈ ਕਰਨ ਦੀ ਥਾਂ ਸੁਪਰੀਮ ਕੋਰਟ 'ਤਾਰੀਖ ਤੇ ਤਾਰੀਖ, ਤਾਰੀਖ ਤੇ ਤਾਰੀਖ' ਵਾਲਾ 'ਠੰਢਾ ਬਸਤਾ' ਇਸਤੇਮਾਲ ਕਰ ਰਹੀ ਹੈ। ਵਿਅਕਤੀਗਤ ਆਜ਼ਾਦੀ ਅਤੇ ਆਜ਼ਾਦਾਨਾ ਮੁਕੱਦਮੇ ਦਾ ਹੱਕ ਹਰ ਭਾਰਤੀ ਨਾਗਰਿਕ ਦਾ ਬੁਨਿਆਦੀ ਅਧਿਕਾਰ ਹੈ ਪਰ 1967 ਵਾਲੇ ਯੂ.ਏ.ਪੀ.ਏ. ਕਾਨੂੰਨ ਵਿਚ 2019 'ਚ ਕੀਤੀਆਂ ਤਰਮੀਮਾਂ ਦੇ ਜ਼ਰੀਏ ਕਿਸੇ ਨੂੰ ਵੀ ਲੰਮੇ ਸਮੇਂ ਤਕ ਸਲਾਖਾਂ ਪਿੱਛੇ ਡੱਕੀ ਰੱਖਣਾ ਸਰਕਾਰ ਵਾਸਤੇ ਬਹੁਤ ਕਾਰਗਰ ਸਾਬਤ ਹੋ ਰਿਹਾ ਹੈ।







***ਅਰਵਿੰਦ ਨਾਰਾਇਣ ਅਤੇ (ਸੱਜੇ) ਉਸ ਦੀ ਕਿਤਾਬ 'ਇੰਡੀਆ'ਜ਼ ਅਨਡਿਕਲੇਅਰਡ ਐਮਰਜੈਂਸੀ' ਦਾ ਮੁਖੜਾ।***

ਨਵੰਬਰ 1949 ਵਿਚ ਸੰਵਿਧਾਨ ਸਭਾ ਵੱਲੋਂ ਨਵਾਂ ਕੌਮੀ ਸੰਵਿਧਾਨ ਅਪਣਾਏ ਜਾਣ ਤੋਂ ਦੋ ਦਿਨ ਪਹਿਲਾਂ ਭੀਮ ਰਾਓ ਅੰਬੇਡਕਰ ਨੇ ਸੰਵਿਧਾਨਸਾਜ਼ਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਬਾਰੇ ਉਚੇਚੇ ਤੌਰ 'ਤੇ ਸੁਚੇਤ ਕੀਤਾ ਸੀ। ਉਨ੍ਹਾਂ ਕਿਹਾ ਸੀ, "ਲੋਕਤੰਤਰ ਨਾ ਸਿਰਫ ਸੀਰਤ, ਬਲਕਿ ਸੂਰਤ ਤੋਂ ਵੀ ਲੋਕਤੰਤਰ ਲੱਗਣਾ ਚਾਹੀਦਾ ਹੈ। ਇਸ ਦੀ ਇਹ ਬਣਤਰ ਬਰਕਰਾਰ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਅਰਾਜਕਤਾ ਦੀ ਵਿਆਕਰਨ ਤਿਆਗੀਏ, ਨਾਇਕ-ਭਗਤੀ ਵਰਗੀ ਵਬਾਅ ਤੋਂ ਬਚੇ ਰਹੀਏ ਅਤੇ ਆਜ਼ਾਦੀ, ਬਰਾਬਰੀ ਤੇ ਭਾਈਚਾਰਕ ਪ੍ਰਤੀਪਾਲਣਾ ਵਰਗੇ ਸਿਧਾਂਤਾਂ ਉਪਰ ਲਗਾਤਾਰ ਪਹਿਰਾ ਦੇਈਏ। ... ਰਾਜ (ਭਾਵ ਸਰਕਾਰ) ਨੂੰ ਤਾਨਾਸ਼ਾਹੀ ਮਨੋਬਿਰਤੀ ਤੋਂ ਬਚਾਈ ਰੱਖਣ ਲਈ ਉਪਰੋਕਤ ਪਹਿਰਾ ਬੇਹੱਦ ਜ਼ਰੂਰੀ ਹੈ।" ਨਾਰਾਇਣ ਵੱਖ-ਵੱਖ ਘਟਨਾਵਾਂ 'ਤੇ ਮਿਸਾਲਾਂ ਦੇ ਅਧਿਐਨ-ਵਿਸ਼ਲੇਸ਼ਣ ਰਾਹੀਂ ਇਸ ਨਤੀਜੇ 'ਤੇ ਪੁੱਜਦਾ ਹੈ ਕਿ ਭਾਰਤੀ ਲੋਕਤੰਤਰ ਦੀ ਹੁਣ ਸੀਰਤ ਤਾਂ ਵਿਗੜ ਹੀ ਚੁੱਕੀ ਹੈ, ਸੂਰਤ ਵਿਚ ਵੀ ਕੁਢੱਬ ਉੱਭਰ ਆਏ ਹਨ।

ਇਹ ਚਿੰਤਨ ਮੰਥਨ ਜ਼ਾਹਰਾ ਤੌਰ 'ਤੇ ਸਹੀ ਜਾਪਣ ਦੇ ਬਾਵਜੂਦ ਮਨ ਵਿਚ ਸਵਾਲ ਉੱਠਦਾ ਹੈ ਕਿ ਕੁਢੱਬਾਂ ਲਈ ਕੀ ਸਿਰਫ ਮੋਦੀ ਜਾਂ ਉਸ ਦੀ ਰਾਜਸੀ ਜਮਾਤ ਹੀ ਜ਼ਿੰਮੇਵਾਰ ਹੈ? ਸਮਤੋਲ ਸਿਧਾਂਤ ਦੱਸਦਾ ਹੈ ਕਿ ਸੀਰਤ ਸੂਰਤ ਵਾਲੇ ਵਿਗਾੜ ਤਾਂ ਸੰਵਿਧਾਨ ਲਾਗੂ ਹੋਣ ਦੇ ਪਹਿਲੇ ਵਰ੍ਹੇ ਦੌਰਾਨ ਹੀ ਉੱਭਰਨੇ ਸ਼ੁਰੂ ਹੋ ਗਏ ਸਨ। ਯੂ.ਏ.ਪੀ.ਏ., ਅਫਸਪਾ, ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਤੇ ਨਿਆਂਪਾਲਿਕਾ ਨੂੰ 'ਫਿਕਸ' ਕਰਨ ਦੇ ਹੀਲਿਆਂ ਵਰਗੀਆਂ ਮਰਜ਼ਾਂ ਮੋਦੀ ਯੁੱਗ ਤੋਂ ਬਹੁਤ ਪਹਿਲਾਂ ਦੀਆਂ ਹਨ; ਇਨ੍ਹਾਂ ਦੇ ਇਲਾਜ ਲਈ ਉਦੋਂ ਕੋਸ਼ਿਸ਼ਾਂ ਕਿਉਂ ਨਹੀਂ ਹੋਈਆਂ? ਨਾਰਾਇਣ ਮੰਨਦਾ ਹੈ ਕਿ ਗੁਨਾਹ ਇੰਦਰਾ ਗਾਂਧੀ ਨੇ ਵੀ ਕੀਤਾ ਸੀ; ਉਹ ਵੀ ਆਪਣੀ ਸੱਤਾ ਬਚਾਉਣ ਲਈ ਪਰ ਉਸ ਦੀਆਂ ਨਜ਼ਰਾਂ ਵਿਚ ਮੋਦੀ ਦਾ ਗੁਨਾਹ, ਇੰਦਰਾ ਦੇ ਗੁਨਾਹ ਤੋਂ ਕਿਤੇ ਵੱਡਾ ਹੈ। ਮੋਦੀ ਸਿਰਫ ਸੱਤਾ ਨਹੀਂ ਚਾਹੁੰਦਾ, ਉਹ ਭਾਰਤੀ ਸਮਾਜ ਦੀ ਮਨੋਬਣਤਰ ਬਦਲਣ ਦਾ ਪ੍ਰੋਜੈਕਟ ਚਲਾ ਰਿਹਾ ਹੈ। ਉਹ ਇਕ ਦਹਿਸਦੀ ਤੋਂ ਚਲੀ ਆ ਰਹੀ ਤਹਿਜ਼ੀਬ ਮਿਟਾਉਣ ਦੇ ਰਾਹ ਚੱਲ ਰਿਹਾ ਹੈ। ਉਹ ਭਾਰਤ ਦੇ ਵਿਚਾਰ ਦੀ ਪਰਿਭਾਸ਼ਾ ਬਦਲ ਰਿਹਾ ਹੈ। ਉਸ ਦੇ ਮਿਸ਼ਨ 'ਚ ਨਾ ਅੰਬੇਡਕਰ ਵਾਲੀ ਸੋਚ ਦੀ ਕੋਈ ਥਾਂ ਹੈ, ਨਾ ਨਹਿਰੂਵਾਦੀ ਸਿਧਾਂਤਾਂ ਦੀ। 'ਸਰਬ ਧਰਮ ਸਮਭਾਵ' ਵਾਲਾ ਸੰਕਲਪ ਹੁਣ ਸਰਕਾਰੀ ਸੁਹਜ ਦਾ ਹਿੱਸਾ ਹੀ ਨਹੀਂ ਰਿਹਾ।

ਅਜਿਹੇ ਖਦਸ਼ੇ ਜਾਇਜ਼ ਤਾਂ ਹਨ ਪਰ ਇਨ੍ਹਾਂ ਨੂੰ ਲੋੜੋਂ ਵੱਧ ਉਲਾਰਵਾਦੀ ਸ਼ਿੱਦਤ ਦੇਣੀ ਵੀ ਜਾਇਜ਼ ਨਹੀਂ ਜਾਪਦੀ। ਮੋਦੀ ਜਿਸ ਏਜੰਡੇ ਉੱਤੇ ਚੱਲ ਰਿਹਾ ਹੈ, ਉਸ ਏਜੰਡੇ ਨੂੰ ਅਮਲੀ ਰੂਪ ਦੇਣ ਲਈ ਵਰਤੇ ਜਾ ਰਹੇ ਹਥਿਆਰ ਉਸ ਦੇ ਯੁੱਗ ਦੀ ਦੇਣ ਨਹੀਂ। ਮੋਦੀ ਨੇ ਤਾਂ ਇਨ੍ਹਾਂ ਦੀ ਧਾਰ ਹੀ ਤਿੱਖੀ ਕੀਤੀ ਹੈ। ਅਫਸਪਾ ਭਾਵ ਹਥਿਆਰਬੰਦ ਫੌਜਾਂ ਲਈ ਵਿਸ਼ੇਸ਼ ਅਧਿਕਾਰ ਕਾਨੂੰਨ 1958 'ਚ ਨਹਿਰੂ ਕਾਲ ਦੌਰਾਨ ਨਾਗਾਲੈਂਡ ਅੰਦਰਲੇ ਵੱਖਵਾਦ ਨੂੰ ਕੁਚਲਣ ਲਈ ਵਜੂਦ ਵਿਚ ਆਇਆ। ਇਸ ਦੀ 'ਅਸਰ' ਨੂੰ ਦੇਖਦਿਆਂ ਇਸ ਨੂੰ ਹੋਰ ਗੜਬੜਜ਼ਦਾ ਥਾਵਾਂ 'ਤੇ ਵੀ ਸਮੇਂ-ਸਮੇਂ ਵਰਤਿਆ ਗਿਆ। ਹੁਣ ਇਹ ਮੋਦੀ ਲਈ ਕਾਰਗਰ ਹਥਿਆਰ ਹੈ। ਸੰਵਿਧਾਨਕ ਧਾਰਾਵਾਂ ਨੂੰ ਤਰਕ ਕਰ ਕੇ ਕਿਸੇ ਰਾਜਨੇਤਾ (ਸ਼ੇਖ ਅਬਦੁੱਲਾ) ਨੂੰ ਨਜ਼ਰਬੰਦ ਕਰਨ ਦੀ ਮਿਸਾਲ 1953 ਵਿਚ ਪੰਡਿਤ ਨਹਿਰੂ ਨੇ ਕਾਇਮ ਕੀਤੀ ਸੀ। ਇਸੇ ਮਿਸਾਲ ਨੂੰ ਇੰਦਰਾ ਗਾਂਧੀ ਨੇ ਆਪਣੇ ਰਾਜਸੀ ਮੰਤਵਾਂ ਲਈ ਹੋਰ ਸੂਬਿਆਂ ਵਿਚ ਅਜ਼ਮਾਇਆ। ਹੁਣ ਇਹ ਮੋਦੀ ਯੁੱਗ ਦੇ ਰਾਜਸੀ ਦਮਨ ਦਾ ਮੁੱਖ ਹਥਿਆਰ ਹੈ। 1959 'ਚ ਕੇਰਲ ਦੀ ਕਮਿਊਨਿਸਟ ਸਰਕਾਰ ਦੀ ਨਾਜਾਇਜ਼ ਬਰਤਰਫੀ, 1967 ਵਿਚ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਨੂੰ ਸੰਸਦੀ ਮਨਜ਼ੂਰੀ ਸਮੇਤ ਦਰਜਨ ਦੇ ਕਰੀਬ ਕਦਮ ਮੋਦੀ ਯੁੱਗ ਤੋਂ ਪਹਿਲਾਂ ਵਜੂਦ ਵਿਚ ਆਏ। ਪ੍ਰਧਾਨ ਮੰਤਰੀ ਵੱਲੋਂ ਮੰਦਰਾਂ 'ਚ ਜਾ ਕੇ ਪੂਜਾ-ਪਾਠ ਕਰਵਾਉਣ ਅਤੇ ਅਜਿਹੇ ਕਦਮਾਂ ਰਾਹੀਂ ਬਹੁਗਿਣਤੀ ਧਾਰਮਿਕ ਫਿਰਕੇ ਨੂੰ ਵਰਚਾਉਣ ਦੀ ਵਿਧੀ ਵੀ 1967 ਵਿਚ ਇੰਦਰਾ ਗਾਂਧੀ ਨੇ ਆਰੰਭੀ। ਦਰਅਸਲ, ਅਰਾਜਕਤਾ ਦੀ ਵਿਆਕਰਨ ਦੀ ਰਚਨਾ 1950ਵਿਆਂ ਤੋਂ ਹੀ ਸ਼ੁਰੂ ਹੋ ਗਈ ਸੀ। ਨਾਰਾਇਣ ਵੱਲੋਂ ਇਸ ਹਕੀਕਤ ਨੂੰ ਦਰਕਿਨਾਰ ਕਰ ਕੇ ਸਾਰੀ ਸਿਆਹੀ ਇਕ ਸ਼ਖਸ ਦੇ ਚਿਹਰੇ 'ਤੇ ਪੋਤਣਾ ਬੌਧਿਕ ਇਮਾਨਦਾਰੀ ਨਹੀਂ ਮੰਨਿਆ ਜਾ ਸਕਦਾ।

ਅਜਿਹੇ ਉਲਾਰਵਾਦ ਦੇ ਬਾਵਜੂਦ ਅਰਵਿੰਦ ਨਾਰਾਇਣ ਦੀ ਕਿਤਾਬ, ਪਾਠਕ ਦੀ ਰੂਹ ਨੂੰ ਝੰਜੋੜਦੀ ਹੈ। ਇਹ ਉਸ ਨੂੰ ਜਮਹੂਰੀਅਤ ਦੀ ਹਿਫਾਜ਼ਤ ਨਾਲ ਜੁੜੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਕਰਦੀ ਹੈ। ਇਹ ਅਤੀਤ ਦੀਆਂ ਗਲਤੀਆਂ ਨੂੰ ਭਵਿੱਖ ਵਿਚ ਦਰੁਸਤਗੀਆਂ ਲਈ ਸੇਧਗਾਰ ਬਣਾਉਣ ਦੀ ਸਿੱਖਿਆ ਵੀ ਦਿੰਦੀ ਹੈ। ਕਿਤਾਬ ਦਾ ਆਖਰੀ ਅਧਿਆਇ ਆਪਣੇ ਆਸ਼ਾਵਾਦੀ ਸੁਨੇਹੇ ਲਈ ਖਾਸ ਤੌਰ 'ਤੇ ਜ਼ਿਕਰਯੋਗ ਹੈ। ਇਸ ਵਿਚ 'ਅਣਐਲਾਨੀ ਐਮਰਜੈਂਸੀ' ਨਾਲ ਜੂਝਣ ਦੇ ਦਾਅ-ਪੇਚ ਸੁਝਾਏ ਗਏ ਹਨ। ਇਹ ਸਾਰੇ ਦਾਅ-ਪੇਚ 'ਅਰਾਜਕਤਾ ਦੀ ਵਿਆਕਰਨ' ਦੇ ਦਾਇਰੇ 'ਚ ਨਹੀਂ ਆਉਂਦੇ ਬਲਕਿ ਸੰਵਿਧਾਨਕ ਲੀਹਾਂ ਦੇ ਅੰਦਰ ਰਹਿਣ ਦਾ ਪਾਠ ਪੜ੍ਹਾਉਂਦੇ ਹਨ। ਇਹ ਤੱਤ ਵੀ ਇਸ ਕਿਤਾਬ ਨੂੰ ਪੜ੍ਹਨਯੋਗ ਬਣਾਉਂਦਾ ਹੈ।

---


**ਅਦਬੀ ਜਗਤ ਅਤੇ ਪ੍ਰੇਮ ਗੋਰਖੀ:** ਪੰਜਾਬੀ ਅਦਬੀ ਜਗਤ ਦੀ ਪ੍ਰਫੁੱਲਤਾ ਵਿਚ ਪ੍ਰੇਮ ਗੋਰਖੀ ਦਾ ਯੋਗਦਾਨ ਅਹਿਮ ਹੈ। ਉਹ ਤੀਜੀ ਪੀੜ੍ਹੀ ਦਾ ਅਜਿਹਾ ਕਹਾਣੀਕਾਰ ਸੀ ਜਿਸ ਨੇ 'ਛੋਟੀਆਂ-ਛੋਟੀਆਂ ਕੰਧਾਂ', 'ਇਕ ਟਿਕਟ ਰਾਮਪੁਰਾ ਫੂਲ', 'ਵੱਡੇ ਲੋਕ', 'ਬਚਨਾ ਬੱਕਰਵੱਢ' ਵਰਗੀਆਂ ਕਲਾਸਿਕ ਕਹਾਣੀਆਂ ਅਤੇ 'ਤਿੱਤਰ ਖੰਭੀ ਜੂਹ' ਵਰਗੇ ਨਾਵਲੈੱਟ ਰਾਹੀਂ ਸਾਧਨ-ਵਿਹੂਣਿਆਂ ਦੇ ਦਰਦ ਤੇ ਸੰਘਰਸ਼ ਦਾ ਚਿਤਰਨ ਕੀਤਾ ਅਤੇ ਇਨਸਾਨੀ ਰਿਸ਼ਤਿਆਂ ਦੀਆਂ ਪੇਚੀਦਗੀਆਂ ਨੂੰ ਬਾਰੀਕੀ ਨਾਲ ਪੇਸ਼ ਕੀਤਾ। ਇਹ ਵੱਖਰੀ ਗੱਲ ਹੈ ਕਿ ਇਸ ਯੋਗਦਾਨ ਨੂੰ ਉਸ ਕਿਸਮ ਦੀ ਮਾਨਤਾ ਨਹੀਂ ਮਿਲੀ ਜਿਸ ਦਾ ਉਹ ਹੱਕਦਾਰ ਸੀ। ਭਗਵੰਤ ਰਸੂਲਪੁਰੀ ਨੇ 'ਕਹਾਣੀਧਾਰਾ' ਦੇ ਜਨਵਰੀ-ਜੂਨ ਅੰਕ ਨੂੰ ਪ੍ਰੇਮ ਗੋਰਖੀ ਵਿਸ਼ੇਸ਼ ਅੰਕ ਵਜੋਂ ਛਾਪ ਕੇ ਗੋਰਖੀ ਦੇ ਯੋਗਦਾਨ ਨੂੰ ਸਾਂਭਣ-ਸਹੇਜਣ ਦਾ ਸੁਹਿਰਦ ਯਤਨ ਕੀਤਾ ਹੈ।

ਸੰਪਾਦਕੀ ਵਿਚ ਰਸੂਲਪੁਰੀ ਦੱਸਦਾ ਹੈ ਕਿ ਇਹ ਅੰਕ ਅੱਠ ਮਹੀਨਿਆਂ ਦੀ ਵਿਉਂਤ ਤੇ ਮਿਹਨਤ ਦਾ ਨਤੀਜਾ ਹੈ। ਅੰਕ ਦੀ ਬਣਤਰ, ਸਮੱਗਰੀ ਦੀ ਚੋਣ ਅਤੇ ਤਸਵੀਰਾਂ ਦੀ ਜੜਤ ਉਪਰੋਕਤ ਕਥਨ ਦੀ ਸਿੱਧੀ ਤਸਦੀਕ ਹਨ। ਅੰਕ ਦੇ ਪੰਜ ਭਾਗ ਹਨ: ਗੋਰਖੀ ਨਾਲ ਵਾਰਤਾਲਾਪ, ਸਮਕਾਲੀਆਂ ਦੇ ਲਿਖੇ ਸ਼ਬਦ ਚਿੱਤਰ; ਖਤੋ-ਕਿਤਾਬਤ, ਸਵੈ-ਕਥਨ, ਅਤੇ ਲਿਖਤਾਂ, ਕਿਤਾਬਾਂ ਦੀਆਂ ਸਮੀਖਿਆਵਾਂ। ਚਰਚਿਤ ਕਹਾਣੀ 'ਜੀਣ ਮਰਨ' ਅੰਤਿਕਾ ਵਜੋਂ ਦਰਜ ਹੈ। ਅੰਕ ਦੇ ਮੁੱਢ ਵਿਚ ਗੁਰਬਚਨ ਸਿੰਘ ਭੁੱਲਰ ਦੀ ਗੱਲਬਾਤ ਗੋਰਖੀ ਦੇ ਸਾਹਿਤ, ਸੁਹਜ ਤੇ ਸ਼ਖਸੀਅਤ ਦਾ ਆਈਨਾ ਹੈ। ਇਸੇ ਤਰ੍ਹਾਂ ਚਿੱਠੀਆਂ ਵਾਲੇ ਭਾਗ ਵਿਚ ਜਸਬੀਰ ਭੁੱਲਰ ਦੀ ਰਚਨਾ 'ਚਾਰ ਚਿੱਠੀਆਂ ਦੀ ਇਬਾਰਤ' ਯਾਦਾਂ ਦੀ ਮਿਠਾਸ ਨਾਲ ਪਰੁੰਨੀ ਹੋਈ ਹੈ। ਬਾਕੀ ਦੀ ਸਮੱਗਰੀ ਵੀ ਚੋਖੀ ਨਿੱਗਰ ਹੈ ਜੋ ਇਸ ਅੰਕ ਨੂੰ ਯਾਦਗਾਰੀ ਬਣਾਉਂਦੀ ਹੈ।


---

**ਕਹਾਣੀ ਇਕ ਜੰਗ ਦੀ:** ਬੰਗਲਾਦੇਸ਼ ਦੀ ਆਜ਼ਾਦੀ ਨਾਲ ਜੁੜੀ 1971 ਦੀ ਹਿੰਦ-ਪਾਕਿ ਜੰਗ ਦੀ 50ਵੀਂ ਵਰ੍ਹੇਗੰਢ ਮੌਕੇ ਅੰਗਰੇਜ਼ੀ-ਹਿੰਦੀ-ਬੰਗਾਲੀ-ਮਰਾਠੀ ਵਿਚ ਦਰਜਨਾਂ ਕਿਤਾਬਾਂ ਛਪੀਆਂ। ਪੰਜਾਬੀ ਵਿਚ ਇਸ ਪੱਖੋਂ ਹਾਜ਼ਰੀ ਕਰਨਲ ਬਲਬੀਰ ਸਿੰਘ ਸਰਾਂ ਹੋਰਾਂ ਨੇ '1971: ਕਹਾਣੀ ਇਕ ਜੰਗ ਦੀ' ਰਾਹੀਂ ਲਵਾਈ ਹੈ। ਕਰਨਲ ਸਰਾਂ ਨੇ ਸੀਨੀਅਰ ਸਿਟੀਜ਼ਨ ਬਣਨ ਮਗਰੋਂ ਫੌਜੀ ਸਾਹਿਤ ਲਿਖਣਾ ਸ਼ੁਰੂ ਕੀਤਾ ਅਤੇ ਹੁਣ ਇਸ ਖੇਤਰ ਵਿਚ ਪੂਰੇ ਸਰਗਰਮ ਹਨ।

ਕਿਤਾਬ ਪੂਰਬੀ ਮੁਹਾਜ਼ 'ਤੇ ਹੋਈ ਜੰਗ ਤਕ ਸੀਮਤ ਨਾ ਰਹਿ ਕੇ ਸਮੁੱਚੀ ਜੰਗ ਅਤੇ ਇਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਦਾ ਬਿਰਤਾਂਤ ਹੈ। ਇਸ ਬਿਰਤਾਂਤ ਦਾ ਮੁੱਢ ਸੇਵਾਮੁਕਤ ਬ੍ਰਿਗੇਡੀਅਰ ਰਾਬਿੰਦਰ ਸਿੰਘ ਸਿੱਧੂ ਨੇ 'ਮੁਖ ਬੰਦ' ਵਿਚ ਰੌਚਿਕ ਢੰਗ ਨਾਲ ਬੰਨ੍ਹਿਆ ਹੈ ਜੋ ਖੁਦ ਬਤੌਰ ਐਡਜੂਟੈਂਟ 1971 'ਚ ਪੂਰਬੀ ਮੁਹਾਜ਼ 'ਤੇ ਮੌਜੂਦ ਸਨ ਅਤੇ ਉਨ੍ਹਾਂ ਦਾ ਵੱਡਾ ਵੀਰ ਕਰਨਲ ਬਸੰਤ ਸਿੰਘ ਪੱਛਮੀ ਮੁਹਾਜ਼ 'ਤੇ ਸਿੱਖ ਲਾਈਟ ਇਨਫੈਂਟਰੀ ਦੀ ਬਟਾਲੀਅਨ ਕਮਾਂਡ ਕਰ ਰਿਹਾ ਸੀ। ਯੁੱਧ ਸਾਹਿਤ, ਜੰਗੀ ਇਤਿਹਾਸ ਨੂੰ ਸਜੀਵ ਬਣਾਈ ਰੱਖਣ ਦੇ ਨਾਲ ਨਾਲ ਨਵੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਵੀ ਸਾਬਤ ਹੁੰਦਾ ਹੈ। ਇਹ ਕਾਰਜ ਬਾਖੂਬੀ ਕਰਦੀ ਹੈ ਕਰਨਲ ਸਰਾਂ ਦੀ ਕਿਤਾਬ।









***ਸਾਹਿਤਕ ਪਰਚੇ 'ਕਹਾਣੀਧਾਰਾ' ਦਾ ਪ੍ਰੇਮ ਗੋਰਖੀ ਵਿਸ਼ੇਸ਼ ਅੰਕ ਅਤੇ (ਸੱਜੇ) ਕਰਨਲ ਬਲਬੀਰ ਸਿੰਘ ਸਰਾਂ ਦੀ ਕਿਤਾਬ '1971: ਕਹਾਣੀ ਇਕ ਜੰਗ ਦੀ' ਦੇ ਮੁਖੜੇ।***

# ਕਹਾਣੀ ਜੁੜਦੀ ਕਿਵੇਂ ਹੈ?

***ਕੁਲਵੰਤ ਸਿੰਘ ਵਿਰਕ (20 ਮਈ 1921-24 ਦਸੰਬਰ 1987) ਪੰਜਾਬੀ ਸਾਹਿਤ ਜਗਤ ਦਾ ਅਜਿਹਾ ਜਿਊੜਾ ਹੈ ਜਿਸ ਨੇ ਪੰਜਾਬੀ ਕਹਾਣੀ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਉਸ ਤੋਂ ਪਹਿਲਾਂ ਵੀ ਪੰਜਾਬੀ ਕਹਾਣੀ ਲਿਖੀ ਜਾਂਦੀ ਸੀ ਅਤੇ ਬਾਅਦ ਵਿਚ ਵੀ ਬਥੇਰੀ ਲਿਖੀ ਗਈ ਤੇ ਹੁਣ ਵੀ ਲਿਖੀ ਜਾ ਰਹੀ ਹੈ ਪਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਦਾ ਰੰਗ ਆਪਣਾ ਹੀ ਹੈ। ਉਸ ਵਰਗਾ ਕੋਈ ਹੋਰ ਕਹਾਣੀਕਾਰ ਨਹੀਂ। ਉਹ ਆਪਣੀ ਰਚਨਾ ਦੇ ਪਾਤਰਾਂ ਜਾਂ ਘਟਨਾਵਾਂ ਨੂੰ ਇਸ ਤਰ੍ਹਾਂ ਉਸਾਰਦਾ ਹੈ ਜਿਵੇਂ ਕੋਈ ਕਾਮਾ ਬਹੁਤ ਪ੍ਰੀਤ ਨਾਲ ਆਪਣੇ ਕਾਰਜ ਵਿਚ ਲੱਗਿਆ ਜਾਵੇ। ਇਸ ਲੇਖ ਵਿਚ ਉਨ੍ਹਾਂ ਕਹਾਣੀ ਰਚਣ ਦੀ ਪ੍ਰਕਿਰਿਆ ਬਾਰੇ ਕੁਝ ਦਿਲਚਸਪ ਵਿਚਾਰ ਸਾਂਝੇ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ।***



ਕੁਲਵੰਤ ਸਿੰਘ ਵਿਰਕ

ਮੈਨੂੰ ਆਪਣੇ ਬਾਰੇ ਕਿਸੇ ਹੋਰ ਸਵਾਲ ਦਾ ਜਵਾਬ ਦੇਣਾ ਏਨਾ ਕਠਿਨ ਨਹੀਂ ਲਗਦਾ ਜਿੰਨਾ ਇਸ ਸਵਾਲ ਦਾ ਕਿ ਮੈਂ ਕਹਾਣੀ ਕਿਵੇਂ ਜੋੜਦਾ ਹਾਂ?

ਮੇਰੀਆਂ ਕਹਾਣੀਆਂ ਵਿਚ ਇੱਕ ਮੋਟੀ ਗੱਲ ਇਹ ਹੈ ਕਿ ਇਨ੍ਹਾਂ ਦਾ ਪਿੰਡਾਂ ਪੁਰਾਣੀਆਂ ਯਾਦਾਂ ਹਨ। ਛੋਟੇ ਹੁੰਦੇ ਤੋਂ ਲੈ ਕੇ ਹੁਣ ਤਕ ਜੋ ਜੀਵਨ ਮੈਂ ਜੀਵਿਆ ਹੈ, ਉਸ ਵਿਚਲੀਆਂ ਘਟਨਾਵਾਂ ਤੇ ਵਾਪਰੀਆਂ ਬਾਰੇ ਮੈਨੂੰ ਜੋ ਕੁਝ ਯਾਦ ਹੈ, ਉਹ ਮੇਰੀਆਂ ਕਹਾਣੀਆਂ ਵਿਚ ਆਉਂਦਾ ਹੈ। ਇਸ ਜੀਵਨ ਦੇ ਮੁਢ ਬਾਰੇ ਇੱਕ ਦੋ ਗੱਲਾਂ ਕਹਿਣ ਨੂੰ ਮੇਰਾ ਜੀਅ ਕਰਦਾ ਹੈ।

ਮੇਰੀਆਂ ਨਿੱਕੇ ਹੁੰਦੇ ਦੀਆਂ ਯਾਦਾਂ ਇੱਕ ਖੁੱਲ੍ਹ ਦੀਆਂ ਹਨ ਜਿਸ ਵਿਚ ਫਸਲਾਂ ਸਨ, ਵਗਦਾ ਪਾਣੀ ਸੀ, ਜੁਤੇ ਢੱਗੇ ਤੇ ਚੁਗਦੀਆਂ ਮੱਝੀ ਸਨ ਤੇ ਕੰਮ ਕਰਦੇ ਜਾਂ ਕਦੇ ਕਦਾਈ, ਗੱਲਾਂ ਕਰਦੇ ਬੰਦੇ। ਇਨ੍ਹਾਂ ਕੰਮ ਕਰਦੇ ਬੰਦਿਆਂ ਦੇ ਮਨ ਅੰਦਰ ਵੀ ਬਹੁਤ ਖੁਲ੍ਹ ਸੀ। ਜਿਥੋਂ ਤਕ ਕਿਸੇ ਵੱਡੇ ਵਡੇਰੇ ਦੀ ਯਾਦ ਯਾ ਸਨੌਤ ਜਾਂਦੀ ਸੀ, ਇਹ ਲੋਕ ਇਸ ਇਲਾਕੇ ਉੱਤੇ ਕਬਜ਼ਾ ਜਮਾ ਕੇ ਬੈਠੇ ਆਏ ਸਨ। ਨਾ ਕੋਈ ਰਾਜਾ ਸੀ ਤੇ ਨਾ ਕੋਈ ਪਰਜਾ। ਹੁਣ ਵੀ ਜੇ ਉਹ ਪੁਲਸ ਦੀ ਨਜ਼ਰ ਤੋਂ ਬਚ ਜਾਣ ਤਾਂ ਹੋਰ ਕਿਸੇ ਦਾ ਉਨ੍ਹਾਂ ਨੂੰ ਕੋਈ ਡਰ ਨਹੀਂ ਸੀ। ਇਹ ਬੰਦੇ ਬਹੁਤਾ ਬਾਹਰ ਖੁਲ੍ਹ ਵਿਚ ਜਿਹੜੀ ਉਨ੍ਹਾਂ ਦੇ ਕੰਮ ਕਰਨ ਦੀ ਥਾਂ ਸੀ, ਹੀ ਰਹਿੰਦੇ। ਜਿਸ ਤਰ੍ਹਾਂ ਅਸੀਂ ਘਰੋਂ ਬਾਹਰ ਜਾਣ ਲੱਗੇ ਨੂੰ ਪੁੱਛਦੇ ਹਾਂ ਕਿ 'ਤੂੰ ਪਿੰਡ ਕਿਸ ਕੰਮ ਚਲਿਆ ਹੈਂ?' ਜਾਂ 'ਪਿੰਡ ਕੀ ਕਰ ਰਿਹਾ ਹੈਂ?' ਫਸਲਾਂ ਉਗਾਣ ਲਈ ਤੇ ਮੱਝਾਂ ਨੂੰ ਸੁਖੀ ਰੱਖਣ ਲਈ ਜਿੰਨਾ ਕੰਮ ਉਥੇ ਕੀਤਾ ਜਾਂਦਾ ਸੀ, ਉਹ ਮੇਰੀ ਤੇ ਆਮ ਮਨੁੱਖ ਦੀ ਸਤਿਆ ਤੋਂ ਪਰੇ ਹੈ। ਇਸ ਲਈ ਉਸ ਮਾਹੌਲ ਵਿਚ ਨਿਰਾਸ਼ਾ ਜਾਂ ਖਿਝ ਲਈ ਕੋਈ ਥਾਂ ਨਹੀਂ ਸੀ। ਇੱਥੇ ਹਰ ਸ਼ੈਅ ਦੀ ਆਪਣੀ ਹਸਤੀ ਸੀ। ਡੰਗਰ ਤੇ ਖੈਰ ਟੱਬਰ ਦੇ ਜੀਆਂ ਵਾਂਗ ਹੀ ਸਨ। ਹਰ ਮੱਝ ਜਾਂ ਢੱਗੇ ਬਾਰੇ ਹਰ ਰੋਜ਼ ਦੱਸਣ ਨੂੰ ਕਈ ਗੱਲ ਹੁੰਦੀ ਸੀ। ਉਨ੍ਹਾਂ ਦੇ ਸੁਭਾਵਾਂ ਦੀ ਟੱਬਰ ਦੇ ਜੀਆਂ ਨੂੰ ਪੂਰੀ ਸਮਝ ਸੀ। ਹੋਰ ਦਿਸਦੀਆਂ ਚੀਜ਼ਾਂ ਜਿਵੇਂ ਰੁੱਖ, ਛੱਪੜ ਤੇ ਡੇਰੇ ਵੀ ਜੇ ਪੂਰੀਆਂ ਨਹੀਂ ਤਾਂ ਘੱਟੋ-ਘੱਟ ਅੱਧੀਆਂ ਜੀਉਂਦੀਆਂ ਲਗਦੀਆਂ ਸਨ।

ਜੇ ਇਹ ਮੇਰੀਆਂ ਯਾਦਾਂ ਹਰ ਕਹਾਣੀ ਦਾ ਪਿੰਡਾ ਹਨ ਤਾਂ ਉਸ ਦੀ ਜਾਨ ਜਾਂ ਰੂਹ ਕੀ ਹੈ? ਇਹ ਰੂਹ ਉਹ ਖਿਆਲ ਜਾਂ ਭਾਵ ਹੈ ਜਿਸ ਮੈਨੂੰ ਉਹ ਕਹਾਣੀ ਲਿਖਣ ਲਈ ਪ੍ਰੇਰਿਆ ਸੀ। ਕਦੀ ਕਦੀ ਜਦੋਂ ਕਿਸੇ ਘਟਨਾ ਦਾ ਮੇਰੇ ਮਨ ਉੱਤੇ ਬਹੁਤਾ ਅਸਰ ਹੁੰਦਾ ਹੈ ਜਾਂ ਮੇਰੇ ਅੰਦਰ ਚੋਖੀ ਹਿਲਜੁਲ ਹੁੰਦੀ ਹੈ ਤਾਂ ਕਹਾਣੀ ਦਾ ਇਹ ਭਾਵ ਜਾਂ ਖਿਆਲ ਜਨਮ ਲੈ ਲੈਂਦਾ ਹੈ। ਇਸ ਖਿਆਲ ਦੇ ਜਨਮ ਲੈਣ ਨਾਲ ਇੱਕ ਫੈਸਲਾ ਜ਼ਰੂਰ ਹੋ ਜਾਂਦਾ ਹੈ ਕਿ ਕਿਸੇ ਨਾ ਕਿਸੇ ਸ਼ਕਲ ਵਿਚ ਇਸ ਬਾਰੇ ਕਹਾਣੀ ਲਿਖੀ ਜਾਵੇਗੀ। ਇਹ ਹੁਣ ਮੈਨੂੰ ਛੱਡ ਕੇ ਨਹੀਂ ਜਾਵੇਗਾ। ਜੇ ਪੰਜ ਸਤ ਦਿਨ ਲਈ ਹੇਠਾਂ ਚੁਭੀ ਮਾਰ ਵੀ ਜਾਵੇ ਤਾਂ ਫਿਰ ਨਿਕਲ ਆਉਂਦਾ ਹੈ। ਪਰ ਜੇ ਮੈਂ ਵਿਹਲਾ ਹੋਵਾਂ ਤਾਂ ਇਸ ਨੂੰ ਭੀ ਚੁਭੀ ਨਹੀਂ ਮਾਰਨੀ ਪੈਂਦੀ ਤੇ ਮੇਰੇ ਫਿਰਦਿਆਂ ਤੁਰਦਿਆਂ ਹੀ ਇਹ ਮਨ ਵਿਚ ਹੋਰ ਥਾਂ ਬਣਾਂਦਾ ਰਹਿੰਦਾ ਹੈ ਤਾਂ ਜੋ ਇਹ ਕਹਾਣੀ ਦਾ ਰੂਪ ਧਾਰ ਸਕੇ।

ਕਈ ਵਾਰੀ ਕਹਾਣੀ ਦਾ ਇਹ ਰੂਪ ਉਹ ਪੂਰੀ ਦੀ ਪੂਰੀ ਘਟਨਾ ਹੀ ਹੁੰਦੀ ਹੈ ਜਿਸ ਵਿਚੋਂ ਉਹ ਖਿਆਲ ਨਿਕਲਿਆ ਹੈ। ਉਦੋਂ ਮੈਨੂੰ ਬਹੁਤਾ ਸੋਚਣਾ ਨਹੀਂ ਪੈਂਦਾ। ਕਹਾਣੀ 'ਏਕਸ ਕੇ ਹਮ ਬਾਰਿਕ', 'ਸਾਬਣ' ਤੇ ਕੁਝ ਹੱਦ ਤੱਕ 'ਖੱਬਲ' ਇਸ ਕਿਸਮ ਦੇ ਨਮੂਨੇ ਹਨ। ਜਿੱਥੇ ਖਿਆਲ ਦੇ ਨਾਲ ਨਾਲ ਪੂਰੀ ਕਹਾਣੀ ਵੀ ਮਿਲੀ। ਦੂਜੇ ਪਾਸੇ ਕਈ ਵਾਰ ਸਿਰਫ ਖਿਆਲ ਹੀ ਮਿਲਦਾ ਹੈ ਤੇ ਉਸ ਵੇਲੇ ਅੱਗੋਂ ਇਹ ਵੀ ਨਹੀਂ ਸੁਝਦਾ ਕਿ ਇਸ ਤੋਂ ਕਹਾਣੀ ਕਿਵੇਂ ਬਣਾਈ ਜਾ ਸਕਦੀ ਹੈ?

ਚੰਗੀ ਕਹਾਣੀ ਇੱਕ ਮਾਮੂਲੀ ਜਿਹੇ ਝਲਕਾਰੇ ਤੋਂ ਜੁੜਦੀ ਹੈ, ਜਿਵੇਂ ਕਿਸੇ ਦੀ ਇੱਕ ਖਾਸ ਢੰਗ ਨਾਲ ਕਹੀ ਹੋਈ ਗੱਲ ਜਾਂ ਚਿਹਰੇ ਦਾ ਪਰਭਾਵ। ਦੋਸਤਾਂ ਦੀਆਂ ਦਸੀਆਂ ਹੋਈਆਂ ਵਚਿੱਤਰ ਘਟਨਾਵਾਂ, ਜਿਨ੍ਹਾਂ ਨੂੰ ਉਹ ਬਹੁਤ ਵਧੀਆ ਕਹਾਣੀ ਦਾ ਪਲਾਟ ਸਮਝਦੇ ਹਨ, ਤੋਂ ਕਦੀ ਕੋਈ ਕਹਾਣੀ ਨਹੀਂ ਬਣ ਸਕਦੀ। ਮੇਰੀਆਂ ਕਈ ਕਹਾਣੀਆਂ ਇਸ ਤਰ੍ਹਾਂ ਟੁਰਦੀਆਂ ਹਨ ਜਿਵੇਂ ਉਹ ਮੈਨੂੰ ਕਿਸੇ ਸੁਣਾਈਆਂ ਹੋਣ। ਇਹ ਐਵੇਂ ਇੱਕ ਲਿਖਣ ਦਾ ਢੰਗ ਹੈ। ਹਰ ਕਹਾਣੀ ਦਾ ਵੀ ਉਹੋ ਲਿਸ਼ਕਾਰਾ ਹੈ ਜਿਹੜਾ ਇੱਕ ਅੱਖ ਦੇ ਫੋਰ ਵਿਚ ਮਿਲਦਾ ਹੈ। ਇਸ ਗੱਲ ਨੂੰ ਕੁਝ ਸਪਸ਼ਟ ਕਰਨ ਲਈ ਮੈਂ ਤੁਹਾਨੂੰ ਆਪਣੀ ਕਹਾਣੀ 'ਨਮਸਕਾਰ' ਬਾਰੇ ਦੱਸਦਾ ਹਾਂ। 1963 ਦੀ ਗੱਲ ਹੈ ਮੈਂ ਸਾਈਕਲ ਉੱਤੇ ਸ਼ਹਿਰ ਫਿਰ ਰਿਹਾ ਸਾਂ। ਰਾਤ ਦਾ ਵੇਲਾ ਸੀ। ਬਾਜ਼ਾਰ ਬਹੁਤ ਖੁਲ੍ਹਾ ਸੀ, ਸਾਈਕਲ ਤੇਜ਼ ਦੌੜ ਸਕਦਾ ਸੀ। ਜਿੱਥੇ ਕੁਝ ਵੇਖਣ ਨੂੰ ਹੋਵੇ ਉੱਥੇ ਇੱਕ ਦਮ ਰੋਕ ਵੀ ਲੈਂਦਾ ਸਾਂ। ਕੁਝ ਚਿਰ ਫਿਰ ਕੇ ਜਦੋਂ ਵਾਪਿਸ ਮੁੜ ਰਿਹਾ ਸਾਂ ਤਾਂ ਤਿੰਨ ਚਾਰ ਸੜਕਾਂ ਦੇ ਵਿਚਕਾਰ ਬਣੇ ਇੱਕ ਗੋਲ ਚੱਕਰ ਉੱਤੇ ਇੱਕ ਸੁੰਦਰ ਇਸਤਰੀ ਖਲੋਤੀ ਸੀ। ਮੇਰੇ ਵਾਲੇ ਪਾਸਿਉਂ ਇੱਕ ਕਾਰ ਵੀ ਆ ਰਹੀ ਸੀ ਜਿਸ ਦੀਆਂ ਬੱਤੀਆਂ ਦੀ ਲਿਸ਼ਕ ਉਸ ਦੇ ਮੂੰਹ ਉੱਤੇ ਪਈ। ਉਹ ਇਸ ਤਰ੍ਹਾਂ ਦੀ ਦਿੱਸੀ ਜਿਹੜੀ ਸੌ ਬੰਦਿਆਂ ਵਿਚ ਵੀ ਆਪਣਾ ਆਪ ਸੰਭਾਲ ਕੇ ਖਲੋ ਸਕਦੀ ਸੀ। ਕਾਰ ਦੀ ਬੱਤੀ ਦੀ ਲਿਸ਼ਕ ਸਾਹਮਣੇ ਵੀ ਉਹ ਕਾਹਲੀ ਨਾ ਪਈ। ਉਸ ਨੇ ਕੇਵਲ ਅੱਖਾਂ ਪਾਸੇ ਕਰ ਲਈਆਂ। ਇਸ ਲਿਸ਼ਕ ਵਿਚ ਮੈਂ ਉਸ ਨੂੰ ਹੋਰ ਸਵਾਰ ਕੇ ਵੇਖਿਆ। ਉਸ ਤਰ੍ਹਾਂ ਦੀਆਂ ਅੱਖਾਂ ਬਹੁਤ ਕੁਝ ਪੜ੍ਹਨ ਤੇ ਜਾਨਣ ਵਾਲੀ ਇਸਤਰੀ ਦੀਆਂ ਹੀ ਹੋ ਸਕਦੀਆਂ ਸਨ। ਉਸ ਤਰ੍ਹਾਂ ਫਬ ਕੇ ਖਲਣਾ ਵੀ ਘਰ ਬੈਠ ਕੇ ਨਹੀਂ ਸਿੱਖਿਆ ਜਾ ਸਕਦਾ ਸੀ, ਲੋਕਾਂ ਵਿਚ ਫਿਰ ਵੇਖ ਕੇ ਹੀ ਆ ਸਕਦਾ ਸੀ। ਉਸ ਦਾ ਪ੍ਰਭਾਵ ਮੈਨੂੰ ਕਹਾਣੀ ਲਿਖਣ ਲਈ ਪ੍ਰੇਰ ਗਿਆ। ਮੇਰੇ ਲਈ ਇਹ ਦੱਸਣਾ ਮੁਸ਼ਕਿਲ ਹੈ ਕਿ ਉਹੋ ਜਿਹੀਆਂ ਹਰ ਇਸਤਰੀਆਂ ਨਾਲੋਂ ਉਸ ਵਿਚ ਵੀ ਵੱਖਰਤਾ ਸੀ ਪਰ ਮੇਰੇ ਮਨ ਨੇ ਕਿਹਾ ਕਿ ਇਸ ਉੱਤੇ ਕਹਾਣੀ ਲਿਖਣੀ ਹੋਵੇਗੀ।

ਪਰ ਇਸ ਇਸਤਰੀ ਉੱਤੇ ਮੈਂ ਕੀ ਕਹਾਣੀ ਲਿਖਾਂ? ਨਾ ਅੱਗਾ ਪਤਾ ਨਾ ਪਿੱਛਾ, ਨਾ ਸਲਾਮ ਨਾ ਦੁਆ। ਕਈ ਦਿਨ ਮੈਂ ਆਪਣੇ ਕੰਮ ਕਾਜ ਵਿਚ ਲੱਗਾ ਰਿਹਾ ਤੇ ਉਹ ਇਸਤਰੀ ਉਸੇ ਚੌਕ ਵਿਚ ਖਲੋਤੀ ਕਹਾਣੀ ਮੰਗਦੀ ਰਹੀ। ਇੱਕ ਦਿਨ ਮੈਨੂੰ ਖਿਆਲ ਆਇਆ ਕਿ ਉਸ ਕੁੜੀ ਦੀ ਦਿਖ ਵਿਚੋਂ ਅੱਜ ਦੇ ਪੰਜਾਬ ਦਾ ਹੰਭਲਾ ਝਾਕਦਾ ਹੈ। ਉਹ ਨਵੇਂ ਪੰਜਾਬ ਦਾ ਚਿੰਨ੍ਹ ਹੈ, ਇਸ ਲਈ ਕਹਾਣੀ ਮੰਗਦੀ ਹੈ। ਨਵੇਂ ਪੰਜਾਬ ਦੇ ਚਿੰਨ੍ਹ ਹੋਰ ਵੀ ਹੋਣਗੇ ਪਰ ਇਹ ਕੁੜੀਆਂ ਵੀ ਹਨ ਜਿਹੜੀਆਂ ਪੜ੍ਹ ਲਿਖ ਕੇ ਕੰਮਾਂ ਤੇ ਲੱਗਦੀਆਂ ਹਨ, ਪੈਸੇ ਕਮਾਂਦੀਆਂ ਹਨ ਤੇ ਚੰਗਾ ਖਾਣ ਹੰਢਾਣ ਕਰਕੇ ਪਹਿਲਾਂ ਨਾਲੋਂ ਸੁੰਦਰ ਲੱਗਦੀਆਂ ਹਨ। ਪੰਜਾਬ ਦੀ ਟੋਰ ਵਿਚ ਇਨ੍ਹਾਂ ਦਾ ਆਪਣਾ ਹਿੱਸਾ ਹੈ।



*ਫੁਰਸਤ ਦੇ ਪਲਾਂ ਵਿਚ ਕੁਲਵੰਤ ਸਿੰਘ ਵਿਰਕ*

ਠੀਕ ਹੈ, ਉਹ ਸੁੰਦਰ ਇਸਤਰੀ ਨਵੇਂ ਪੰਜਾਬ ਦਾ ਚਿੰਨ੍ਹ ਹੋਣ ਦੇ ਨਾਂ ਤੇ ਕਹਾਣੀ ਮੰਗਦੀ ਸੀ। ਪਰ ਇਸ ਚਿੰਨ੍ਹ ਦੀ ਕਹਾਣੀ ਬਣੇ ਕਿਸ ਤਰ੍ਹਾਂ? ਇਹ ਚਿੰਨ੍ਹ ਦੂਜੇ ਚਿੰਨ੍ਹਾਂ ਵਿਚੋਂ ਉਤਾਂਹ ਉਭਰ ਕੇ ਆਉਣਾ ਚਾਹੀਦਾ ਹੈ। ਕਈ ਦਿਨ ਪਿੱਛੋਂ ਮੈਨੂੰ ਅੰਗਰੇਜ਼ ਅਫਸਰ ਦਾ ਖਿਆਲ ਆਇਆ, ਜਿਹੜਾ ਫੌਜ ਵਿਚ ਮੇਰੇ ਨਾਲ ਹੁੰਦਾ ਸੀ। ਉਹ ਹਿੰਦੂਸਤਾਨ ਤੇ ਹਿੰਦੁਸਤਾਨੀਆਂ ਵਿਚ ਦੂਜਿਆਂ ਨਾਲੋਂ ਬਹੁਤ ਜ਼ਿਆਦਾ ਦਿਲਚਸਪੀ ਲੈਂਦਾ ਸੀ। ਕਈ ਵਾਰ ਵਿਹਲੇ ਵਕਤ ਪੰਜਾਬੀ ਕੱਪੜੇ ਪਾ ਲੈਂਦਾ। ਫਾਰਸੀ ਲਿਪੀ ਵਿਚ ਉਰਦੂ ਪੜ੍ਹਨਾ ਤੇ ਲਿਖਣਾ ਸਿੱਖਦਾ। (ਰੋਮਨ ਲਿਪੀ ਵਿਚ ਤਾਂ ਸਾਰੇ ਅਫਸਰ ਹੀ ਸਿਖਦੇ ਸਨ)। ਇਹ ਕਹਾਣੀ ਉਸ ਨਾਲ ਜੋੜੀ ਜਾ ਸਕਦੀ ਹੈ। ਉਹ ਇੰਗਲੈਂਡ ਤੋਂ ਮੁੜ ਕੇ ਏਥੇ ਆਉਂਦਾ ਹੈ ਤੇ ਮੇਰੇ ਨਾਲ ਫਿਰਦਾ ਫਿਰਾਂਦਾ ਸਭ ਕੁਝ ਨਵਾਂ ਨਵਾਂ ਵੇਖਦਾ ਹੈ। ਵੇਖਦਿਆਂ ਵੇਖਦਿਆਂ ਉਹ ਇਸਤਰੀ ਵੀ ਵੇਖ ਲੈਂਦਾ ਹੈ ਤੇ ਫਿਰ ਕਹਿੰਦਾ ਹੈ ਕਿ ਉਹੀ ਸਭ ਤੋਂ ਨਵੀਂ ਅਤੇ ਉੱਤਮ ਚੀਜ਼ ਹੈ। ਜਦੋਂ ਉਹ ਵੀਹ ਸਾਲ ਪਹਿਲਾਂ ਏਥੇ ਰਹਿੰਦਾ ਸੀ ਤਾਂ ਉਸ ਨੇ ਇਹੋ ਜਿਹੀ ਕੋਈ ਇਸਤਰੀ ਨਹੀਂ ਸੀ ਵੇਖੀ। ਇਸ ਸਾਰੀ ਸਮੱਗਰੀ ਨੂੰ ਜੁੜਦਿਆਂ ਮਹੀਨਾ ਦੋ ਮਹੀਨੇ ਲੱਗ ਗਏ। ਲਿਖਣ ਲਈ ਵਕਤ ਇਸ ਤੋਂ ਵੱਖਰਾ ਲੱਗਾ।

ਕਹਾਣੀ ਦਾ ਢਾਂਚਾ ਸੋਚਣ ਨਾਲੋਂ ਕਹਾਣੀ ਲਿਖਣ ਲਈ ਹੋਰ ਵੀ ਸੁਖਾਵਾਂ ਸਮਾਂ ਚਾਹੀਦਾ ਹੈ। ਕਈ ਲੋਕ ਇਸ ਨੂੰ ਅਲਹਾਮ ਜਾਂ ਰੱਬੀ ਪ੍ਰੇਰਨਾ ਦਾ ਸਮਾਂ ਰਹਿੰਦੇ ਹਨ। ਮੇਰੀ ਲੋੜ ਇਸ ਤੋਂ ਬਹੁਤ ਘੱਟ ਹੈ। ਬਸ ਸਾਰਾ ਦਿਨ ਆਪਣਾ ਹੋਵੇ ਤਾਂ ਜੋ ਕਿਸੇ ਵੇਲੇ ਵੀ ਘੜੀ ਵੱਲ ਨਾ ਵੇਖਣਾ ਪਵੇ। ਰਾਤ ਤੱਕ ਕਿਸੇ ਦੇ ਘਰ ਆਉਣ ਦਾ ਡਰ ਨਾ ਹੋਵੇ। ਕੋਈ ਸੱਜਰੀ ਬੇਇਜ਼ਤੀ ਨਾ ਹੋਈ ਹੋਵੇ, ਵਹੁਟੀ ਨਾਲ ਲੜਾਈ ਨਾ ਹੋਵੇ, ਨੌਕਰੀ ਨੂੰ ਕੋਈ ਨਵਾਂ ਖਤਰਾ ਨਾ ਆ ਪਿਆ ਹੋਵੇ ਤਾਂ ਸਮਝੋ ਇਸ 'ਅਲਹਾਮ' ਲਈ ਵਾਤਾਵਰਨ ਅਨੁਕੂਲ ਹੈ। ਮੈਨੂੰ ਇਸ ਲਈ ਫੁੱਲਾਂ ਦੀ ਜਾਂ ਖੁਸ਼ਬੋ ਦੀ ਜਾਂ ਰਹੇ ਹਰੇ ਘਾਹ ਦੀ ਜਾਂ ਮੋਮਬੱਤੀਆਂ ਦੇ ਚਾਨਣ ਦੀ ਕੋਈ ਲੋੜ ਨਹੀਂ। ਰਜ਼ਾਈ ਵਿਚ ਲੇਟ ਕੇ, ਸੋਫੇ ਉੱਤੇ, ਭੋਇੰ ਉੱਤੇ ਜਾਂ ਕਿਸੇ ਖੁੰਢ ਉੱਤੇ ਬੈਠ ਕੇ ਇਕੋ ਜਿਹੇ ਆਰਾਮ ਨਾਲ ਲਿਖ ਸਕਦਾ ਹਾਂ। ਪੈਨਸਲ ਨਾਲ ਲਿਖਣਾ ਮੈਨੂੰ ਵਧੇਰੇ ਪਸੰਦ ਹੈ ਕਿਉਂਕਿ ਇਹ ਵਿਚਾਰੀ ਕੋਈ ਨਖਰਾ ਨਹੀਂ ਕਰਦੀ।

ਇੱਕ ਹੋਰ ਲੋੜ ਇਹ ਹੈ ਕਿ ਉਹ ਕਹਾਣੀ ਉਹਨਾਂ ਦਿਨਾਂ ਵਿਚ ਹੀ ਖਤਮ ਕਰਨ ਦੀ ਮੰਗ ਨਾ ਹੋਵੇ। ਮੇਰੇ ਲਈ ਕਿਸੇ ਖਿਆਲ ਤੋਂ ਕਹਾਣੀ ਦਾ ਬਣ ਜਾਣਾ ਇੱਕ ਫੁੱਲ ਦੇ ਖਿੜਨ ਵਾਂਗ ਹੈ। ਇਹ ਬੂਟੇ ਦੇ ਸੁਭਾਅ ਅਨੁਸਾਰ ਆਪਣੇ ਦਿਨ ਲੈ ਕੇ ਹੀ ਖਿੜੇਗਾ। ਇਸ ਨੂੰ ਇਸ ਪਾਸੇ ਵੱਲ ਅਗਾਂਹ ਧੱਕਿਆ ਨਹੀਂ ਜਾ ਸਕਦਾ। ਕਾਹਲ ਕਰਕੇ ਇਸ ਨੂੰ ਧੱਕਣ ਨਾਲ ਇਸ ਦੀ ਸ਼ਕਲ ਵਿਗੜ ਜਾਵੇਗੀ। ਤੇ ਜੋ ਕੁਝ ਇਸ ਨੇ ਬਣਨਾ ਸੀ, ਉਹ ਕੁਝ ਨਹੀਂ ਬਣ ਸਕੇਗੀ।

ਕਹਾਣੀ ਲਿਖਣ ਵਿਚ ਕਈ ਵਾਰੀ ਕਈ ਕਈ ਦਿਨ ਲੱਗ ਜਾਂਦੇ ਹਨ। ਪਹਿਲਾਂ ਕਹਾਣੀ ਦਾ ਮੋਟਾ ਢਾਂਚਾ ਲਿਖ ਲੈਂਦਾ ਹਾਂ। ਇਹ ਢਾਂਚਾ ਆਮ ਅੰਗਰੇਜ਼ੀ ਵਿਚ ਹੁੰਦਾ ਹੈ। ਫਿਰ ਉਸ ਨੂੰ ਆਰੰਭ ਕਰਕੇ ਕੁਝ ਦਿਨਾਂ ਵਿਚ ਖਤਮ ਕਰਦਾ ਹਾਂ। ਕਹਾਣੀ ਲਿਖਣ ਵੇਲੇ ਇਸ ਅੰਗਰੇਜ਼ੀ ਵਿਚ ਲਿਖੇ ਢਾਂਚੇ ਨੂੰ ਵੇਖਣ ਦੀ ਲੋੜ ਨਹੀਂ ਪੈਂਦੀ। ਇਹ ਸ਼ਾਇਦ ਇਸ ਲਈ ਲਿਖਦਾ ਹਾਂ ਕਿ ਇਸ ਨਾਲ ਮਨ ਵਿਚ ਗੱਲ ਸਾਫ ਹੋ ਜਾਂਦੀ ਹੈ। ਜੇ ਰੱਬ-ਸਬਬੀ ਕਿਧਰੇ ਦੋ ਇਕੱਠੀਆਂ ਛੁੱਟੀਆਂ ਆ ਜਾਣ ਤਾਂ ਕਹਾਣੀ ਦਾ ਬਹੁਤ ਸਾਰਾ ਹਿੱਸਾ ਮੁਕ ਜਾਂਦਾ ਹੈ। ਉਸ ਤਰ੍ਹਾਂ ਦੋ ਤਿੰਨ ਘੰਟੇ ਹੀ ਰੋਜ਼ ਲਿਖਣ ਜੋਗੇ ਮਿਲਦੇ ਹਨ। ਘੰਟਾ ਅੱਧਾ ਤੇ ਸੁਰਤ ਟਿਕਾਣੇ ਕਰਦਿਆਂ ਹੀ ਲੱਗ ਜਾਂਦਾ ਹੈ। ਕਈ ਵਾਰ ਕਹਾਣੀ ਲਿਖਣੀ ਛੱਡ ਕੇ ਜਦੋਂ ਦਫਤਰ ਜਾਣਾ ਪੈਂਦਾ ਹੈ, ਤਾਂ ਔਖ ਲੱਗਦਾ ਹੈ। ਮਨ ਕਹਿੰਦਾ ਹੈ ਕਿ ਜੇ ਕਦੀ ਇਹ ਦਿਨ ਮਿਲ ਜਾਏ ਤਾਂ ਕਹਾਣੀ ਮੁਕ ਸਕਦੀ ਹੈ। ਲਿਖ ਕੇ ਮੈਨੂੰ ਬਹੁਤਾ ਕੱਟਣਾ ਵੱਢਣਾ ਨਹੀਂ ਪੈਂਦਾ। ਸ਼ਬਦਾਂ ਦੀ ਤੇ ਕਦੀ ਕਦੀ ਵਾਕਾਂ ਜਾਂ ਪੈਰਿਆਂ ਦੀ ਬਦਲੀ ਤੇ ਹੋ ਸਕਦੀ ਹੈ ਪਰ ਸਾਰੀ ਜਾਂ ਅੱਧੀ ਕਹਾਣੀ ਕਦੀ ਨਹੀਂ ਕੱਟਣੀ ਪਈ, ਕਿਉਂਕਿ ਢਾਂਚਾ ਮੇਰੇ ਮਨ ਵਿਚ ਪਹਿਲਾਂ ਹੀ ਸਾਫ ਹੁੰਦਾ ਹੈ ਤੇ ਇਹ ਬੇ-ਮੁਹਾਰੇ ਨਹੀਂ ਵਗਦੀ। ਇੱਕ ਬੈਠਕ ਵਿਚ ਮੈਂ ਕਦੀ ਕੋਈ ਕਹਾਣੀ ਨਹੀਂ ਲਿਖੀ। ਕਿਉਂਕਿ ਹਰ ਵਾਕ ਬੜਾ ਸੋਚ ਸਮਝ ਕੇ ਲਿਖਣਾ ਹੁੰਦਾ ਹੈ ਤੇ ਦਿਮਾਗੀ ਤੌਰ ਤੇ ਮੈਂ ਬਹੁਤਾ ਚੁਸਤ ਨਹੀਂ, ਇਸ ਲਈ ਕਾਫੀ ਸਮਾਂ ਲੱਗ ਜਾਂਦਾ ਹੈ। ਪਰ ਇਹ ਬਹੁਤਾ ਸਮਾਂ ਲੱਗਣ ਨਾਲ ਕਹਾਣੀ ਦੇ ਪ੍ਰਭਾਵ ਦੀ ਏਕਤਾ ਭੰਗ ਨਹੀਂ ਹੁੰਦੀ। ਮਨ ਵਿਚ ਉਸ ਦੇ ਪ੍ਰਭਾਵ ਦੀ ਏਕਤਾ ਹੈ ਤਾਂ ਕਾਗਜ਼ ਤੇ ਵੀ ਠੀਕ ਹੀ ਆਵੇਗੀ, ਭਾਵੇਂ ਉਹ ਥੋੜ੍ਹੀ ਥੋੜ੍ਹੀ ਕਰਕੇ ਪੰਜ ਦਸ ਦਿਨਾਂ ਵਿਚ ਹੀ ਕਿਉਂ ਨਾ ਲਿਖੀ ਹੋਵੇ। ਜੇ ਕਹਾਣੀ ਲਿਖਣ ਤੋਂ ਬਿਨਾਂ ਮੈਨੂੰ ਹੋਰ ਕੋਈ ਕੰਮ ਨਾ ਵੀ ਹੋਵੇ ਤਾਂ ਵੀ ਮੈਂ ਇੱਕ ਸਾਹੇ ਕਹਾਣੀ ਲਿਖਣੀ ਨਹੀਂ ਚਾਹਵਾਂਗਾ। ਨਾ ਹੀ ਮੈਂ ਹੁਣ ਤੋਂ ਬਹੁਤੀਆਂ ਕਹਾਣੀਆਂ ਲਿਖ ਸਕਾਂ।

ਜਦੋਂ ਇੱਕ ਵਾਰ ਕਹਾਣੀ ਸਾਫ ਲਖੀਚ ਕੇ ਕਿਸੇ ਪਰਚੇ ਨੂੰ ਚਲੀ ਜਾਵੇ ਤਾਂ ਉਸ ਤੋਂ ਪਿੱਛੋਂ ਮੇਰਾ ਉਸ ਨੂੰ ਪੜ੍ਹਨ ਨੂੰ ਕਦੀ ਜੀ ਨਹੀਂ ਕਰਦਾ। ਛਪ ਕੇ ਆਈ ਕਹਾਣੀ ਵੀ ਮੈਂ ਕਦੀ ਘਟ ਵਧ ਹੀ ਸਾਰੀ ਦੀ ਸਾਰੀ ਪੜ੍ਹਦਾ ਹਾਂ ਸਗੋਂ ਮੈਂ ਹੈਰਾਨ ਹੁੰਦਾ ਹਾਂ ਕਿ ਹੋਰ ਲੋਕੀਂ ਉਸ ਨੂੰ ਕਿਉਂ ਪੜ੍ਹਦੇ ਹਨ? ਕਿਤਾਬ ਦੇ ਪਰੂਫ ਪੜ੍ਹਨੇ ਤੇ ਹੋਰ ਵੀ ਔਖੇ ਲੱਗਦੇ ਹਨ। ਇਸ ਦਾ ਕੀ ਕਾਰਨ ਹੈ? ਮੁਢਲੇ ਲਿਸ਼ਕਾਰੇ ਜਾਂ ਜਜ਼ਬੇ ਦੇ ਜ਼ੋਰ ਤੇ ਕਹਾਣੀ ਲਿਖੀ ਤਾਂ ਜਾਂਦੀ ਹੈ ਪਰ ਇਹ ਉਸ ਨੂੰ ਪੂਰੀ ਤਰ੍ਹਾਂ ਪ੍ਰਗਟਾਣ ਵਿਚ ਅਸਫਲ ਰਹਿੰਦੀ ਹੈ। ਇਸ ਲਈ ਹੀ ਚੰਗੀ ਨਹੀਂ ਲੱਗਦੀ।

ਕੀ ਕਹਾਣੀਆਂ ਲਿਖਣ ਦੇ ਕੰਮ ਵਿਚ ਮੈਨੂੰ ਬੜਾ ਸੁਆਦ ਆਉਂਦਾ ਹੈ। ਹਾਂ, ਆਉਂਦਾ ਹੈ। ਪਰ ਇਸ ਦਾ ਪਤਾ ਉਸ ਬੇਸਵਾਦੀ ਤੋਂ ਲੱਗਦਾ ਹੈ ਜਿਹੜੀ, ਜਦੋਂ ਕੁਝ ਲਿਖਣ ਨੂੰ ਨਾ ਹੋਵੇ ਤਾਂ ਹੁੰਦੀ ਹੈ। ਸਾਰੇ ਲੋਕਾਂ ਤੋਂ ਵੱਖਰਾ ਇੱਕ ਭੇਤ ਪਾਲਦੇ ਰਹਿਣਾ, ਉਸ ਭੇਤ ਨੇ ਅੰਦਰੇ ਅੰਦਰ ਆਪਣਾ ਆਕਾਰ ਬਦਲਦੇ ਰਹਿਣਾ ਤੇ ਵਧੀ ਜਾਣਾ ਤੇ ਫਿਰ ਇੱਕ ਇਹੋ ਜਿਹੀ ਚੀਜ਼ ਘੜ ਦੇਣਾ ਜਿਹੜੀ ਪਹਿਲੇ ਹੈ ਹੀ ਨਹੀਂ ਸੀ, ਇਹ ਸੁਆਦ ਦੇਣ ਵਾਲੀਆਂ ਗੱਲਾਂ ਹਨ। ਪਰ ਇਹ ਸੁਆਦ ਜੀਵਨ ਦੀਆਂ ਹੋਰ ਪ੍ਰਾਪਤੀਆਂ ਤੋਂ ਵੱਖਰਾ ਹੈ। ਕਦੀ ਇਸ ਤਰ੍ਹਾਂ ਨਹੀਂ ਹੁੰਦਾ ਕਿ ਮੈਂ ਗੱਡੀ ਵਿਚ ਬੈਠਾ ਬੈਠਾ ਇਹ ਸੋਚ ਕੇ ਖੁਸ਼ ਹੋ ਜਾਵਾਂ ਕਿ ਮੈਂ ਫਲਾਨੀ ਕਹਾਣੀ ਲਿਖੀ ਸੀ। ਹਰ ਕਹਾਣੀ ਇੱਕ ਮਗਰੋਂ ਲਾਹਿਆ ਵਖਤ ਹੀ ਲੱਗਦਾ ਹੈ। ਦੂਜੇ ਪਾਸੇ ਬਾਲ ਬੱਚੇ ਨਾਰਾਜ਼ ਰਹਿੰਦੇ ਹਨ। ਮੇਰਾ ਮਨ ਏਧਰ ਰੁੱਝਾ ਰਹਿੰਦਾ ਹੈ। ਕਈ ਵਾਰੀ ਇਸ ਕੰਮ ਵਿਚ ਗੁਲਾਮੀ ਵੀ ਮਹਿਸੂਸ ਕਰੀਦੀ ਏ। ਆਪਣੇ ਖਿਆਲਾਂ ਅਤੇ ਲਿਖਣ ਦੀ ਗੁਲਾਮੀ ਛੱਡ ਕੇ ਹੋਰ ਲੋਕਾਂ ਵਾਂਗ ਆਜ਼ਾਦ ਹੋਣ ਨੂੰ ਜੀ ਕਰਦਾ ਏ। ਪਰ ਜਿੰਨਾ ਚਿਰ ਕਹਾਣੀਆਂ ਸੁਝਦੀਆਂ ਰਹਿਣਗੀਆਂ ਇਹ ਨਹੀਂ ਹੋ ਪੈਣਾ। ਹਾਂ, ਲਿਖੇ ਜਾਣ ਤੋਂ ਪਹਿਲਾਂ ਮੈਨੂੰ ਹਰ ਕਹਾਣੀ ਬੜੀ ਮਨ ਨੂੰ ਮੋਹਣ ਵਾਲੀ ਲੱਗਦੀ ਹੈ ਤੇ ਉਹਦਾ ਖਿਆਲ ਕਈ ਕਈ ਦਿਨ ਖੁਸ਼ ਰੱਖਦਾ ਹੈ।

ਜਿਵੇਂ ਮੈਂ 'ਨਮਸਕਾਰ' ਬਾਰੇ ਦੱਸਿਆ ਹੈ, ਜਿਸ ਖਿਆਲ ਜਾਂ ਦ੍ਰਿਸ਼ ਦੁਆਲੇ ਮੇਰਾ ਕਹਾਣੀ ਲਿਖਣ ਨੂੰ ਜੀ ਕਰਦਾ ਹੈ, ਉਸ ਦੇ ਪੂਰੇ ਅਰਥ ਦਾ ਮੈਨੂੰ ਉਸ ਵੇਲੇ ਪਤਾ ਨਹੀਂ ਹੁੰਦਾ। ਕੇਵਲ ਅੰਦਰੋ-ਅੰਦਰੀ ਇਹ ਹੀ ਪਤਾ ਹੁੰਦਾ ਹੈ ਕਿ ਇਸ ਦੇ ਕੁਝ ਅਰਥ ਨਿਕਲਦੇ ਹਨ। ਇਹ ਕੱਢੇ ਹੋਏ ਅਰਥ ਵੀ ਹਿਸਾਬ ਦੇ ਸਵਾਲ ਦੇ ਜਵਾਬ ਵਾਂਗ ਸਾਫ ਤੇ ਸਿੱਧੇ ਨਹੀਂ ਹੁੰਦੇ। ਜੀਵਨ ਵਿਚਲੀਆਂ ਘਟਨਾਵਾਂ, ਖਾਸ ਤੌਰ 'ਤੇ ਨਾਟਕੀ ਘਟਨਾਵਾਂ ਸਰਲ ਨਹੀਂ ਹੁੰਦੀਆਂ। ਦੋ ਤੇ ਦੋ ਚਾਰ ਗਿਣਨ ਵਾਲੇ ਲੋਕ ਉਹਨਾਂ ਦੀ ਬੇਤਰਤੀਬੀ ਤੋਂ ਕਾਹਲੇ ਪੈ ਜਾਂਦੇ ਹਨ।

ਅੱਜ ਕੱਲ੍ਹ ਮੇਰਾ ਕੁਝ ਇਸ ਤਰ੍ਹਾਂ ਦਾ ਵਕਤ ਆ ਗਿਆ ਜਾਪਦਾ ਹੈ ਕਿ ਹਰ ਕਹਾਣੀ ਅਖੀਰਲੀ ਲਗਦੀ ਹੈ। ਪੁਰਾਣਿਆਂ ਵਿਸ਼ਿਆਂ ਉੱਤੇ ਲਿਖਣ

***(ਬਾਕੀ ਅਗਲੇ ਸਫੇ 'ਤੇ)***

***ਕਹਾਣੀ ਲਿਖਣ ਵਿਚ ਕਈ ਵਾਰੀ ਕਈ ਕਈ ਦਿਨ ਲੱਗ ਜਾਂਦੇ ਹਨ। ਪਹਿਲਾਂ ਕਹਾਣੀ ਦਾ ਮੋਟਾ ਢਾਂਚਾ ਲਿਖ ਲੈਂਦਾ ਹਾਂ। ਇਹ ਢਾਂਚਾ ਆਮ ਅੰਗਰੇਜ਼ੀ ਵਿਚ ਹੁੰਦਾ ਹੈ। ਫਿਰ ਉਸ ਨੂੰ ਆਰੰਭ ਕਰਕੇ ਕੁਝ ਦਿਨਾਂ ਵਿਚ ਖਤਮ ਕਰਦਾ ਹਾਂ। ਕਹਾਣੀ ਲਿਖਣ ਵੇਲੇ ਇਸ ਅੰਗਰੇਜ਼ੀ ਵਿਚ ਲਿਖੇ ਢਾਂਚੇ ਨੂੰ ਵੇਖਣ ਦੀ ਲੋੜ ਨਹੀਂ ਪੈਂਦੀ। ਇਹ ਸ਼ਾਇਦ ਇਸ ਲਈ ਲਿਖਦਾ ਹਾਂ ਕਿ ਇਸ ਨਾਲ ਮਨ ਵਿਚ ਗੱਲ ਸਾਫ ਹੋ ਜਾਂਦੀ ਹੈ। ਜੇ ਰੱਬ-ਸਬਬੀ ਕਿਧਰੇ ਦੋ ਇਕੱਠੀਆਂ ਛੁੱਟੀਆਂ ਆ ਜਾਣ ਤਾਂ ਕਹਾਣੀ ਦਾ ਬਹੁਤ ਸਾਰਾ ਹਿੱਸਾ ਮੁਕ ਜਾਂਦਾ ਹੈ। ਉਸ ਤਰ੍ਹਾਂ ਦੋ ਤਿੰਨ ਘੰਟੇ ਹੀ ਰੋਜ਼ ਲਿਖਣ ਜੋਗੇ ਮਿਲਦੇ ਹਨ। ਘੰਟਾ ਅੱਧਾ ਤੇ ਸੁਰਤ ਟਿਕਾਣੇ ਕਰਦਿਆਂ ਹੀ ਲੱਗ ਜਾਂਦਾ ਹੈ। ਕਈ ਵਾਰ ਕਹਾਣੀ ਲਿਖਣੀ ਛੱਡ ਕੇ ਜਦੋਂ ਦਫਤਰ ਜਾਣਾ ਪੈਂਦਾ ਹੈ, ਤਾਂ ਔਖ ਲੱਗਦਾ ਹੈ। ਮਨ ਕਹਿੰਦਾ ਹੈ ਕਿ ਜੇ ਕਦੀ ਇਹ ਦਿਨ ਮਿਲ ਜਾਏ ਤਾਂ ਕਹਾਣੀ ਮੁਕ ਸਕਦੀ ਹੈ। ਲਿਖ ਕੇ ਮੈਨੂੰ ਬਹੁਤਾ ਕੱਟਣਾ ਵੱਢਣਾ ਨਹੀਂ ਪੈਂਦਾ। ਸ਼ਬਦਾਂ ਦੀ ਤੇ ਕਦੀ ਕਦੀ ਵਾਕਾਂ ਜਾਂ ਪੈਰਿਆਂ ਦੀ ਬਦਲੀ ਤੇ ਹੋ ਸਕਦੀ ਹੈ ਪਰ ਸਾਰੀ ਜਾਂ ਅੱਧੀ ਕਹਾਣੀ ਕਦੀ ਨਹੀਂ ਕੱਟਣੀ ਪਈ, ਕਿਉਂਕਿ ਢਾਂਚਾ ਮੇਰੇ ਮਨ ਵਿਚ ਪਹਿਲਾਂ ਹੀ ਸਾਫ ਹੁੰਦਾ ਹੈ ਤੇ ਇਹ ਬੇ-ਮੁਹਾਰੇ ਨਹੀਂ ਵਗਦੀ। ਇੱਕ ਬੈਠਕ ਵਿਚ ਮੈਂ ਕਦੀ ਕੋਈ ਕਹਾਣੀ ਨਹੀਂ ਲਿਖੀ। ਕਿਉਂਕਿ ਹਰ ਵਾਕ ਬੜਾ ਸੋਚ ਸਮਝ ਕੇ ਲਿਖਣਾ ਹੁੰਦਾ ਹੈ ਤੇ ਦਿਮਾਗੀ ਤੌਰ ਤੇ ਮੈਂ ਬਹੁਤਾ ਚੁਸਤ ਨਹੀਂ, ਇਸ ਲਈ ਕਾਫੀ ਸਮਾਂ ਲੱਗ ਜਾਂਦਾ ਹੈ। ਪਰ ਇਹ ਬਹੁਤਾ ਸਮਾਂ ਲੱਗਣ ਨਾਲ ਕਹਾਣੀ ਦੇ ਪ੍ਰਭਾਵ ਦੀ ਏਕਤਾ ਭੰਗ ਨਹੀਂ ਹੁੰਦੀ। ਮਨ ਵਿਚ ਉਸ ਦੇ ਪ੍ਰਭਾਵ ਦੀ ਏਕਤਾ ਹੈ ਤਾਂ ਕਾਗਜ਼ ਤੇ ਵੀ ਠੀਕ ਹੀ ਆਵੇਗੀ, ਭਾਵੇਂ ਉਹ ਥੋੜ੍ਹੀ ਥੋੜ੍ਹੀ ਕਰਕੇ ਪੰਜ ਦਸ ਦਿਨਾਂ ਵਿਚ ਹੀ ਕਿਉਂ ਨਾ ਲਿਖੀ ਹੋਵੇ।***

# ਤੂੰ ਵੀ ਡੁੱਬਦੇ ਦਿਨ ਦਾ ਮੰਜ਼ਰ ਵੇਖ ਲੈ...

ਮੇਰੇ ਪਿੰਡ ਤੋਂ ਰਾਜ ਗੋਮਾਲ ਦੀ ਦੂਰੀ ਮਸਾਂ ਦੋ ਕਿਲੋਮੀਟਰ ਹੋਵੇਗੀ। ਇਸ ਰਾਹ ਨਾਲ ਮੇਰਾ ਬਚਪਨ ਤੋਂ ਹੀ ਵਾਸਤਾ ਹੈ। ਮੈਂ ਤਾਂ ਤੁਰਨਾ ਹੀ ਇਸ ਰਾਹ ਉਪਰ ਸਿੱਖਿਆ, ਫੇਰ ਸਾਈਕਲ, ਸਕੂਟਰ ਤੇ ਕਾਰ ਚਲਾਉਣੀ ਵੀ। ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿਓ ਤਾਂ ਵੀ ਮੈਂ ਰਾਜ ਗੋਮਾਲ ਵਾਲੇ ਰਾਹ 'ਤੇ ਤੁਰਦਾ ਆਪਣੇ ਖੂਹ ਤਕ ਜਾ ਸਕਦਾ ਹਾਂ। ਬਿਨਾਂ ਠੇਡਾ ਲੱਗੇ। ਮੇਰੇ ਖੂਹ ਤੋਂ ਅਗਾਂਹ ਇਹ ਰਸਤਾ ਡਾ. ਜਗਤਾਰ ਦੇ ਪਿੰਡ ਨੂੰ ਜਾਂਦਾ ਹੈ। ਜਗਤਾਰ ਹੋਰਾਂ ਦੇ ਪੂਰਵਜ ਪਿੰਡ ਬੰਡਾਲਾ ਤੋਂ ਦਹਾਕਿਆਂ ਪਹਿਲਾਂ ਉਠ ਕੇ ਇਕ ਚਰਾਂਦ ਵਿਚ ਜਾ ਬੈਠੇ ਸਨ ਤੇ ਉਨ੍ਹਾਂ ਪਿੰਡ ਦਾ ਨਾਂ ਰਾਜ ਗੋਮਾਲ ਰੱਖ ਲਿਆ। ਰਾਜ ਗੋਮਾਲ ਦਾ ਅਰਥ ਸੀ ਰਾਜੇ

**ਜਗਵਿੰਦਰ ਜੋਧਾ**
**ਫੋਨ: +91-94654-64502**

ਦੀਆਂ ਗਊਆਂ ਦੇ ਵੱਗ ਦੀ ਥਾਂ। ਇਹੀ ਰਾਜ ਗੋਮਾਲ ਡਾ. ਜਗਤਾਰ ਨੂੰ ਆਖਰੀ ਸਾਹਾਂ ਤਕ ਭੁੱਲਿਆ ਨਹੀਂ। ਉਹ ਚੰਡੀਗੜ੍ਹ ਸੀ ਤਾਂ ਰਾਜ ਗੋਮਾਲ ਯਾਦ ਆਇਆ:

ਰਾਜ ਗੋਮਾਲੋਂ ਆ ਗਿਆ ਮੁੜਿਆ ਖਤ ਬੇਰੰਗ
ਪੁੱਛਿਆ ਹੈ ਜਗਤਾਰ ਜੀ ਕਦ ਮੁੱਕਣਾ ਬਨਵਾਸ

ਉਹ ਜਲੰਧਰ ਕੈਂਟ ਰੋਡ ਵਾਲੀ ਆਪਣੀ ਵੱਡੀ ਕੋਠੀ ਵਿਚ ਹੁੰਦੇ ਤਾਂ ਵੀ ਅੱਖ ਰਾਜ ਗੋਮਾਲ ਨੂੰ ਯਾਦ ਕਰ ਕੇ ਮਹਿਕਦੀ ਰਹੀ। ਨੌਕਰੀਆਂ ਲਈ ਝਰੜ, ਮਲੋਟ, ਹੁਸ਼ਿਆਰਪੁਰ ਤਕ ਖੱਜਲ ਹੁੰਦਾ ਡਾ. ਜਗਤਾਰ ਇਸ ਨਿੱਕੇ ਜਿਹੇ ਪਿੰਡ ਵਿਚ ਬੀਤੇ ਬਚਪਨ ਤੇ ਚੜ੍ਹਦੀ ਜਵਾਨੀ ਦੀ ਵਰੇਸ ਨੂੰ ਕਦੇ ਨਹੀਂ ਭੁੱਲਿਆ। ਅੱਜ ਜਗਤਾਰ ਦੀ ਮੌਤ ਨੂੰ ਬਾਰ੍ਹਾਂ ਵਰ੍ਹੇ ਹੋਣ ਵਾਲੇ ਹਨ। ਮੈਂ ਉਨ੍ਹੀਂ ਦਿਨੀਂ ਵਿਚ ਡੀ.ਏ.ਵੀ. ਕਾਲਜ ਜਲੰਧਰ ਪੜ੍ਹਾਉਂਦਾ ਸੀ। ਪਿੰਡ ਤੋਂ ਹੀ ਆਉਂਦਾ ਤੇ ਜਾਂਦਾ। ਰਾਹ ਵਿਚ ਜਗਤਾਰ ਦਾ ਘਰ ਪੈਂਦਾ ਸੀ। ਥੋੜ੍ਹਾ ਜਿਹਾ ਵਲੇਵਾਂ ਮਾਰ ਕੇ ਜਗਤਾਰ ਨੂੰ ਮਿਲਿਆ ਜਾ ਸਕਦਾ ਸੀ। ਉਨ੍ਹਾਂ ਦਿਨਾਂ ਵਿਚ ਜਗਤਾਰ ਇਕੱਲਤਾ ਹੰਢਾ ਰਿਹਾ ਸੀ। ਉਸ ਦੀ ਉਹ ਉਮਰ ਪਿੱਛੇ ਰਹਿ ਗਈ ਸੀ ਜਦੋਂ ਉਹ ਮਹਿਫਲਾਂ ਦਾ ਸ਼ਿੰਗਾਰ ਸੀ, ਜਦੋਂ ਲੋਕ ਉਸ ਦੀ ਸ਼ਾਇਰੀ ਨੂੰ ਏਨਾ ਪਿਆਰ ਕਰਦੇ ਸਨ ਕਿ ਉਸ ਦੀਆਂ ਗਾਲ੍ਹਾਂ ਵੀ ਵਾਰੇ ਖਾਂਦੀਆਂ ਸਨ। ਜਦੋਂ ਜਗਤਾਰ ਦੀਆਂ ਅੱਖਾਂ ਵਿਚ ਚਮਕ ਸੀ ਤੇ ਮੱਥੇ ਵਿਚ ਦਗਦਾ ਸੂਰਜ। ਅਖੀਰਲੇ ਦਿਨਾਂ ਵਾਲਾ ਜਗਤਾਰ ਤਾਂ ਕਮਜ਼ੋਰ ਜਿਹਾ ਬਾਬਾ ਸੀ। ਇਕ ਅੱਖ ਦਾ ਚਾਨਣ ਨਾਂ-ਮਾਤਰ, ਸਰੀਰ ਕਮਜ਼ੋਰ। ਮੋਢੇ ਬੰਦੂਕ ਟੰਗ ਕੇ ਮਟਕਣੀ ਚਾਲ ਤੁਰਨ ਵਾਲਾ ਜਗਤਾਰ ਕਿਤੇ ਦੂਰ ਇਤਿਹਾਸ ਦੇ ਪਰਛਾਵਿਆਂ ਵਿਚ ਰਹਿ ਗਿਆ ਸੀ।

ਮੇਰੇ ਬਾਪ ਨੇ ਜਗਤਾਰ ਨੂੰ ਚੜ੍ਹਦੀ ਉਮਰੇ ਵੇਖਿਆ ਸੀ। ਉਹ ਰਾਜ ਗੋਮਾਲ ਤੋਂ ਮੇਰੇ ਪਿੰਡ ਵੱਲ ਆਉਂਦੀ ਬਰਸਾਤੀ ਕੂਲ੍ਹ ਦੇ ਸਰਕੰਡਿਆਂ ਵਿਚ ਸ਼ਿਕਾਰ ਲਈ ਆਉਂਦਾ। ਮੋਢੇ ਰਫਲ ਝੂਲਦੀ ਹੁੰਦੀ। ਉਸ ਦੇ ਨਾਲ ਅਰਜਨ ਹੁੰਦਾ ਜਿਸ ਕੋਲ ਰੋਂਦਾਂ ਵਾਲਾ ਝੋਲਾ ਹੁੰਦਾ।

ਜਗਤਾਰ ਫਾਇਰ ਕਰਦਾ, ਤਿੱਤਰ ਮੁਰਗਾਬੀਆਂ ਫੁੜਕਦੇ, ਅਰਜਨ ਚੁੱਕ ਕੇ ਥੈਲੇ ਵਿਚ ਪਾਈ ਜਾਂਦਾ। ਅਰਜਨ ਨੂੰ ਮੈਂ ਉਦੋਂ ਮਿਲਿਆ ਜਦੋਂ ਉਹ ਅਨਾਜ ਮੰਡੀ ਵਿਚ ਪਾਣੀ ਪਿਲਾਉਣ ਦਾ ਕੰਮ ਕਰਦਾ ਸੀ। ਮੈਂ ਉਹਨੂੰ ਪੁੱਛਿਆ, "ਤੁਸੀਂ ਏਨੇ ਸ਼ਿਕਾਰ ਕੀ ਕਰਦੇ ਸੀਗੇ?"

ਅੱਗੋਂ ਅਰਜਨ ਨੇ ਆਪਣੀ ਇਕਮਾਤਰ ਅੱਖ ਹੋਰ ਚੌੜੀ ਕਰ ਕੇ ਜਵਾਬ ਦਿੱਤਾ, "ਮੈਂ ਤੇ ਹੋਰ ਲੋਕ ਖਾਂਦੇ ਸੀਗੇ। ਜਗਤਾਰ ਤਾਂ ਸ਼ਿਕਾਰ ਤੋਂ ਬਾਅਦ ਦੇਰ ਤਕ ਰੋਂਦਾ ਰਹਿੰਦਾ ਸੀ।"

ਜਗਤਾਰ ਹੋਰਾਂ ਦਾ ਜਵਾਨ ਭਰਾ ਪਿੰਡਾਂ ਵਿਚਲੀ ਰਵਾਇਤੀ ਦੁਸ਼ਮਣੀ ਦੀ ਭੇਂਟ ਚੜ੍ਹ ਗਿਆ ਸੀ। ਇਸ ਘਟਨਾ ਨੇ ਜਗਤਾਰ ਨੂੰ ਹੋਰ ਤਲਖ਼ ਬਣਾ ਦਿੱਤਾ ਸੀ। ਉਸ ਦਾ ਅਗਲੇਰਾ ਬਹੁਤ ਸਮਾਂ ਥਾਣਿਆਂ, ਕਚਹਿਰੀਆਂ ਤੇ ਵਕੀਲਾਂ ਦੇ ਗੇੜੇ ਮਾਰਦਿਆਂ ਬੀਤਿਆ। ਕਾਨੂੰਨ ਦੀ ਲਚਕ ਦਾ ਲਾਹਾ ਲੈ ਕੇ ਮੁਜਰਿਮ ਫੇਰ ਵੀ ਪਿੰਡ ਆ ਗਏ ਸਨ। ਇਸ ਨੱਸ-ਭੱਜ ਨੇ ਜਗਤਾਰ ਦੀ ਬਹੁਤ ਸਾਰੀ ਊਰਜਾ ਨੂੰ ਸੋਖ ਲਿਆ।

ਉਸ ਨੇ ਸ਼ੀਸ਼ੇ ਦਾ ਜੰਗਲ ਦੀ ਇਕ ਗਜ਼ਲ ਦਾ ਮਕਤਾ ਲਿਖਦਿਆਂ ਆਪਣਾ ਸਾਰਾ ਦੁੱਖ ਉਲੱਦ ਦਿੱਤਾ:

ਲੰਘ ਗਿਆ ਪਰਲੋ ਜਿਹਾ ਜਦਕਿ ਪਛੱਤਰਵਾਂ ਵਰ੍ਹਾ
ਕੀ ਭਲਾ ਜਗਤਾਰ ਇਸ ਤੋਂ ਵੱਧ ਛਿਅੱਤਰ ਆਏਗਾ

ਇਹ ਤਾਂ 1975 ਦਾ ਬਿਆਨ ਸੀ ਪਰ 75 ਦਾ ਅੰਕੜਾ ਉਨ੍ਹਾਂ ਦੇ ਚੇਤ-ਅਚੇਤ ਉੱਪਰ ਡੂੰਘਾ ਉਕਰਿਆ ਪਿਆ ਸੀ। ਜਗਤਾਰ ਹੋਰੀਂ ਅਸਲ ਵਿਚ 75 ਸਾਲਾਂ ਦੀ ਉਮਰ ਭੋਗ ਕੇ ਦੁਨੀਆਂ ਨੂੰ ਵਿਦਾ ਆਖ ਗਏ।

ਜਗਤਾਰ ਦੁਨੀਆਂ ਦੇ ਸਾਰੇ ਸਿਤਮਾਂ ਦਾ ਬਦਲਾ ਸਾਰੀ ਕੁਦਰਤ ਤੋਂ ਲੈਣਾ ਚਾਹੁੰਦਾ ਸੀ ਪਰ ਉਸ ਦਾ ਤਰਲ ਕਵੀ ਮਨ ਇਸ ਕੰਮ ਦੇ ਰਾਹ ਵਿਚ ਰੋਕ ਵਾਂਗ ਖੜ੍ਹਾ ਰਹਿੰਦਾ। ਜਗਤਾਰ ਦੇ ਸ਼ਿਕਾਰ ਕਰਨ ਬਾਰੇ ਪੰਜਾਬੀ ਦੇ ਕੁਝ ਲੇਖਕਾਂ ਨੇ ਮਜ਼ਾਹੀਆ ਕਿੱਸੇ ਵੀ ਜੋੜ ਰੱਖੇ ਹਨ। ਉਨ੍ਹਾਂ ਦੇ ਡਰਾਇੰਗ ਰੂਮ ਦੀ ਕੰਧ ਉੱਪਰ ਲਟਕਦੀ ਸ਼ੇਰ ਦੀ ਖੱਲ, ਜਿਸ ਨੂੰ ਜਗਤਾਰ ਆਪਣੇ ਸ਼ਿਕਾਰ ਨਾਲ ਜੋੜਦਾ, ਸਦਾ ਰਿਸ਼ੀਆਂ ਹੇਠ ਵਿਛਾਈ ਤਪਸ਼ਾਲ ਵਰਗੀ ਲੱਗਦੀ। ਸਿੱਕਿਆਂ ਦਾ ਅਥਾਹ ਭੰਡਾਰ ਜਗਤਾਰ ਹੋਰਾਂ ਨੂੰ ਘੋਖੀ ਵਜੋਂ ਸਾਹਮਣੇ ਲਿਆਉਂਦਾ ਤਾਂ ਭਾਰਤ ਦੇ ਕਿਲ੍ਹਿਆਂ ਬਾਰੇ ਉਨ੍ਹਾਂ ਦੀ ਜਾਣਕਾਰੀ ਹੈਰਾਨ ਕਰਨ ਵਾਲੀ ਸੀ। ਜਗਤਾਰ ਅੰਦਰ ਇਕ ਡੱਕਿਆ ਹੋਇਆ ਜੋਗੀ ਬੈਠਾ ਸੀ ਜੋ ਸਾਰੀ ਧਰਤੀ ਨੂੰ ਆਪਣੇ ਕਦਮਾਂ ਨਾਲ ਮਾਪ ਦੇਣ ਲਈ ਬਿਹਬਲ ਸੀ ਪਰ ਫਰਜ਼ਾਂ ਦੀ ਜ਼ੰਜੀਰ ਉਸ ਨੂੰ ਦੇਹਲੀ ਨਹੀਂ ਟੱਪਣ ਦਿੰਦੀ ਸੀ।

ਜਗਤਾਰ ਨੇ ਤਕਰੀਬਨ ਸੱਠ ਸਾਲ ਕਵਿਤਾ ਲਿਖੀ। ਉਨ੍ਹਾਂ ਗਾਣੇ ਲਿਖਣ ਤੋਂ ਸ਼ੁਰੂਆਤ ਕੀਤੀ। ਨਾਵਲਕਾਰ ਨਾਨਕ ਸਿੰਘ ਨੇ ਉਸ ਦੇ ਗਾਣੇ ਸੁਣ ਕੇ ਉਸ ਨੂੰ ਸੰਜੀਦਾ ਕਵਿਤਾ ਲਿਖਣ ਦੀ ਸਲਾਹ ਦਿੱਤੀ। ਜਗਤਾਰ ਨੇ ਆਪਣੀ ਜ਼ਬਾਨ ਨੂੰ ਭਰਪੂਰ ਕਰਨ ਲਈ ਨਜ਼ਮਾਂ, ਗਜ਼ਲਾਂ ਤੇ ਗੀਤ ਲਿਖੇ। ਉਸ ਦੀ ਕਵਿਤਾ ਵਿੱਚੋਂ ਲੋਕ ਮੁਹਾਵਰਾ ਤੇ ਕੰਨਰਸ ਕਦੇ ਗੈਰ-ਹਾਜ਼ਰ ਨਹੀਂ ਹੋਏ। ਨਜ਼ਮ ਲਿਖਦਿਆਂ ਵੀ ਜਗਤਾਰ ਨੇ ਖੁਸ਼ਕ ਵਾਰਤਕ ਦੀ ਥਾਂ ਵਹਾਅ



ਡਾ. ਜਗਤਾਰ

ਵਿਚ ਲਰਜ਼ਦੇ ਖਿਆਲਾਂ ਨੂੰ ਰੂਪ ਦਿੱਤਾ। ਨਜ਼ਮ ਵਿਚ ਜਗਤਾਰ ਨੇ ਨਿੱਜ ਤੋਂ ਲੈ ਕੇ ਸਮੇਂ ਦੀਆਂ ਦਰਪੇਸ਼ ਵੰਗਾਰਾਂ ਨੂੰ ਸੰਬੋਧਿਤ ਕੀਤਾ। ਪ੍ਰਬੰਧ ਦਾ ਦਮਿਤ ਮਨੁੱਖ ਉਸ ਦੀਆਂ ਕਵਿਤਾਵਾਂ ਵਿਚ ਆਪਣੀ ਸਾਰੀ ਬੇਵਸੀ, ਖਿਝ ਤੇ ਸੰਵੇਦਨਾ ਸਮੇਤ ਪੇਸ਼ ਹੁੰਦਾ ਹੈ। 'ਨਿੱਕੇ ਵੱਡੇ ਡਰ' ਵਰਗੀਆਂ ਸਦੀਵੀ ਨਜ਼ਮਾਂ ਮਨੁੱਖੀ ਹੋਂਦ ਦੇ ਅੰਦਰੂਨੀ ਤੇ ਬਹਿਰੂਨੀ ਤੌਖਲਿਆਂ ਨੂੰ ਪ੍ਰਗਟ ਕਰਦੀਆਂ ਹਨ। ਪਰ ਉਸ ਦੇ ਗਜ਼ਲ ਲੇਖਨ ਨੇ ਉਸ ਦੀ ਨਜ਼ਮਕਾਰੀ ਨੂੰ ਢਕ ਕੇ ਰੱਖਿਆ। ਗਜ਼ਲ ਤੇ ਜਗਤਾਰ ਤਾਂ ਇਸ ਕਦਰ ਇਕਮਿਕ ਹੋਏ ਕਿ ਉਸ ਨੇ ਪੂਰੀ ਰਵਾਇਤ ਨੂੰ ਮੋੜਾ ਦੇਣ ਵਰਗਾ ਕਾਰਜ ਕੀਤਾ। ਉਸ ਨੇ ਗਜ਼ਲ ਲਿਖਣੀ ਸ਼ੁਰੂ ਕੀਤੀ ਤਾਂ ਗਜ਼ਲ ਨੂੰ ਕੋਈ ਗੰਭੀਰਤਾ ਨਾਲ ਨਹੀਂ ਸੀ ਦੇਖਦਾ। ਸ਼ੀਸ਼ੇ ਦਾ ਜੰਗਲ ਛਪ ਕੇ ਆਈ ਤਾਂ ਦੋਵਾਂ ਪੰਜਾਬਾਂ ਦੇ ਪਾਠਕ ਹੈਰਾਨ ਰਹਿ ਗਏ। ਇਹ ਵਰਣਨ ਨਹੀਂ ਬਿਰਤਾਂਤ ਦੀ ਗਜ਼ਲਕਾਰੀ ਸੀ। ਮਨੁੱਖ ਆਪਣੇ ਦੁੱਖਾਂ-ਸੁੱਖਾਂ ਤੇ ਹੋਰ ਜਜ਼ਬਿਆਂ ਸਮੇਤ ਇਸ ਗਜ਼ਲ ਦੇ ਕੇਂਦਰ ਵਿਚ ਸੀ ਤੇ ਸ਼ੀਸ਼ੇ ਦਾ ਜੰਗਲ ਦੀ ਗਜ਼ਲ ਮਰੀ ਹੋਈ ਸੂਚਨਾ ਨਹੀਂ ਸਗੋਂ ਧੜਕਦੀ ਸੁਹਜਮਈ ਇਬਾਰਤ ਸੀ। ਕੁਦਰਤ ਆਪਣੇ ਵਿਭਿੰਨ ਰੰਗਾਂ ਵਿਚ ਜਗਤਾਰ ਦੀ ਗਜ਼ਲ ਦੇ ਬਦਲਦੇ ਤੇਵਰਾਂ ਨੂੰ ਕਲਾਵੇ ਭਰਦੀ ਦਿਖਾਈ ਦੇ ਰਹੀ ਸੀ:

ਇਹ ਸ਼ਾਮ ਘਣੀ ਕਹਿਰ ਬਣੀ ਡਸ ਰਹੇ ਸਾਏ
ਨੈਣਾਂ 'ਚ ਜਗੇ ਦੀਪ ਤਾਂ ਦਿਲ ਬੁਝਦਾ ਈ ਜਾਏ
ਜੰਗਲ ਦੀ ਜਿਵੇਂ ਰਾਤ ਡਰਾਉਣੀ ਤੇ ਲੁਭਾਉਣੀ
ਇਉਂ ਯਾਦ ਤੇਰੀ ਆ ਕੇ ਕਈ ਰੰਗ ਵਖਾਏ

ਯਾਰੋ ਦੁਆ ਕਰੋ ਕਿ ਜੋ ਰੌਸ਼ਨੀ ਦਿਸੀ ਹੈ
ਪਰਭਾਤ ਜੇ ਨਹੀਂ ਤਾਂ ਜੰਗਲ ਦੀ ਅੱਗ ਹੋਵੇ

ਜਗਤਾਰ ਦੀ ਸ਼ਾਇਰੀ ਵਿਚ ਜੰਗਲ ਬੜੇ ਅਰਥਾਂ ਵਿਚ ਹਾਜ਼ਰ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਜੰਗਲ ਸ਼ਾਇਰ ਦੀ ਚੇਤਨਾ ਵਿਚ ਬਣੇ ਕਈ ਰੰਗਾਂ ਦਾ ਕੋਲਾਜ ਹੋਵੇ। ਜੰਗਲ ਨੂੰ ਉਸ ਨੇ ਸਭਿਆਚਾਰੀਕਰਨ ਦੇ ਰਾਹ ਦੀ ਬੰਦਿਸ਼ ਵਜੋਂ ਵੀ ਪੇਸ਼ ਕੀਤਾ ਤੇ ਸਭਿਆਚਾਰੀਕਰਨ ਦੀ ਕਰੂਰਤਾ ਤੋਂ ਆਸਰੇ ਵਜੋਂ ਵੀ। ਕਦੇ ਕਦੇ ਜੰਗਲ ਦੀ ਇਹ ਅਕਾਸੀ ਨਿੱਜੀ ਦੁੱਖਾਂ ਦੀ ਨਿਸ਼ਾਨਦੇਹੀ ਵੀ ਲੱਗਦੀ ਹੈ। ਇਸ ਦੇ ਨਾਲ ਹੀ ਉਸ ਦੇ ਹੋਰ ਪਸੰਦੀਦਾ ਬਿੰਬ ਦਰਿਆ ਤੇ ਦੀਵਾ ਹਨ। ਦੀਵਾ ਜੰਗਲ ਦੇ ਡਰਾਉਣੇਪਨ ਵਿਚ ਨਿੱਘ ਤੇ ਚਾਨਣ ਦਾ ਰੂਪਕ ਹੈ ਤਾਂ ਦਰਿਆ ਆਪਣੇ ਵਹਾਅ ਕਾਰਨ ਹਰ ਜੰਗਲ ਤੋਂ ਪਾਰ ਹੋ ਜਾਂਦਾ ਹੈ। ਟੈਰੀ ਈਗਲਟਨ ਠੀਕ ਹੀ ਕਹਿੰਦਾ ਹੈ ਕਿ ਕਿਸੇ ਕਵਿਤਾ ਦੇ ਬਿੰਬ ਕਵੀ ਦੇ ਤਜਰਬਿਆਂ ਦੇ ਥਮਲੇ ਹੁੰਦੇ ਹਨ।

ਜਗਤਾਰ ਹਰ ਲਾਗੂ ਅਨੁਸ਼ਾਸਨ ਦੇ ਉਲਟ ਰੁਖ ਖੜ੍ਹਨ ਵਾਲੀ ਤਬੀਅਤ ਸੀ। ਉਸ ਦੀਆਂ ਲਿਖਤਾਂ ਦੇ ਸਮਾਨਾਂਤਰ ਖੜ੍ਹੇ ਸਵਾਲ ਉਸ ਨੂੰ ਹੋਰ ਬਿਹਤਰ ਤੇ ਚੌਖਟੇ ਤੋਂ ਬਾਹਰ ਰਹਿਣ ਲਈ ਉਕਸਾਉਂਦੇ ਸਨ। ਜਦੋਂ ਉਸ ਦੀ ਗਜ਼ਲ ਵਿਚ ਅਰੂਜ਼ ਦੀਆਂ ਖਾਮੀਆਂ ਬਾਰੇ ਸਵਾਲ ਖੜ੍ਹੇ ਹੋਏ ਤਾਂ ਉਸ ਨੇ ਕਿਹਾ:

ਕੁਝ ਲੋਕ ਪਟਵਾਰੀ ਤਰ੍ਹਾਂ ਗਜ਼ਲਾਂ ਨੇ ਨਾਪਦੇ
ਮਫ਼ਊਲ ਫਾਇਲਾਤ ਦੀ ਹੱਥ ਵਿਚ ਜਰੀਬ ਹੈ

ਜਿਸਨੂੰ ਦਾਅਵਾ ਹੈ ਪਿੰਗਲ ਦਾ ਮੇਰੇ ਵਰਗੇ ਸ਼ਿਅਰ ਕਹੇ
ਜੇ ਨਈਂ ਸੋਚ, ਬੁਲੰਦੀ, ਜਜ਼ਬਾ ਕਿਸ ਕੰਮ ਇਹ ਫਿਅਲਨ ਫਿਅਲਾਤ

ਇਹ ਬਿਆਨ ਰੂਪ ਦੇ ਮੁਕਾਬਲੇ ਵਸਤੂ ਨੂੰ ਮਹੱਤਵ ਦੇਣ ਵਾਲੀ ਕਾਵਿਕਾਰੀ ਦੇ ਹੱਕ ਵਿਚ ਤਾਂ ਸੀ ਹੀ, ਕਵਿਤਾ ਦੇ ਬਦਲਵੇਂ ਯੁਗ ਅਨੁਸਾਰ ਵਿਧਾਈ ਢਾਂਚੇ ਬਾਰੇ ਵੀ ਸੀ। ਸਿਰਫ ਗਜ਼ਲ ਵਿਚ ਹੀ ਨਹੀਂ ਕਵਿਤਾ ਵਿਚ ਵੀ ਉਸ ਨੇ ਫੋਕੀਆਂ ਤੇ ਲੈਅਹੀਣ ਸਤਰਾਂ ਨੂੰ ਨਸਰ ਵਾਂਗ ਬੀੜਨ ਨੂੰ ਰੱਦ ਕੀਤਾ ਤੇ ਸ਼ਬਦਾਂ ਦੀ ਅੰਦਰੂਨੀ ਤਾਲ ਵਾਲੀ ਕਵਿਤਾ ਲਿਖੀ।

ਜਗਤਾਰ ਦੀਆਂ ਕਵਿਤਾਵਾਂ ਵਿਚ ਬਹੁਤ ਸਾਰੇ ਮਰਸੀਏ ਹਨ। ਇਹ ਮਰਸੀਏ ਉਸ ਦੇ ਅੰਦਰਲੇ ਕਬਰਿਸਤਾਨ ਵਿਚ ਬਹਿ ਕੇ ਲਿਖੇ ਗਏ ਹਨ। ਕੁਝ ਸ਼ਖਸੀਅਤਾਂ ਦੇ ਹਵਾਲੇ ਨਾਲ ਮਰ ਰਹੀਆਂ ਜਜ਼ਬਾਤੀ ਸਾਂਝਾਂ ਬਾਰੇ ਆਪਣਾ ਫਿਕਰ ਜ਼ਾਹਿਰ ਕਰਦਾ ਹੈ। ਇਹ ਫਿਕਰ ਹੌਲੀ ਹੌਲੀ ਆਪਣੇ ਆਪ ਦੇ ਮਰਸੀਏ ਤਕ ਆ ਜਾਂਦਾ ਹੈ। ਇੰਝ ਇਹ ਕਵਿਤਾ ਕਾਇਨਾਤ ਤੋਂ ਜ਼ਾਤ ਦੇ ਦਰਮਿਆਨ ਮਨੁੱਖੀ ਭਾਵਨਾ ਦੀ ਲਰਜ਼ਦੀ ਭਾਵੁਕ ਤਰੰਗ ਬਣਦੀ ਹੈ।

ਸ਼ਾਮਾਂ ਬਾਰੇ ਉਸ ਦੀਆਂ ਕਵਿਤਾਵਾਂ ਵੀ ਮਨੁੱਖੀ ਮਨ ਦੇ ਕੁਦਰਤ ਨੂੰ ਜਾਨਣ ਦੇ ਅਹਿਸਾਸ ਹਨ। ਇਨ੍ਹਾਂ ਕਵਿਤਾਵਾਂ ਵਿਚ ਭੌਤਿਕ ਸਥਿਤੀ ਬਦਲਦੀ ਹੈ, ਪਰ ਸੰਵੇਦਨਾ ਯਥਾ ਰਹਿੰਦੀ ਹੈ। ਸ਼ਾਮ ਸਫਰ ਦੇ ਪੜਾਅ ਦਾ ਸੂਚਕ ਹੈ ਤੇ ਮਨੁੱਖੀ ਉਮਰ ਦੇ ਟਿਕਾਓ ਦਾ ਵੀ। ਇਨ੍ਹਾਂ ਕਵਿਤਾਵਾਂ ਰਾਹੀਂ ਕਵੀ ਆਪਣੇ ਅਨੁਭਵਾਂ ਨੂੰ ਮੁਕਾਮ ਦੀ ਸਥਿਤੀ ਤਕ ਲਿਜਾ ਕੇ ਅਰਥਾਂ ਦੇ ਨਿਵੇਕਲੇ ਰੰਗ ਬਿਖੇਰਦਾ ਹੈ। ਉਸ ਨੇ ਸਦਾ ਆਪਣੇ ਸਮਕਾਲ ਬਾਰੇ ਲਿਖਿਆ ਭਾਵੇਂ ਇਤਿਹਾਸ-ਮਿਥਿਹਾਸ ਦਾ ਲੜ ਛੱਡਿਆ ਨਹੀਂ। ਜੁਝਾਰੂ ਕਾਲ ਵਿਚ 'ਹਰ ਮੋੜ 'ਤੇ ਸਲੀਬਾਂ' ਲਿਖਣ ਵਾਲਾ ਜਗਤਾਰ ਗੋਧਰਾ ਦੰਗਿਆਂ ਬਾਰੇ ਜ਼ੋਰਦਾਰ ਵਿਰੋਧੀ ਕਾਵਿਕ ਸੁਰ ਉਚਾਰਦਾ ਦਿਸਿਆ।

ਜਗਤਾਰ ਨੂੰ ਜਾਣਨ ਵਾਲਿਆਂ ਨੂੰ ਪਤਾ ਹੈ ਕਿ ਉਹ ਸਿਰਫ ਗਜ਼ਲਕਾਰ ਜਾਂ ਕਵੀ ਜਗਤਾਰ ਨਹੀਂ। ਉਹ ਕੋਸ਼ਕਾਰ ਵੀ ਹੈ, ਉਲਥਾਕਾਰ ਵੀ, ਲਿਪੀ ਪਰਤੌਂਣ ਵਾਲਾ ਵੀ ਤੇ ਸਾਹਿਤ ਇਤਿਹਾਸਕਾਰ ਵੀ। ਉਸ ਨੇ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਦੇ ਕਲਾਮ ਦੀ ਪ੍ਰਮਾਣਿਕਤਾ ਬਾਰੇ ਤਿੱਖੀਆਂ ਟਿੱਪਣੀਆਂ ਵਾਲੀਆਂ ਕਿਤਾਬਾਂ ਲਿਖੀਆਂ। ਬਹੁਤ ਸਾਰੀਆਂ ਕਿਤਾਬਾਂ ਨੂੰ ਗੁਰਮੁਖੀ ਵਿਚ ਲਿਪੀਅੰਤਰ ਕੀਤਾ। ਆਖਰੀ ਦਿਨਾਂ ਵਿਚ ਉਹ ਸੁਲਤਾਨ ਬਾਹੂ ਦੇ ਕਲਾਮ ਬਾਰੇ ਸਮੱਗਰੀ ਇਕੱਠੀ ਕਰਨ ਦੇ ਆਹਰ ਵਿਚ ਸੀ।

ਜਗਤਾਰ ਕਦੇ ਇਨਾਮਾਂ-ਸਨਮਾਨਾਂ ਜਾਂ ਅਹੁਦਿਆਂ ਪਿੱਛੇ ਨਹੀਂ ਭੱਜਿਆ। ਉਸ ਵਿਚ ਇਨਕਾਰ ਕਰਨ ਦੀ ਜੁਰਅਤ ਸੀ ਜੋ ਉਸ ਨੂੰ ਹੋਰ ਬੁਲੰਦ ਕਰਦੀ ਸੀ।

ਮਾਰਚ ਦਾ ਮਹੀਨਾ ਅੱਧੇ ਤੋਂ ਬਹੁਤਾ ਗੁਜ਼ਰ ਗਿਆ ਹੈ। ਦਰੱਖਤਾਂ 'ਤੇ ਨਵੇਂ ਪੱਤੇ ਫੁੱਟ ਰਹੇ ਹਨ ਤੇ ਫਿਜ਼ਾ ਵਿਚ ਨਿਸਰੀਆਂ ਕਣਕਾਂ ਦੀ ਮਹਿਕ ਫੈਲੀ ਹੋਈ ਹੈ। ਮੈਂ ਤੜਕੇ ਤੜਕੇ ਸੈਰ ਕਰਦਾ ਰਾਜ ਗੋਮਾਲ ਤਕ ਆਇਆ ਹਾਂ। ਸੂਰਜ ਦੀ ਪਹਿਲੀ ਕਿਰਨ ਜਗਤਾਰ ਦੇ ਘਰ ਕੋਲ ਨਿੰਮ ਉੱਪਰ ਪਈ ਹੈ। ਮੈਨੂੰ ਯਾਦ ਆਇਆ ਹੈ ਕਿ ਉਹ ਦਰਵੇਸ਼ 23 ਮਾਰਚ ਨੂੰ ਜਨਮਿਆ ਤੇ 30 ਮਾਰਚ ਨੂੰ ਵਿਦਾ ਹੋਇਆ ਸੀ। ਆਪਣੇ ਪਿੰਡ ਪਹੁੰਚ ਕੇ ਮੈਂ ਮੁੜ ਕੇ ਵੇਖਿਆ। ਮੀਲ ਪੱਥਰ ਉੱਪਰ ਰਾਜ ਗੋਮਾਲ ਦੋ ਕਿਲੋਮੀਟਰ ਲਿਖਿਆ ਹੋਇਆ ਹੈ।

ਮੈਂ ਜਗਤਾਰ ਨਾਲ ਜੁੜੀਆਂ ਕਿੰਨੀਆਂ ਹੀ ਯਾਦਾਂ ਸਮੇਟਦਾ ਡਿੰਗ ਰਹੇ ਦੋ ਹੰਝੂ ਪੂੰਝਣ ਲੱਗਦਾ ਹਾਂ। ਉਸ ਦਾ ਸ਼ਿਅਰ ਯਾਦ ਆਉਂਦਾ ਹੈ:

ਆਪਣੇ ਅੰਜਾਮ ਤੋਂ ਵਾਕਿਫ ਹਾਂ ਮੈਂ
ਤੂੰ ਵੀ ਡੁੱਬਦੇ ਦਿਨ ਦਾ ਮੰਜ਼ਰ ਵੇਖ ਲੈ।

# ਕਹਾਣੀ ਜੁੜਦੀ ਕਿਵੇਂ ਹੈ?

*(ਪਿਛਲੇ ਸਫੇ ਦੀ ਬਾਕੀ)*

ਨੂੰ ਜੀ ਨਹੀਂ ਕਰਦਾ ਤੇ ਨਵਾਂ ਜ਼ਮਾਨਾ ਮੁੜ ਵਿਚ ਆਉਂਦਾ ਨਹੀਂ। ਸਾਹਿਤ ਦੇ ਹੋਰ ਰੂਪਾਂ ਨਾਲੋਂ ਕਹਾਣੀ ਸਭ ਤੋਂ ਛੇਤੀ ਬਹਿਆ ਹੋ ਜਾਣ ਵਾਲਾ ਰੂਪ ਹੈ। ਲੋਕ ਨਵੀਂ ਸਮੱਗਰੀ ਦੀ ਮੰਗ ਕਰਦੇ ਹਨ ਜਿਸ ਦਾ ਅੱਜ ਦੇ ਸਮੇਂ ਨਾਲ ਕੁਝ ਜੋੜ ਹੋਵੇ। ਜਿੱਥੇ ਲੋਕੀ 1942 ਦੀ ਲਹਿਰ ਨਾਲ ਭਾਰਤ ਦੀ ਵੰਡ ਨਾਲ ਸੰਬੰਧਤ ਕੋਈ ਨਾਵਲ ਪੜ੍ਹ ਕੇ ਬਹੁਤ ਖੁਸ਼ ਹੋਣਗੇ, ਉੱਥੇ ਉਹ ਇਹਨਾਂ ਸਮਿਆਂ ਬਾਰੇ ਕਹਾਣੀਆਂ ਦੀ ਏਨੀ ਕਦਰ ਨਹੀਂ ਕਰਨ ਲੱਗੇ। ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦਾ ਹਿੰਦੁਸਤਾਨੀਆਂ ਨਾਲ ਘ੍ਰਿਣਾ ਭਰਿਆ ਸਲੂਕ ਇੱਕ ਵਧੀਆ ਨਾਵਲ ਦਾ ਵਿਸ਼ਾ ਤਾਂ ਬਣ ਸਕਦਾ ਹੈ ਪਰ ਇਹੀ ਗੱਲ ਕਿਸੇ ਕਹਾਣੀ ਨੂੰ ਉਨੀ ਸਫਲ ਨਹੀ ਬਣਾਣ ਲੱਗੀ। ਕਹਾਣੀ ਵਿਚ ਕਲਾਕਾਰ ਦੀ ਸੂਝੇ ਦੀ ਸਭ ਤੋਂ ਅਗਲੇਰੀ ਤੇ ਦੁਰਾਡੀ ਪਹੁੰਚ ਦੀ ਆਸ ਕੀਤੀ ਜਾਂਦੀ ਹੈ। ਜੇ ਫੌਜੀ ਕਾਰਵਾਈ ਵਿਚੋਂ ਉਪਮਾ ਦੇਣ ਦੀ ਆਗਿਆ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਕਹਾਣੀ ਸਭ ਤੋਂ ਅਗਲੀ ਤੇ ਦੁਰਾਡੀ ਚੌਕੀ ਹੈ ਤੇ ਕਹਾਣੀਕਾਰ ਬਾਰਡਰ ਸਕਾਊਟਸ ਹਨ ਜਿਹੜੇ ਹਰ ਵੇਲੇ ਹੋਰ ਅਗਾਂਹ ਘੋਖਣ ਤੇ ਜਾਂਚਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਜਿਸ ਤਰ੍ਹਾਂ ਸਮਾਜ ਆਪਣੇ ਕਲਾਕਾਰਾਂ ਤੋਂ ਇਹ ਆਸ ਕਰਦਾ ਹੈ ਕਿ ਉਹ ਉਸ ਨੂੰ ਨਵੇਂ-ਨਵੇਂ ਖਿਆਲ ਦਸਣ, ਇਸੇ ਤਰ੍ਹਾਂ ਕਲਾਕਾਰਾਂ ਵਿਚੋਂ ਕਹਾਣੀਕਾਰ ਤੋਂ ਸਭ ਤੋਂ ਨਵੇਂ ਤੇ ਸਜਰੇ ਖਿਆਲਾਂ ਦਾ ਧਾਰਨੀ ਹੋਣ ਦੀ ਆਸ ਕੀਤੀ ਜਾਂਦੀ ਹੈ ਕਿਉਂਕਿ ਉਹ ਦੂਜੇ ਕਲਾਕਾਰਾਂ ਨਾਲੋਂ ਹੌਲੇ ਭਾਰ ਟੁਰਦੇ ਸਮਝੇ ਜਾਂਦੇ ਹਨ। ਇਹ ਆਸ ਤਾਂ ਹੀ ਪੂਰੀ ਕੀਤੀ ਜਾ ਸਕਦੀ ਹੈ ਜੇ ਕਹਾਣੀਕਾਰ ਦਾ ਮਨ ਇਸ ਤਰ੍ਹਾਂ ਸਾਫ ਹੋਵੇ ਕਿ ਉਹ ਲੰਘਦੇ ਤੁਰਦੇ ਪ੍ਰਭਾਵਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ ਸਕੇ।

ਮੈਨੂੰ ਚਿਹਰੇ ਵੇਖਣ ਜਿੰਨਾ ਸਵਾਦੀ ਹੋਰ ਕੋਈ ਕੰਮ ਨਹੀਂ ਲੱਗਦਾ। ਬੱਸਾਂ ਦੇ ਅੱਡਿਆਂ ਉੱਤੇ ਮੇਰਾ ਬਹੁਤ ਜੀ ਲਗਦਾ ਹੈ। ਇਸ ਕੰਮਾਂ ਭਰੀ ਦੁਨੀਆ ਵਿਚ ਇਹ ਸੋਚ ਕੇ ਮੈਨੂੰ ਔਖ ਹੁੰਦਾ ਹੈ ਕਿ ਭਾਵੇਂ ਹੋ ਰਹਿਆ ਕੰਮ ਵੇਖਣਾ ਮੈਨੂੰ ਬਹੁਤ ਚੰਗਾ ਲਗਦਾ ਹੈ ਤੇ ਕੰਮ ਨਾਲ ਮੈਨੂੰ ਪਿਆਰ ਹੈ ਪਰ ਮੈਂ ਆਪ ਕੋਈ ਬਹੁਤਾ ਕੰਮ ਨਹੀਂ ਕਰਦਾ। ਅਸਲ ਵਿਚ ਮੈਂ ਇੱਕ ਐਸੇ ਕੰਮ ਦੀ ਪਕੜ ਵਿਚ ਹਾਂ ਜਿਸ ਨੂੰ ਮੈਂ ਆਪ ਇੱਕ ਪੁੱਠਾ ਕੰਮ ਸਝਦਾ ਹਾਂ ਤੇ ਜਿਸ ਦੀ, ਜਾਇਜ਼ ਤੌਰ 'ਤੇ, ਕੋਈ ਕਦਰ ਨਹੀਂ। ਪਰ ਜੇ ਮੈਂ ਇਹ ਕੰਮ ਵੀ ਨਾ ਕਰਾਂ ਤਾਂ ਇਸ ਗੱਲ ਦਾ ਕੋਈ ਜਵਾਬ ਨਹੀਂ ਹੋਵੇਗਾ ਕਿ ਮੈਂ ਕਿਸੇ ਹੋਰ ਕੰਮ ਦੇ ਯੋਗ ਨਹੀਂ। ਪਰ ਮੈਨੂੰ ਇਸ ਗੱਲ ਤੋਂ ਧੀਰਜ ਮਿਲਦਾ ਹੈ ਕਿ ਮੇਰੇ ਵੱਡੇ ਵਡੇਰੇ ਜਿਹੜੇ ਮੇਰੀ ਹੋਂਦ ਦੇ ਜ਼ਿੰਮੇਵਾਰ ਹਨ, ਵਾਹੀ ਦਾ ਬਹੁਤ ਕਰਦੇ ਰਹੇ ਹਨ ਤੇ ਉਹਨਾਂ ਦੇ ਕੀਤੇ ਕੰਮ ਦਾ ਸਦਕਾ ਮੈਨੂੰ ਇੱਥੇ ਜਿਊਣ ਦਾ ਹੱਕ ਮਿਲਦਾ ਹੈ। ਜਿਸ ਥਾਂ ਉੱਤੇ ਉਹ ਕਈ ਸਦੀਆਂ ਕੰਮ ਕਰਦੇ ਰਹੇ, ਉਹ ਹੁਣ ਪਾਕਿਸਤਾਨ ਵਿਚ ਪਰ ਉਸ ਕੰਮ ਦਾ ਸਾਂਝੇ ਦੇਸ਼ ਦੀ ਉੱਨਤੀ ਵਿਚ ਹਿੱਸਾ ਜ਼ਰੂਰ ਹੈ। ਜੇ ਨਹਿਰਾਂ ਇਸ ਆਸ ਉੱਤੇ ਪੁਟੀਆਂ ਗਈਆਂ ਕਿ ਕਿਰਸਾਨ ਮਿਹਨਤ ਕਰਕੇ ਬਹੁਤ ਫਸਲ ਉਗਾਉਣਗੇ ਜਾਂ ਸੜਕਾਂ ਤੇ ਰੇਲਾਂ ਇਸ ਲਈ ਬਣਾਈਆਂ ਗਈਆਂ ਕਿ ਇਹ ਅਨਾਜ ਹੋਰ ਥਾਂ ਲਿਜਾਣਾ ਸੌਖਾ ਹੋਵੇਗਾ ਤੇ ਨਾਲ ਹੀ ਤਾਰਾਂ, ਟੈਲੀਫੂਨ ਲਾਏ ਗਏ ਤਾਂ ਉਨ੍ਹਾਂ ਦਾ ਦੇਸ਼ ਦੀ ਉੱਨਤੀ ਵਿਚ ਹਿੱਸਾ ਬਣਦਾ ਹੈ। ਮੈਂ ਅਜਿਹੇ ਲੋਕਾਂ ਵਿਚ ਪਲਿਆ ਹਾਂ ਜਿਹੜੇ ਕਿਸੇ ਵੀ ਬਹਾਨੇ ਲੋ ਲਗਣ ਤੱਕ ਮੰਜੀ ਉੱਤੇ ਲੇਟੇ ਹੋਣਾ ਪਾਪ ਸਮਝਦੇ ਸਨ ਤੇ ਜਿਨ੍ਹਾਂ ਲਈ ਸੋਹਰੇ ਜਾਂ ਮੇਲੇ ਜਾਣ ਤੋਂ ਬਿਨਾਂ ਕਦੀ ਕੋਈ ਛੁੱਟੀ ਨਹੀਂ ਹੁੰਦੀ ਸੀ।

ਜੋ ਚੀਜ਼ਾਂ ਮੈਂ ਬਹੁਤ ਤਰਲੇ ਨਾਲ ਮੰਗਦਾ ਹਾਂ, ਉਨ੍ਹਾਂ ਵਿਚੋਂ ਇੱਕ ਆਜ਼ਾਦੀ ਹੈ। ਆਜ਼ਾਦੀ ਤੋਂ ਮੇਰਾ ਭਾਵ ਜਿੱਥੇ, ਜਿਸ ਹਾਲ ਵਿਚ ਮਰਜ਼ੀ ਹੋਵੇ ਬੈਠਾ ਜਾਂ ਫਿਰਦਾ ਰਵਾਂ, ਜਿਸ ਨਾਲ ਨਾ ਮਰਜ਼ੀ ਹੋਵੇ ਨਾ ਬੋਲਾਂ। ਜਿੱਥੇ ਨਾ ਜਾਣ ਚਾਹਵਾਂ ਉੱਥੇ ਜਾਣਾ ਨਾ ਪਵੇ। ਕਦੀ ਕਦੀ ਮਨ ਵਿਚ ਆਉਂਦਾ ਹੈ ਕਿ ਨੌਕਰੀ ਛੱਡ ਕੇ ਪਿੰਡ ਜਾ ਰਹਾਂ। ਵਾਹੀ ਕਰਾਂ। ਕਿੰਨਾ ਕਮਾਦ ਤੇ ਮੁੰਜੀ ਮੇਰੇ ਹੱਥਾਂ ਵਿਚੋਂ ਲੰਘੇਗੀ ਤੇ ਮੈਨੂੰ ਸਵਾਦ ਆਵੇਗਾ। ਫਿਰ ਸੋਚਦਾ ਹਾਂ ਕਿ ਪਿੰਡ ਵਿਚ ਏਨੀ ਆਜ਼ਾਦੀ ਨਹੀਂ ਹੋਵੇਗੀ। ਹਰ ਇੱਕ ਦਾ ਹਰ ਇੱਕ ਜਾਵੇ ਹੁੰਦਾ ਹੈ। ਜੇ ਕਿਸੇ ਨਾਲ ਗੱਲ ਨਾ ਕਰੇ ਤਾਂ ਉਸ ਨੂੰ ਬਹੁਤ ਦੁੱਖ ਲੱਗਦਾ ਹੈ, ਜਿੰਨਾ ਚਿਰ ਉਸ ਨੂੰ ਇਹ ਵਿਸ਼ਵਾਸ ਨਾ ਹੋਵੇ ਕਿ ਇਸ ਦਾ ਸਿਰ ਫਿਰਿਆ ਹੋਇਆ ਹੈ। ਪੜ੍ਹਦਿਆਂ ਹੋਇਆਂ ਹੋਸਟਲ ਤੋਂ ਪਿੰਡ ਜਾਣ ਵਿਚ ਇਹੋ ਬੇਸਵਾਦੀ ਹੁੰਦੀ ਸੀ। ਜੋ ਵੀ ਦਿਸੇ ਉਸ ਕੋਲ ਜਾ ਕੇ ਖਲੋਵੋ, ਉਸ ਨਾਲ ਕੋਈ ਗੱਲ ਕਰੋ, ਨਹੀਂ ਤੇ ਉਹ ਬਹੁਤ ਗੁੱਸਾ ਕਰੇਗਾ ਤੇ ਉੱਥੋਂ ਦੀ ਹਵਾ ਤੁਹਾਡੇ ਲਈ ਖਰਾਬ ਹੋ ਜਾਏਗੀ। ਮੇਰਾ ਕਿਆਸ ਹੈ ਕਿ ਆਪਣੇ ਹੋਰ ਲੇਖਕ ਮਿੱਤਰਾਂ ਨਾਲੋਂ ਮੈਨੂੰ ਇਸ ਆਜ਼ਾਦੀ ਦੀ ਵੱਧ ਲੋੜ ਹੈ।

ਉਂਝ ਵੀ ਮੈਂ ਸੋਚਦਾ ਹਾਂ ਕਿ ਸਦਾ ਲਈ ਪਿੰਡ ਮੁੜ ਜਾਣਾ ਇਕ ਪਿਛਾਂਹ ਨੂੰ ਪੈਰ ਹੋਵੇਗਾ। ਜਿਸ ਨਵੀਂ ਸਭਿਅਤਾ ਨੂੰ ਅਸਾਂ ਆਪਣੇ ਟੈਂ ਵਿਚ ਪੱਛਮੀ ਸਭਿਅਤਾ ਦਾ ਨਾਂ ਦਿੱਤਾ ਹੋਇਆ ਹੈ, ਉਹ ਮੈਨੂੰ ਬਹੁਤ ਖਿੱਚ ਪਾਂਦੀ ਹੈ। ਮੈਂ ਇਸ ਵੱਲ ਚੁਬਰੀਆਂ ਭੱਜਣਾ ਚਾਹੁੰਦਾ ਹਾਂ। ਮੈਂ ਇਸ ਨੂੰ ਕਿਸੇ ਇਕ ਦੇਸ਼ ਦੀ ਜਾਂ ਕੁਝ ਦੇਸ਼ਾਂ ਦੀ ਸਭਿਅਤਾ ਨਹੀਂ ਸਮਝਦਾ ਇਹ ਮਨੁੱਖਤਾ ਦੇ ਪੰਧ ਤੇ ਸ਼ਾਹਰਾਹ ਉੱਤੇ ਇੱਕ ਵੱਡਾ ਪੜਾਅ ਹੈ। ਜਿਹੜੇ ਦੇਸ਼ ਇਸ ਵੱਲ ਪਹਿਲਾਂ ਟੁਰ ਪਏ, ਉਹ ਇਸ ਪੜਾਅ ਨੂੰ ਆਪਣੇ ਨਾਂ ਨਹੀਂ ਲਿਖਵਾ ਸਕਦੇ ਤੇ ਨਾ ਹੀ, ਸਾਡੇ, ਪਿੱਛੋਂ ਟੁਰਿਆਂ ਲਈ ਇਹ ਪੜਾਅ ਬਗਾਨਾ ਹੈ। ਇਸ ਦੇ ਮੋਟੇ ਲੱਛਣ ਸਾਇੰਸ ਦਾ ਲੋਕਾਂ ਦੇ ਰੋਜ਼ ਦੇ ਕੰਮਾਂ ਵਿਚ ਤੇ ਖਿਆਲਾਂ ਵਿਚ ਵੜਨਾ, ਲੋਕਾਂ ਦਾ ਅਪਾਣੇ ਆਮ ਜੀਵਨ ਦੀਆਂ ਗੁੰਝਲਾਂ ਲਾਹ ਸੁਟਣੀਆਂ ਤੇ ਇਸਤਰੀਆਂ ਦਾ ਸਿੱਧੇ ਹੋ ਕੇ ਖਲੋਣਾ ਹੈ।

# ਅਜੇ ਮੇਰੀ ਅਰਥੀ ਤਾਂ ਉੱਠੀ ਨਹੀਂ!

## ਮਾਨਸ ਤੋਂ ਦੇਵਤਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***



**ਗੁਰਬਚਨ ਸਿੰਘ ਭੁੱਲਰ**
**ਫੋਨ: +91-80763-63058**

ਬੇਮਕਾਨੇ ਕਾਰੋਬਾਰੀਆਂ ਅਤੇ ਮੁਲਾਜ਼ਮਾਂ ਦੀ ਰਿਹਾਇਸ਼ੀ ਲੋੜ ਸਦਕਾ, ਖਾਸ ਕਰਕੇ ਵੱਡੇ ਸ਼ਹਿਰਾਂ ਵਿਚ, ਅਨੇਕ ਮਕਾਨ-ਮਾਲਕਾਂ ਵਾਸਤੇ ਮਕਾਨ ਦਾ ਕਿਰਾਇਆ ਕਮਾਈ ਦਾ ਚੰਗਾ ਸਾਧਨ ਬਣਿਆ ਹੋਇਆ ਹੈ। ਮੈਂ ਆਪਣੇ ਆਲੇ-ਦੁਆਲੇ ਕਈ ਲੋਕ ਦੇਖਦਾ ਹਾਂ ਜੋ ਹੋਰ ਕਿਸੇ ਕਮਾਈ ਤੋਂ ਬਿਨਾਂ ਆਪਣੇ ਮਕਾਨ ਦੇ ਕਿਰਾਏ ਨਾਲ ਹੀ ਵਧੀਆ ਜੀਵਨ ਲੰਘਾ ਰਹੇ ਹਨ। ਪਰ ਇਸ ਸੰਬੰਧ ਵਿਚ ਇਕ ਸਮੱਸਿਆ ਨੇ ਵੀ ਗੰਭੀਰ ਰੂਪ ਧਾਰਿਆ ਹੋਇਆ ਹੈ। ਕਈ ਕਿਰਾਏਦਾਰ ਚਿਰਾਂ ਮਗਰੋਂ ਵੀ ਪਹਿਲਾਂ ਕਿਰਾਇਆ ਵਧਾਉਣ ਤੋਂ ਇਨਕਾਰ ਕਰਦੇ ਹਨ, ਫੇਰ ਮਕਾਨ ਖਾਲੀ ਕਰਨੋਂ ਨਾਂਹ ਕਰ ਦਿੰਦੇ ਹਨ। ਗੱਲ ਕਚਹਿਰੀ ਪਹੁੰਚ ਜਾਂਦੀ ਹੈ ਤਾਂ ਉਹ ਆਖਦੇ ਹਨ, "ਹੁਣ ਤਾਂ ਅਦਾਲਤ ਹੀ ਫ਼ੈਸਲਾ ਕਰੇਗੀ" ਅਤੇ ਪਹਿਲਾਂ ਵਾਲਾ ਕਿਰਾਇਆ ਦੇਣਾ ਵੀ ਬੰਦ ਕਰ ਦਿੰਦੇ ਹਨ। ਅਦਾਲਤਾਂ ਵਿਚ ਮੁਕੱਦਮਾ-ਦਰ-ਮੁਕੱਦਮਾ ਅਤੇ ਅਪੀਲ-ਦਰ-ਅਪੀਲ ਗੱਲ ਸਾਲਾਂ ਤੇ ਦਹਾਕਿਆਂ ਤੱਕ ਲਟਕਦੀ ਰਹਿੰਦੀ ਹੈ। ਮਕਾਨ-ਮਾਲਕ ਕੁੜ੍ਹਦਾ ਰਹਿੰਦਾ ਹੈ ਤੇ ਕਿਰਾਏਦਾਰ ਉਹਦੀ ਛਾਤੀ ਉੱਤੇ ਡੰਡ-ਬੈਠਕਾਂ ਕੱਢਦਾ ਰਹਿੰਦਾ ਹੈ। ਇਸ ਕਰਕੇ ਮਕਾਨ-ਮਾਲਕ ਅਤੇ ਕਿਰਾਏਦਾਰ ਦੀ ਬੇਵਸਾਹੀ ਤੇ ਖਿੱਚੋਤਾਣ ਸ਼ਹਿਰੀ ਜੀਵਨ ਦੀ ਇਕ ਭਖਵੀਂ ਸਮੱਸਿਆ ਹੈ।

ਪੰਜਾਬੀ ਦੇ ਵੱਡੇ ਸਾਹਿਤਕਾਰ ਦੇਵਿੰਦਰ ਸਤਿਆਰਥੀ ਫ਼ਕੀਰ ਤੇ ਰਮਤੇ ਜੋਗੀ ਸਨ। ਪਿੱਛਾ ਉਨ੍ਹਾਂ ਦਾ ਸਾਡੇ ਨੇੜੇ ਦੇ ਪਿੰਡ ਭਦੌੜ ਦਾ ਸੀ। ਚਾਰੇ ਕੂਟਾਂ ਦਾ ਭਰਮਨ ਕਰ ਕੇ ਟਿਕਣ ਦੇ ਇਰਾਦੇ ਨਾਲ ਦਿੱਲੀ ਆਏ ਤਾਂ ਉਨ੍ਹਾਂ ਨਾਲੋਂ ਵੱਧ ਉਨ੍ਹਾਂ ਦੀ ਚਿੰਤਾ ਦੋਸਤਾਂ-ਮਿੱਤਰਾਂ ਨੂੰ ਹੋਈ। ਦਿੱਲੀ ਵਿਚ ਛੱਤ-ਵਿਹੂਣੇ ਹੋਣ ਨੂੰ ਵੱਡੀ ਮੁਸੀਬਤ ਸਮਝਦਿਆਂ ਕੁਝ ਸ਼ੁਭ-ਚਿੰਤਕਾਂ ਨੇ ਧੱਕ-ਧਕਾ ਕੇ ਸਤਿਆਰਥੀ ਨਾਂ ਦੇ ਆਜ਼ਾਦ ਪੰਛੀ ਨੂੰ ਭਾਰਤ ਸਰਕਾਰ ਦੇ ਹਿੰਦੀ ਰਸਾਲੇ 'ਆਜਕਲ੍ਹ' ਦਾ ਸੰਪਾਦਕ ਲੁਆ ਦਿੱਤਾ। ਜੇਬ ਤਾਂ ਖਾਸੀ ਸੌਖੀ ਹੋ ਗਈ ਪਰ ਨੌਕਰੀ ਦਾ ਸੰਗਲ ਭਾਰੀ ਵੀ ਲਗਦਾ ਤੇ ਚੁਭਦਾ ਵੀ।

ਦੋਸਤਾਂ ਨੇ ਸਮਝਾਇਆ, "ਜੇ ਤੁਸੀਂ ਇਕੱਲੇ ਹੁੰਦੇ, ਹੋਰ ਗੱਲ ਸੀ, ਜਿਥੇ ਮਰਜ਼ੀ ਆਵਾਰਾਗਰਦੀ ਕਰਦੇ ਫਿਰਦੇ। ਹੁਣ ਪਤਨੀ ਹੈ, ਬੱਚੀਆਂ ਹਨ। ਘੱਟੋ-ਘੱਟ ਇਨ੍ਹਾਂ ਦੇ ਸਿਰ ਉੱਤੇ ਤਾਂ ਛੱਤ ਹੋਵੇ! ਪਹਿਲਾਂ ਇਨ੍ਹਾਂ ਵਾਸਤੇ ਸਿਰ ਦੀ ਛੱਤ ਦਾ ਪ੍ਰਬੰਧ ਕਰ ਲਵੋ, ਨੌਕਰੀ ਦੇ ਪਿੰਜਰੇ ਵਿਚੋਂ ਨਿਕਲ ਕੇ ਖੁੱਲ੍ਹੀਆਂ ਉਡਾਰੀਆਂ ਲਾਉਣ ਬਾਰੇ ਫੇਰ ਸੋਚਣਾ!"

ਦਲੀਲ ਸਤਿਆਰਥੀ ਜੀ ਨੂੰ ਵੀ ਜਚ ਗਈ। ਲੋਕਮਾਤਾ ਨੂੰ ਛੋਟਾ-ਮੋਟਾ ਮਕਾਨ ਬਣਾ ਦੇਈਏ, ਇਹ ਨੌਕਰੀ ਦਾ ਕੁਛ ਸਮੇਂ ਦਾ ਸੰਗਲ ਉਮਰ ਭਰ ਦੀ ਆਜ਼ਾਦੀ ਦੇ ਸਕਦਾ ਹੈ। ਉਨ੍ਹਾਂ ਨੇ ਪਿੰਜਰੇ ਵਿਚ ਖੰਭ ਫੜਫੜਾਉਣੇ ਛੱਡ ਦਿੱਤੇ। ਔਖੇ-ਸੌਖੇ ਸੰਪਾਦਕੀ ਕਾਰਜ ਨਿਭਾਉਣ ਲੱਗੇ। ਕਰੋਲਬਾਗ਼ ਵਿਚ ਰੋਹਤਕ ਰੋਡ ਦੇ ਨਾਲ਼ ਦੀ ਗਲੀ ਵਿਚ ਪਲਾਟ ਲੈ ਕੇ ਇਕ-ਮੰਜ਼ਲਾ ਮਕਾਨ ਛੱਤਿਆ ਤੇ ਟਿਕਣ ਦਾ ਪ੍ਰਬੰਧ ਕਰ ਲਿਆ। ਨੌਕਰੀ ਦਾ ਸੰਗਲ ਸੀ ਤਾਂ ਚਾਂਦੀ ਦਾ ਪਰ ਘਰ ਬਣੇ ਤੋਂ ਫੇਰ ਚੁਭਣ ਲੱਗਿਆ। ਉਹ ਆਪ ਹੈਰਾਨ ਹੁੰਦੇ, ਮੈਂ ਕੁਰਸੀ ਨਾਲ਼ ਬੱਝ ਕੇ ਅੱਠ ਸਾਲ ਕਿਵੇਂ ਬਿਤਾ ਗਿਆ! ਦੋਸਤਾਂ ਦੇ ਵਰਜਦਿਆਂ ਦੁਰਲੱਭ ਸਾਹਿਤਕ ਨੌਕਰੀ ਦਾ ਸੰਗਲ ਲਾਹ ਸੁੱਟਿਆ, ਅੰਬੇ ਹੋਏ ਗਿੱਟਿਆਂ ਦੀ ਮਾਲਸ਼ ਕੀਤੀ ਤੇ ਫੇਰ ਸਾਹਿਤਕ ਰਾਹਾਂ ਦੇ ਆਵਾਰਾ ਪਾਂਧੀ ਹੋ ਗਏ।

ਬੱਚੀਆਂ ਵਿਆਹੀਆਂ ਗਈਆਂ ਤਾਂ ਸੋਚਿਆ, ਮੈਨੂੰ ਤੇ ਲੋਕਮਾਤਾ ਨੂੰ ਤਾਂ ਇਕ ਕਮਰਾ ਬਹੁਤ ਹੈ, ਕਿਉਂ ਨਾ ਦੂਜਾ ਕਮਰਾ ਕਿਰਾਏ ਚਾੜ੍ਹ ਕੇ ਰੇਡੀਓ, ਕਵੀ ਦਰਬਾਰਾਂ ਤੇ ਰਸਾਲਿਆਂ-ਪੁਸਤਕਾਂ ਤੋਂ ਆਉਂਦੇ ਟੁੱਟਵੇਂ ਪੈਸਿਆਂ ਦੀ ਝਾਕ ਦੇ ਬੰਧਨ ਤੋਂ ਵੀ ਮੁਕਤ ਹੋ ਜਾਈਏ। ਇਉਂ ਮਕਾਨ ਵਿਚ ਪੂਰਨ ਸਿੰਘ ਨਾਂ ਦੇ ਕਿਰਾਏਦਾਰ ਦਾ ਦਾਖ਼ਲਾ ਹੋਇਆ।

ਸਤਿਆਰਥੀ ਜੀ ਦੇ ਖੁੱਲ੍ਹੇ-ਖੁਲਾਸੇ ਦਾਤੇ ਸੁਭਾਅ ਦਾ ਮੈਨੂੰ ਸਿੱਧਾ ਅਨੁਭਵ ਹੋ ਚੁਕਿਆ ਸੀ। ਉਨ੍ਹਾਂ ਤੋਂ ਕੋਈ ਜੇ ਜਾਨ ਵੀ ਮੰਗਦਾ, ਉਨ੍ਹਾਂ ਨੇ ਯਕੀਨਨ ਆਖਣਾ ਸੀ, "ਲੈ ਭਾਈ ਸਾਡੀ ਜਾਨ ਤੂੰ ਲੈ-ਲੈ, ਅਸੀਂ ਬਿਨਾਂ ਜਾਨ ਤੋਂ ਹੀ ਡੰਗ ਸਾਰ ਲਵਾਂਗੇ!" ਇਕ ਵਾਰ ਮੈਨੂੰ ਇਕ ਮਿੱਤਰ ਦੀ ਚਿੱਠੀ ਆਈ ਕਿ ਉਸ ਵਲੋਂ ਸੰਪਾਦ ਕੀਤੇ ਜਾ ਰਹੇ ਕਹਾਣੀ-ਸੰਗ੍ਰਹਿ ਲਈ ਸਤਿਆਰਥੀ ਜੀ ਦੀ ਇਕ ਕਹਾਣੀ ਦੀ ਆਗਿਆ ਲੈ ਦੇਵਾਂ। ਸਬੱਬ ਨਾਲ ਕਈ ਦਿਨ ਮੁਲਾਕਾਤ ਨਾ ਹੋ ਸਕੀ ਤਾਂ ਭਾਪਾ ਪ੍ਰੀਤਮ ਸਿੰਘ ਜੀ ਨਵਯੁਗ ਵਾਲ਼ਿਆਂ ਨੂੰ ਕਿਹਾ ਕਿ ਸਤਿਆਰਥੀ ਜੀ ਜਦੋਂ ਵੀ ਆਉਣ, ਮੈਨੂੰ ਫੋਨ ਜ਼ਰੂਰ ਕਰਨ। ਭਾਪਾ ਜੀ ਨੇ ਫੋਨ ਕਰਵਾਇਆ ਤਾਂ ਮੈਂ ਬੇਨਤੀ ਦੁਹਰਾਈ। ਦੋ ਕੁ ਦਿਨਾਂ ਮਗਰੋਂ ਭਾਪਾ ਜੀ ਦਾ ਦਸਤਖ਼ਤ ਕਰ ਕੇ ਪੁਸ਼ਟ ਕੀਤਾ ਹੋਇਆ ਸਤਿਆਰਥੀ ਜੀ ਦਾ ਆਮ-ਮੁਖ਼ਤਿਆਰਨਾਮਾ ਮੈਨੂੰ ਪੁਜਿਆ: "ਪਿਆਰੇ ਭੁੱਲਰ! ਮੇਰੀ ਕੋਈ ਵੀ ਰਚਨਾ (ਸਣੇ ਕਹਾਣੀ) ਤੁਸੀਂ ਕਿਤੇ ਵੀ ਤੇ ਜਦੋਂ ਵੀ ਚਾਹੋ, ਵਰਤ ਸਕਦੇ ਹੋ। ਸਗੋਂ ਮੈਨੂੰ ਵੀ ਜਿਥੇ ਚਾਹੋ, ਗਹਿਣੇ ਰਖ ਸਕਦੇ ਹੋ (ਜੇਕਰ ਕੁਝ ਮਿਲ ਸਕਦਾ ਹੋਵੇ!) ਆਪ ਜੀ ਦਾ, ਦੇਵਿੰਦਰ ਸਤਿਆਰਥੀ2421989।"

ਪਰ ਜੋ ਕੁਛ ਮੈਂ ਕਿਰਾਏਦਾਰ ਪੂਰਨ ਸਿੰਘ ਨਾਲ ਸਤਿਆਰਥੀ ਜੀ ਦੇ ਰਿਸ਼ਤੇ ਬਾਰੇ ਦੇਖਿਆ-ਸੁਣਿਆ, ਉਹ ਕੇਵਲ ਉਹੋ ਹੀ ਕਰ ਸਕਦੇ ਸਨ। ਪੂਰਨ ਸਿੰਘ ਨਾਲ ਕਿਰਾਇਆ ਵਗ਼ੈਰਾ ਤੈਅ ਹੋ ਗਿਆ। ਸਤਿਆਰਥੀ ਜੀ ਬੋਲੇ, "ਭਾਈ ਪੂਰਨ ਸਿੰਘ, ਮੇਰੀ ਇਕ ਸ਼ਰਤ ਹੈ।"

ਉਹਨੇ ਪੁੱਛਿਆ, "ਦੱਸੋ?"

ਸਤਿਆਰਥੀ ਜੀ ਸਿੱਧਾ ਉਹਦੀਆਂ ਅੱਖਾਂ ਵਿਚ ਝਾਕ ਕੇ ਬੋਲੇ, "ਮੇਰਾ ਵਿਸ਼ਵਾਸ ਕਦੀ ਨਾ ਤੋੜੀਂ। ਜਦੋਂ ਕੋਈ ਵਿਸ਼ਵਾਸਘਾਤ ਕਰਦਾ ਹੈ, ਦਿਲ ਵਿਚ ਦਰਦ ਹੁੰਦਾ ਹੈ!"

ਉਹਨੇ ਹੱਥ ਜੋੜੇ, "ਤੁਸੀਂ ਫ਼ਕੀਰ ਹੋ, ਪਹੁੰਚੇ ਹੋਏ। ਸਤਿਆਰਥੀ ਜੀ, ਵਚਨ ਦਿੱਤਾ, ਤੁਹਾਡਾ ਭਰੋਸਾ ਕਦੀ ਨਹੀਂ ਤੋੜਨਾ!"

ਮਹੀਨਾ ਲੰਘਿਆ। ਪੂਰਨ ਸਿੰਘ ਅਗਲੇ ਮਹੀਨੇ ਦਾ ਕਿਰਾਇਆ ਦੇਣ ਲੱਗਿਆ ਤਾਂ ਲੋਕਮਾਤਾ ਨੂੰ ਬੁਲਾ ਕੇ ਬੋਲੇ, "ਭਾਈ ਪੂਰਨ ਸਿੰਘ, ਕਿਰਾਇਆ ਇਨ੍ਹਾਂ ਨੂੰ ਦਿਆ ਕਰਨਾ।" ਤੇ ਫੇਰ ਲੋਕਮਾਤਾ ਵੱਲ ਮੂੰਹ ਕੀਤਾ, "ਹੁਣ ਮੈਨੂੰ ਮਾਇਆ ਦੇ ਝਮੇਲਿਆਂ ਤੋਂ ਮੁਕਤ ਕਰੋ। ਤੁਸੀਂ ਇਨ੍ਹਾਂ ਤੋਂ ਕਿਰਾਇਆ ਲਓ ਤੇ ਘਰ ਚਲਾਓ। ਤੁਸੀਂ ਜਾਣੋ ਜਾਂ ਪੂਰਨ ਸਿੰਘ ਜਾਣੇ!"

ਦੋ ਕੁ ਸਾਲ ਬੀਤੇ। ਸਤਿਆਰਥੀ ਜੀ ਨੇ ਕੁਛ ਲਭਦਿਆਂ ਅਲਮਾਰੀ ਖੋਲ੍ਹੀ। ਨੋਟ ਪਏ ਸਨ। ਗਿਣੇ ਤੋਂ ਕੁਛ ਸਮਝ ਨਾ ਆਈ ਤਾਂ ਲੋਕਮਾਤਾ ਨੂੰ ਪੁੱਛਿਆ। ਪਤਾ ਲੱਗਿਆ, ਇਹ ਮਹੀਨੇ ਦਾ ਕਿਰਾਇਆ ਸੀ। ਬੋਲੇ, "ਪਰ ਇਹ ਤਾਂ ਕਿਰਾਏ ਤੋਂ ਵੱਧ ਨੇ?"

ਲੋਕਮਾਤਾ ਨੇ ਦੱਸਿਆ, "ਹੁਣ ਕਿਰਾਇਆ ਏਨਾ ਹੀ ਆਉਂਦਾ ਹੈ।"

ਸਿੱਧੇ ਉਹਦੇ ਕਮਰੇ ਵਿਚ ਜਾ ਉਲਾਂਭਾ ਦਿੱਤਾ, "ਭਾਈ ਪੂਰਨ ਸਿਆਂ, ਮੈਂ ਤਾਂ ਤੈਨੂੰ ਕਿਰਾਇਆ ਵਧਾਉਣ ਲਈ ਨਹੀਂ ਸੀ ਆਖਿਆ!"

ਉਹ ਮੁਸਕਰਾਇਆ, "ਮਹਾਂਪੁਰਸ਼ੋ, ਦਿੱਲੀ ਵਿਚ ਮਾਲਕ ਹਰ ਸਾਲ ਕਿਰਾਏ ਵਿਚ ਵਾਧਾ ਭਾਲਦੇ ਨੇ। ਤੁਸੀਂ ਨਹੀਂ ਕਿਹਾ ਤਾਂ ਮੈਨੂੰ ਆਪ ਵੀ ਕੁਛ ਸੋਚਣਾ ਚਾਹੀਦਾ ਹੈ ਕਿ ਨਹੀਂ?"

ਫੋਨ ਅਜੇ ਹੱਥ-ਹੱਥ ਤਾਂ ਕੀ, ਘਰ-ਘਰ ਵੀ ਨਹੀਂ ਸਨ ਹੋਏ। ਪੂਰਨ ਸਿੰਘ ਦੇ ਘਰ ਫੋਨ ਸੀ। ਉਹਦੇ ਆਉਣ ਤੋਂ ਕੁਛ ਦਿਨ ਮਗਰੋਂ ਸਤਿਆਰਥੀ ਜੀ ਨੇ ਪੁੱਛਿਆ, "ਭਾਈ ਪੂਰਨ ਸਿੰਘ, ਜੇ ਮੈਂ ਕਿਸੇ ਮਿੱਤਰ ਦੇ ਮੰਗੇ ਤੋਂ ਤੇਰਾ ਫੋਨ ਨੰਬਰ ਦੇ ਦੇਵਾਂ...। "

ਉਹਨੇ ਗੱਲ ਕੱਟੀ, "ਇਹਨੂੰ ਮੇਰਾ ਫੋਨ ਨਾ ਕਹੋ ਜੀ, ਇਹਨੂੰ ਆਪਣਾ ਹੀ ਸਮਝੋ!"

ਸਤਿਆਰਥੀ ਜੀ ਵਾਸਤੇ ਤਾਂ ਦਿੱਲੀ ਨਾਂ ਦਾ ਸਾਰਾ ਪਿੰਡ ਹੀ ਮਿੱਤਰਾਂ ਦਾ ਸੀ! ਫੋਨ ਆਉਣ ਲੱਗੇ। ਸਭ ਜਾਣਦੇ ਸਨ, ਦਿਨੇ ਤਾਂ ਉਹ ਘਰ ਹੀ ਨਹੀਂ ਹੁੰਦੇ। ਪਤਾ ਨਹੀਂ, ਖਰੜੇ, ਰਸਾਲੇ ਤੇ ਕਿਤਾਬਾਂ ਕੱਛੇ ਮਾਰ ਕੇ ਕਿਹੜੀ ਸੜਕ ਦੇ ਕਿਨਾਰੇ-ਕਿਨਾਰੇ ਤੁਰੇ ਜਾਂਦੇ ਹੋਣ ਜਾਂ ਕਿਹੜੇ ਪਾਰਕ ਵਿਚ ਬੈਠੇ ਕਿਸੇ ਭੋਲ਼ੇ ਪੰਛੀ ਨੂੰ ਕਾਬੂ ਕਰ ਕੇ ਕੋਈ ਨਵੀਂ ਰਚਨਾ ਸੁਣਾ ਰਹੇ ਹੋਣ। ਇਸ ਲਈ ਫੋਨ ਸਵੇਰ ਤੇ ਸ਼ਾਮ ਦੇ ਰੁਝੇਵਿਆਂ ਵਾਲੇ ਸਮੇਂ ਆਉਂਦੇ। ਉਨ੍ਹਾਂ ਦੇ ਕਈ ਪਰਦੇਸੀ ਸ਼ਰਧਾਲੂ ਤਾਂ ਭਾਰਤੀ ਸਮੇਂ ਦਾ ਖ਼ਿਆਲ ਨਾ ਕਰਦਿਆਂ ਰਾਤ ਪਈ ਤੋਂ ਵੀ ਘੰਟੀ ਵਜਾ ਦਿੰਦੇ। ਪਰ ਅਸ਼ਕੇ ਪੂਰਨ ਸਿੰਘ ਦੇ, ਮੇਰਾ ਨਿੱਜੀ ਅਨੁਭਵ ਹੈ, ਉਹ ਹਰ ਕਿਸੇ ਨੂੰ ਬੜੇ ਆਦਰ ਨਾਲ, ਬੜੀ ਮਿੱਠੀ ਜ਼ਬਾਨ ਨਾਲ ਬੋਲਦਾ ਤੇ ਸਤਿਆਰਥੀ ਜੀ ਨੂੰ ਦੂਰੋਂ ਆਵਾਜ਼ ਦੇਣ ਦੀ ਥਾਂ ਚੱਲ ਕੇ ਬੁਲਾਉਣ ਜਾਂਦਾ। ਜੇ ਉਹ ਘਰ ਨਾ ਹੁੰਦੇ, ਉਹ ਫੋਨ ਕਰਨ ਵਾਲੇ ਨੂੰ ਆਪ ਇਹ ਨਹੀਂ ਸੀ ਕਹਿੰਦਾ ਕਿ ਉਹ ਘਰ ਨਹੀਂ। ਕਿਤੇ ਅਗਲਾ ਇਹ ਨਾ ਸਮਝੇ ਕਿ ਬੁਲਾਉਣ ਦਾ ਮਾਰਿਆ ਟਰਕਾਉਂਦਾ ਹੈ। ਅਜਿਹੇ ਮੌਕੇ ਉਹ ਲੋਕਮਾਤਾ ਨੂੰ ਆਖਦਾ, "ਤੁਸੀਂ ਆਪ ਆ ਕੇ ਦੱਸੋ ਜੀ ਕਿ ਸਤਿਆਰਥੀ ਜੀ ਘਰ ਨਹੀਂ।"

ਕਾਲਾ ਚੁਰਾਸੀ ਆ ਗਿਆ। ਪੂਰਨ ਸਿੰਘ ਡਰਿਆ। ਸਤਿਆਰਥੀ ਜੀ ਨੂੰ ਪਹਿਲਾਂ ਤਾਂ ਚਿੰਤਾ ਹੋਈ, ਫੇਰ ਦ੍ਰਿੜ੍ਹ ਆਵਾਜ਼ ਵਿਚ ਬੋਲੇ, "ਭਾਈ ਪੂਰਨ ਸਿੰਘਾ, ਡਰ ਨਾ, ਮੈਂ ਜੋ ਹਾਂ!"

ਉਨ੍ਹਾਂ ਨੇ ਬਾਹਰਲੇ ਫਾਟਕ ਨੂੰ ਅੰਦਰੋਂ ਜਿੰਦਾ ਲਾ ਦਿੱਤਾ। ਨੇੜਲੀ ਵੱਡੀ ਸੜਕ ਦੇ ਟੈਕਸੀ ਸਟੈਂਡ ਤੋਂ ਕੁਛ ਬਦਮਾਸ਼ ਡਰਾਈਵਰ ਤੇ ਉਨ੍ਹਾਂ ਦੇ ਹੋਰ ਵਿਹਲੜ ਯਾਰ ਆ ਧਮਕੇ, "ਤੁਹਾਡਾ ਜੋ ਸਰਦਾਰ ਕਿਰਾਏਦਾਰ ਹੈ, ਬਾਹਰ ਕੱਢੋ ਉਹਨੂੰ।" ਸਤਿਆਰਥੀ ਜੀ ਸਹਿਜ ਨਾਲ ਬੋਲੇ,"ਕਿਉਂ ਬਈ ਕੀ ਕੰਮ ਹੈ ਉਹਦੇ ਤੱਕ?" ਤੇ ਉਨ੍ਹਾਂ ਦਾ ਜਵਾਬ ਸੁਣ ਕੇ ਬੋਲੇ, "ਪਰ ਉਹਨੂੰ ਮਾਰਨ ਵਾਸਤੇ ਤਾਂ ਪਹਿਲਾਂ ਮੈਨੂੰ ਮਾਰਨਾ ਪਊ, ਮਾਰ ਕੇ ਮੇਰੀ ਲਾਸ਼ ਉੱਤੋਂ ਲੰਘਣਾ ਪਊ!"

ਭੀੜ ਨੇ ਟਾਇਰ ਤੇ ਪੀਪੀ ਦਿਖਾਈ, "ਜਿਉਂਦੇ ਨੂੰ ਫੂਕਾਂਗੇ।"

ਉਹ ਬੋਲੇ, "ਘਰ ਫੂਕਣਾ ਪਊ ਮੇਰਾ, ਉਹਨੂੰ ਫੂਕਣ ਵਾਸਤੇ!"

ਸਤਿਆਰਥੀ ਜੀ ਦੀ ਦ੍ਰਿੜ੍ਹਤਾ ਦੇਖ ਕੇ ਗੁੰਡਿਆਂ ਨੂੰ ਮੁੜਨਾ ਪਿਆ।

ਪੂਰਨ ਸਿੰਘ ਦੀ ਧੀ ਦਾ ਵਿਆਹ ਹੋਇਆ ਤਾਂ ਸਤਿਆਰਥੀ ਜੀ ਨੇ ਘਰ ਦੇ ਬਜ਼ੁਰਗ ਵਾਲੀਆਂ ਸਾਰੀਆਂ ਰਸਮਾਂ ਤਾਂ ਨਿਭਾਈਆਂ ਹੀ, ਓਵੇਂ ਹੀ ਬੁੱਕ ਭਰ-ਭਰ ਅੱਥਰੂ ਵੀ ਰੋਏ ਜਿਵੇਂ ਆਪਣੀਆਂ ਧੀਆਂ ਨੂੰ ਵਿਦਾਅ ਕਰਦਿਆਂ ਰੋਏ ਸਨ। ਉਹਦੇ ਹੱਥ ਫੜ ਕੇ ਕਹਿੰਦੇ, "ਜਦੋਂ ਮੈਂ ਗੋਦੀ ਚੁਕਦਾ, ਐਹਨਾਂ ਨਿੱਕੇ-ਨਿੱਕੇ ਕੂਲ਼ੇ-ਕੂਲ਼ੇ ਹੱਥਾਂ ਨਾਲ ਮੇਰੀ ਦਾੜ੍ਹੀ ਪਲੋਸਦੀ ਹੁੰਦੀ ਸੀ, ਮੇਰੀ ਦਾੜ੍ਹੀ ਨਾਲ ਖੇਡਦੀ ਹੁੰਦੀ ਸੀ!"

ਸਤਿਆਰਥੀ ਜੀ ਨੂੰ ਮਿਲਣ ਆਉਂਦੇ ਕਈਆਂ ਦੇ ਪਿਤਾ ਜੀ ਕਹਿਣ ਤੋਂ ਪ੍ਰੇਰਨਾ ਲੈ ਕੇ ਹੁਣ ਤੱਕ ਪੂਰਨ ਸਿੰਘ ਵੀ ਉਨ੍ਹਾਂ ਨੂੰ ਪਿਤਾ ਜੀ ਹੀ ਕਹਿਣ ਲੱਗ ਪਿਆ ਸੀ।

ਸਤਿਆਰਥੀ ਜੀ ਤੇ ਲੋਕਮਾਤਾ ਸਰੀਰਕ ਪੱਖੋਂ ਢਲ ਚੱਲੇ ਤਾਂ ਧੀਆਂ ਨੂੰ ਕਿਹਾ, "ਸਾਡੇ ਮਗਰੋਂ ਵੀ ਆਉਂਗੀਆਂ ਹੀ, ਉੱਤੇ ਮੰਜ਼ਲਾਂ ਛੱਤ ਕੇ ਸਾਡੇ ਕੋਲ ਆ ਰਹੋ। ਹੁਣ ਸਾਡੇ ਸਰੀਰਾਂ ਨੂੰ ਸਹਾਰੇ ਦੀ ਲੋੜ ਹੈ।"

ਪੂਰਨ ਸਿੰਘ ਦੂਰਦਰਸ਼ੀ ਦੁਨੀਆਦਾਰ ਸੀ। ਉਹਨੇ ਬੇਨਤੀ ਕੀਤੀ, "ਉਸਾਰੀ ਦੀ ਨਿਗਰਾਨੀ ਕਰਨ ਵਾਲੇ ਆਪਣਿਆਂ ਨੂੰ ਹੇਠ ਬੈਠਣ-ਉੱਠਣ ਵਾਸਤੇ ਜਗ੍ਹਾ ਚਾਹੀਦੀ ਹੋਵੇਗੀ। ਪਿਤਾ ਜੀ, ਮੈਂ ਹੁਣ ਜਾਣ ਦੀ ਆਗਿਆ ਚਾਹੁੰਦਾ ਹਾਂ।"

ਉਨ੍ਹਾਂ ਨੇ ਸਿਰ ਮਾਰਿਆ, "ਨਹੀਂ, ਭਾਈ ਪੂਰਨ ਸਿਆਂ, ਮੇਰੇ ਜਿਉਂਦੇ-ਜੀਅ ਤੂੰ ਏਸ ਘਰੋਂ ਨਹੀਂ ਜਾ ਸਕਦਾ। ਪਹਿਲਾਂ ਮੇਰੀ ਅਰਥੀ ਉੱਠੂ, ਫੇਰ ਤੂੰ ਏਸ ਘਰੋਂ ਜਾਏਂਗਾ!"

ਕੁਛ ਹਫ਼ਤਿਆਂ ਮਗਰੋਂ ਜਦੋਂ ਇੱਟਾਂ ਦਾ ਟਰੱਕ ਆ ਲੱਥਾ, ਪੂਰਨ ਸਿੰਘ ਨੇ ਚੁੱਪਚਾਪ ਸਾਮਾਨ ਬੰਨ੍ਹਣਾ ਸ਼ੁਰੂ ਕਰ ਦਿੱਤਾ। ਸਤਿਆਰਥੀ ਜੀ ਨੇ ਹਿਲਜੁਲ ਦੇਖੀ ਤਾਂ ਅੱਖਾਂ ਭਰ ਕੇ ਬੋਲੇ, "ਭਾਈ ਪੂਰਨ ਸਿਆਂ, ਅਜੇ ਮੇਰੀ ਅਰਥੀ ਤਾਂ ਉੱਠੀ ਨਹੀਂ!"

# 'ਆਪ' ਦੇ ਚੰਗੇ ਕੰਮਾਂ ਤੋਂ ਵਿਰੋਧੀਆਂ ਦੇ ਬੁਖਲਾਹਟ ਭਰੇ ਹਾਸੋਹੀਣੇ ਬਿਆਨ

**ਜਸਪਾਲ ਸਿੰਘ ਨਾਗਰਾ**
**ਯੂਬਾ ਸਿਟੀ, ਕੈਲੀਫੋਰਨੀਆ**
**ਫੋਨ: +1 360-448-1989**

ਪੰਜਾਬ ਦੀ ਸਿਆਸਤ ਵਿਚ ਜਿਹੜੇ ਦਿਗਜ਼ ਨੇਤਾ ਲੰਬੇ ਸਮੇਂ ਤੋਂ ਕਾਬਜ਼ ਹੋਏ ਬੈਠੇ ਸਨ, ਇਸ ਸਾਲ ਉਨ੍ਹਾਂ ਨੂੰ ਲੋਕਾਂ ਨੇ ਹਰਾਇਆ ਹੀ ਨਹੀਂ, ਸਗੋਂ ਨਕਾਰ ਹੀ ਦਿੱਤਾ ਹੈ। ਜਿਹੜੀਆਂ ਦੋ ਪਾਰਟੀਆਂ ਪੰਜਾਬ ਵਿਚ ਸੱਤਾ ਸੰਭਾਲਦੀਆਂ ਰਹੀਆਂ ਹਨ, ਉਨ੍ਹਾਂ ਨੇ ਲੋਕਾਂ ਨੂੰ ਮੂਰਖ ਬਣਾ ਕੇ ਰਾਜ ਹੀ ਨਹੀਂ ਕੀਤਾ ਸਗੋਂ ਰੱਜ ਕੇ ਲੁੱਟਿਆ ਹੈ। ਲੋਕਾਂ ਨੇ ਇਸ ਸਾਲ ਰੱਜ ਕੇ ਗੁੱਸਾ ਕੱਢਿਆ। ਆਮ ਆਦਮੀ ਪਾਰਟੀ ਨੂੰ ਜਿਤਾਇਆ ਹੀ ਨਹੀਂ, ਸਗੋਂ ਬਹੁਤ ਵੱਡਾ ਫਤਵਾ ਦੇ ਕੇ ਨਿਵਾਜਿਆ ਹੈ। ਭਗਵੰਤ ਮਾਨ ਨੇ ਮੁੱਖ ਮੰਤਰੀ ਦੀ ਅਜੇ ਕੁਰਸੀ ਸੰਭਾਲੀ ਵੀ ਨਹੀਂ ਸੀ ਕਿ ਵਿਰਧੀ ਧਿਰਾਂ ਨੇ ਬੇਤੁਕੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਸਨ। ਇਹ ਗੱਲ ਆਮ ਬੰਦਾ ਵੀ ਸਮਝ ਸਕਦਾ ਹੈ ਕਿ ਕੀਤੇ ਹੋਏ ਵਾਅਦੇ ਦਿਨਾਂ ਵਿਚ ਹੀ ਪੂਰੇ ਨਹੀਂ ਕੀਤੇ ਜਾ ਸਕਦੇ, ਇਨ੍ਹਾਂ ਨੂੰ ਪੂਰੇ ਕਰਨ ਲਈ ਕੁੱਝ ਸਮਾਂ ਚਾਹੀਦਾ ਹੈ।

ਸਿਆਸਤ ਦਾ ਬੋਹੜ ਆਖੇ ਜਾਂਦੇ ਵੱਡੇ ਬਾਦਲ ਸਾਹਿਬ ਦੇ ਬਿਆਨ ਪੜ੍ਹ ਕੇ ਹਾਸਾ ਹੀ ਆਉਂਦਾ ਹੈ। ਪਹਿਲਾ ਬਿਆਨ ਉਨ੍ਹਾਂ ਨੇ ਦਿੱਤਾ ਕਿ ਭ੍ਰਿਸ਼ਟਾਚਾਰ ਲੋਕਾਂ ਦੇ ਹੱਡਾਂ ਵਿਚ ਰਚਿਆ ਹੋਇਆ ਹੈ, ਜਿਸ ਦਾ ਸਿੱਧਾ ਅਰਥ ਨਿਕਲਦਾ ਹੈ ਕਿ ਇਹ ਖਤਮ ਨਹੀਂ ਕੀਤਾ ਜਾ ਸਕਦਾ। ਇਹ ਗੱਲ ਆਮ ਲੋਕ ਵੀ ਸਮਝ ਚੁੱਕੇ ਹਨ ਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਡੂੰਘੀਆਂ ਕਰਨ ਲਈ ਬਾਦਲ ਸਰਕਾਰ ਨੇ ਰੱਜ ਕੇ ਯੋਗਦਾਨ ਪਾਇਆ। ਬਾਦਲ ਸਾਹਿਬ ਨੇ ਇਮਾਨਦਾਰ ਅਫਸਰਾਂ ਨੂੰ ਸਨਮਾਨਿਤ ਕਰਨ ਦੀ ਗੱਲ ਵੀ ਕਹੀ ਸੀ ਅਤੇ ਰਿਸ਼ਵਤ ਲੈਣ ਵਾਲਿਆਂ ਨੂੰ ਫੜਾਉਣ ਵਾਲਿਆਂ ਨੂੰ ਇਨਾਮ ਦੇਣ ਦੀ ਵੀ। ਜਿਸਦਾ ਨਤੀਜਾ ਇਹ ਨਿਕਲਿਆ ਕਿ ਇਨ੍ਹਾਂ ਨੂੰ ਵੱਧ ਬੇਈਮਾਨ ਅਫਸਰਾਂ ਦਾ ਪਤਾ ਲੱਗਦਾ ਰਿਹਾ ਤੇ ਇਹ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਲਵਾ ਕੇ ਆਪਣੀ ਕਮਾਈ ਕਰਨ ਦੇ ਰਾਹ ਤੁਰ ਪਏ। ਇਹ ਲੋਕ ਇਹ ਗੱਲ ਭੁੱਲ ਜਾਂਦੇ ਹਨ ਕਿ ਜੇ ਇਰਾਦਾ ਦ੍ਰਿੜ ਹੋਵੇ ਤਾਂ ਅਸੰਭਵ ਨੂੰ ਵੀ ਸੰਭਵ ਬਣਾਇਆ ਜਾ ਸਕਦਾ ਹੈ, ਜਦੋਂ ਕਿ ਰਿਸ਼ਵਤਖੋਰ ਮੁਲਾਜ਼ਮਾਂ ਨੂੰ ਨੱਥ ਪਾਉਣੀ ਤਾਂ ਬਹੁਤ ਸੌਖੀ ਹੈ। ਰਿਸ਼ਵਤ ਰੋਕਣ ਲਈ ਜਿਸ ਢੰਗ ਨਾਲ ਮਾਨ ਸਰਕਾਰ ਨੇ ਆਗਾਜ਼ ਕੀਤਾ ਹੈ, ਇਸਦੇ ਨਤੀਜੇ ਛੇਤੀ ਹੀ ਬਹੁਤ ਸਾਰਥਿਕ ਨਿਕਲਣਗੇ।



ਬਾਦਲ ਸਾਹਿਬ ਨੇ ਦੂਜਾ ਬਿਆਨ ਦਿੱਤਾ ਕਿ ਸਿਆਸਤ ਕੋਈ ਨੌਕਰੀ ਨਹੀਂ ਇਹ ਤਾਂ ਸੇਵਾ ਹੈ, ਕੋਈ ਪੁੱਛੇ ਕਿ ਜੇ ਸੇਵਾ ਹੈ ਤਾਂ ਤੁਸੀਂ ਆਪਣੇ ਰਾਜ ਵਿਚ ਵਿਧਾਇਕਾਂ ਅਤੇ ਮੰਤਰੀਆਂ ਦੀਆਂ ਪੈਨਸ਼ਨਾਂ ਵਿਚ ਵਾਧਾ ਕਿਉਂ ਕਰਦੇ ਰਹੇ। ਬਾਦਲ ਸਾਹਿਬ ਦੇ ਇਹੋ ਜਿਹੇ ਬਿਆਨਾਂ 'ਤੇ ਲੋਕ ਸੌ-ਸੌ ਲਾਹਨਤਾਂ ਪਾ ਰਹੇ ਹਨ। ਭਲਾ ਇਸ ਗੱਲ ਵਿਚ ਹੀ ਹੈ ਕਿ ਉਹ ਆਪਣੀ ਉਮਰ ਦੇ ਇਸ ਪੜਾਅ ਵਿਚ ਖੋਖਲੇ ਜਿਹੇ ਬਿਆਨ ਨਾ ਦੇ ਕੇ ਚੁੱਪੀ ਧਾਰ ਲੈਣ ਤਾਂ ਉਨ੍ਹਾਂ ਲਈ ਬਹੁਤ ਵਧੀਆ ਰਹੇਗਾ।

ਮਾਨ ਸਰਕਾਰ ਨੇ ਵਾਰ-ਵਾਰ ਜਿੱਤੇ ਵਿਧਾਇਕਾਂ ਨੂੰ ਇੱਕ ਪੈਨਸ਼ਨ ਦੇਣ ਦਾ ਜਿਹੜਾ ਫੈਸਲਾ ਲਿਆ ਹੈ, ਇਹ ਫੈਸਲਾ ਇਤਿਹਾਸਕ ਹੈ। ਇਸ ਫੈਸਲੇ ਬਾਰੇ ਮੁਲਾਜ਼ਮ ਤਬਕਾ ਪਿਛਲੇ ਲੰਬੇ ਸਮੇਂ ਤੋਂ ਆਵਾਜ਼ ਉਠਾ ਰਿਹਾ ਸੀ, ਜਿਸਨੂੰ ਬੂਰ ਹੁਣ ਪਿਆ ਹੈ। ਪੰਜਾਬ ਦੇ ਆਮ ਲੋਕ ਵੀ ਹੈਰਾਨ ਹੋ ਗਏ ਹਨ ਕਿ ਇਹ ਵਿਧਾਇਕ ਪੰਜਾਬ ਦੇ ਖਜ਼ਾਨੇ ਦੀ ਐਨੀ ਲੁੱਟ ਕਰ ਰਹੇ ਸਨ। ਜੇ ਕਿਤੇ ਇਸਦੇ ਨਾਲ ਲੱਗਦਾ ਇਹ ਫੈਸਲਾ ਵੀ ਸਰਕਾਰ ਲੈ ਲਵੇ ਕਿ ਇਕ ਪੈਨਸ਼ਨ ਵੀ ਸੱਠ ਸਾਲ ਦੀ ਉਮਰ ਤੋਂ ਬਾਅਦ ਲਾਗੂ ਹੋਵੇਗੀ ਤਾਂ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਪੰਜਾਬ ਦੇ ਲੋਕ ਪਿਛਲੇ 15-20 ਸਾਲਾਂ ਤੋਂ ਖਜ਼ਾਨਾ ਖਾਲੀ ਹੋਣ ਦਾ ਰਾਗ ਹੀ ਖਜ਼ਾਨਾ ਮੰਤਰੀ ਵਲੋਂ ਅਲਾਪਿਆ ਸੁਣਦੇ ਆ ਰਹੇ ਹਨ। ਅਸਲ ਵਿਚ ਖਜ਼ਾਨਾ ਆਪਣੇ ਚਹੇਤਿਆਂ ਨੂੰ ਲੁਟਾਇਆ ਜਾ ਰਿਹਾ ਸੀ। ਇੱਥੇ ਤਾਂ ਇਹ ਗੱਲ ਸੀ ਕਿ ਕੌਣ ਕਹੇ ਰਾਣੀ ਅੱਗਾ ਢੱਕ। ਕਈ ਹਾਰੇ ਹੋਏ ਨੇਤਾ ਅਜੇ ਵੀ ਪੈਨਸ਼ਨ ਇੱਕ ਕਰਨ ਦਾ ਵਿਰੋਧ ਕਰ ਰਹੇ ਹਨ। ਜਿਹੜੇ ਵੀ ਵਿਰੋਧ ਕਰਦੇ ਹਨ, ਉਹ ਲੋਕਾਂ ਦੀਆਂ ਨਜ਼ਰਾਂ ਵਿਚੋਂ ਹੋਰ ਵੀ ਡਿੱਗਦੇ ਜਾ ਰਹੇ ਹਨ। ਵਿਰੋਧੀਆਂ ਨੂੰ ਚਾਹੀਦਾ ਹੈ ਕਿ ਉਹ ਚੰਗੇ ਕੰਮਾਂ ਦੀ ਸ਼ਲਾਘਾ ਕਰਨੀ ਸਿੱਖਣ। ਲੋਕ ਹੁਣ ਚੰਗੇ ਲੋਕਾਂ ਦੀ ਬੇਲੋੜੀ ਭੰਡੀ ਕਰਨ ਨੂੰ ਚੰਗਾ ਨਹੀਂ ਸਮਝਦੇ।

ਪੰਜਾਬ ਦੇ ਲੋਕਾਂ ਨੇ ਇਸ ਸਰਕਾਰ ਤੋਂ ਜੋ ਉਮੀਦਾਂ ਲਾਈਆਂ ਹਨ, ਉਮੀਦ ਹੈ ਕਿ ਹੌਲੀ-ਹੌਲੀ ਕਰਕੇ ਇਹ ਸਰਕਾਰ ਉਸ 'ਤੇ ਪੂਰੀ ਉਤਰੇਗੀ। ਮਾਨ ਸਾਹਿਬ ਕੋਲ ਅਲਾਦੀਨ ਦਾ ਚਿਰਾਗ ਨਹੀਂ ਜਿਹੜਾ ਰਾਤੋ-ਰਾਤ ਸਾਰਾ ਕੁੱਝ ਬਦਲ ਦੇਵੇਗਾ। ਜਿਸ ਢੰਗ ਨਾਲ ਸ਼ੁਰੂਆਤ ਹੋਈ ਹੈ, ਇਸ ਤੋਂ ਉਮੀਦ ਬੱਝਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਸੋਨੇ ਦੀ ਚਿੜੀ ਵਾਲਾ ਰੁਤਬਾ ਗੁਆ ਚੁੱਕਿਆ ਪੰਜਾਬ ਮੁੜ ਸੋਨੇ ਦੀ ਚਿੜੀ ਜ਼ਰੂਰ ਬਣੇਗਾ।

# ਵਰਤੋਂ ਕੰਪਿਊਟਰ ਦੀ


## ਸ਼ੌਰਟ ਕੱਟ ਕੀਅਜ਼-2

**ਫੌਂਟ ਬਦਲੀ ਦੀਆਂ ਲੰਮੀਆਂ ਵਾਟਾਂ:** ਟਾਈਪਿਸਟ ਨੂੰ ਕਈ ਵੇਰ ਇੱਕੋ ਡਾਕੂਮੈਂਟ ਵਿਚ ਦੋ ਜਾਂ ਵੱਧ ਫੌਂਟਾ ਉੱਤੇ ਕੰਮ ਕਰਨਾ ਪੈਂਦਾ ਹੈ। ਜਿਵੇਂ ਚਾਤ੍ਰਿਕ, ਸਤਲੁਜ, ਕੈਲਬਰੀ ਆਦਿ, ਖਾਸ ਕਰਕੇ ਆਸਕੀ (ਓਸਚੀਂ— ਅਮੈਰਿਕਨ ਸਟੈਂਟਰਡ ਕੋਡ ਫੌਰ ਇਨਫੌਰਮੇਸ਼ਨ ਇੰਟਰਚੇਂਜ) ਵਾਲ਼ੀਆਂ 8 ਬਿੱਟ ਫੌਂਟਾਂ ਉੱਤੇ। ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਫੌਂਟ ਬਦਲੀ ਕਰਨ ਦੀਆਂ ਦੋ ਕਾਰਵਾਈਆਂ ਹਨ। ਜੋ ਬੜੀਆਂ ਹੀ ਅਕਾਊ ਹਨ। ਪਹਿਲੀ ਕਾਰਵਾਈ ਹੈ; ਸੱਜਾ ਹੱਥ ਮਾਊਸ ਉੱਤੇ ਲੈ ਜਾਓ। ਫੌਂਟ-ਤੀਰ ਕਲਿੱਕ, ਫੌਂਟ ਲੱਭੋ ਅਤੇ ਕਲਿੱਕ। ਮੁੜ ਕੇ ਕੀਅਬੋਰਡ ਉੱਤੇ ਸੱਜਾ ਹੱਥ ਲੈ ਆਓ ਤੇ ਟਾਈਪ ਕਰੋ। ਜਾਂ ਦੂਸਰੀ ਕਾਰਵਾਈ ਹੈ; ਆਲਟ

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

ਕੀਅ ਇੱਕ ਵਾਰ ਪ੍ਰੈੱਸ ਕਰੋ, ਰਿਬਨ ਵਿਚ ਕਮਾਂਡਾਂ ਦੇ ਸੰਕੇਤਕ ਅੱਖਰ ਦਿਖਾਈ ਦੇਣਗੇ। ਟੈਬ ਕਮਾਂਡ ਹੋਮ ਲਈ ਐੱਚ, ਪ੍ਰੈੱਸ, ਕਮਾਂਡ ਸੈੱਟ ਫੌਂਟ ਵਿਚ ਕਮਾਂਡ ਫੌਂਟ, ਐੱਫਐੱਫ ਪ੍ਰੈੱਸ, ਫੌਂਟ ਸਿਲੈੱਕਟ ਹੋ ਜਾਇਗੀ। ਸੱਜਾ ਹੱਥ ਨੇਵੀਗੇਸ਼ਨ ਭਾਗ ਵਾ਼ਲੇ ਚਾਰ ਤੀਰਾਂ ਉੱਤੇ ਲੈ ਜਾਓ। ਤੀਰਾਂ ਨੂੰ ਹੇਠਾਂ ਉੱਤੇ ਕਰ ਕੇ ਲੋੜੀਂਦੀ ਫੌਂਟ ਸਿਲੈੱਕਟ ਕਰੋ, ਕੀਅ ਐਂਟਰ ਪ੍ਰੈੱਸ। ਕਰਸਰ ਵਾ਼ਲੀ ਥਾਂ ਤੋਂ ਉਹ ਫੌਂਟ ਟਾਈਪ ਹੋਣ ਲੱਗ ਜਾਇਗੀ।

**ਫੌਂਟ ਦੀ ਸ਼ੌਰਟ ਕੱਟ ਕੀਅ ਬਣਾਉਣਾ:** ਰਿਬਨ ਵਿਚ ਸਭ ਤੋਂ ਪਹਿਲੀ ਕਮਾਂਡ ਟੈਬ ਫਾਈਲ (ਜਾਂ ਔਫਿਸ ਬਟਨ) ਕਲਿੱਕ ਕਰੋ। ਕਮਾਂਡਾਂ ਦੀ ਸੂਚੀ ਖੁੱਲ੍ਹ ਜਾਇਗੀ। ਮੋਰ ਜਾਂ ਔਪਸ਼ਨ ਕਮਾਂਡ ਕਲਿੱਕ, ਜਨਰਲ ਕਮਾਂਡ ਦੇ ਥੱਲੇ ਕਮਾਂਡ ਸੂਚੀ ਵਿਚ, ਕਸਟੋਮਾਈਜ਼ ਰਿਬਨ ਕਲਿੱਕ, ਕੀਅਬੋਰਡ ਸ਼ੌਰਟਕੱਟ: ਕਸਟੋਮਾਈਜ਼ ਕਲਿੱਕ। ਸਾਹਮਣੇ ਦੀ ਤਸਵੀਰ ਵਾ਼ਲੀ ਕਸਟੋਮਾਈਜ਼ ਕੀਅਬੋਰਡ ਵਿੰਡੋ ਖੁੱਲ੍ਹ ਜਾਇਗੀ। ਕੈਟੇਗਰੀਜ਼ ਵਾ਼ਲੇ ਸਕਰੌਲ ਤੀਰ ਨੂੰ ਪੂਰੇ ਹੇਠਾਂ ਤੀਕਰ ਦਬਾਓ। ਡੌਟ ਲਾਈਨ ਦੇ ਥੱਲੇ ਦੂਸਰੀ ਕੈਟੇਗਰੀ ਫੌਂਟਸ ਕਲਿੱਕ। ਕੰਪਿਊਟਰ ਦੀਆਂ ਸਾਰੀਆਂ ਫੌਂਟਾਂ ਅਲਫਾਬੈਟੀਕਲੀ ਸੱਜੇ ਪਾਸੇ ਦੇ ਫੌਂਟ ਡੱਬੇ ਵਿਚ ਖੁੱਲ੍ਹ ਜਾਣਗੀਆਂ। ਚਾਤ੍ਰਿਕ ਫੌਂਟ ਕਲਿੱਕ। ਉਸ ਡੱਬੇ ਦੇ ਹੇਠਾਂ ਪ੍ਰੈੱਸ ਨਿਊ ਸ਼ੌਰਟ ਕੱਟ ਕੀਅ ਵਾ਼ਲੀ ਡੱਬੀ ਵਿਚ ਕਰਸਰ ਬਲਿੰਕ ਕਰਦਾ ਮਿ਼ਲੇਗਾ। ਇਸ ਵਿਚ ਕੀਅ ਆਲਟ ਦੱਬੀ ਰੱਖ ਕੇ 'ਸੀ' ਟਾਈਪ ਕਰੋ। ਚੈੱਕ ਕਰੋ ਕਿ ਇਹ ਕੀਅ ਪਹਿਲੋਂ ਕਿਸੇ ਹੋਰ ਕਮਾਂਡ ਲਈ ਅਸਾਈਨ ਤਾਂ ਨਹੀਂ। ਜੇ ਹੈ ਤਾਂ ਆਲਟ




+ ਸੀ ਦੀ ਥਾਂ ਕੋਈ ਹੋਰ ਸ਼ੌਰਟ ਕੱਟ ਕੀਅ ਟਾਈਪ ਕਰੋ। ਜੇ ਨਹੀਂ ਤਾਂ ਅਸਾਈਨ ਕਰੋ।

ਇਸੇ ਵਿਧੀ ਨਾ਼ਲ ਲੋੜੀਂਦੀਆਂ ਹੋਰ ਫੌਂਟਾਂ ਨੂੰ ਵੀ ਸ਼ੌਰਟ ਕੱਟ ਕੀਆਂ ਅਸਾਈਨ ਕਰ ਲਵੋ। ਕੰਮ ਪੂਰਾ ਹੋ ਜਾਣ ਪਿੱਛੋਂ ਕਮਾਂਡ ਕਲੋਜ ਕਲਿੱਕ ਕਰ ਕੇ ਵਿੰਡੋ ਨੂੰ ਬੰਦ ਕਰ ਦਿਓ। **ਚਿਤਾਵਨੀ: ਲਾਲ ਡੱਬੀ ਵਿਚ ਕਮਾਂਡ ਰੀਸੈੱਟ ਆਲ... ਭੁੱਲ ਕੇ ਵੀ ਨਹੀਂ ਕਲਿੱਕ ਕਰਨੀ ਚਾਹੀਦੀ। ਨਹੀਂ ਤਾਂ ਸਾਰੀਆਂ ਅਸਾਈਨਮੈਂਟ ਸ਼ੌਰਟਕੱਟ ਕੀਅਜ਼ ਸਾਫ ਹੋ ਜਾਣਗੀਆਂ ਅਤੇ ਦੋਬਾਰਾ ਬਣਾਉਣੀਆਂ ਪੈਣਗੀਆਂ।**

**ਹੋਰ ਕਮਾਂਡਾਂ ਦੀਆਂ ਸ਼ੌਰਟਕੱਟ ਕੀਅਜ਼:** ਜੋ ਕਮਾਂਡਾਂ ਕੰਪਿਊਟਰ ਦੇ ਵਿਚ ਪ੍ਰੋਗਰਾਮਰਾਂ ਨੇ ਪਾ ਦਿੱਤੀਆਂ ਹਨ, ਕੰਪਿਊਟਰ ਉਨ੍ਹਾਂ ਉੱਤੇ ਹੀ ਕੰਮ ਕਰ ਸਕਦਾ ਹੈ। ਇਸ ਦੀਆਂ ਸਾਰੀਆਂ ਕਮਾਂਡਾਂ ਦੋ ਗਰੁੱਪਾਂ, ਪਾਪੂਲਰ ਕਮਾਂਡਜ਼ ਅਤੇ ਕਮਾਂਡਜ਼ ਨਾਟ ਇਨ ਰਿਬਨ ਵਿਚ ਵੰਡ ਲਈਆਂ ਗਈਆਂ ਹਨ। ਇੱਥੋਂ ਤੀਕਰ ਕਿ ਇੱਕ ਗਰੁੱਪ 'ਆਲ ਕਮਾਂਡਜ਼' ਦਾ ਵੀ ਬਣਾਇਆ ਗਿਆ ਹੈ। ਤੇ ਸਾਰੇ ਛੋਟੇ ਵੱਡੇ ਗਰੁੱਪ ਕੈਟੇਗਰੀ ਦੇ ਡੱਬੇ ਵਿਚ ਦਿੱਤੇ ਹੋਏ ਹਨ। ਜਿਹੜੇ ਵੀ ਗਰੁੱਪ ਨੂੰ ਕਲਿੱਕ ਕੀਤਾ ਜਾਂਦਾ ਹੈ ਉਸੇ ਦੀਆਂ ਸਾਰੀਆਂ ਕਮਾਂਡਾਂ ਦੂਜੇ ਵੱਡੇ ਖਾਨੇ ਵਿਚ ਉਜਾਗਰ ਹੋ ਜਾਂਦੀਆਂ ਹਨ। ਉਨ੍ਹਾਂ ਵਿਚੋਂ ਕਿਸੇ ਵੀ ਕਮਾਂਡ ਦੀ ਦੱਸੀ ਗਈ ਵਿਧੀ ਅਨੁਸਾਰ ਸ਼ੌਰਟਕੱਟ ਕੀਅ ਬਣਾਈ ਜਾ ਸਕਦੀ ਹੈ।


**ਮੈਕਰੋਜ਼:** ਮੈਕਰੋਜ਼ ਦਾ ਅਰਥ ਮਹਾਨ ਹੈ। ਕੰਪਿਊਟਰ ਵਿਚ ਇਹ ਇੱਕ ਅਜੇਹਾ ਪ੍ਰਬੰਧ ਹੈ ਜੋ ਇੱਕ ਤੋਂ ਲੈ ਕੇ ਅਨੇਕ ਕਮਾਂਡਾਂ ਦੇ ਸੈੱਟ ਨੂੰ ਇੱਕੋ ਸ਼ੌਰਟ ਕੱਟ ਕੀਅ ਨਾ਼ਲ ਜਾਂ ਇੱਕ ਹੀ ਕਮਾਂਡ ਨਾ਼ਲ ਚਲਾ ਸਕਦਾ ਹੈ। ਗੁਰਮੁਖੀ ਲਿੱਪੀ ਦੀਆਂ ਬਹੁਤ ਸਾਰੀਆਂ ਅਜਿਹੀਆਂ ਲਿੱਪੀਆਂ ਹਨ, ਜਿਨ੍ਹਾਂ ਦੀ ਕੋਡਿੰਗ ਇੱਕ ਸਾਰ ਨਹੀਂ ਹੈ। 'ਫਾਈਂਡ ਐਂਡ ਰੀਪਲੇਸ' ਰਾਹੀਂ ਬਹੁਤ ਸਾਰੀਆਂ ਕਮਾਂਡਾਂ ਦੇ ਕੇ ਮੈਕਰੋਜ਼ ਰਾਹੀਂ ਉਨ੍ਹਾਂ ਦਾ ਫੌਂਟ ਕਨਵਰਸ਼ਨ ਪ੍ਰੋਗਰਾਮ ਬਣਾਇਆ ਜਾ ਸਕਦਾ ਹੈ। ਉਸਦੀ ਸ਼ੌਰਟ ਕੱਟ ਕੀਅ ਵੀ ਇਸੇ ਵਿਧੀ ਨਾ਼ਲ ਬਣਾਈ ਜਾ ਸਕਦੀ ਹੈ।

ਹਰ ਨਵਾਂ ਕੰਮ ਕਰਨ ਦੀ ਥੋੜ੍ਹੀ ਜਿਹੀ ਝਿਜਕ ਹੁੰਦੀ ਹੈ। ਜਿਸ ਰਾਹ ਤੁਰ ਪਈਏ ਫਿਰ ਉਸਦੀ ਤਸਵੀਰ ਆਪਣੇ ਆਪ ਹੀ ਸਾਹਮਣੇ ਸਾਫ ਹੁੰਦੀ ਚਲੀ ਜਾਂਦੀ ਹੈ। ਕੀਤੀਆਂ ਕਮਾਈਆਂ ਦੀਆਂ ਮੋਹਰਾਂ ਨੂੰ ਅਨੁਭਵ ਦਾ ਖ਼ਜ਼ਾਨਚੀ ਆਪਣੇ ਆਪ ਸੰਭਾ਼ਲੀ ਜਾਂਦਾ ਹੈ।

**ਯੂਨੀਕੋਡ ਫੌਂਟਸ:** ਯੂਨੀਕੋਡ ਫੌਂਟਸ ਕੰਪਿਊਟਰ ਦਾ ਭਵਿੱਖ ਹਨ। ਖਾਸ ਕਰਕੇ ਗੁਰਮੁਖੀ, ਦੇਵਨਾਗਰੀ, ਸ਼ਾਹਮੁਖੀ ਆਦਿ ਫੌਂਟਸ ਦਾ। ਕਿਉਂਕਿ ਇਨ੍ਹਾਂ ਦੀ ਆਸਕੀ ਫੌਂਟਸ ਦੀ ਕੋਡਿੰਗ ਇੱਕ ਸਾਰ ਨਹੀਂ ਹੈ। ਜੇ ਕੋਈ ਇੱਕ ਫੌਂਟ ਅੰਗਰੇਜ਼ੀ ਵਾਂਗ ਸਿੱਧੀ ਹੀ ਦੂਸਰੀ ਫੌਂਟ ਵਿਚ ਬਦਲ ਦਿੱਤੀ ਜਾਵੇ ਤਾਂ ਉਹ ਬੇਅਰਥੀ ਬਣ ਜਾਂਦੀ ਹੈ। ਗੁਰਮੁਖੀ ਦੀਆਂ ਦਸ ਵੀਹ ਜਿਤਨੀਆਂ ਵੀ ਹਨ, ਯੂਨੀਕੋਡ ਫੌਂਟਾਂ ਦੀ ਕੋਡਿੰਗ ਇੱਕੋ ਹੀ ਹੈ। ਪਰ ਉਨ੍ਹਾਂ ਨੂੰ ਟਾਈਪ ਕਰਨ ਲਈ ਇੱਕ ਛੋਟਾ ਜਿਹਾ ਪ੍ਰੋਗਰਾਮ ਕੰਪਿਊਟਰ ਵਿਚ ਪਾ ਕੇ ਆਮ ਕੀਅ ਬੋਰਡ ਨਾ਼ਲੋਂ ਵੀ ਸੌਖਿਆਂ ਟਾਈਪ ਕਰ ਲਈਦਾ ਹੈ। ਉਸ ਕੀਅਬੋਰਡ ਵਿਚ 'ਡੈੱਡ ਕੀਅ' ਦਾ ਪ੍ਰਬੰਧ ਹੈ, ਜੋ ਇੱਕ ਹੀ ਕੀਅ ਨੂੰ ਦਸ ਵੀਹ ਸਿੰਬਲ ਟਾਈਪ ਕਰਨ ਦੇ ਸਮਰੱਥ ਬਣਾਉਂਦਾ ਹੈ। ਉਸ ਵਿਚ ਸ਼ੌਰਟ ਕੱਟ ਕੀਅ ਬਣਾਉਣ ਦੀ ਬਹੁਤ ਹੀ ਘੱਟ ਲੋੜ ਪੈਂਦੀ ਹੈ। ਡੈੱਡ ਕੀਅ ਦਾ ਸੰਕਲਪ ਆਸਕੀ ਫੌਂਟਾਂ ਵਿਚ ਵੀ ਪਾਇਆ ਜਾ ਸਕਦਾ ਹੈ। ਇਹ ਕੀਅਬੋਰਡ ਪ੍ਰੋਗਰਾਮ ਸੌਖਿਆਂ ਹੀ ਬਣਾਏ ਜਾ ਸਕਦੇ ਹਨ। ਜਾਂ ਕਿਸੇ ਜਾਣਕਾਰ ਕੋ਼ਲੋਂ ਬਣੇ ਬਣਾਏ ਲਏ ਜਾ ਸਕਦੇ ਹਨ। **(ਚੱਲਦਾ)**

# ਕੇਰਲਾ ਵਿਚ ਔਰਤ 'ਤੇ ਜ਼ੁਲਮ ਦੀ ਗਾਥਾ 'ਮੁੱਲਾਕਰਮ ਟੈਕਸ'

ਸਮਾਜ ਵਿਚ ਬਦਲਾਅ ਲਿਆਉਣ ਅਤੇ ਗਰੀਬ ਵਰਗ ਦੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਦਿੱਤੇ ਗਏ ਬਲੀਦਾਨ ਦੀਆਂ ਕਈ ਘਟਨਾਵਾਂ ਇਤਿਹਾਸ ਵਿਚ ਦਰਜ ਹਨ। ਅਜਿਹੀ ਇਕ ਘਟਨਾ ਕੇਰਲਾ ਰਾਜ ਦੀ ਹੈ, ਜਿੱਥੇ 19ਵੀਂ ਸਦੀ ਵਿਚ ਜਦੋਂ ਤਰਾਵਨਕੋਰ ਦੇ ਰਾਜੇ ਨੇ ਔਰਤਾਂ 'ਤੇ ਮੁੱਲਾਕਰਮ ਟੈਕਸ (ਬ੍ਰੈਸਟ ਟੈਕਸ) ਲਾਇਆ, ਜਿਸ ਨੇ ਨਾ ਸਿਰਫ਼ ਔਰਤਾਂ ਦਾ ਅਪਮਾਨ ਕੀਤਾ ਬਲਕਿ ਉਨ੍ਹਾਂ ਤੋਂ ਜੀਊਣ ਦਾ ਹੱਕ ਵੀ ਖੋਹ ਲਿਆ ਗਿਆ ਤਾਂ ਉਥੋਂ ਦੀ ਇਕ ਔਰਤ ਨੇ ਇਸ ਟੈਕਸ ਦਾ ਸਖ਼ਤ ਵਿਰੋਧ ਕੀਤਾ ਅਤੇ ਉਸ ਦਾ ਇਹ ਸਾਹਸੀ ਕਦਮ ਇਸ ਟੈਕਸ ਦੇ ਖ਼ਾਤਮੇ ਦੀ ਵਜ੍ਹਾ ਬਣ ਗਿਆ। ਉਸ ਦਾ ਬਲੀਦਾਨ ਨਿਮਨ ਵਰਗ ਦੇ ਲੋਕਾਂ



ਹਰਪ੍ਰੀਤ ਕੌਰ ਦੁੱਗਰੀ
ਫੋਨ: 94782-38443

ਵਿਚ ਜਾਗ੍ਰਿਤੀ ਲਿਆਉਣ ਵਿਚ ਮੀਲ ਪੱਥਰ ਸਾਬਤ ਹੋਇਆ।

ਅੱਜ ਅਸੀਂ ਜਿਸ ਪ੍ਰਗਤੀਵਾਦੀ ਅਤੇ ਸਿੱਖਿਆ ਦੇ ਪਸਾਰ ਕਰਕੇ ਕੇਰਲਾ ਰਾਜ ਨੂੰ ਜਾਣਦੇ ਹਾਂ ਖ਼ਾਸ ਕਰਕੇ ਮਹਿਲਾਵਾਂ ਦੀ ਸਿੱਖਿਆ ਦੇ ਖੇਤਰ ਵਿਚ ਕਾਫ਼ੀ ਤਾਰੀਫ਼ ਕੀਤੀ ਜਾਂਦੀ ਹੈ, ਉੱਥੇ ਹਮੇਸ਼ਾ ਔਰਤਾਂ ਦੇ ਇੰਨੇ ਚੰਗੇ ਹਾਲਾਤ ਨਹੀਂ ਸਨ ਜਿੰਨੇ ਕਿ ਅੱਜ ਦੇਖਣ ਨੂੰ ਮਿਲਦੇ ਹਨ। ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ ਕੇਰਲਾ ਰਾਜ ਵਿਚ ਨੀਵੀਂ ਜਾਤ ਦੀਆਂ ਔਰਤਾਂ ਦੀ ਹਾਲਤ ਤਰਸਯੋਗ ਸੀ। ਇੱਥੇ ਵੀ ਸਮਾਜਿਕ ਪੱਧਰ 'ਤੇ ਅਨੇਕਾਂ ਬੁਰਾਈਆਂ ਪ੍ਰਚੱਲਿਤ ਸਨ। ਇੱਥੇ ਕਰੂਰ ਪ੍ਰਥਾ ਅਤੇ ਵਰਣ-ਵਿਵਸਥਾ ਦਾ ਕੋਹੜ ਆਪਣੀਆਂ ਜੜ੍ਹਾਂ ਮਜ਼ਬੂਤ ਕਰੀ ਬੈਠਾ ਸੀ ਪਰ ਸਮੇਂ-ਸਮੇਂ ਇਨ੍ਹਾਂ ਬੁਰਾਈਆਂ ਤੋਂ ਤੰਗ ਆ ਕੇ ਕਿਸੇ ਨਾ ਕਿਸੇ ਨੇ ਜਾਬਰ-ਜ਼ੁਲਮ ਖਿਲਾਫ਼ ਆਵਾਜ਼ ਉਠਾਈ ਹੈ।

ਅਸਲ 'ਚ ਤਰਾਵਨਕੋਰ ਰਿਆਸਤ ਵਿਚ ਇਕ ਪਰੰਪਰਾ ਸੀ, ਜਿਸ ਅਨੁਸਾਰ ਆਪਣੇ ਤੋਂ ਉੱਚੀ ਜਾਤ ਵਾਲੇ ਲੋਕਾਂ ਨੂੰ ਸਨਮਾਨ ਦੇਣ ਲਈ ਨੀਵੀਂ ਜਾਤ ਦੇ ਲੋਕਾਂ ਨੂੰ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢੱਕਣ ਦੀ ਸਖ਼ਤ ਮਨਾਹੀ ਸੀ, ਜੇ ਕੋਈ ਔਰਤ ਆਪਣੀ ਛਾਤੀ ਨੂੰ ਢੱਕਦੀ ਤਾਂ ਟੈਕਸ ਅਧਿਕਾਰੀ ਉਸ ਦੀ ਛਾਤੀ ਦੇ ਸਾਈਜ਼ ਮੁਤਾਬਕ ਤੁਲਨਾ ਕਰ ਕੇ ਉਸ ਤੋਂ ਟੈਕਸ ਵਸੂਲਦੇ ਸਨ। ਇਹ ਟੈਕਸ ਸਮਾਜ ਦੀਆਂ ਸਾਰੀਆਂ ਔਰਤਾਂ ਅਤੇ ਮਰਦਾਂ 'ਤੇ ਲਾਗੂ ਸੀ ਪਰ ਸਭ ਤੋਂ ਜ਼ਿਆਦਾ ਸ਼ਿਕਾਰ ਨੀਵੀਂ ਜਾਤ ਦੀਆਂ ਔਰਤਾਂ ਹੋਈਆਂ। ਔਰਤ ਨੂੰ ਗੰਦੀ ਨਜ਼ਰ ਨਾਲ ਦੇਖਣਾ ਅਤੇ ਉਸਦਾ ਅਪਮਾਨ ਕਰਨਾ ਬਹੁਤ ਸ਼ਰਮਨਾਕ ਕਾਰਾ ਸੀ। ਇਸ ਕਰੂਰ ਪਰੰਪਰਾ ਨੂੰ ਅੱਗੇ ਚਲਾਉਣ ਵਿਚ ਰਾਜਸੀ ਘਰਾਣੇ, ਪ੍ਰੋਹਿਤ, ਸਵਰਣ ਵਰਗ ਦੇ ਲੋਕਾਂ ਤੋਂ ਇਲਾਵਾ ਉੱਚ ਵਰਗ ਦੀਆਂ ਰਾਜਸੀ ਔਰਤਾਂ ਵੀ ਜ਼ਿੰਮੇਵਾਰ ਸਨ ਜਿਨ੍ਹਾਂ ਨੇ ਇਸ ਪ੍ਰਥਾ ਨੂੰ ਕਾਇਮ ਰੱਖਿਆ। ਇਸ ਤੋਂ ਇਲਾਵਾ ਨੀਵੇਂ ਵਰਗ ਦੇ ਲੋਕਾਂ 'ਤੇ ਮੰਦਰ ਜਾਣ ਵਾਲੀ ਸੜਕ 'ਤੇ ਚੱਲਣ 'ਤੇ ਵੀ ਪਾਬੰਦੀ ਸੀ।

ਕੇਰਲਾ ਰਾਜ ਦੇ ਤਰਾਵਨਕੋਰ ਜ਼ਿਲ੍ਹੇ ਦੇ ਨੇੜਲੇ ਖੇਤਰ ਵਿਚ ਮੰਦਰ ਵਿਚ ਪ੍ਰੋਹਿਤ ਕੋਲ ਇਕ ਲਾਠੀ ਰੱਖੀ ਹੁੰਦੀ ਸੀ ਅਤੇ ਉਸ ਦੇ ਉੱਪਰ ਇਕ ਚਾਕੂ ਬੰਨ੍ਹਿਆ ਹੁੰਦਾ ਸੀ ਜਦੋਂ ਕੋਈ ਔਰਤ ਆਪਣੀ ਛਾਤੀ ਨੂੰ ਢੱਕ ਕੇ ਆਉਂਦੀ ਤਾਂ ਮੰਦਰ ਦੇ ਪ੍ਰੋਹਿਤ ਵਲੋਂ ਉਸ ਦੇ ਕੱਪੜੇ ਪਾੜ ਕੇ ਦਰੱਖ਼ਤ ਉੱਤੇ ਲਟਕਾ ਦਿੱਤੇ ਜਾਂਦੇ ਸਨ ਕਿ ਅੱਗੇ ਤੋਂ ਕੋਈ ਵੀ ਔਰਤ ਇੱਦਾਂ ਦੀ ਗ਼ਲਤੀ ਨਾ ਦੁਹਰਾਏ। ਇੱਥੇ ਇਕ ਹੋਰ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿ ਉੱਚ ਵਰਗ ਦੀਆਂ ਬ੍ਰਾਹਮਣ, ਕਸ਼ੱਤਰੀ ਔਰਤਾਂ ਨੂੰ ਘਰ ਤੋਂ ਬਾਹਰ ਜਾਂਦੇ ਸਮੇਂ ਸਰਵਜਨਿਕ ਥਾਵਾਂ 'ਤੇ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢੱਕਣ ਦੀ ਇਜਾਜ਼ਤ ਸੀ ਪਰ ਇਸ ਦੇ ਉਲਟ ਦਲਿਤ ਵਰਗ ਨੂੰ ਨਹੀਂ ਸੀ ਜਾਂ ਫਿਰ ਉਨ੍ਹਾਂ ਨੂੰ ਇਸ ਦੇ ਬਦਲੇ ਟੈਕਸ ਭਰਨਾ ਪੈਂਦਾ ਸੀ। ਇਹ ਉਸ ਸਮੇਂ ਫੈਲਿਆ ਹੋਇਆ ਘਿਨੌਣਾ ਜਾਤੀਗਤ ਵਿਭੇਦ ਸੀ। ਗਰੀਬਾਂ ਨੂੰ ਦਬਾ ਕੇ ਰੱਖਣਾ ਅਤੇ ਜਾਤ-ਪਾਤ ਨੂੰ ਕਾਇਮ ਰੱਖਣਾ ਇਨ੍ਹਾਂ ਦਾ ਮੁੱਖ ਮਕਸਦ ਸੀ। ਹਰ ਵਰਗ ਦੀਆਂ ਔਰਤਾਂ ਲਈ ਵੱਖ-ਵੱਖ ਨਿਯਮ ਸਨ। ਬ੍ਰਾਹਮਣ ਸ਼ਖ਼ਸ ਦੇ ਸਾਹਮਣੇ ਕਸ਼ੱਤਰੀ ਵਰਗ ਦੀ ਮਹਿਲਾ ਨੂੰ ਜ਼ਬਰਦਸਤੀ ਤਨ ਦਾ ਉੱਪਰੀ ਹਿੱਸਾ ਨੰਗਾ



ਕਰਨ ਲਈ ਮਜਬੂਰ ਕੀਤਾ ਜਾ ਸਕਦਾ ਸੀ। ਇਹ ਕਿੱਸਾ ਬਹੁਤ ਦਿਲ ਦਿਹਲਾਉਣ ਵਾਲਾ ਹੈ। ਇਕ ਵਾਰ ਮਹੱਲ ਦੀ ਰਾਣੀ ਦੇ ਸਾਹਮਣੇ ਇਕ ਨੀਵੇਂ ਵਰਗ ਦੀ ਔਰਤ ਆਪਣੀ ਛਾਤੀ ਢੱਕ ਕੇ ਚਲੀ ਗਈ ਤਾਂ ਰਾਣੀ ਨੇ ਉਸਦੀ ਛਾਤੀ ਨੂੰ ਕਟਵਾਉਣ ਦਾ ਫ਼ਰਮਾਨ ਦੇ ਦਿੱਤਾ। ਇੱਥੋਂ ਤਕ ਕਿ ਜਦੋਂ ਰਾਜੇ ਦੀ ਸਵਾਰੀ ਸਰਵਜਨਿਕ ਰੂਪ 'ਚ ਸ਼ਹਿਰ ਤੋਂ ਬਾਹਰ ਨਿਕਲਦੀ ਤਾਂ ਉੱਚ ਵਰਗ ਦੀਆਂ ਔਰਤਾਂ ਨੂੰ ਉਸ ਦੇ ਸਨਮਾਨ ਲਈ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਨੰਗਾ ਕਰ ਕੇ ਰਾਜੇ ਦੇ ਉੱਪਰ ਫੁੱਲ ਵਰਸਾਉਣੇ ਪੈਂਦੇ ਸਨ ਅਤੇ ਉਸ ਵਿਚ ਕੁਆਰੀਆਂ ਕੁੜੀਆਂ ਵੀ ਸ਼ਾਮਲ ਸਨ। 19ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਇਸ ਪ੍ਰਥਾ ਵਿਚ ਕੁਝ ਬਦਲਾਅ ਆਉਣਾ ਸ਼ੁਰੂ ਹੋਇਆ। ਜਦੋਂ ਲੋਕ ਰੁਜ਼ਗਾਰ ਦੀ ਭਾਲ਼ ਵਿਚ ਬਾਹਰ ਸ੍ਰੀਲੰਕਾ ਵਰਗੇ ਖੇਤਰਾਂ ਵਿਚ ਵਿਚਰਦੇ ਤਾਂ ਉਨ੍ਹਾਂ ਨੂੰ ਨਵੀਆਂ-ਨਵੀਆਂ ਸਮਾਜਿਕ ਪ੍ਰਣਾਲੀਆਂ ਅਤੇ ਢਾਂਚੇ ਦੇਖਣ ਨੂੰ ਮਿਲੇ ਫਲਸਰੂਪ ਉਨ੍ਹਾਂ ਵਿਚ ਜਾਗਰੂਕਤਾ ਆਉਣੀ ਸ਼ੁਰੂ ਹੋਈ। ਇਸ ਦੇ ਨਾਲ ਹੀ ਔਰਤਾਂ ਘਰ ਦੇ ਅੰਦਰ ਅਤੇ ਬਾਹਰ ਆਪਣੇ ਸਰੀਰ ਨੂੰ ਢੱਕਣ ਲੱਗੀਆਂ ਪਰ ਇਸ ਇਤਿਹਾਸਕ ਬਦਲਾਅ ਨੂੰ ਮਰਦ ਪ੍ਰਧਾਨ ਸਮਾਜ ਨੇ ਇੰਨੀ ਜਲਦੀ ਸਵੀਕਾਰ ਨਹੀਂ ਕੀਤਾ। 1800-1829 ਈ. ਤਕ ਅੰਗਰੇਜ਼ੀ ਰਾਜ ਦਾ ਦਖ਼ਲ ਵਧਣ ਕਾਰਨ ਇਹ ਨਾਦਰ ਸਮੁਦਾਇ ਨੀਵੀਂ ਜਾਤ ਦੀਆਂ ਔਰਤਾਂ ਨੇ ਈਸਾਈ ਧਰਮ ਅਪਣਾ ਲਿਆ। 1855 ਵਿਚ ਦਾਸ ਪ੍ਰਥਾ ਦਾ ਅੰਤ ਹੋਣ ਨਾਲ ਸਵਰਣ ਪ੍ਰਥਾ ਵਿਚ ਗੁੱਸਾ ਭਰ ਗਿਆ ਅਤੇ ਅਕਤੂਬਰ 1859 ਵਿਚ ਦੰਗੇ ਹੋਏ, ਜਿਨ੍ਹਾਂ ਵਿਚ ਨਾਦਰ ਸਮੁਦਾਇ ਦੀਆਂ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਉਨ੍ਹਾਂ ਦੀ ਬੇਪਤੀ ਕੀਤੀ ਗਈ।

ਇਹ ਸੰਘਰਸ਼ ਲੰਮਾ ਸਮਾਂ ਚੱਲਦਾ ਰਿਹਾ ਅਤੇ ਇਸ ਦੀ ਪਹਿਲੀ ਸ਼ਹੀਦ ਔਰਤ ਨੰਗੇਲੀ ਸੀ, ਜਿਸ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਇਸ ਦਾ ਸਾਥ ਉਸ ਦੇ ਪਤੀ ਚਿਰਕੁੰਡਨ ਨੇ ਦਿੱਤਾ। ਨੰਗੇਲੀ ਨੇ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢੱਕਣਾ ਸ਼ੁਰੂ ਕਰ ਦਿੱਤਾ ਅਤੇ ਟੈਕਸ ਨਾ ਦਿੱਤਾ। ਜਦੋਂ ਸਮਾਜ ਦੇ ਟੈਕਸ ਅਧਿਕਾਰੀ ਟੈਕਸ ਲੈਣ ਲਈ ਉਸਦੇ ਘਰ ਆਏ ਤਾਂ ਉਸ ਨੇ ਆਪਣੀਆਂ ਛਾਤੀਆਂ ਨੂੰ ਦਾਤ੍ਰੀ ਨਾਲ ਕੱਟ ਕੇ ਕੇਲੇ ਦੇ ਪੱਤਿਆਂ ਉਪਰ ਰੱਖ ਕੇ ਟੈਕਸ ਅਧਿਕਾਰੀ ਦੇ ਸਾਹਮਣੇ ਜਾ ਖੜ੍ਹੀ ਹੋਈ। ਇਹ ਦੇਖ ਕੇ ਟੈਕਸ ਅਧਿਕਾਰੀ ਉੱਥੋਂ ਭੱਜ ਗਏ ਅਤੇ ਖ਼ੂਨ ਨਾਲ ਲੱਥ-ਪੱਥ ਖੜ੍ਹੀ ਨੰਗੇਲੀ ਨੇ ਵੀ ਉਸੇ ਸਮੇਂ ਦਮ ਤੋੜ ਦਿੱਤਾ। ਉਸਦੀ ਮੌਤ ਦੀ ਖ਼ਬਰ ਜੰਗਲ ਵਿਚ ਲੱਗੀ ਅੱਗ ਵਾਂਗ ਫੈਲ ਗਈ। ਅੱਗ ਦੀ ਚਿਖਾ ਵਿਚ ਨੰਗੇਲੀ ਦੇ ਪਤੀ ਨੇ ਵੀ ਆਪਣੇ ਪ੍ਰਾਣ ਤਿਆਗ ਦਿੱਤੇ। ਇਤਿਹਾਸ ਵਿਚ ਇਹ ਪਹਿਲੀ ਘਟਨਾ ਸੀ ਜਿਸ ਵਿਚ ਔਰਤ ਦੀ ਜਲਦੀ ਚਿਖਾ ਵਿਚ ਉਸਦਾ ਪਤੀ ਸਤੀ ਹੋਇਆ ਹੋਵੇ। ਚੇਰਥਾਲਾ ਨਾਮਕ ਜਗ੍ਹਾ 'ਤੇ ਉਨ੍ਹਾਂ ਨੇ ਆਪਣੇ ਪ੍ਰਾਣ ਤਿਆਗੇ ਸਨ। ਇਸ ਜਗ੍ਹਾ ਨੂੰ ਉਨ੍ਹਾਂ ਪ੍ਰਤੀ ਸ਼ਰਧਾਂਜਲੀ ਪ੍ਰਗਟ ਕਰਨ ਲਈ ਮੁਲਾਚੀਪਰਾਮਬੂ ਭਾਵ (ਮਹਿਲਾਵਾਂ ਦੇ ਸਤਮ ਦੀ ਭੂਮੀ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅੱਜ-ਕੱਲ੍ਹ ਇਸ ਨੂੰ ਸਥਾਨਕ ਲੋਕ ਮਨੋਰਮਾ ਕਵਾਲਾ ਦੇ ਨਾਂ ਨਾਲ ਜਾਣਦੇ ਹਨ।

ਅੰਤ 26 ਜੁਲਾਈ, 1859 ਨੂੰ ਔਰਤਾਂ ਨੂੰ ਪੂਰਨ ਰੂਪ 'ਚ ਆਪਣਾ ਸਰੀਰ ਢੱਕਣ ਦਾ ਅਧਿਕਾਰ ਮਿਲ ਗਿਆ ਪਰ ਸਰਕਾਰ ਦੇ ਆਦੇਸ਼ ਅਨੁਸਾਰ ਨੀਵੇਂ ਵਰਗ ਦੀ ਪੁਸ਼ਾਕ ਉੱਚ ਵਰਗ ਨਾਲੋਂ ਵੱਖਰੀ ਕਿਸਮ ਦੀ ਰੱਖੀ ਗਈ।

ਅੱਜ ਵੀ ਸਾਡੇ ਸਮਾਜ ਵਿਚ ਔਰਤਾਂ ਨਾਲ ਇਨਸਾਨਾਂ ਵਰਗਾ ਸਲੂਕ ਨਹੀਂ ਕੀਤਾ ਜਾਂਦਾ। ਇਸ ਲਈ ਔਰਤਾਂ ਨੂੰ ਪ੍ਰਗਤੀ ਦੇ ਰਾਹ 'ਤੇ ਚਲਦਿਆਂ ਹਮੇਸ਼ਾਂ ਬੁਰਾਈਆ ਖ਼ਿਲਾਫ਼ ਇਕਜੁੱਟ ਹੋ ਕੇ ਸੰਘਰਸ਼ਸ਼ੀਲ ਬਣਿਆ ਰਹਿਣਾ ਪਵੇਗਾ। ਫਿਰ ਹੀ ਅੱਜ ਦੀ ਔਰਤ ਆਪਣੇ ਹੱਕ ਲੈਣ ਵਿਚ ਸਫ਼ਲ ਹੋਵੇਗੀ। ਇਸ ਲਈ ਸਿੱਖਿਆ ਅਤੇ ਤਰਕਸ਼ੀਲ ਵਿਚਾਰ ਅਤੇ ਆਰਥਿਕ ਰੂਪ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਉਸ ਲਈ ਸਭ ਤੋਂ ਜ਼ਿਆਦਾ ਸਹਾਈ ਹਨ।

# ਮੀਡੀਆ ਤੇ ਖੇਡਾਂ: ਪ੍ਰੋ. ਕੁਲਬੀਰ ਸਿੰਘ

ਪ੍ਰੋ. ਕੁਲਬੀਰ ਸਿੰਘ ਪੰਜਾਬੀ ਮੀਡੀਆ ਦਾ ਜਾਣਿਆ ਪਛਾਣਿਆ ਨਾਂ ਹੈ। ਚਾਲੀ ਕੁ ਸਾਲ ਪਹਿਲਾਂ ਜਦੋਂ ਉਹ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਬੇਪਛਾਣ ਸੀ ਪਰ ਸਮਾਂ ਪਾ ਕੇ ਉਸ ਦੀ ਮੀਡੀਆ ਸ਼ਖ਼ਸੀਅਤ ਪੰਜਾਬ ਤੇ ਭਾਰਤ ਤੋਂ ਬਾਹਰ, ਸਿੰਗਾਪੁਰ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਕੈਨੇਡਾ ਤਕ ਪਛਾਣੀ ਜਾਣ ਲੱਗੀ ਹੈ। ਉਸ ਨੂੰ ਪੰਜਾਬ ਰਤਨ ਅਵਾਰਡ, ਸ਼੍ਰੋਮਣੀ ਪੱਤਰਕਾਰ ਅਵਾਰਡ, ਪੰਜਾਬੀ ਮੀਡੀਆ ਦਾ ਮਾਣ ਅਵਾਰਡ ਅਤੇ ਐਕਸੇਲੈਂਸ ਅਵਾਰਡ ਫਾਰ ਪ੍ਰਮੋਟਿੰਗ ਪੰਜਾਬੀ ਮੀਡੀਆ ਆਦਿ ਦਰਜਨ ਤੋਂ ਵੱਧ ਮਾਣ-ਸਨਮਾਨ ਮਿਲ ਚੁੱਕੇ ਹਨ। ਉਸ ਦਾ ਕਾਲਮ 'ਟੈਲੀਵੀਜ਼ਨ ਸਮੀਖਿਆ' ਤੀਹ ਸਾਲਾਂ ਤੋਂ ਲਗਾਤਾਰ ਛਪ ਰਿਹੈ। ਪਹਿਲਾਂ 'ਪਰਵਾਸੀ ਪੰਜਾਬੀ ਮੀਡੀਆ' ਕਾਲਮ ਛਪਦਾ ਰਿਹਾ। ਉਸ ਦੀਆਂ ਬਿਜਲਈ ਮੀਡੀਆ ਸੰਬੰਧੀ ਪੰਜ ਪੁਸਤਕਾਂ, 'ਦੂਰਦਰਸ਼ਨ ਜਲੰਧਰ: ਇਤਿਹਾਸ ਤੇ ਵਿਕਾਸ', 'ਹੁਣ ਪ੍ਰਸਾਰਨ ਜਲੰਧਰ ਤੋਂ', 'ਪਰਵਾਸੀ ਪੰਜਾਬੀ ਮੀਡੀਆ ਭਾਗ ਪਹਿਲਾ', 'ਪਰਵਾਸੀ ਪੰਜਾਬੀ ਮੀਡੀਆ ਭਾਗ ਦੂਜਾ', 'ਪਹਿਲੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ' ਤੇ ਸਫ਼ਰਨਾਮਾ 'ਆਸਟ੍ਰੇਲੀਆ ਵਿਚ ਵੀਹ ਦਿਨ', ਪ੍ਰਕਾਸ਼ਿਤ ਹੋਈਆਂ ਹਨ। ਇੰਗਲੈਂਡ-ਸਕਾਟਲੈਂਡ ਦਾ ਸਫ਼ਰਨਾਮਾ ਛਪਾਈ ਅਧੀਨ ਹੈ।

ਉਸ ਦਾ ਜਨਮ 15 ਜਨਵਰੀ 1957 ਨੂੰ ਪਿੰਡ ਛੱਜਲਵੱਡੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈੱਡਮਾਸਟਰ ਚਾਨਣ ਸਿੰਘ ਦੇ ਘਰ ਹੋਇਆ। ਮੈਂ ਉਸ ਨੂੰ 1980ਵਿਆਂ ਤੋਂ ਜਾਣਦਾਂ ਜਦੋਂ ਉਹ ਢੁੱਡੀਕੇ ਕਾਲਜ ਵਿਚ ਮੇਰੇ ਨਾਲ ਪੰਜਾਬੀ ਪੜ੍ਹਾਉਣ ਲੱਗਾ। ਉਦੋਂ ਉਹ ਛਾਂਟਵੇਂ ਜੁੱਸੇ ਦਾ ਸੋਹਣਾ ਸੁਨੱਖਾ ਨੌਜੁਆਨ ਸੀ ਜੋ ਬੈਡਮਿੰਟਨ 'ਚ ਮੈਨੂੰ ਹਰਾ ਦਿੰਦਾ। ਜਿੰਦਣ ਖੇਡਣ ਵਾਲੇ ਚਾਰ ਜਣੇ ਜੁੜ ਜਾਂਦੇ ਉੱਦਣ ਹਰੇਕ ਉਸ ਨੂੰ ਆਪਣੀ ਟੀਮ ਵਿਚ ਪਾਉਣ ਦੀ ਮੰਗ ਕਰਦਾ। 'ਕੱਠੇ ਖਾਣ-ਪੀਣ, ਸਿਹਤ ਬਣਾਉਣ ਤੇ ਖੇਡਣ ਮੱਲਣ ਦੀ ਚੇਟਕ ਉਸ ਨੂੰ ਢੁੱਡੀਕੇ ਦੇ ਮਾਹੌਲ ਨੇ ਲਾਈ ਜੋ ਉਸ ਨੇ ਨਾ ਅਬੋਹਰ-ਮੁਕਤਸਰ ਜਾ ਕੇ ਛੱਡੀ ਤੇ ਨਾ ਜਲੰਧਰ ਰਹਿੰਦਿਆਂ ਛੱਡ ਹੋਈ। ਲਾਜਪਤ ਰਾਏ ਖੇਡ ਮੇਲੇ ਢੁੱਡੀਕੇ ਦੇ ਨਜ਼ਾਰੇ ਤਾਂ ਉਸ ਨੂੰ ਹੁਣ ਤਕ ਵੀ ਨਹੀਂ ਭੁੱਲੇ ਹੋਣਗੇ। ਜੇ ਉਹ 65 ਸਾਲਾਂ ਦਾ ਅਜੇ ਵੀ ਜੁਆਨ ਦਿਸ ਰਿਹੈ ਤਾਂ ਉਹਦੇ ਪਿੱਛੇ ਸਾਡੀ ਸੰਗਤ ਦਾ ਵੀ ਕੁਝ ਨਾ ਕੁਝ ਯੋਗਦਾਨ ਤਾਂ ਹੋਵੇਗਾ ਹੀ। ਰਹਿੰਦੀ ਕਸਰ ਸਪੋਰਟਸ ਕਾਲਜ ਜਲੰਧਰ ਵਾਲਿਆਂ ਨੇ ਕੱਢ ਦਿੱਤੀ ਹੋਵੇਗੀ।

ਕੁਲਬੀਰ ਸਿੰਘ **ਐੱਮਏ ਪੰਜਾਬੀ ਆਨਰਜ਼ ਵਿਚੋਂ ਗੋਲਡ ਮੈਡਲਿਸਟ ਸੀ ਜੋ ਢੁੱਡੀਕੇ ਕਾਲਜ ਵਿਚ ਲੈਕਚਰਾਰ ਲੱਗਣ ਦੇ ਕੰਮ ਆਇਆ। ਅਸੀਂ ਉਸ ਨੂੰ ਖੁੱਲ੍ਹੇ-ਡੁੱਲ੍ਹੇ ਘਰ ਦਾ ਚੁਬਾਰਾ ਲੈ ਦਿੱਤਾ, ਜਿੱਥੇ ਸਾਡੀਆਂ ਵੀ ਮਹਿਫ਼ਲਾਂ ਲੱਗ ਜਾਂਦੀਆਂ। ਕੁਲਬੀਰ ਸੇਵਾਭਾਵੀ ਨੌਜੁਆਨ ਸੀ ਜੋ ਸਭਨਾਂ ਦਾ ਦਿਲ ਮੋਹ ਲੈਂਦਾ। ਢੁੱਡੀਕੇ ਪੜ੍ਹਾਉਂਦਿਆਂ ਉਸ ਦਾ ਅਬੋਹਰ ਕਾਲਜ ਵਿਚ ਪੜ੍ਹਾਉਂਦੀ ਪ੍ਰੋ. ਕਵਲਜੀਤ ਕੌਰ ਨਾਲ ਮੰਗਣਾ ਹੋ ਗਿਆ ਜਿਸ ਨੇ ਆਪਣੇ ਮੰਗੇਤਰ ਕੁਲਬੀਰ ਨੂੰ ਚਿੱਠੀਆਂ ਲਿਖਣ ਦਾ ਰਿਕਾਰਡ ਹੀ ਤੋੜ ਦਿੱਤਾ। ਪਹਿਲਾਂ ਤੀਜੇ ਚੌਥੇ ਦਿਨ ਤੇ ਫਿਰ ਆਏ ਦਿਨ ਚਿੱਠੀ! ਪਾਣੀ ਪਿਆਉਣ ਵਾਲੀ ਮਾਈ ਚਿੱਠੀ ਸਟਾਫ ਰੂਮ 'ਚ ਲਿਆਉਂਦੀ ਤਾਂ 'ਆਗੀ' ਕਹਿ ਕੇ ਸਾਡੇ ਹਾਸੇ ਦੀਆਂ ਫੁੱਲਝੜੀਆਂ ਖਿੜਦੀਆਂ ਜੀਹਦੇ ਨਾਲ ਮਾਈ ਵੀ ਦੰਦਾਂ 'ਚ ਚੁੰਨੀ ਲੈ ਕੇ ਹੱਸਦੀ!**

ਜੇ ਕਿਤੇ ਉਹ ਚਿੱਠੀਆਂ ਸੰਭਾਲ ਲਈਆਂ ਹੋਣ ਤਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਜੀਤਾਂ ਦੇ ਨਾਂ ਚਿੱਠੀਆਂ ਵਾਂਗ ਪ੍ਰੋ. ਕਵਲਜੀਤ ਕੌਰ ਦੀਆਂ ਪ੍ਰੋ. ਕੁਲਬੀਰ ਸਿੰਘ ਦੇ ਨਾਂ ਚਿੱਠੀਆਂ ਦੀ ਵੱਖਰੀ ਕਿਤਾਬ ਬਣ ਸਕਦੀ ਹੈ। ਹੁਣ ਢੁੱਡੀਕੇ ਦਾ ਕਿੱਸਾ ਹੋਰ ਨਾ ਹੀ ਛੇੜਾਂ ਤਾਂ ਚੰਗਾ, ਨਹੀਂ ਤਾਂ ਜਸਵੰਤ ਸਿੰਘ ਕੰਵਲ ਦੀਆਂ ਗੱਲਾਂ ਤੁਰ ਪੈਣੀਆਂ ਜਿਸ ਨੇ ਕੁਲਬੀਰ ਸਿੰਘ ਨੂੰ ਮੇਰਾ ਰੇਖਾ ਚਿੱਤਰ ਲਿਖਣ ਲਈ ਪ੍ਰੇਰਿਆ ਸੀ। ਪੇਸ਼ ਹਨ ਉਸ ਦੀਆਂ ਖੇਡ ਲਿਖਤਾਂ:

### ਮੀਡੀਆ ਅਤੇ ਖੇਡਾਂ

ਮੀਡੀਆ ਨੇ ਖੇਡਾਂ ਦੀ ਚਮਕ ਦਮਕ ਦੂੱਗਣੀ ਚੌਗਣੀ ਕਰ ਦਿੱਤੀ ਹੈ। ਧਰਤੀ ਦੇ ਕਿਸੇ ਕੋਨੇ ਵਿਚ ਵੀ ਮੈਚ ਚੱਲਦਾ ਹੋਵੇ ਤਾਂ ਅਸੀਂ ਆਪਣੇ ਬੈੱਡਰੂਮ ਵਿਚ ਸਰ੍ਹਾਣੇ ਨਾਲ ਢੋਅ ਲਾ ਕੇ ਉਸਦਾ ਆਨੰਦ ਮਾਣ ਸਕਦੇ ਹਾਂ। ਹਰੇਕ ਅਖ਼ਬਾਰ ਨੇ ਖੇਡ-ਪੰਨਾ ਰਾਖਵਾਂ ਰੱਖਿਆ ਹੋਇਆ। ਹਰੇਕ ਨਿਊਜ਼ ਚੈਨਲ ਖੇਡਾਂ ਨੂੰ ਵਿਸ਼ੇਸ਼ ਥਾਂ ਦਿੰਦਾ ਹੈ। ਬਹੁਤ ਸਾਰੇ ਖੇਡ ਚੈਨਲ ਚੌਵੀ ਘੰਟੇ ਖੇਡਾਂ ਦਾ ਪ੍ਰਸਾਰਨ ਕਰਦੇ ਹਨ। ਇੱਕ ਖੇਡ-ਪ੍ਰੇਮੀ ਨੂੰ ਹੋਰ ਕੀ ਚਾਹੀਦੈ? ਅਸਲ ਵਿਚ ਦੋਹਾਂ ਦੀ ਦਵੱਲੀ ਲੋੜ ਹੈ। ਮੀਡੀਆ ਖੇਡਾਂ ਰਾਹੀਂ ਪੈਸਾ ਕਮਾਉਂਦੈ ਤੇ ਖੇਡਾਂ ਨੂੰ ਦੁਨੀਆਂ ਦੇ ਘਰ-ਘਰ ਪਹੁੰਚਾਉਂਦੈ। ਖੇਡਾਂ ਅਤੇ ਮੀਡੀਆ ਦੋਹਾਂ ਦਾ ਪ੍ਰਚਾਰ ਪ੍ਰਸਾਰ ਵਧਿਆ ਹੈ ਅਤੇ ਇਹ ਇਨ੍ਹਾਂ ਦੇ ਪਰਸਪਰ ਰਿਸ਼ਤੇ ਰਾਹੀਂ ਸੰਭਵ ਹੋਇਆ ਹੈ। ਇਸ ਦਵੱਲੀ ਲੋੜ ਵਿਚੋਂ ਹੀ ਖੇਡ-ਮੀਡੀਆ ਨੇ ਜਨਮ ਲਿਆ ਹੈ।

ਅਜੋਕੇ ਸਮੇਂ ਖੇਡਾਂ 'ਚ ਮੀਡੀਆ ਦੀ ਅਹਿਮ ਭੂਮਿਕਾ ਹੈ। ਮੀਡੀਆ ਖੇਡਾਂ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਨ ਲੱਗਾ ਹੈ। ਖੇਡ-ਪ੍ਰਸਾਰਨ ਤੇ ਖੇਡ-ਕੁਮੈਂਟਰੀ ਨੇ ਖੇਡ-ਦਰਸ਼ਕਾਂ ਦੀ ਗਿਣਤੀ ਲੱਖਾਂ ਕਰੋੜਾਂ ਤੱਕ ਪਹੁੰਚਾ ਦਿੱਤੀ ਹੈ। ਦੋਹਾਂ ਦਾ ਆਪਸ ਵਿਚ ਨਹੁੰ-ਮਾਸ ਵਾਲਾ ਰਿਸ਼ਤਾ ਬਣ ਗਿਆ ਹੈ। ਟੈਲੀਵਿਜ਼ਨ ਪ੍ਰਸਾਰਨ ਬਿਨਾਂ ਖੇਡਾਂ ਅਧੂਰੀਆਂ ਲੱਗਦੀਆਂ ਹਨ। ਓਲੰਪਿਕ ਖੇਡਾਂ ਦੌਰਾਨ ਖੇਡ-ਪੱਤਰਕਾਰਾਂ ਤੇ ਖੇਡ-ਬੁਲਾਰਿਆਂ ਦੀ ਮੰਗ ਬਹੁਤ ਵਧ ਜਾਂਦੀ ਹੈ। ਖੇਡਾਂ ਨੂੰ ਸੋਸ਼ਲ ਮੀਡੀਆ ਤੇ ਡਿਜੀਟਲ ਮੀਡੀਆ ਨੇ ਵੀ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਜਿੱਥੇ ਭਾਰਤੀ ਖੇਡ ਮੀਡੀਆ ਨੇ ਇਤਿਹਾਸ ਰਚ ਦਿੱਤਾ ਹੈ ਉਥੇ ਪੰਜਾਬੀ ਖੇਡ ਮੀਡੀਆ ਨੇ ਵੀ ਵੱਡੀਆਂ ਮੱਲਾਂ ਮਾਰੀਆਂ ਹਨ। ਵਿਸ਼ਵ ਕਬੱਡੀ ਕੱਪ ਨੂੰ ਘਰ-ਘਰ ਵਿਖਾਉਣ 'ਚ ਪੰਜਾਬੀ ਮੀਡੀਆ ਨੇ ਵੱਡਾ ਯੋਗਦਾਨ ਪਾਇਆ ਸੀ।

ਭਾਰਤ ਵਿਚ ਖੇਡ ਮੀਡੀਆ ਦੀ ਸ਼ੁਰੂਆਤ ਅਖ਼ਬਾਰਾਂ 'ਚ ਖੇਡ ਪੰਨੇ ਪ੍ਰਕਾਸ਼ਿਤ ਹੋਣ ਨਾਲ ਹੋਈ। ਖੇਡ ਕਾਲਮਾਂ ਨੇ ਖੇਡ ਮੀਡੀਆ ਨੂੰ ਉਤਸ਼ਾਹਿਤ ਕਰਨ ਵਿਚ ਵੱਡਾ ਹਿੱਸਾ ਪਾਇਆ। ਪੰਜਾਬੀ ਖੇਡ ਪੱਤਰਕਾਰੀ ਵਿਚ ਇਹ ਭੂਮਿਕਾ ਪ੍ਰਿੰ. ਸਰਵਣ ਸਿੰਘ ਦੇ ਹਫ਼ਤਾਵਾਰ ਤੇ ਮਹੀਨਾਵਾਰ ਕਾਲਮਾਂ ਨੇ ਬਾਖ਼ੂਬੀ ਨਿਭਾਈ ਹੈ। ਦੂਜੇ ਪਾਸੇ ਟੈਲੀਵਿਜ਼ਨ ਦੇ ਪਰਦੇ ਨੇ ਭਾਰਤੀਆਂ ਦੀ ਖੇਡਾਂ ਵਿਚ ਦਿਲਚਸਪੀ ਕਈ ਗੁਣਾ ਵਧਾ ਦਿੱਤੀ ਹੈ। ਜਦ ਕੌਮਾਂਤਰੀ ਕ੍ਰਿਕਟ ਮੈਚ ਹੋ ਰਹੇ ਹੋਣ ਤਾਂ ਟੈਲੀਵਿਜ਼ਨ ਦਾ ਜਲੌਅ ਵੇਖਣ ਵਾਲਾ ਹੁੰਦੈ। ਕ੍ਰਿਕਟ ਦੇ ਸ਼ੌਕੀਨ ਕੰਮ-ਕਾਜ ਛੱਡ ਸਾਰਾ-ਸਾਰਾ ਦਿਨ ਟੀਵੀ ਮੂਹਰੇ ਬੈਠੇ ਰਹਿੰਦੇ ਹਨ। ਚੌਕਾਂ, ਚੁਰਾਹਿਆਂ ਵਿਚ ਵੱਡੇ ਟੀਵੀ ਸਕਰੀਨ ਲੱਗ ਜਾਂਦੇ ਹਨ। ਇਉਂ ਲੱਗ ਰਿਹਾ ਹੁੰਦੈ ਜਿਵੇਂ ਖੇਡਾਂ ਮੀਡੀਆ 'ਤੇ ਹਾਵੀ ਹੋ ਗਈਆਂ ਹਨ। ਮੀਡੀਆ ਰਾਹੀਂ ਜਿੰਨਾ ਖੇਡਾਂ ਦਾ ਪ੍ਰਚਾਰ ਪ੍ਰਸਾਰ ਹੋ ਰਿਹਾ ਹੈ, ਓਨਾ ਹੀ ਖੇਡਾਂ ਰਾਹੀਂ ਮੀਡੀਆ ਵਧ ਫੁੱਲ ਰਿਹੈ।


ਟੈਲੀਵਿਜ਼ਨ ਨੇ ਮੀਡੀਆ ਅਤੇ ਖੇਡਾਂ ਦੇ ਪ੍ਰਸਪਰ ਰਿਸ਼ਤੇ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਹੈ। ਸਿੱਧੇ ਪ੍ਰਸਾਰਨ ਨੇ ਖੇਡਾਂ ਪ੍ਰਤੀ ਦੁਨੀਆਂ ਦੀ ਦਿਲਚਸਪੀ ਤੇ ਉਤਸੁਕਤਾ ਬੇਹੱਦ ਵਧਾ ਦਿੱਤੀ ਹੈ। ਖੇਡਾਂ ਦੇ ਸਿੱਧੇ ਪ੍ਰਸਾਰਨ ਦੇ ਖੇਤਰ ਵਿਚ ਜੋ ਧਾਂਕ ਅੱਜ ਟੈਲੀਵਿਜ਼ਨ ਦੀ ਹੈ ਉਹੀ ਧਾਂਕ ਕਦੇ ਰੇਡੀਓ ਦੀ ਹੁੰਦੀ ਸੀ। ਰੇਡੀਓ ਰਾਹੀਂ ਖੇਡਾਂ ਦੀ ਕੁਮੈਂਟਰੀ ਅੱਜ ਵੀ ਸੁਣੀ ਜਾਂਦੀ ਹੈ ਕਿਉਂਕਿ ਰੇਡੀਓ ਦਾ ਪਹੁੰਚ-ਘੇਰਾ ਬੜਾ ਵਿਸ਼ਾਲ ਹੈ। ਅਖ਼ਬਾਰਾਂ ਨੂੰ ਛਪਣ-ਗਿਣਤੀ ਅਤੇ ਟੈਲੀਵਿਜ਼ਨ ਚੈਨਲਾਂ ਨੂੰ ਦਰਸ਼ਕ-ਗਿਣਤੀ ਅਨੁਸਾਰ ਇਸ਼ਤਿਹਾਰ ਮਿਲਦੇ ਹਨ। ਕ੍ਰਿਕਟ ਦੇ ਕੌਮਾਂਤਰੀ ਮੈਚਾਂ ਦੇ ਸਿੱਧੇ ਪ੍ਰਸਾਰਨ ਸਮੇਂ ਦਰਸ਼ਕਾਂ ਦੀ ਗਿਣਤੀ ਕਰੋੜਾਂ ਤੱਕ ਜਾ ਪੁੱਜਦੀ ਹੈ। ਨਤੀਜੇ ਵਜੋਂ ਇਸ਼ਤਿਹਾਰਬਾਜ਼ੀ ਲਈ 10 ਸਕਿੰਟ ਦੇ ਸਲਾਟ ਦਾ ਰੇਟ ਕਰੋੜਾਂ ਰੁਪਏ ਹੋ ਜਾਂਦਾ ਹੈ। ਖੇਡਾਂ ਅਤੇ ਮੀਡੀਆ ਦੀ ਇਸ ਜੁਗਲਬੰਦੀ ਨੇ ਖੇਡ ਸੰਸਥਾਵਾਂ ਅਤੇ ਮੀਡੀਆ ਅਦਾਰਿਆਂ ਨੂੰ ਮਾਲਾ-ਮਾਲ ਕਰ ਦਿੱਤਾ ਹੈ।

ਮੀਡੀਆ ਅਤੇ ਖੇਡਾਂ ਦੋਹਾਂ ਦੇ ਗਲੋਬਲ ਅਤੇ ਸਥਾਨਕ ਦਾਇਰੇ ਹਨ। ਦੋਵੇਂ ਇਕੱਠੇ ਇੱਕ ਦੂਸਰੇ ਲਈ ਕੰਮ ਕਰਦੇ ਹਨ। ਡਿਜੀਟਲ ਅਤੇ ਸੋਸ਼ਲ ਮੀਡੀਆ ਸਦਕਾ ਖੇਡਾਂ ਨੂੰ ਨਵੇਂ ਖੰਭ ਨਿਕਲ ਆਏ ਹਨ। ਸਿੰਗਾਪੁਰ ਦਾ ਕੁਮੈਂਟੇਟਰ ਵਾਲਟਰ ਲਿਮ ਕਹਿੰਦਾ ਹੈ ਕਿ ਸੋਸ਼ਲ ਮੀਡੀਆ ਅਤੇ ਖੇਡਾਂ ਦਾ ਜੋੜ ਮੇਲ ਸਵਰਗਾਂ ਵਿਚ ਬਣਿਆ ਹੈ। ਖੇਡ ਪ੍ਰੇਮੀ, ਖਿਡਾਰੀ, ਖੇਡ ਕਲੱਬ, ਖੁੱਲ੍ਹ ਕੇ ਸੋਸ਼ਲ ਮੀਡੀਆ ਰਾਹੀਂ ਆਪਣੇ ਹਾਵ-ਭਾਵ ਪ੍ਰਗਟਾਉਂਦੇ ਹਨ। ਖੇਡ ਸ਼ਖ਼ਸੀਅਤਾਂ ਟਵੀਟ ਕਰਦੀਆਂ ਹਨ ਜੋ ਅਗਲੇ ਦਿਨ ਅਖ਼ਬਾਰਾਂ ਦੀਆਂ ਖ਼ਬਰਾਂ ਬਣ ਜਾਂਦੀਆਂ ਹਨ। ਵੈੱਬ ਚੈਨਲਾਂ, ਵੀਡੀਓ ਚੈਨਲਾਂ ਤੇ ਬਲੌਗਜ਼ ਨੇ ਖੇਡ ਰਿਪੋਰਟਿੰਗ ਦੇ ਢੰਗ ਤਰੀਕੇ ਬਦਲ ਦਿੱਤੇ ਹਨ।

ਖੇਡ ਸੰਸਥਾਵਾਂ ਨੇ ਆਪਣੇ ਮੀਡੀਆ ਪਲੇਟਫ਼ਾਰਮ ਅਤੇ ਕੰਪਨੀਆਂ ਖੜ੍ਹੀਆਂ ਕਰ ਲਈਆਂ ਹਨ, ਜਿਹੜੀਆਂ ਖ਼ਬਰਾਂ ਤੇ ਖੇਡਾਂ ਦੇ ਪ੍ਰਸਾਰਨ ਵਿਚ ਰਵਾਇਤੀ ਮੀਡੀਆ ਨੂੰ ਪਛਾੜ



ਪ੍ਰੋ. ਕੁਲਬੀਰ ਸਿੰਘ




ਰਹੀਆਂ ਹਨ। ਖੇਡ ਮੀਡੀਆ ਦਾ ਇਹ ਬਦਲਦਾ ਲੈਂਡਸਕੇਪ ਹੈ, ਜਿੱਥੇ ਖੇਡ ਸੰਸਥਾਵਾਂ, ਖੇਡ ਪ੍ਰੇਮੀਆਂ ਨੂੰ ਆਪਣੇ ਸੋਸ਼ਲ ਤੇ ਡਿਜੀਟਲ ਚੈਨਲਾਂ ਰਾਹੀਂ ਸਿੱਧੇ ਤੌਰ 'ਤੇ ਆਪਣੀ ਸਟੋਰੀ ਦੱਸਦੀਆਂ ਹਨ। ਸੋਸ਼ਲ ਅਤੇ ਡਿਜੀਟਲ ਮੀਡੀਆ ਨੇ ਖੇਡਾਂ ਦੀ ਆਵਾਜ਼ ਦੇ ਨਾਲ-ਨਾਲ ਖੇਡਾਂ ਦਾ ਚਿਹਰਾ ਵੀ ਬਦਲ ਦਿੱਤਾ ਹੈ। ਖੇਡ ਪ੍ਰੇਮੀਆਂ, ਖੇਡ ਸਿਤਾਰਿਆਂ, ਖੇਡ ਕਲੱਬਾਂ ਅਤੇ ਖੇਡ ਮੀਡੀਆ ਦਰਮਿਆਨ ਪੈਦਾ ਹੋਇਆ ਇਹ ਨਵਾਂ ਰਿਸ਼ਤਾ, ਨੇੜ-ਭਵਿੱਖ ਵਿਚ ਖੇਡ-ਆਵਾਜ਼ ਅਤੇ ਖੇਡ-ਚਿਹਰੇ ਨੂੰ ਹੋਰ ਕਿੰਨਾ ਬਦਲੇਗਾ ਕਹਿਣਾ ਮੁਸ਼ਕਲ ਹੈ। ਟੈਲੀਵਿਜ਼ਨ ਸਕਰੀਨ, ਸੋਸ਼ਲ ਮੀਡੀਆ ਤੇ ਡਿਜੀਟਲ ਮੀਡੀਆ ਨੇ ਖੇਡਾਂ ਦੀ ਦੁਨੀਆ ਨੂੰ ਕਿੰਨਾ ਅਤੇ ਕਿਵੇਂ ਬਦਲ ਦਿੱਤਾ ਹੈ, ਖੇਡ-ਖੋਜਾਰਥੀਆਂ ਲਈ ਖੋਜ ਦਾ ਵਿਸ਼ਾ ਹੈ।

### ਖੇਡ ਸਾਹਿਤ ਦਾ ਮੋਢੀ ਸਰਵਣ ਸਿੰਘ

ਪ੍ਰਿੰ.ਸਰਵਣ ਸਿੰਘ ਪੰਜਾਬੀ ਖੇਡ ਸਾਹਿਤ ਦਾ ਮੋਢੀ ਵੀ ਹੈ ਤੇ ਧਰੂ ਤਾਰਾ ਵੀ। ਖੇਡ ਲੇਖਕ ਤੇ ਖੇਡ ਬੁਲਾਰੇ ਵਜੋਂ ਉਸ ਨੇ ਪੰਜਾਬੀ ਜਗਤ ਵਿਚ ਆਪਣੀ ਧਾਂਕ ਜਮਾਈ ਹੋਈ ਹੈ। ਉਮਰ ਦੇ ਅੱਠ ਦਹਾਕੇ ਪਾਰ ਕਰ ਕੇ ਵੀ ਉਹ ਰੋਜ਼ 6-7 ਕਿਲੋਮੀਟਰ ਤੁਰਦਾ ਤੇ 7-8 ਘੰਟੇ ਪੜ੍ਹਨ ਲਿਖਣ 'ਚ ਲਾਉਂਦਾ ਹੈ ਅਤੇ ਹਰ ਸਾਲ ਇੱਕ ਦੋ ਕਿਤਾਬਾਂ ਲਿਖ ਮਾਰਦਾ ਹੈ। ਅਖ਼ਬਾਰਾਂ, ਰਸਾਲਿਆਂ ਦੇ ਕਾਲਮ ਵੱਖਰੇ। ਹੁਣ ਤੱਕ ਉਸ ਦੀਆਂ 40 ਤੋਂ ਵੱਧ ਪੁਸਤਕਾਂ ਵਿਚੋਂ ਪੱਚੀ ਕੁ ਤਾਂ ਖੇਡਾਂ ਖਿਡਾਰੀਆਂ ਬਾਰੇ ਹੀ ਹਨ।

ਉਹਦੇ ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਤੇ 'ਫੇਰੀ ਵਤਨਾਂ ਦੀ' ਅਤੇ ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਕੋਈ ਪਾਠਕ ਪੜ੍ਹਨੀ ਸ਼ੁਰੂ ਕਰ ਲਵੇ ਤਾਂ ਵਿਚਾਲੇ ਨਹੀਂ ਛੱਡ ਸਕਦਾ। ਪਹਿਲਾਂ ਉਹ ਉੱਚ ਪੱਧਰ ਦਾ ਖਿਡਾਰੀ ਸੀ, ਹੁਣ ਉੱਚ-ਕੋਟੀ ਦਾ ਖੇਡ ਲੇਖਕ ਤੇ ਖੇਡ ਬੁਲਾਰਾ ਹੈ। ਖਿਡਾਰੀ ਦੀ ਸਰਗਰਮ ਖੇਡ-ਉਮਰ ਤਾਂ ਸੀਮਤ ਹੀ ਹੁੰਦੀ ਹੈ ਪਰ ਖੇਡ ਲੇਖਕ ਤਾ-ਉਮਰ ਚੌਕੇ ਛੱਕੇ ਮਾਰ ਸਕਦਾ ਹੈ, ਜਿਵੇਂ ਉਹ ਮਾਰ ਹੀ ਰਿਹ ਹੈ। ਅਖ਼ਬਾਰਾਂ ਲਈ ਲਿਖਣਾ, ਟੂਰਨਾਮੈਂਟਾਂ 'ਚ ਬੋਲਣਾ, ਪੁਸਤਕਾਂ ਪ੍ਰਕਾਸ਼ਿਤ ਕਰਾਉਣੀਆਂ ਉਸ ਦਾ ਸ਼ੌਕ ਹੀ ਨਹੀਂ, ਜਨੂੰਨ ਹੈ। ਨਾਲ ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਕੱਢਣਾ ਇਸ਼ਕ। ਉਸ ਨੇ ਅੰਤਰਰਾਸ਼ਟਰੀ ਖੇਡ ਮੈਗਜ਼ੀਨ ਨੂੰ ਪੱਕੇ ਪੈਰੀਂ ਕਰਨ ਲਈ ਘਰੋਂ ਪੰਦਰਾਂ-ਪੰਦਰਾਂ ਦਿਨ ਬਾਹਰ ਰਹਿ ਕੇ ਕੈਨੇਡਾ ਦੇ ਲੰਮੇ ਟੂਰ ਵੀ ਲਾਏ।

1982-83 'ਚ ਜਦ ਮੈਂ ਸਰਕਾਰੀ ਕਾਲਜ ਢੁੱਡੀਕੇ ਵਿਚ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਉਹ ਖੇਡ ਸਾਹਿਤ ਦਾ ਭਰ ਵਗਦਾ ਦਰਿਆ ਸੀ। ਇੱਕੋ ਵਿਧਾ ਚੁਣ ਕੇ, ਨਿੱਠ ਕੇ ਲਿਖਣ ਦੀ ਪ੍ਰੇਰਨਾ ਮੈਨੂੰ ਉਸ ਤੋਂ ਮਿਲੀ। ਚੁਸਤ ਦਰੁਸਤ ਸਿਹਤ ਲਈ ਤੋਰੇ-ਫੇਰੇ ਤੇ ਖੇਡਣ ਨੂੰ ਜੀਵਨ-ਸ਼ੈਲੀ ਦਾ ਹਿੱਸਾ ਬਣਾ ਲੈਣਾ ਵੀ ਮੈਂ ਉਸ ਤੋਂ ਸਿੱਖਿਆ। ਢੁੱਡੀਕੇ ਕਾਲਜ ਦੇ ਵਿਹੜੇ ਵਿਚ ਸਾਡੇ ਬੈਡਮਿੰਟਨ ਦੇ ਗਹਿਗੱਚ ਮੁਕਾਬਲੇ ਹੁੰਦੇ ਸਨ ਜਿਥੋਂ ਬੈਡਮਿੰਟਨ ਖੇਡਣ ਦੀ ਆਦਤ ਪਈ। ਮੁਕਤਸਰ ਬਦਲੀ ਹੋਣ 'ਤੇ ਮੈਂ ਅਬੋਹਰ ਰਹਿਣ ਲੱਗਾ ਤਾਂ ਮੇਰੇ ਘਰ ਦੇ ਨੇੜੇ ਹੀ ਡੀਏਵੀ ਕਾਲਜ ਸੀ। ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਬੈਡਮਿੰਟਨ ਕਲੱਬ ਬਣਾਈ ਹੋਈ ਸੀ। ਕਲੱਬ ਦੇ ਮੈਂਬਰ ਹਰ ਰੋਜ਼ ਸ਼ਾਮ ਨੂੰ ਬੈਡਮਿੰਟਨ ਖੇਡਦੇ। ਮੀਂਹ ਜਾਵੇ ਹਨੇਰੀ ਜਾਵੇ ਪ੍ਰਿੰਸੀਪਲ ਸਾਹਿਬ ਰੈਕਟ ਫੜ ਕੇ ਗਰਾਊਂਡ 'ਚ ਪਹੁੰਚ ਜਾਂਦੇ। ਮੈਂ ਵੀ ਕਲੱਬ ਦਾ ਮੈਂਬਰ ਬਣ ਗਿਆ ਤੇ ਹਰ ਰੋਜ਼ ਗਰਾਊਂਡ ਜਾਣ ਲੱਗਾ। ਮੇਰੀ ਖੇਡ ਵੇਖ ਕੇ ਪ੍ਰਿੰਸੀਪਲ ਸਾਹਿਬ ਜੋੜੀ ਬਣਾਉਣ ਲਈ ਮੈਨੂੰ ਆਪਣੇ ਵੱਲ ਕਰ ਲੈਂਦੇ। ਮੁਕਤਸਰ ਤੋਂ ਜਲੰਧਰ ਬਦਲੀ ਕਰਵਾਈ ਤਾਂ ਹੰਸਰਾਜ ਸਟੇਡੀਅਮ ਦੀ ਬੈਡਮਿੰਟਨ ਕਲੱਬ ਜੁਆਇਨ ਕਰ ਲਈ। ਢੁੱਡੀਕੇ ਦੀ ਪਈ ਆਦਤ ਲੰਮਾ ਸਮਾਂ ਚੱਲੀ। ਆਪਣੇ ਬੱਚਿਆਂ ਨੂੰ ਵੀ ਖੇਡਣ ਮੱਲ੍ਹਣ ਦੀ ਆਦਤ ਪਾਉਣ ਲਈ ਮੈਂ ਕਈ ਸਾਲ ਸ਼ੌਕੀਆ ਤੌਰ 'ਤੇ ਬੈਡਮਿੰਟਨ ਖਿਡਾਉਂਦਾ, ਸਿਖਾਉਂਦਾ ਰਿਹਾ।

ਆਪਣੇ ਪਿੰਡ ਚਕਰ ਤੋਂ ਚੱਲੇ ਸਰਵਣ ਸਿੰਘ ਦੇ ਪੈਰਾਂ ਵਿਚ ਉਮਰ-ਭਰ ਚੱਕਰ ਪਿਆ ਰਿਹਾ। ਦੁਨੀਆਂ ਭਰ ਦੇ ਖੇਡ ਮੇਲਿਆਂ 'ਚ ਕੁਮੈਂਟਰੀ ਕਰਨ ਲਈ ਕਦੇ ਕਿਤੇ, ਕਦੇ ਕਿਤੇ। ਦਿੱਲੀ ਦੀ ਪ੍ਰੋਫ਼ੈਸਰੀ, ਢੁੱਡੀਕੇ ਪ੍ਰੋਫ਼ੈਸਰੀ, ਮੁਕੰਦਪੁਰ ਪ੍ਰਿੰਸੀਪਲੀ ਤੇ ਬਰੈਂਪਟਨ ਵਿਖੇ 21ਵੀਂ ਸਦੀ ਦੀ ਮੈਰਾਥਨ ਦੌੜਦਿਆਂ ਉਸ ਨੇ ਚਕਰ ਤੇ ਢੁੱਡੀਕੇ ਨੂੰ ਕਦੇ ਵੀ ਮਨੋਂ ਨਾ ਵਿਸਾਰਿਆ। ਸਰਵਣ ਸਿੰਘ ਦਿੱਲੀ ਦੀ ਪ੍ਰੋਫ਼ੈਸਰੀ ਨਾ ਛੱਡਦਾ ਤਾਂ ਆਪਣੀ ਪ੍ਰਤਿਭਾ ਦੇ ਬਲ 'ਤੇ ਪੂਰੇ ਭਾਰਤ ਵਿਚ ਪਹਿਚਾਣ ਬਣਾ ਲੈਂਦਾ। ਪਰ ਹੁਣ ਪੂਰੇ ਪੰਜਾਬੀ ਜਗਤ ਵਿਚ ਬਣ ਗਈ ਹੈ। ਉਹ ਜਿਹੜੀ ਵੀ ਮਹਿਫ਼ਲ 'ਚ ਬੈਠ ਜਾਂਦੇ ਦਿਲਚਸਪ ਗੱਲਾਂ ਤੇ ਚੁਟਕਲਿਆਂ ਨਾਲ ਸਾਰਿਆਂ ਨੂੰ ਆਪਣਾ ਬਣਾ ਲੈਂਦੇ। ਮਹਿਫ਼ਲ ਵਿਚ ਸ਼ਾਮਲ ਸੱਜਣਾਂ ਨੂੰ ਉਨ੍ਹਾਂ ਦੀਆਂ ਰੌਚਕ ਗੱਲਾਂ ਚਿਰਾਂ ਤੱਕ ਚੇਤੇ ਰਹਿੰਦੀਆਂ ਜੋ ਮੈਨੂੰ ਹੁਣ ਵੀ ਚੇਤੇ ਹਨ। ਲੰਮੀ ਸੈਰ ਕਰਨੀ ਤੇ ਖੇਡਣਾ ਮੱਲ੍ਹਣਾ ਉਨ੍ਹਾਂ ਨੂੰ ਡਾਢਾ ਭਾਉਂਦਾ ਹੈ। ਢੁੱਡੀਕੇ ਪੜ੍ਹਾਉਂਦਿਆਂ ਇਮਤਿਹਾਨਾਂ 'ਚ ਜਗਰਾਉਂ ਕਾਲਜ ਦੀ ਡਿਊਟੀ ਲਵਾ ਲੈਣੀ। ਜਾਂਦਿਆਂ ਬੱਸ 'ਤੇ ਚਲੇ ਜਾਣਾ, ਮੁੜਦਿਆਂ ਜਗਰਾਵਾਂ ਤੋਂ ਢੁੱਡੀਕੇ ਦਾ 16 ਕਿਲੋਮੀਟਰ ਪੈਂਡਾ ਤੁਰ ਕੇ ਤੈਅ ਕਰਨਾ!

ਜਸਵੰਤ ਸਿੰਘ ਕੰਵਲ ਤੇ ਉਹ ਦੋਵੇਂ ਪੰਜਾਬੀ ਵਾਰਤਕ ਦੇ ਸ਼ਾਹ-ਸਵਾਰ ਹਨ। ਕੰਵਲ ਪਿੰਡੋਂ ਬਾਹਰਲੀ ਕੋਠੀ ਦੇ ਪ੍ਰਕਿਰਤਕ ਮਾਹੌਲ ਵਿਚ

ਪੰਜਾਬੀ
ਖੇਡ
ਸਾਹਿਤ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਰਹਿੰਦਾ ਸੀ। ਉਸ ਨੇ ਟਿਊਬਵੈਲ ਦੇ ਪਾਣੀਨੂੰ ਅੱਠ ਫੁੱਟ ਉੱਚੀ ਬੰਨੀ ਤੋਂ ਸੁੱਟ ਕੇ ਝਰਨੇ ਦੀ ਆਵਾਜ਼ ਦਾ ਸੰਗੀਤ ਗੁੰਜਾਅ ਰੱਖਿਆ ਸੀ। ਉਸ ਝਰਨੇ ਕੋਲ ਲੱਕੜ ਦੀ ਪੁਰਾਣੀ ਕੁਰਸੀ 'ਤੇ ਬੈਠ ਕੇ ਲਿਖਦਾ ਸੀ। ਅਸੀਂ ਜਾਂਦੇ ਤਾਂ ਸਾਨੂੰ ਵੀ ਉਥੇ ਬਿਠਾਉਂਦਾ। ਉਸ ਨੇ ਸਰਵਣ ਸਿੰਘ ਬਾਰੇ ਲੇਖ ਲਿਖਿਆ 'ਖੇਡਾਂ ਦਾ ਵਣਜਾਰਾ' ਤੇ ਮੈਨੂੰ ਵੀ ਕਿਹਾ ਕਿ ਕੁਛ ਲਿਖਾਂ।

ਪ੍ਰਿੰ. ਸਰਵਣ ਸਿੰਘ ਲਗਾਤਾਰ ਲਿਖਣ ਵਾਲਾ ਲੇਖਕ ਹੈ। ਏਨੀ ਲਗਨ, ਏਨਾ ਸਿਰੜ ਬੜੇ ਘੱਟ ਲੇਖਕਾਂ ਵਿਚ ਹੁੰਦੈ। ਜਿੰਨਾ ਉਹ ਲਿਖਣ ਪ੍ਰਤੀ ਸੁਚੇਤ ਹੈ, ਓਨਾ ਹੀ ਸਿਹਤ ਪ੍ਰਤੀ ਚੇਤੰਨ ਹੈ। ਕਿੰਨੀਆਂ ਕੈਲਰੀਜ਼ ਲਈਆਂ, ਕਿੰਨੀਆਂ ਖ਼ਰਚ ਕੀਤੀਆਂ, ਪੂਰਾ ਹਿਸਾਬ ਰੱਖਦਾ ਹੈ। ਸਿਹਤ ਪ੍ਰਤੀ, ਵਜ਼ਨ ਪ੍ਰਤੀ ਅਜਿਹੀ ਚੇਤੰਨਤਾ, ਅਜਿਹੀ ਲਗਨ ਮੈਂ ਬੜੇ ਘੱਟ ਲੋਕਾਂ ਵਿਚ ਵੇਖੀ ਹੈ। ਖਿਡਾਰੀਆਂ ਬਾਰੇ ਲਿਖਣ ਲਈ ਉਹ ਖਿਡਾਰੀਆਂ ਨਾਲ ਮੇਲ-ਮੁਲਾਕਾਤਾਂ ਕਰਦਾ ਹੈ। ਸਾਂਝਾਂ ਸਿਰਜਦਾ ਹੈ। ਫਿਰ ਜਿਹੜਾ ਰੇਖਾ ਚਿੱਤਰ ਉਸ ਦੀ ਕਲਮ 'ਚੋਂ ਨਿਕਲਦਾ ਹੈ ਉਹ ਬਾਕਮਾਲ ਹੁੰਦੈ। ਖਿਡਾਰੀ ਦੀ ਅੰਦਰਲੀ ਤੇ ਬਾਹਰਲੀ ਸ਼ਖ਼ਸੀਅਤ ਨੂੰ ਸ਼ਾਖਸਾਤ ਕਾਗਜ਼ 'ਤੇ ਉਤਾਰ ਦਿੰਦਾ ਹੈ। ਪਾਠਕ ਖਿਡਾਰੀ ਦੀ ਖੇਡ ਕਲਾ, ਖੇਡ ਮੁਹਾਰਤ ਤੇ ਸਮੁੱਚੀ ਸ਼ਖ਼ਸੀਅਤ ਸਬੰਧੀ ਜਾਣ ਕੇ ਅਸ਼-ਅਸ਼ ਕਰ ਉੱਠਦਾ ਹੈ।

ਦਿੱਲੀ ਤੋਂ ਢੁੱਡੀਕੇ ਕਾਲਜ ਆਉਣ ਲਈ ਉਸ ਨੂੰ ਜਸਵੰਤ ਸਿੰਘ ਕੰਵਲ ਨੇ ਹੀ ਪ੍ਰੇਰਿਤ ਕੀਤਾ ਸੀ। ਉਹ ਢੁੱਡੀਕੇ ਆਇਆ ਤਾਂ ਢੁੱਡੀਕੇ ਦਾ ਹੋ ਕੇ ਰਹਿ ਗਿਆ। ਪਰ ਪੈਰਾਂ ਦਾ ਚੱਕਰ ਅਜੇ ਜਾਰੀ ਸੀ। ਅਜੇ ਮੁਕੰਦਪੁਰ ਪ੍ਰਿੰਸੀਪਲ ਬਣ ਕੇ ਜਾਣਾ ਸੀ। ਮੁਕੰਦਪੁਰ ਗਿਆ ਤਾਂ ਮੁਕੰਦਪੁਰੀਆ ਹੋ ਗਿਆ। ਚਕਰ-ਢੁੱਡੀਕੇ-ਮੁਕੰਦਪੁਰ-ਬਰੈਂਪਟਨ ਸਰਵਣ ਸਿੰਘ ਦੀ ਸ਼ਖ਼ਸੀਅਤ ਤੇ ਲੇਖਣੀ ਨਾਲ ਇਕਮਿਕ ਹੋ ਗਏ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਵੇਖਣ ਜਾਣਾ ਸੀ ਪਰ ਜਾ ਨਾ ਸਕੇ। ਟੈਲੀਵਿਜ਼ਨ ਵੇਖ ਕੇ ਕਾਲਮ ਲਿਖਦੇ ਰਹੇ 'ਝੀਤਾਂ 'ਚੋਂ ਵੇਖੀਆਂ ਓਲੰਪਿਕ ਖੇਡਾਂ' ਜਿਹੜਾ ਬੜਾ ਪਸੰਦ ਕੀਤਾ ਗਿਆ।

ਅਖ਼ਬਾਰਾਂ, ਮੈਗਜ਼ੀਨਾਂ ਵਿਚ ਛਪਦੇ ਹਫ਼ਤਾਵਾਰ, ਮਹੀਨਾਵਾਰ ਕਾਲਮਾਂ ਦੇ ਲੇਖਾਂ ਨੂੰ ਸੋਧ ਕੇ ਪੁਸਤਕ-ਰੂਪ ਵਿਚ ਛਪਾਉਣ ਲਈ ਵੀ ਉਹ ਸਮਾਂ ਕੱਢ ਲੈਂਦੇ ਹਨ। ਹਫ਼ਤਾਵਾਰ ਕਾਲਮ ਲਿਖਣੇ ਬੜੇ ਸਿਰੜ ਤੇ ਸਬਰ ਦਾ ਕੰਮ ਹੈ। ਜੇ ਇਹ ਕਾਲਮ ਦੇਸ਼ ਦੁਨੀਆਂ ਦੀਆਂ ਇੱਕ ਤੋਂ ਵਧੇਰੇ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੇ ਹੋਣ ਤਾਂ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਪ੍ਰਿੰ. ਸਰਵਣ ਸਿੰਘ ਇਹ ਜ਼ਿੰਮੇਵਾਰੀ ਬੜੀ ਮਿਹਨਤ ਤੇ ਸੰਜੀਦਗੀ ਨਾਲ 1965 ਤੋਂ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਦੀ ਪੰਜਾਬੀ ਖੇਡ ਸਾਹਿਤ ਸਿਰਜਣ ਦੀ ਮੈਰਾਥਨ ਅਜੇ ਵੀ ਜਾਰੀ ਹੈ। ਕੋਈ ਦੂਸਰਾ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ।

ਕਹਾਣੀਕਾਰ ਕਰਤਾਰ ਸਿੰਘ ਦੁੱਗਲ ਨੂੰ ਇੱਕ ਟੈਲੀਵਿਜ਼ਨ ਇੰਟਰਵਿਊ ਵਿਚ ਪੁੱਛਿਆ, "ਤੁਸੀਂ ਐਨਾ ਕਿਵੇਂ ਲਿਖ ਲੈਂਦੇ ਹੋ?" ਉਨ੍ਹਾਂ ਦਾ ਜਵਾਬ ਸੀ, "ਮੈਂ ਦਿੱਲੀ ਹੋਵਾਂ, ਚੰਡੀਗੜ੍ਹ ਹੋਵਾਂ, ਲੰਡਨ ਹੋਵਾਂ ਜਾਂ ਨਿਊਯਾਰਕ, ਸਵੇਰੇ 4 ਵਜੇ ਉੱਠ ਕੇ ਲਿਖਣ ਬੈਠ ਜਾਂਦਾ ਹਾਂ। ਇੰਨ-ਬਿੰਨ ਇਹੀ ਅਦਬੀ-ਅਨੁਸ਼ਾਸਨ ਪ੍ਰਿੰ. ਸਰਵਣ ਸਿੰਘ ਦਾ ਹੈ। ਉਹ ਬਰੈਂਪਟਨ ਹੋਣ, ਚਕਰ ਚਾਹੇ ਮੁਕੰਦਪੁਰ ਹੋਣ, ਸਵੇਰ ਸਾਰ ਹੀ ਪੜ੍ਹਨ-ਲਿਖਣ ਲੱਗ ਜਾਂਦੇ ਹਨ। ਇਸੇ ਕਾਰਨ ਪੁਸਤਕਾਂ ਦੀ ਰੇਲਗੱਡੀ ਬਣਾ ਛੱਡੀ ਹੈ ਅਤੇ ਹਰੇਕ ਅਖ਼ਬਾਰ/ ਮੈਗਜ਼ੀਨ ਵਿਚ ਉਨ੍ਹਾਂ ਦਾ ਨਾਂ ਬੋਲਦਾ ਹੈ। ਉਨ੍ਹਾਂ ਦੀ ਲਿਖਣ-ਸ਼ੈਲੀ ਵੀ ਵਿਲੱਖਣ ਹੈ। ਪਾਠਕ ਪੜ੍ਹਦਾ-ਪੜ੍ਹਦਾ ਨਾਲ ਹੋ ਤੁਰਦਾ ਹੈ। ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਬਾਰੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਪੁਸਤਕ ਸੰਪਾਦਿਤ ਕੀਤੀ ਹੈ ਜੋ ਆਪਣੀ ਤਰ੍ਹਾਂ ਦਾ ਅਭਿਨੰਦਨ ਗ੍ਰੰਥ ਹੈ।

ਉਨ੍ਹਾਂ ਨੇ ਜਿੰਨਾ ਲਿਖਿਆ ਨਿੱਜੀ ਪਹੁੰਚ ਕਰ

***(ਬਾਕੀ ਅਗਲੇ ਸਫੇ 'ਤੇ)***

# ਔਰਤ ਦੇ ਜੀਵਨ ਸੰਘਰਸ਼ ਨੂੰ ਚਿਤਰਦਾ ਨਾਵਲ 'ਨਦੀ ਤੇ ਨਾਰੀ'



ਡਾ. ਸੰਦੀਪ ਸਿੰਘ ਮੁੰਡੇ
ਫੋਨ: 94136-52646

**ਪੁਸਤਕ ਸਮੀਖਿਆ**

ਪੌਣੀ ਸਦੀ ਤੋਂ ਵੀ ਵੱਧ ਉਮਰ ਹੰਢਾਅ ਚੁੱਕੇ ਭੁਪਿੰਦਰ ਸਿੰਘ ਰੈਣਾ ਪੰਜਾਬੀ ਸਾਹਿਤ ਦੇ ਉਨ੍ਹਾਂ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਸਾਹਿਤਕਾਰਾਂ ਵਿਚੋਂ ਇੱਕ ਹਨ, ਜਿਨ੍ਹਾਂ ਨੇ ਕਸ਼ਮੀਰ ਘਾਟੀ ਦੇ ਬਦਲਦੇ ਹਾਲਾਤ ਅਤੇ ਦੁਖਾਂਤ ਦੇ ਸੰਤਾਪ ਨੂੰ ਹੰਢਾਇਆ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿਚ ਦੇਖੀਆਂ-ਵਾਚੀਆਂ ਘਟਨਾਵਾਂ ਨੂੰ ਕਲਮਬੱਧ ਕਰ ਕੇ ਨਾਵਲਾਂ ਦੇ ਰੂਪ ਵਿਚ ਪਾਠਕਾਂ ਅੱਗੇ ਪੇਸ਼ ਕੀਤਾ ਹੈ। ਉਨ੍ਹਾਂ ਦੇ ਜ਼ਿਆਦਾਤਰ ਨਾਵਲ ਔਰਤਾਂ ਦੇ ਦੁਖਾਂਤ ਅਤੇ ਸਮੱਸਿਆਵਾਂ ਨਾਲ ਸਬੰਧਤ ਹੁੰਦੇ ਹਨ। 6 ਮਾਰਚ, 2022 ਨੂੰ ਪੰਜਾਬੀ ਲੇਖਕ ਸਭਾ, ਜੰਮੂ ਵਲੋਂ ਰਿਲੀਜ਼ ਭੁਪਿੰਦਰ ਸਿੰਘ ਰੈਣਾ ਦਾ ਨਵਾਂ ਨਾਵਲ 'ਨਦੀ ਤੇ ਨਾਰੀ' ਮੱਧ ਆਕਾਰੀ ਨਾਵਲ ਹੈ, ਜਿਸ ਦੇ 104 ਪੰਨੇ ਹਨ ਅਤੇ ਇਸਨੂੰ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।


ਇਸ ਨਾਵਲ ਵਿਚ ਮੁੱਖ ਤੌਰ 'ਤੇ ਉਸ ਔਰਤ ਦੇ ਜਨਮ ਤੋਂ ਲੈ ਕੇ ਮੌਤ ਤੱਕ ਦੇ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ, ਜੋ ਦੂਸਰਿਆਂ ਦੀ ਖੁਸ਼ੀ ਲਈ ਆਪਣਾ ਸਭ ਕੁਝ ਨਿਰਸਵਾਰਥ ਕੁਰਬਾਨ ਕਰਦੀ ਹੈ, ਪਰ ਅੰਤ ਨੂੰ ਹਾਰ ਜਾਂਦੀ ਹੈ। ਇਸ ਨਾਵਲ ਦੀ ਨਾਇਕਾ ਪਾਰਵਤੀ (ਪਾਰੋ) ਸਮਾਜ ਦੀ ਆਦਰਸ਼ਕ ਧੀ, ਭੈਣ, ਮਾਂ ਅਤੇ ਸੂਰਬੀਰ ਔਰਤ ਵਾਲਾ ਕਿਰਦਾਰ ਨਿਭਾਉਂਦੀ ਹੈ, ਜਿਸ ਨੂੰ ਨਾਵਲਕਾਰ ਨੇ ਇੱਕ ਸ਼ਕਤੀਸ਼ਾਲੀ, ਸੂਝਵਾਨ, ਸਵੈਮਾਨੀ, ਜ਼ਿੰਮੇਵਾਰ ਤੇ ਕੁਰਬਾਨੀ ਦੀ ਪੁੰਜ ਵਜੋਂ ਪੇਸ਼ ਕੀਤਾ ਹੈ। ਭੁਪਿੰਦਰ ਸਿੰਘ ਰੈਣਾ ਅਜਿਹੀ ਔਰਤ ਦੀ ਨਦੀ ਨਾਲ ਢੁਕਵੀਂ ਤੁਲਨਾ ਕਰਦੇ ਹੋਏ ਲਿਖਦੇ ਹਨ, "ਨਦੀ ਨਾਰੀ ਵਾਂਗ ਹੁੰਦੀ ਹੈ, ਸਭ ਨੂੰ ਸੁੱਖ ਦਿੰਦੀ ਹੈ, ਜੀਵਨ ਦਿੰਦੀ ਹੈ, ਅੰਨ-ਪਾਣੀ ਤੇ ਜੀਊਣ ਲਈ ਸਭ ਕੁਝ। ਮਨੁੱਖ ਦੀ ਜੀਵਨ ਰੇਖਾ ਹੈ ਨਦੀ। ਨਾਰੀ ਵੀ ਆਪਣਾ ਸਭ ਕੁਝ ਮਰਦ ਨੂੰ ਸਮਰਪਿਤ ਕਰ ਦਿੰਦੀ ਹੈ। ਉਸ ਦੇ ਬੱਚਿਆਂ ਨੂੰ ਜਨਮ ਦਿੰਦੀ ਹੈ। ਉਸ ਦੇ ਵਾਰਸ ਪੈਦਾ ਕਰਦੀ ਹੈ। ਮਨੁੱਖ ਦੀ ਹੋਂਦ ਨੂੰ ਵਜੂਦ ਦਿੰਦੀ ਹੈ। ਜਦੋਂ ਇਸ ਦੀ ਆਬਰੂ ਨਾਲ ਖਿਲਵਾੜ ਹੁੰਦਾ ਹੈ, ਉਗਰ ਰੂਪ ਧਾਰ ਕੇ ਚੰਡੀ ਬਣ ਜਾਂਦੀ ਹੈ, ਨਦੀ ਦੀ ਉਗਰਤਾ ਵਾਂਗ ਜਿਹੜੀ ਜੀਵ, ਜੰਤੂ, ਬਨਸਪਤੀ ਦੇ ਨਾਲ ਬਸਤੀਆਂ ਰੋੜ ਕੇ ਲੈ ਜਾਂਦੀ ਹੈ।"

'ਨਦੀ ਤੇ ਨਾਰੀ' ਨਾਵਲ ਦੀ ਨਾਇਕਾ ਪਾਰਵਤੀ (ਪਾਰੋ) ਦਾ ਜਨਮ ਕਸ਼ਮੀਰ ਦੇ ਬਾਰਾਮੂਲਾ ਇਲਾਕੇ ਦੇ ਅਜਿਹੇ ਪਿੰਡ ਵਿਚ ਹੋਇਆ, ਜਿੱਥੇ ਮੁਸਲਮਾਨਾਂ ਦੀ ਆਬਾਦੀ ਹਿੰਦੂ-ਸਿੱਖਾਂ ਨਾਲੋਂ ਜ਼ਿਆਦਾ ਸੀ। ਬਚਪਨ 'ਚ ਉਸ ਵਿਚ ਸਾਰੇ ਗੁਣ ਮੁੰਡਿਆਂ ਵਰਗੇ ਸਨ। ਉਹ ਘੋੜ-ਸਵਾਰੀ ਕਰਦੀ, ਖੇਤਾਂ 'ਚ ਜਾਂਦੀ, ਨੌਕਰਾਂ ਨੂੰ ਸੰਭਾਲਦੀ ਅਤੇ ਪੂਰਾ ਦਬਦਬਾ ਬਣਾ ਕੇ ਰੱਖਦੀ। ਉਹ ਸਮੇਂ ਦੇ ਹਾਲਾਤ ਕਾਰਨ ਪੰਜਵੀਂ ਜਮਾਤ ਤੋਂ ਅੱਗੇ ਨਹੀਂ ਪੜ੍ਹ ਸਕੀ ਪਰ ਘਰ ਵਿਚ ਛੋਟੇ ਵੀਰ ਦੇ ਜਨਮ ਤੋਂ ਬਾਅਦ ਅਤੇ ਵੱਡੀ ਭੈਣ ਦਾ ਛੋਟੀ ਉਮਰ 'ਚ ਵਿਆਹ ਹੋਣ ਕਾਰਨ ਘਰ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਫਿਰ ਅਚਾਨਕ ਉਸ ਦੀ ਮਾਂ ਦੀ ਮੌਤ ਹੋ ਜਾਂਦੀ ਹੈ, ਜਿਸ ਕਾਰਨ ਘਰ-ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਉਸ ਨੂੰ ਚੁੱਕਣੀ ਪੈਂਦੀ ਹੈ। ਇਨ੍ਹਾਂ ਜ਼ਿੰਮੇਵਾਰੀਆਂ ਸਦਕਾ ਉਸਦੇ ਬਾਹਰ ਦੇ ਸਾਰੇ ਸ਼ੌਕ ਬੰਦ ਹੋ ਗਏ। ਉਸ ਦਾ ਪਿਤਾ ਪੰਜਾਬ ਸਿੰਘ ਰੰਗੀਨ ਮਿਜ਼ਾਜ ਦਾ ਆਦਮੀ ਸੀ, ਪਰ ਫਿਰ ਵੀ ਉਹ ਦੂਜਾ ਵਿਆਹ ਨਹੀਂ ਕਰਵਾਉਂਦਾ। ਘਰੇਲੂ ਕੰਮਕਾਜ ਵਿਚ ਪਾਰੋ ਦੀ ਮਦਦ ਲਈ ਅਨਾਥ ਮਦਨ ਨੂੰ ਨੌਕਰ ਰੱਖ ਲਿਆ ਜਾਂਦਾ ਹੈ। ਪਾਰੋ ਨੂੰ ਜਦੋਂ ਵੀ ਘਰ ਦੇ ਕੰਮ ਤੋਂ ਵਿਹਲ ਮਿਲਦੀ, ਉਹ ਹਮਲ ਨਦੀ ਦੇ ਕਿਨਾਰੇ ਬੈਠ ਕੇ ਉਸ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਦੀ। ਪੰਦਰਾਂ ਸਾਲ ਦੀ ਉਮਰ ਵਿਚ ਪਾਰੋ ਦਾ ਵਿਆਹ ਦਵਾਖਾਨੇ ਦੇ ਕਰਮਚਾਰੀ ਨਾਲ ਹੋ ਜਾਂਦਾ ਹੈ ਅਤੇ ਉਹ ਸਹੁਰੇ ਘਰ ਡੋਲੀ ਵਿਚ ਬੈਠ ਕੇ ਜਾਣ ਦੀ ਬਜਾਇ ਲਾੜੇ ਨਾਲ ਘੋੜੀ 'ਤੇ ਬੈਠ ਕੇ ਜਾਂਦੀ ਹੈ, ਜੋ ਉਸਦੇ ਖੁਲ੍ਹੇ-ਡੁੱਲ੍ਹੇ ਸੁਭਾਅ ਦਾ ਪ੍ਰਤੀਕ ਹੈ। ਫਿਰ ਉਸ ਦੇ ਘਰ ਪੁੱਤਰ ਜਨਮ ਲੈਂਦਾ ਹੈ, ਜਿਸ ਨਾਲ ਘਰ ਖੁਸ਼ੀਆਂ ਨਾਲ ਭਰ ਜਾਂਦਾ ਹੈ। ਘਰ ਵਿਚ ਉਸਦੇ ਪੁੱਤਰ ਦੀ ਲੋਹੜੀ ਬੜੀ ਧੂਮ-ਧਾਮ ਨਾਲ ਮਨਾਈ ਜਾਂਦੀ ਹੈ।

ਕਈ ਵਾਰ ਜੀਵਨ ਵਿਚ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜੋ ਜੀਵਨ ਦਾ ਰੁਖ਼ ਹੀ ਮੋੜ ਦਿੰਦੀਆਂ ਹਨ। ਫਿਰ ਮਨੁੱਖ ਜ਼ਿੰਦਗੀ ਭਰ ਇਨ੍ਹਾਂ ਸਮੱਸਿਆਵਾਂ ਨਾਲ ਜੂਝਦਾ ਰਹਿੰਦਾ ਹੈ ਤੇ ਆਪਣੀ ਮੰਜ਼ਿਲ ਤੇ ਹੋਂਦ ਦੀ ਤਲਾਸ਼ ਕਰਦਾ ਹੈ। ਪਾਰੋ ਦੇ ਪਤੀ ਜਸਬੀਰ ਦੀ ਸੜਕ ਹਾਦਸੇ ਵਿਚ ਹੋਈ ਮੌਤ ਉਸਦਾ ਜੀਵਨ ਹੀ ਬਦਲ ਕੇ ਰੱਖ ਦਿੰਦੀ ਹੈ। ਫਿਰ ਉਹ ਆਪਣੇ ਪੁੱਤਰ ਸੁੱਚਾ ਸਿੰਘ ਸਮੇਤ ਸ੍ਰੀਨਗਰ ਆ ਕੇ ਦਾਈ ਦੀ ਨੌਕਰੀ ਕਰਦੀ ਹੈ। ਇੱਥੇ ਕਈ ਪਰਾਏ ਮਰਦ ਉਸ ਤੋਂ ਕਾਮਵਾਸਨਾ ਦੀ ਪੂਰਤੀ ਲੋਚਦੇ ਹਨ, ਪਰ ਪਾਰੋ ਪਾਕਿ-ਸਾਫ ਰਹਿੰਦੀ ਹੈ। ਫਿਰ ਉਸਦਾ ਪਿਓ ਸਾਰੀਆਂ ਜ਼ਿੰਮੇਵਾਰੀਆਂ ਪਾਰੋ ਦੇ ਸਿਰ ਪਾ ਕੇ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਪਾਰੋ ਆਪਣੇ ਛੋਟੇ ਭਰਾ ਕਮਲ ਦੀ ਪੜ੍ਹਾਈ ਛੁਡਵਾ ਕੇ ਉਸ ਨੂੰ ਖੇਤੀ ਦਾ ਕੰਮਕਾਰ ਸਿਖਾਉਂਦੀ ਹੈ ਅਤੇ 17 ਸਾਲ ਦੀ ਉਮਰ ਵਿਚ ਉਸਦਾ ਵਿਆਹ ਕਰਵਾ ਦਿੰਦੀ ਹੈ।

ਕਮਲ ਆਪਣੀ ਪਤਨੀ ਅਤੇ ਪੁੱਤਰੀ ਨਾਲ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੁੰਦਾ ਹੈ ਕਿ 1947 ਵਿਚ ਹਿੰਦੋਸਤਾਨ ਦੀ ਵੰਡ ਕਾਰਨ ਕਸ਼ਮੀਰ ਵੀ ਵੰਡਿਆ ਜਾਂਦਾ ਹੈ, ਜਿਸ ਨਾਲ ਕਸ਼ਮੀਰ ਵਾਦੀ 'ਚ ਕਤਲੇਆਮ ਸ਼ੁਰੂ ਹੋ ਜਾਂਦਾ ਹੈ। ਕਬਾਇਲੀਆਂ ਵਲੋਂ ਜਵਾਨ ਕੁੜੀਆਂ ਅਤੇ ਔਰਤਾਂ ਨੂੰ ਹਵਸ ਦਾ ਸ਼ਿਕਾਰ ਬਣਾਇਆ ਜਾਣ ਲੱਗਿਆ। ਅਜਿਹੀ ਹਾਲਤ ਵਿਚ ਪਾਰੋ ਦਾ ਭਰਾ ਕਮਲ ਆਪਣੀ ਹੀ ਤਲਵਾਰ ਨਾਲ ਆਪਣੀ ਪਤਨੀ ਅਤੇ ਬੱਚੀ ਦਾ ਕਤਲ ਕਰ ਦਿੰਦਾ ਹੈ ਅਤੇ ਖ਼ੁਦ ਬਚਦਾ-ਬਚਾਉਂਦਾ ਆਪਣੀ ਭੈਣ ਪਾਰੋ ਕੋਲ ਪਹੁੰਚਦਾ ਹੈ। ਇਸ ਘਟਨਾ ਦਾ ਦੁੱਖ ਉਸ ਤੋਂ ਬਰਦਾਸ਼ਤ ਨਹੀਂ ਹੁੰਦਾ, ਜਿਸ ਕਾਰਨ ਉਹ ਗੰਭੀਰ ਬਿਮਾਰ ਹੋ ਜਾਂਦਾ ਹੈ ਅਤੇ ਉਸਦੇ ਦੋਵੇਂ ਗੁਰਦੇ ਫੇਲ੍ਹ ਹੋ ਜਾਂਦੇ ਹਨ। ਪਾਰੋ ਉਸਦੀ ਦੇਖਭਾਲ ਕਰਦੀ ਹੈ ਅਤੇ ਆਪਣਾ ਇੱਕ ਗੁਰਦਾ ਦੇ ਕੇ ਉਸਦੀ ਜਾਨ ਬਚਾਉਂਦੀ ਹੈ।

ਨਾਵਲ ਵਿਚ ਮੁਸਲਿਮ ਅਤੇ ਹਿੰਦੂ-ਸਿੱਖ ਭਾਈਚਾਰਕ ਸਾਂਝ ਦੇਖਣ ਨੂੰ ਮਿਲਦੀ ਹੈ। ਪਾਰੋ ਦੇ ਭਰਾ ਦੇ ਮਕਾਨ ਬਣਾਉਣ ਲਈ ਮੁਸਲਿਮ, ਹਿੰਦੂ ਅਤੇ ਸਿੱਖ ਮਦਦ ਕਰਦੇ ਹਨ। ਪਾਰੋ ਆਪਣੇ ਭਰਾ ਦੀ ਦੇਖਭਾਲ ਲਈ ਇੱਕ ਨਰਸ ਰਾਣੀ ਨੂੰ ਰੱਖਦੀ ਹੈ ਅਤੇ ਬਾਅਦ ਵਿਚ ਉਸ ਨਾਲ ਭਰਾ ਦਾ ਵਿਆਹ ਕਰ ਦਿੰਦੀ ਹੈ ਪਰ ਰਾਣੀ ਲਾਲਚੀ ਹੋਣ ਦੇ ਨਾਲ-ਨਾਲ ਚਰਿੱਤਰਹੀਣ ਵੀ ਨਿਕਲਦੀ ਹੈ। ਉਹ ਕੇਵਲ ਜਾਇਦਾਦ ਹੜੱਪਣ ਲਈ ਹੀ ਕਮਲ ਨਾਲ ਵਿਆਹ ਕਰਦੀ ਹੈ। ਉਹ ਘਰ ਵਿਚ ਰੱਖੇ ਨੌਕਰ ਮਦਨ ਨੂੰ ਸਰੀਰਕ ਸੰਬੰਧ ਬਣਾਉਣ ਲਈ ਮਜਬੂਰ ਕਰਦੀ ਹੈ, ਜਿਸ ਦੇ ਸਿੱਟੇ ਵਜੋਂ ਇੱਕ ਪੁੱਤਰ ਨੂੰ ਜਨਮ ਦਿੰਦੀ ਹੈ। ਇੱਧਰ ਪਾਰੋ ਨੇ ਆਪਣੇ ਪੁੱਤਰ ਸੁੱਚਾ ਸਿੰਘ ਦੀ ਪਰਵਰਿਸ਼ ਵਿਚ ਕੋਈ ਕਮੀ ਨਹੀਂ ਰੱਖੀ ਸੀ। ਘਰ ਦੇ ਕੰਮਕਾਰ ਲਈ ਉਸ ਨੇ ਇੱਕ ਵਿਧਵਾ ਔਰਤ ਰਜੀ ਨੂੰ ਰਖਿਆ ਹੁੰਦਾ ਹੈ, ਜਿਸ ਨੂੰ ਉਹ ਭੈਣ ਵਰਗਾ ਪਿਆਰ ਦਿੰਦੀ ਹੈ। ਪਾਰੋ ਦਾ ਪੁੱਤਰ ਸੁੱਚਾ ਸਿੰਘ ਪੜ੍ਹ-ਲਿਖ ਕੇ ਕਲਰਕ ਦੀ ਨੌਕਰੀ ਲੱਗ ਜਾਂਦਾ ਹੈ। ਫਿਰ ਪਾਰੋ ਉਸਦੀ ਮਰਜ਼ੀ ਮੁਤਾਬਿਕ ਤੇਜੀ ਨਾਲ ਉਸਦਾ ਵਿਆਹ ਕਰਵਾ ਦਿੰਦੀ ਹੈ ਪਰ ਤੇਜੀ ਸੁੱਚਾ ਸਿੰਘ ਨੂੰ ਆਪਣੇ ਵੱਸ ਕਰ ਲੈਂਦੀ ਹੈ। ਤੇਜੀ ਦੇ ਕਹਿਣ 'ਤੇ ਸੁੱਚਾ ਸਿੰਘ ਆਪਣੀ ਮਾਂ ਪਾਰੋ ਤੋਂ ਪ੍ਰੋਵੀਡੈਂਟ ਦੇ ਜਮ੍ਹਾਂ ਪੈਸੇ ਵੀ ਲੈ ਲੈਂਦਾ ਹੈ। ਉਨ੍ਹਾਂ ਪੈਸਿਆ ਨਾਲ ਉਹ ਨਵਾਂ ਘਰ ਬਣਾਉਂਦੇ ਹਨ, ਜਿਸਦੀ ਮਾਲਕਣ ਤੇਜੀ ਬਣ ਜਾਂਦੀ ਹੈ। ਘਰ ਵਿਚ ਕਿਸੇ ਨਾ ਕਿਸੇ ਬਹਾਨੇ ਤੇਜੀ ਝਗੜਾ ਕਰਦੀ ਹੈ, ਜਿਸ ਤੋਂ ਤੰਗ ਆ ਕੇ ਪਾਰੋ ਰਜੀ ਨੂੰ ਨਾਲ ਲੈ ਕੇ ਆਪਣੇ ਭਰਾ ਦੇ ਘਰ ਚਲੀ ਜਾਂਦੀ ਹੈ, ਪਰ ਉੱਥੇ ਵੀ ਉਸਦੀ ਭਰਜਾਈ ਰਾਣੀ ਉਸਦੀ ਇੱਜਤ ਨਹੀਂ ਕਰਦੀ ਅਤੇ ਉਸ ਨੂੰ ਬੋਝ ਸਮਝਦੀ ਹੈ। ਪਾਰੋ ਆਪਣਾ ਹਰ ਦੁੱਖ ਹਮਲ ਨਦੀ ਦੇ ਕੰਢੇ ਬੈਠ ਕੇ ਸ਼ਾਂਤ ਉਸ ਨੂੰ ਸੁਣਾਉਂਦੀ ਹੈ। ਇਸ ਤਰ੍ਹਾਂ ਪਾਰੋ ਦੀ ਸਾਰੀ ਜ਼ਿੰਦਗੀ ਮੁਸ਼ਕਲਾਂ 'ਚ ਬੀਤਦੀ ਹੈ।




ਨਾਵਲ ਦਾ ਅੰਤ ਪ੍ਰਭਾਵਸ਼ਾਲੀ, ਰੋਚਕ ਭਰਪੂਰ ਅਤੇ ਸੰਦੇਸ਼ ਭਰਪੂਰ ਹੈ। ਪਾਰੋ ਦੀ 15 ਸਾਲਾਂ ਦੀ ਪੋਤੀ ਅਰਸ਼ੀ ਆਪਣੀ ਮਾਂ ਤੋਂ ਬਾਗੀ ਹੋ ਕੇ ਉਸਨੂੰ ਮਿਲਣ ਆਉਂਦੀ ਹੈ। ਉਹ ਆਪਣੇ ਮਾਤਾ ਪਿਤਾ ਅਤੇ ਆਪਣੀ ਦਾਦੀ ਦੀ ਭਰਜਾਈ ਰਾਣੀ ਨੂੰ ਦਾਦੀ ਦੀ ਸੰਭਾਲ ਨਾ ਕਰਨ 'ਤੇ ਲਾਹਨਤਾਂ ਪਾਉਂਦੀ ਹੈ। ਉਹ ਆਪਣੀ ਦਾਦੀ ਨਾਲ ਹੋਏ ਅਮਾਨਵੀ ਵਰਤਾਰੇ 'ਤੇ ਦੁੱਖ ਜਤਾਉਂਦੀ ਹੈ। ਅਰਸ਼ੀ ਬਿਮਾਰ ਦਾਦੀ ਪਾਰੋ ਦੀ ਦਿਲੋਂ ਸੇਵਾ ਕਰਦੀ ਹੈ। ਪਾਰੋ ਆਪਣੇ ਭਰਾ ਨੂੰ ਕਹਿ ਕੇ ਘਰ ਦਾ ਅੱਧਾ ਹਿੱਸਾ ਅਰਸ਼ੀ ਦੇ ਨਾਂ ਕਰਵਾ ਦਿੰਦੀ ਹੈ, ਕਿਉਂਕਿ ਉਹ ਜਾਣਦੀ ਹੈ ਕਿ ਉਸਦੇ ਭਰਾ ਦੇ ਪੁੱਤਰ ਅੰਦਰ ਨੌਕਰ ਮਦਨ ਦਾ ਲਹੂ ਵਗਦਾ ਹੈ। ਆਪਣੇ ਅੰਤਲੇ ਦਿਨਾਂ ਵਿਚ ਵੀ ਪਾਰੋ ਆਪਣੇ ਬੇਟੇ ਨੂੰ ਮੁਆਫ਼ ਨਹੀਂ ਕਰਦੀ ਅਤੇ ਇਸ ਦੁਨੀਆ ਤੋਂ ਕੂਚ ਕਰ ਜਾਂਦੀ ਹੈ।

ਇਸ ਤਰ੍ਹਾਂ ਭੁਪਿੰਦਰ ਸਿੰਘ ਰੈਣਾ ਨੇ ਇਸ ਨਾਵਲ ਵਿਚ ਨਾਰੀ ਜੀਵਨ, ਨਾਰੀ ਦਸ਼ਾ, ਨਾਰੀਵਾਦੀ ਸਮੱਸਿਆਵਾਂ ਦੇ ਨਾਲ-ਨਾਲ ਨਾਰੀ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਵਲ ਵਿਚ ਔਰਤ ਦੇ ਮੁੱਖ ਤੌਰ 'ਤੇ ਤਿੰਨ ਕਿਰਦਾਰ ਸਾਹਮਣੇ ਆਉਂਦੇ ਹਨ। ਔਰਤ ਦੇ ਇੱਕ ਰੂਪ ਵਿਚ ਨਾਵਲ ਦੀ ਨਾਇਕਾ ਆਪਣੀਆਂ ਉਮੰਗਾਂ ਅਤੇ ਖਵਾਹਿਸ਼ਾਂ ਨੂੰ ਦਫ਼ਨ ਕਰ ਕੇ ਹਰ ਕਿਸੇ ਦਾ ਨਿਰਸਵਾਰਥ ਭਲਾ ਲੋਚਦੀ ਹੈ। ਦੂਜੇ ਰੂਪ ਵਿਚ ਔਰਤ ਆਪਣੀ ਲਾਲਸਾ, ਲਾਲਚ ਅਤੇ ਕਾਮਵਾਸਨਾ ਦੀ ਪੂਰਤੀ ਲਈ ਰਿਸ਼ਤਿਆਂ ਦੀ ਅਣਦੇਖੀ ਕਰ ਕੇ ਅਨੈਤਿਕ ਤਰੀਕੇ ਅਪਣਾਉਂਦੀ ਹੈ ਅਤੇ ਤੀਜੇ ਰੂਪ ਵਿਚ ਔਰਤ ਰਿਸ਼ਤਿਆਂ ਦੀ ਕਦਰ ਸਮਝਦੀ ਹੋਈ ਆਪਣੇ ਫ਼ਰਜ਼ਾਂ ਪ੍ਰਤੀ ਸਜਗ ਨਜ਼ਰ ਆਉਂਦੀ ਹੈ। ਨਾਵਲ ਵਿਚ ਕਸ਼ਮੀਰ ਵਾਦੀ ਦੀ ਖ਼ੂਬਸੂਰਤੀ ਅਤੇ ਸੋਹਣੇ ਵਾਤਾਵਰਨ ਨੂੰ ਬੜੇ ਹੀ ਸੁਚੱਜੇ ਅਤੇ ਢੁਕਵੇਂ ਸ਼ਬਦਾਂ ਰਾਹੀਂ ਦਰਸਾਇਆ ਗਿਆ ਹੈ ਅਤੇ 1947 'ਚ ਹੋਈ ਦੇਸ਼ ਵੰਡ ਕਾਰਨ ਵਿਗੜੇ ਹਾਲਾਤ ਦੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਹੋ ਰਹੇ ਜ਼ੁਲਮ ਤੇ ਤ੍ਰਾਸਦੀ ਨੂੰ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀਆਂ ਘਟਨਾਵਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਪਾਤਰਾਂ ਦਾ ਆਪਸੀ ਵਾਰਤਾਲਾਪ ਉਨ੍ਹਾਂ ਦੀ ਖੇਤਰੀ ਭਾਸ਼ਾ ਵਿਚ ਪੇਸ਼ ਕੀਤਾ ਗਿਆ ਹੈ। ਨਾਵਲ ਦੀ ਕਹਾਣੀ ਲੜੀਵਾਰ ਤਰੀਕੇ ਨਾਲ ਅੱਗੇ ਤੁਰਦੀ ਹੈ ਅਤੇ ਹਰ ਸਮੇਂ ਉਤਸੁਕਤਾ ਬਣੀ ਰਹਿੰਦੀ ਹੈ। ਇਸ ਤਰ੍ਹਾਂ 'ਨਦੀ ਤੇ ਨਾਰੀ' ਨਾਵਲ ਨਵੀਂ ਪੀੜ੍ਹੀ ਨੂੰ ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਕਰਦਾ ਹੋਇਆ ਇੱਕ ਆਦਰਸ਼ਵਾਦੀ ਨਾਵਲ ਹੋ ਨਿੱਬੜਦਾ ਹੈ। ਪੰਜਾਬੀ ਅਦਬੀ ਸਾਹਿਤ ਵਿਚ 'ਨਦੀ ਤੇ ਨਾਰੀ' ਨਾਵਲ ਦਾ ਸਵਾਗਤ ਹੈ।

# ਮੀਡੀਆ ਤੇ ਖੇਡਾਂ: ਪ੍ਰੋ. ਕੁਲਬੀਰ ਸਿੰਘ

*(ਪਿਛਲੇ ਸਫੇ ਦਾ ਬਾਕੀ)*

ਕੇ ਲਿਖਿਆ। ਜਦੋਂ ਵੀ ਕਿਤੇ ਖੇਡ-ਮੁਕਾਬਲੇ ਜਾਂ ਟੂਰਨਾਮੈਂਟ ਵੇਖਣ ਜਾਣਾ, ਖਿਡਾਰੀਆਂ ਨੂੰ ਮਿਲਣਾ ਤਾਂ ਗੱਲਾਂ ਬਾਤਾਂ ਡਾਇਰੀ 'ਤੇ ਨੋਟ ਕਰਦੇ ਜਾਣਾ। ਨੋਟ ਕੀਤੇ ਨੂੰ ਫਿਰ ਕਲਾਤਮਿਕ ਵਿਸਥਾਰ ਦਿੰਦੇ ਜਾਣਾ। ਹਾਸ-ਵਿਅੰਗ ਦੀ ਚਾਸ਼ਨੀ 'ਚ ਗੁੰਨ ਕੇ ਅਜਿਹਾ ਰੰਗ ਚਾੜ੍ਹਨਾ ਕਿ ਪਾਠਕ ਦੇ ਮਨ ਅੰਦਰ ਫੁਲਝੜੀਆਂ ਚੱਲਣ ਲਾ ਦੇਣਾ। ਉਸ ਦਾ 'ਖਿਡਾਰੀਆਂ ਦੇ ਵਹਿਮ ਭਰਮ' ਲੇਖ ਜਦ ਕਾਲਜ ਦੀਆਂ ਕਲਾਸਾਂ ਵਿਚ ਪੜ੍ਹਾਈਦਾ ਸੀ ਤਾਂ ਵਿਦਿਆਰਥੀ ਹੱਸ-ਹੱਸ ਦੂਹਰੇ ਹੋ ਜਾਂਦੇ ਸਨ।

ਹੁਣ ਬੇਸ਼ਕ ਅਖ਼ਬਾਰਾਂ, ਮੈਗ਼ਜ਼ੀਨਾਂ ਵਿਚ ਲਿਖਣ ਵਾਲੇ ਦਰਜਨਾਂ ਖੇਡ ਲੇਖਕ ਪੈਦਾ ਹੋ ਗਏ ਹਨ ਪਰ ਸਰਵਣ ਸਿੰਘ ਕਿਸੇ ਨਹੀਂ ਬਣ ਜਾਣਾ ਕਿਉਂਕਿ ਖੇਡ ਸਾਹਿਤ ਦੀ ਲੰਮੀ ਮੈਰਾਥਨ ਦੌੜਨ ਦਾ ਦਮ ਹਰੇਕ ਵਿਚ ਨਹੀਂ। ਐਨਾ ਅਨੁਸ਼ਾਸਨ, ਐਨਾ ਜ਼ਬਤ, ਐਨਾ ਠਰ੍ਹੰਮਾ, ਐਨਾ ਸਬਰ, ਐਨਾ ਸਹਿਜ ਉਹ ਕਿੱਥੋਂ ਲਿਆਉਣਗੇ? ਉਹ ਦੁਨੀਆਂ ਭਰ 'ਚ ਵੱਸੇ ਪੰਜਾਬੀ ਭਾਈਚਾਰੇ ਦਾ, ਲੇਖਕ ਵਰਗ ਦਾ ਮਾਣ ਹਨ। ਉਨ੍ਹਾਂ ਦੀ ਲੇਖਣੀ 'ਤੇ, ਉਨ੍ਹਾਂ ਦੇ ਯੋਗਦਾਨ 'ਤੇ ਜਿੰਨਾ ਮਾਣ ਕੀਤਾ ਜਾਵੇ ਥੋੜ੍ਹਾ ਹੈ। ਖੇਤਰੀ ਭਾਸ਼ਾ ਵਿਚ ਲਿਖਣ ਦੀ ਕਦਰ ਪਵਾਉਣੀ ਹੋਵੇ ਤਾਂ ਕੋਈ ਸਰਵਣ ਸਿੰਘ ਵਾਂਗ ਲਿਖਣਾ ਸਿੱਖੇ। ਕੈਨੇਡਾ ਵਿਚ 'ਪਤਝੜ ਦੀ ਬਹਾਰ' ਦੇ ਰੰਗਾਂ ਬਾਰੇ ਪੜ੍ਹ ਕੇ ਤਾਂ ਮਨ ਅਸ਼-ਅਸ਼ ਹੀ ਕਰ ਉੱਠਿਆ। ਜਦ ਜਸਵੰਤ ਸਿੰਘ ਕੰਵਲ ਤੇ ਪ੍ਰੋ. ਸਰਵਣ ਸਿੰਘ ਢੁੱਡੀਕੇ ਦੇ ਖੇਡ ਮੇਲੇ ਦੌਰਾਨ ਕਮੈਂਟਰੀ ਕਰਦੇ ਤਾਂ ਲੋਕਾਂ ਦਾ ਧਿਆਨ ਖੇਡ ਵੱਲ ਘੱਟ ਤੇ ਕਮੈਂਟਰੀ ਵੱਲ ਵੱਧ ਹੁੰਦਾ ਸੀ।

ਪ੍ਰਿੰ. ਸਰਵਣ ਸਿੰਘ ਦਿਲਚਸਪ ਗੱਲਾਂ ਤੇ ਚੁਟਕਲਿਆਂ ਨਾਲ ਖੁਸ਼ ਰਹਿਣਾ ਅਤੇ ਦੂਸਰਿਆਂ ਨੂੰ ਖੁਸ਼ ਰੱਖਣਾ ਜਾਣਦੇ ਹਨ ਪਰ ਮੈਂ ਉਨ੍ਹਾਂ ਦੀ ਖੁਸ਼ੀ ਉਦੋਂ ਹੋਰ ਵੀ ਡੁਲ੍ਹ-ਡੁਲ੍ਹ ਪੈਂਦੀ ਵੇਖੀ ਜਦੋਂ ਪੰਜਾਬੀ ਦੇ ਸਿਰਮੌਰ ਕਵੀ, ਆਲੋਚਕ ਤੇ ਅਧਿਆਪਕ ਡਾ. ਹਰਭਜਨ ਸਿੰਘ ਨੇ ਉਨ੍ਹਾਂ ਦੀ ਖੇਡ-ਲੇਖਣੀ ਬਾਰੇ 'ਆਰਸੀ' ਵਿਚ ਪ੍ਰਸ਼ੰਸਾਮਈ ਲੇਖ 'ਸ਼ਬਦਾਂ ਦਾ ਓਲੰਪੀਅਨ' ਲਿਖਿਆ। ਉਨ੍ਹਾਂ ਨੇ ਪਤਾ ਨਹੀਂ ਕਿੰਨਿਆਂ ਨੂੰ ਖੇਡ ਸਾਹਿਤ ਪੜ੍ਹਨ ਲਾਇਆ, ਕਿੰਨਿਆਂ ਨੂੰ ਖੇਡ ਸਾਹਿਤ ਲਿਖਣ ਲਾਇਆ ਤੇ ਕਿੰਨਿਆਂ ਨੂੰ ਖੇਡਾਂ ਖੇਡਣ ਲਾਇਆ। ਉਨ੍ਹਾਂ 'ਚੋਂ ਮੈਂ ਵੀ ਇੱਕ ਹਾਂ।

ਪੱਤਰਕਾਰੀ ਦੇ ਖੇਤਰ ਵਿਚ, ਖੇਡ ਪੱਤਰਕਾਰੀ ਦਾ ਵਿਲੱਖਣ ਸਥਾਨ ਹੈ। ਅਖ਼ਬਾਰਾਂ ਵਿਸ਼ੇਸ਼ ਖੇਡ-ਪੰਨੇ ਪ੍ਰਕਾਸ਼ਿਤ ਕਰਦੀਆਂ ਹਨ। ਟੈਲੀਵਿਜ਼ਨ ਚੈਨਲ ਮਹੱਤਵਪੂਰਨ ਮੈਚਾਂ ਨੂੰ ਬਹੁਤ ਮਹੱਤਵ ਦਿੰਦੇ ਹਨ। ਜਦ ਭਾਰਤੀ ਕ੍ਰਿਕਟ ਟੀਮ ਦਾ ਪਾਕਿਸਤਾਨ ਟੀਮ ਨਾਲ ਮੈਚ ਹੁੰਦਾ ਹੈ ਤਦ ਖੇਡ ਚੈਨਲਾਂ ਦਾ ਜਨੂੰਨ ਵੇਖਣ ਵਾਲਾ ਹੁੰਦਾ ਹੈ। ਅਜਿਹੇ ਮੈਚ ਦੌਰਾਨ 10 ਸਕਿੰਟ ਦੇ ਇਸ਼ਤਿਹਾਰ ਦਾ ਰੇਟ ਕਰੋੜਾਂ ਤੱਕ ਪਹੁੰਚ ਜਾਂਦਾ ਹੈ। ਪੰਜਾਬੀ ਮੀਡੀਆ ਦੇ ਪ੍ਰਚਾਰ ਪ੍ਰਸਾਰ ਸਦਕਾ ਪੰਜਾਬੀ ਖੇਡ ਪੱਤਰਕਾਰੀ ਅਤੇ ਪੰਜਾਬੀ ਖੇਡ ਸਾਹਿਤ ਨੇ ਪੰਜਾਬੀ ਪਾਠਕਾਂ, ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਇਹਦੇ ਵਿਚ ਪ੍ਰਿੰ. ਸਰਵਣ ਸਿੰਘ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਦੀਆਂ 40 ਪੁਸਤਕਾਂ 'ਚੋਂ 25 ਪੁਸਤਕਾਂ ਖੇਡਾਂ ਤੇ ਖਿਡਾਰੀਆਂ ਸਬੰਧੀ ਹੀ ਹਨ। ਇਨ੍ਹਾਂ ਤੋਂ ਇਲਾਵਾ ਕਹਾਣੀਆਂ ਹਨ, ਰੇਖਾ ਚਿੱਤਰ ਹਨ, ਸਫ਼ਰਨਾਮੇ ਹਨ, ਹਾਸ-ਵਿਅੰਗ ਹੈ ਤੇ ਪੇਂਡੂ ਜਨ-ਜੀਵਨ ਬਾਰੇ ਲੇਖ ਹਨ।

ਉਨ੍ਹਾਂ ਦੀਆਂ ਪੁਸਤਕਾਂ ਪੰਜਾਬ ਦੇ ਉੱਘੇ ਖਿਡਾਰੀ, ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਪੰਜਾਬੀ ਖਿਡਾਰੀ, ਪਿੰਡ ਦੀ ਸੱਥ 'ਚੋਂ, ਖੇਡ ਮੈਦਾਨ 'ਚੋਂ, ਉਲੰਪਿਕ ਖੇਡਾਂ, ਅੱਖੀਂ ਵੇਖ ਨਾ ਰੱਜੀਆਂ, ਬਾਤਾਂ ਵਤਨ ਦੀਆਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਉਲੰਪਿਕ ਖੇਡਾਂ ਦੀ ਸਦੀ, ਖੇਡ ਮੇਲੇ ਵੇਖਦਿਆਂ, ਫੇਰੀ ਵਤਨਾਂ ਦੀ, ਪੰਜਾਬ ਦੇ ਚੋਣਵੇਂ ਖਿਡਾਰੀ, ਖੇਡਾਂ ਦੀ ਦੁਨੀਆਂ, ਹਸੰਦਿਆਂ ਖੇਲੰਦਿਆਂ, ਕਬੱਡੀ ਕਬੱਡੀ ਕਬੱਡੀ, ਮੇਲੇ ਕਬੱਡੀ ਦੇ, ਅੱਖੀਂ ਡਿੱਠਾ ਕਬੱਡੀ ਵਰਲਡ ਕੱਪ, ਖੇਡ ਅਤੇ ਸਿਹਤ ਵਾਰਤਾ, ਕਿੱਸਾ ਕਬੱਡੀ ਦਾ, ਏਥਨਜ਼ ਤੋਂ ਲੰਡਨ, ਗੋਲਡਨ ਗੋਲ, ਪੰਜਾਬ ਦੇ ਕੋਹੇਨੂਰ ਤਿੰਨ ਭਾਗ, ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ, ਮੇਰੇ ਵਾਰਤਕ ਦੇ ਰੰਗ, ਕੰਪਿਊਟਰ ਦਾ ਧਨੰਤਰ, ਸ਼ਬਦਾਂ ਦਾ ਜਾਦੂਗਰ ਆਦਿ ਸਭ ਚਰਚਿਤ ਹਨ। ਉਨ੍ਹਾਂ ਦੀਆਂ ਕੁੱਝ ਪੁਸਤਕਾਂ ਅਤੇ ਲੇਖ ਵੱਖ-ਵੱਖ ਯੂਨੀਵਰਸਿਟੀਆਂ ਦੀਆਂ ਵੱਖ-ਵੱਖ ਕਲਾਸਾਂ ਦੇ ਸਿਲੇਬਸ ਵਿਚ ਸ਼ਾਮਲ ਹਨ। ਉਨ੍ਹਾਂ ਦੇ ਸ਼ਬਦਾਂ ਵਿਚ ਖੇਡ ਸਾਹਿਤ ਦਾ ਉਦੇਸ਼ ਖੇਡਾਂ ਤੇ ਖਿਡਾਰੀਆਂ ਬਾਰੇ ਜਾਣਕਾਰੀ ਦੇਣਾ ਹੈ ਪਰ ਖੇਡ ਸਾਹਿਤ ਦੀ ਰਚਨਾ ਕਰਨ ਵਾਲੇ ਸਿਰਮੌਰ ਲੇਖਕ ਸਬੰਧੀ ਲਿਖਣਾ ਤਾਂ ਸਾਡੀ ਵੀ ਜ਼ਿੰਮੇਵਾਰੀ ਹੈ ਕਿਉਂਕਿ ਬਹੁਤੇ ਲੇਖਕ ਤੇ ਕਲਾਕਾਰ ਆਪਣੀ ਗੱਲ ਆਪ ਕਰਨ ਤੋਂ ਸੰਕੋਚ ਕਰਦੇ ਹਨ।

ਪ੍ਰਿੰ. ਸਰਵਣ ਸਿੰਘ ਲਿਖਤਾਂ ਲਿਖਦੇ ਨਹੀਂ, ਲਿਖਤਾਂ ਜਿਊਂਦੇ ਹਨ। ਲਿਖਣਾ ਉਨ੍ਹਾਂ ਦਾ ਸ਼ੌਕ ਹੀ ਨਹੀਂ, ਜਿਊਣ-ਢੰਗ ਵੀ ਹੈ। ਮੈਨੂੰ ਲੱਗਦੈ ਉਹ ਖੇਡਾਂ ਬਾਰੇ ਲਿਖਣ ਲਈ ਹੀ ਪੈਦਾ ਹੋਏ ਹਨ। 1965-66 ਤੋਂ ਖੇਡ ਸਾਹਿਤ ਵਿਚ ਉਨ੍ਹਾਂ ਦੀ ਝੰਡੀ ਹੈ। ਮੈਂ ਕਈ ਵਾਰ ਸੋਚਦਾਂ, ਖੇਡਾਂ ਬਾਰੇ, ਖਿਡਾਰੀਆਂ ਬਾਰੇ, ਖੇਡ-ਜਗਤ ਬਾਰੇ, ਏਨੀ ਵਿਸ਼ਾਲ ਜਾਣਕਾਰੀ ਰੱਖਣ ਵਾਲੇ ਐਸੇ ਖੋਜੀ ਖੇਡ ਲੇਖਕ ਨੂੰ ਕਿਸੇ ਯੂਨੀਵਰਸਿਟੀ ਵੱਲੋਂ ਖੇਡ ਸਾਹਿਤ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦੈ। ਹੁਣ ਉਹ ਉਮਰ ਦੀ ਪੌੜੀ ਦਾ 83ਵਾਂ ਡੰਡਾ ਚੜ੍ਹਨ ਵਾਲੇ ਹਨ। ਅਸੀਂ ਕਾਮਨਾ ਕਰਦੇ ਹਾਂ ਕਿ ਉਹ ਵੀ ਆਪਣੇ ਮੁਰਸ਼ਦ ਜਸਵੰਤ ਸਿੰਘ ਕੰਵਲ ਵਾਂਗ ਸੈਂਚਰੀ ਮਾਰਨ।

## ਗ਼ਜ਼ਲ

ਚੁੱਪੀ ਤੋੜ ਤੇ ਬੋਲ ਫਕੀਰਾ
ਮਨ ਦੀ ਗੱਠੜੀ ਖੋਲ੍ਹ ਫਕੀਰਾ।

ਉੱਚੀ ਉੱਚੀ ਕੂਕ ਸਚਾਈ,
ਸੱਚ ਦਾ ਵੱਜੇ ਢੋਲ ਫਕੀਰਾ।

ਝੂਠੇ ਨੂੰ ਕਹਿ ਮੂੰਹ 'ਤੇ ਝੂਠਾ,
ਢੋਲ ਦਾ ਖੁੱਲ੍ਹੇ ਪੋਲ ਫਕੀਰਾ।

ਘਿਸੀਆਂ ਪਿਟੀਆਂ ਨਾ ਕਰ ਗੱਲਾਂ,
ਬਚਨ ਸੁਣਾ ਅਨਮੋਲ ਫਕੀਰਾ।

ਲੋਕ ਹਨੇਰੀ ਨੇ ਇਸ ਵਾਰੀ,
ਦਿੱਤੇ ਲੀਡਰ ਰੋਲ਼ ਫਕੀਰਾ।

ਪਰਖਣ ਵਾਲੀ ਅੱਖ ਹੈ ਕਾਣੀ,
ਕੌਣ ਕਰੇ ਪੜਚੋਲ ਫਕੀਰਾ।

ਨਾਨਕ ਵਾਲੀ ਲੈ ਕੇ ਤੱਕੜੀ,
ਤੇਰਾ ਤੇਰਾ ਤੋਲ ਫਕੀਰਾ।

ਬੇਰੁਜ਼ਗਾਰੀ ਤੇ ਗੁਰਬਤ ਨੇ,
ਦਿੱਤੈ ਜੀਵਨ ਰੋਲ ਫਕੀਰਾ।

*-ਠਾਕਰ ਪ੍ਰੀਤ ਰਾਊਕੇ*

ਕਹਾਣੀ

# ਲਟ ਲਟ ਬਲ਼ਦਾ ਦੀਵਾ

ਅੱਜ ਬਹੁਤ ਠੰਢ ਹੈ। ਮੈਂ ਬੈੱਡ ਉਪਰ ਰਜਾਈ ਲੈ ਕੇ ਬੈਠੀ ਆਪਣੇ-ਆਪ ਨੂੰ ਸਹਿਜ ਕਰ ਰਹੀ ਹਾਂ। ਦਿਲ ਦੀ ਧੜਕਣ ਨੂੰ ਸੁਣਨ ਦੀ ਕੋਸ਼ਿਸ਼ ਕਰਦਿਆਂ ਡੂੰਘੇ-ਡੂੰਘੇ ਸਾਹ ਲੈਣੇ ਸ਼ੁਰੂ ਕੀਤੇ ਨੇ। ਮੇਰੇ ਅੰਤਰਮਨ ਵਿਚ ਜਾਮ ਹੋਏ ਹਉਕਿਆਂ ਦੀ ਵੇਦਨਾ ਨਾਲ ਮੇਰੇ ਅਹਿਸਾਸ ਪਿਘਲਦੇ ਜਾ ਰਹੇ ਹਨ। ਮਨ ਏਨਾ ਤਰਲ ਹੋ ਗਿਐ ਕਿ ਅੱਖਾਂ 'ਚੋਂ ਆਪ-ਮੁਹਾਰੇ ਅੱਥਰੂ ਛਲਕ ਰਹੇ ਨੇ। ਯਾਦਾਂ ਦੇ ਪਰਛਾਵਿਆਂ ਵਿਚ ਖੁੱਭੀ-ਗੁਆਚੀ ਮਨਰਾਜ ਨੂੰ ਯਾਦ ਕਰ ਰਹੀ ਹਾਂ।

'ਮਨਰਾਜ! ਸਾਡਾ ਰਿਸ਼ਤਾ ਦੁਨਿਆਵੀ ਹੀ ਨਹੀਂ ਰੂਹਾਨੀ ਵੀ ਸੀ। ਇਸ ਪਰਾਈ ਧਰਤੀ 'ਤੇ 'ਕੱਲੀ ਕਿਵੇਂ ਨਿਭਾਵਾਂਗੀ ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ? ਇਹ ਕੀ ਬਣਿਆ ਮੇਰੇ ਨਾਲ? ਕੌਣ ਵੰਡਾਵੇਗਾ ਇਹ ਪਰਬਤੋਂ ਭਾਰਾ ਦੁੱਖ? ਸਾਡਾ ਤਾਂ ਹਰ ਸਾਹ ਇਕ ਦੂਜੇ ਲਈ ਧੜਕਦਾ ਸੀ। ਹੁਣ ਤੇਰੇ ਬਿਨਾਂ ਹਰ ਸਾਹ ਮੁਹਾਲ ਬਣਦਾ ਜਾ ਰਿਹਾ। ਸਾਰੀ ਜ਼ਿੰਦਗੀ ਕਿਸ ਕੋਲ ਫੋਲਾਂਗੀ ਮਨ ਦੀਆਂ ਪਰਤਾਂ?'

ਮੈਂ ਉਸ ਨਾਲ ਮੂਕ ਵਾਰਤਾਲਾਪ ਵਿਚ ਗਲਤਾਨ ਆਪਣੇ-ਆਪ 'ਤੇ ਕਾਬੂ ਪਾਉਣ ਲਈ ਲੈਪਟਾਪ ਖੋਲ੍ਹ ਕੇ ਬੈਠ ਗਈ ਹਾਂ ਪਰ ਸਕਰੀਨ ਉਪਰ ਉਸਦਾ ਮੁਸਕਰਾਉਂਦਾ ਚਿਹਰਾ ਹੀ ਦਿਖ ਰਿਹੈ। ਉਸ ਸਮੇਂ ਦਾ ਚਿਹਰਾ ਜਦੋਂ ਮੇਰੇ ਮਾਂ-ਬਾਪ ਨੇ ਸਾਨੂੰ ਇਕ ਪਵਿੱਤਰ ਬੰਧਨ ਵਿਚ ਬੰਨ੍ਹਿਆ ਸੀ ਤੇ ਅਸੀਂ ਉਮਰ ਭਰ ਸਾਥ ਨਿਭਾਉਣ ਦੀ ਕਸਮ ਖਾਧੀ ਸੀ। ਉਸਦਾ ਸਦੀਵੀ ਵਿਛੋੜਾ ਝੱਲਿਆ ਨਹੀਂ ਜਾ ਰਿਹਾ। ਮੇਰਾ ਮਨ ਫਿਰ ਭਰ ਆਇਆ ਹੈ। ਮੈਂ ਲੈਪਟਾਪ ਬੰਦ ਕਰ ਕੇ ਹੰਝੂ ਪੂੰਝ ਕੇ ਅੱਖਾਂ ਮੀਚ ਲਈਆਂ ਹਨ।

ਅਚਾਨਕ ਮੇਰੇ ਬੇਟੇ ਬੱਬੂ ਨੇ ਮੈਨੂੰ ਹਲੂਣ ਕੇ ਕਿਹੈ, 'ਮਾਂ! ਕੀ ਹੋਇਆ?'

ਉਹ ਕੁਰਸੀ ਖਿੱਚ ਕੇ ਮੇਰੇ ਲਾਗੇ ਬੈਠ ਗਿਐ, 'ਮੈਨੂੰ ਪਤਾ, ਤੈਨੂੰ ਡੈਡ ਯਾਦ ਆਉਂਦਾ।'

'ਹਾਂ ਬੇਟੇ! ਤੇਰੇ ਡੈਡ ਨੂੰ ਯਾਦ ਕਰਨ ਦੇ ਸਿਵਾ ਮੇਰੇ ਕੋਲ ਹੋਰ ਰਹਿ ਵੀ ਕੀ ਗਿਆ?' ਮੇਰੀਆਂ ਧਾਹਾਂ ਨਿਕਲ ਗਈਆਂ ਹਨ।

'ਮਾਂ, ਮੈਨੂੰ ਵੀ ਡੈਡ ਦੀ ਬਹੁਤ ਯਾਦ ਆਉਂਦੀ ਆ! ਉਹ ਸਾਨੂੰ ਕਿਉਂ ਛੱਡ ਗਏ?' ਬੱਬੂ ਦੀਆਂ ਅੱਖਾਂ ਵੀ ਵਹਿ ਤੁਰੀਆਂ ਨੇ।

'ਨਾ! ਬੇਟੇ ਰੋਣਾ ਨ੍ਹੀਂ। ਉਹ ਤਾਂ ਸਾਡਾ ਦੋਹਾਂ ਦਾ ਇਕ ਪਲ ਵੀ ਵਸਾਹ ਨ੍ਹੀਂ ਸੀ ਖਾਂਦੇ। ਨਾ਼ਲੇ ਉਨ੍ਹਾਂ ਸਰੀਰ ਈ ਛੱਡਿਆ, ਰੂਹ ਤਾਂ ਸਾਡੇ ਕੋ਼ਲ ਈ ਆ।'

'ਨਹੀਂ ਮਾਂ! ਮੈਂ ਬੌਤ੍ਹ ਰਿਸਰਚ ਕੀਤੀ। ਰੂਹ ਵਰਗੀ ਕੋਈ ਵੀ ਸ਼ੈਅ ਬਿਨਾਂ ਜਿਸਮ ਦੇ ਨ੍ਹੀਂ ਰਹਿ ਸਕਦੀ। ਹੁਣ ਅਸੀਂ ਕਦੇ ਵੀ ਡੈਡ ਨੂੰ ਨ੍ਹੀਂ ਮਿਲ ਸਕਦੇ। ਮੈਂ ਮੈਡੀਟੇਸ਼ਨ ਵੀ ਕਰਦਾਂ ਪਰ ਉਹ ਮੇਰੇ ਮਨ ਦੀ ਸ਼ਾਂਤੀ ਲਈ ਆ।'

'ਤੂੰ ਸਹੀ ਕਹਿ ਰਿਹੈਂ ਬੱਬੂ! ਮੈਨੂੰ ਪਤਾ ਮਰਨ ਤੋਂ ਮਗਰੋਂ ਬੰਦੇ ਦੀ ਸਰੀਰਕ ਤੇ ਪਦਾਰਥਕ ਹੋਂਦ ਖਤਮ ਹੋ ਜਾਂਦੀ ਹੈ। ਤੈਨੂੰ ਪਤਾ, ਮੈਂ ਭੂਤ-ਪਰੇਤਾਂ ਤੇ ਰੂਹਾਂ ਦੇ ਭਟਕਦੀਆਂ ਫਿਰਦੀਆਂ ਹੋਣ ਨੂੰ ਸੱਚ ਨ੍ਹੀਂ ਮੰਨਦੀ ਪਰ ਇਹ ਮੇਰਾ ਵਿਸ਼ਵਾਸ ਆ ਕਿ ਤੇਰੇ ਡੈਡ ਦੀ ਰੂਹ ਹਾਲੇ ਵੀ ਮੇਰੀ ਰੂਹ ਵਿਚ ਧੜਕਦੀ ਆ। ਇਹ ਸਦਮਾ ਝੱਲਣ ਲਈ ਇਸ ਵਿਸ਼ਵਾਸ ਦੀ ਲੋਅ ਮੈਨੂੰ ਸ਼ਕਤੀ ਦਿੰਦੀ ਆ।'

ਉਸਦਾ ਚਿਹਰਾ ਨਿਹਾਰਦਿਆਂ ਮੈਂ ਫਿਰ ਕਿਹੈ, 'ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਹਰ ਵਕਤ ਸਾਡੇ ਅੰਗ-ਸੰਗ ਆ। ਇਸੇ ਕਰਕੇ ਤੂੰ ਉਨ੍ਹਾਂ ਦੀਆਂ ਬਣਾਈਆਂ ਵੀਡੀਓ ਫਿਲਮਾਂ 'ਚ ਆਪਣਾ ਬਚਪਨ ਦੇਖ ਸਕਦੈਂ। ਤੇਰੇ ਜਨਮ ਤੋਂ ਬਾਅਦ ਸਭ ਤੋਂ ਪਹਿਲਾਂ ਉਹ ਵੀਡੀਓ ਕੈਮਰਾ ਈ ਤਾਂ ਲੈ ਕੇ ਆਏ ਸੀ।'

ਮੇਰੀਆਂ ਅੱਖਾਂ ਵਿਚੋਂ ਮੁੜ ਗੰਗਾ ਵਹਿ ਤੁਰੀ ਹੈ...।

'ਮਾਂ! ਚੁੱਪ ਕਰ! ਮੈਂ ਨ੍ਹੀਂ ਦੇਖ ਸਕਦਾ ਰੋਂਦੇ ਤੈਨੂੰ। ਮੈਨੂੰ ਡਰ ਲੱਗਦਾ ਕਿ ਹੁਣ ਕਿਤੇ ਤੈਨੂੰ ਵੀ ਨਾ ਕੁਝ ਹੋ ਜਾਏ। ਤੂੰ ਰੋ-ਰੋ ਕੇ ਅੱਖਾਂ ਖਰਾਬ ਕਰ ਲੈਣੀਆਂ।'

'ਚੱਲ ਦੋਨੋਂ ਚੁੱਪ ਕਰ ਜਾਈਏ। ਹੁਣ ਤੂੰ ਵੀਹ ਸਾਲ ਦਾ ਹੋ ਗਿਆਂ। ਪੰਜਾਬੀ ਬੋਲਣ ਦੀ ਪੂਰੀ ਕੋਸ਼ਿਸ਼ ਕਰਦੈਂ। ਛੋਟਾ ਹੁੰਦਾ ਤੂੰ ਬਾਕੀ ਸਭ ਕੁਝ ਅੰਗਰੇਜ਼ੀ 'ਚ ਕਹਿਣਾ ਤੇ 'ਮਾਂ' ਸਿਰਫ ਪੰਜਾਬੀ 'ਚ। ਤੇਰੀ ਆਹ ਗੱਲ ਕਮਾਲ ਦੀ ਸੀ। ਅਸੀਂ ਦੋਏ ਹੱਸ ਪੈਂਦੇ ਸੀ।'

ਮੈਂ ਬੱਬੂ ਨੂੰ ਹਸਾਉਣ ਦੀ ਕੋਸ਼ਿਸ਼ ਕਰ ਰਹੀ ਹਾਂ ਪਰ ਉਹ ਗੰਭੀਰ ਹੋ ਗਿਐ, 'ਮੈਨੂੰ ਪਤੈ ਮਾਂ! ਤੂੰ ਉਦਾਸ ਕਿਉਂ ਆਂ? ਮੈਂ ਯੂਨੀਵਰਸਿਟੀ ਪੜ੍ਹਨ ਜਾ ਰਿਹਾਂ, ਇਸੇ ਕਰਕੇ ਨਾ? ਮੈਂ ਵੀ ਉਦਾਸ ਆਂ, ਤੈਨੂੰ 'ਕੱਲੀ ਨੂੰ ਛੱਡ ਕੇ ਨ੍ਹੀਂ ਜਾਣਾ ਚਾਹੁੰਦਾ।'

'ਨਹੀਂ ਬੇਟੇ, ਮੈਂ ਬਿਲਕੁਲ ਵੀ ਉਦਾਸ ਨ੍ਹੀਂ।' ਮੇਰਾ ਬੋਲ ਭਾਰਾ ਤੇ ਗੱਲ ਕਰਨ ਦਾ ਲਹਿਜ਼ਾ ਬਦਲ ਗਿਐ, 'ਆਪਣੇ ਡੈਡ ਦੇ ਜਾਣ ਤੋਂ ਬਾਅਦ ਤੂੰ ਕਿੰਨਾ ਜ਼ਿੰਮੇਵਾਰ ਹੋ ਗਿਐਂ! ਮੁਆਫ਼ ਕਰ ਦੇ, ਓਦਾਂ ਈ ਭਾਵੁਕ ਹੋ ਗਈ। ਮੈਂ ਬੌਤ੍ਹ ਖੁਸ਼ ਆਂ ਕਿਉਂਕਿ ਸਾਡਾ ਬੱਚਾ ਯੂਨੀਵਰਸਿਟੀ ਪੜ੍ਹਨ ਜਾ ਰਿਹਾ। ਚੱਲ ਹੁਣ ਸੌਂ ਜਾ। ਹੈਵ ਸਵੀਟ ਡਰੀਮਜ਼!'

ਬੱਬੂ ਆਪਣੇ ਕਮਰੇ ਵਿਚ ਚਲਾ ਗਿਐ...।

ਮੈਂ ਤੜਕੇ ਉਠ ਬੈਠੀ ਹਾਂ। ਚਾਹ ਬਣਾਉਂਦੀ ਨੂੰ ਮਨਰਾਜ ਦੇ ਬੋਲ ਯਾਦ ਆ ਰਹੇ ਹਨ। ਘਰ ਮੁੜਦੇ ਵਕਤ ਫੋਨ ਕਰਕੇ ਕਹਿਣਾ, 'ਰੂਬੀ! ਮੈਂ ਕੰਮ ਤੋਂ ਤੁਰ ਪਿਆਂ। ਚਾਹ ਬਣਾ, ਵਧੀਆ ਜੇਹ੍ਹੀ।'

'ਤੁਸੀਂ ਆਓ ਤਾਂ ਸਈ੍ਹ! ਮੈਂ ਪ੍ਰੇਮ ਦੀਆਂ ਲਾਚੀਆਂ ਕੁੱਟ ਕੇ ਪਾਊਂਗੀ।' ਮੈਂ ਬੁਲਬੁਲ ਵਾਂਗ ਚਹਿਕ ਉਠਦੀ ਸੀ। ਉਸ ਦੇ ਘਰ ਪਹੁੰਚਣ ਤੱਕ ਚਾਹ ਟੇਬਲ 'ਤੇ ਰੱਖ ਕੇ ਉਡੀਕਣਾਂ ਮੈਨੂੰ ਵਿਸਮਾਦਤ ਕਰ ਦਿੰਦਾ ਸੀ।

'ਵਾਹ! ਵਾਹ! ਰੂਬੀ!! ਤੇਰੀਆਂ ਪ੍ਰੇਮ ਦੀਆਂ ਲਾਚੀਆਂ ਦੀ ਮਹਿਕ ਤਾਂ ਬਾਹਰ ਤੱਕ ਆ ਰਈ੍ਹ ਆ!' ਘਰ ਵੜਦੇ ਹੀ, ਉਹ ਮੈਨੂੰ ਬਾਹਾਂ ਵਿਚ ਭਰ ਲੈਂਦੇ ਤੇ ਅਸੀਂ ਚਾਹ ਪੀਂਦੇ, ਗੱਲਾਂ ਕਰਦੇ ਇਕ-ਦੂਜੇ ਵਿਚ ਇੰਝ ਗੁਆਚ ਜਾਂਦੇ ਜਿਵੇਂ ਕਈ ਜਨਮਾਂ ਦੇ ਵਿਛੜੇ ਫਿਰ ਮਿਲੇ ਹੋਈਏ। ਮਨਰਾਜ ਦੇ ਬੋਲਾਂ ਦੀ ਮਿੱਠੀ ਯਾਦ ਨਾਲ ਭਰੀ-ਭਰਾਈ ਮੈਂ ਚਾਹ ਕੱਪ ਵਿਚ ਪਾ ਰਹੀ ਹਾਂ...।

ਅਸੀਂ ਦੋਵਾਂ ਨੇ ਚਾਹ ਪੀ ਲਈ ਹੈ। ਮੈਂ ਬੱਬੂ ਵਾਸਤੇ ਲੰਚ ਅਤੇ ਡਿਨਰ ਬਣਾਉਣਾ ਸ਼ੁਰੂ ਕੀਤਾ ਏ, ਜਾਣ ਲੱਗੇ ਨੂੰ ਦੇ ਦੇਵਾਂਗੀ। ਬੱਬੂ ਦਾ ਦੋਸਤ ਸਮੀਦ ਵੀ ਆ ਗਿਆ। ਦੋਵੇਂ ਸਮਾਨ ਪੈਕ ਕਰ ਰਹੇ ਨੇ। ਮੈਂ ਬੈਠੀ ਦੇਖ ਰਹੀ ਹਾਂ...।



'ਮੈਂ ਨਾਲ ਜਾਣ ਲਈ ਤਿਆਰ ਹੋ ਜਾਂ!'

'ਮਾਂ, ਬੈਠ ਏਥੇ! ਮੈਂ ਤੈਨੂੰ ਨਾਲ ਨ੍ਹੀਂ ਲਿਜਾਣਾ। ਤੂੰ ਓਥੇ ਰੋਣਾ। ਮੈਂ ਤੈਨੂੰ ਰੋਂਦੀ ਨ੍ਹੀਂ ਦੇਖ ਸਕਦਾ। ਦੋ ਹਫਤੇ ਬਾਅਦ ਮੈਨੂੰ ਲੈਣ ਆਈਂ, ਪਲੀਜ਼!'

ਮਨਰਾਜ ਵੀ ਮੈਨੂੰ ਰੋਂਦੀ ਨਹੀਂ ਸੀ ਦੇਖ ਸਕਦੇ। ਵਿਆਹ ਤੋਂ ਬਾਅਦ ਏਅਰ ਪੋਰਟ ਆਉਣ ਲੱਗੇ ਮੈਨੂੰ ਇਹ ਕਹਿ ਕਿ ਹਰ ਵਾਰ ਮੰਮੀ ਦੇ ਕੋਲ ਛੱਡ ਕੇ ਆਉਂਦੇ ਸੀ, 'ਰੂਬੀ ਤੈਨੂੰ ਏਅਰ ਪੋਰਟ ਤੱਕ ਨਾਲ ਨ੍ਹੀਂ ਲਿਜਾਣਾ। ਮੇਰੇ ਤੋਂ ਤੈਨੂੰ ਰੋਂਦੀ ਨੂੰ ਵੇਖਿਆ ਨ੍ਹੀ ਜਾਣਾ!'

ਮੈਂ ਵੀ ਉਨ੍ਹਾਂ ਦੀ ਖੁਸ਼ੀ ਲਈ ਮੰਮੀ ਨਾਲ ਘਰ ਦੇ ਕੰਮ ਕਰਵਾਉਣ ਵਿਚ ਰੁੱਝ ਜਾਂਦੀ ਸੀ।

'ਮਾਂ ਕੀ ਹੋ ਗਿਆ? ਹੁਣ ਕੀ ਸੋਚਦੀ ਆਂ!' ਬੱਬੂ ਨੇ ਮੈਨੂੰ ਗੁੰਮ-ਸੁੰਮ ਦੇਖ ਕੇ ਕਿਹਾ ਏ ਤੇ ਮੇਰਾ ਧਿਆਨ ਮਨਰਾਜ ਤੋਂ ਵਾਪਸ ਪਰਤਿਆ ਹੈ:

'ਮੈਂ ਠੀਕ ਆਂ ਬੇਟਾ! ਤੇਰੇ ਇਸ ਫੈਸਲੇ ਦਾ ਸਤਿਕਾਰ ਕਰਦੀ ਆਂ।'

'ਇਹ ਤਾਂ ਇੰਨ-ਬਿੰਨ ਛੋਟਾ ਮਨਰਾਜ ਈ ਬਣਦਾ ਜਾ ਰਿਹਾ।' ਮੇਰੀ ਆਤਮਾ ਬੋਲ ਰਹੀ ਏ।

'ਯ੍ਹਾ...ਯ੍ਹਾ!' ਉਸਦਾ ਦੋਸਤ ਸਮੀਦ ਬੋਲ ਪਿਐ।

'ਥੈਂਕਸ ਸਮੀਦ! ਹਮੇਸ਼ਾ ਬੱਬੂ ਦੀ ਮਦਦ ਕਰਨ ਲਈ।'

'ਨਹੀਂ ਆਂਟੀ! ਧੰਨਵਾਦ ਕਿਹੜੀ ਗੱਲ ਦਾ? ਇਹ ਤਾਂ ਆਪਣੇ ਘਰ ਦਾ ਈ ਕੰਮ ਆਂ। ਮੇਰੇ ਮੰਮੀ-ਡੈਡੀ ਵੀ ਬੱਬੂ ਨੂੰ ਆਪਣਾ ਬੇਟਾ ਮੰਨਦੇ ਆ।'

'ਹਾਂ! ਸਮੀਦ ਤੂੰ ਵੀ ਹੁਣ ਸਾਡੇ ਪਰਿਵਾਰ ਦਾ ਹਿੱਸਾਂ। ਤੁਸੀਂ ਬਚਪਨ ਦੇ ਦੋਸਤ ਓ। ਇਕ ਵਾਰੀ ਤੁਸੀਂ ਸਟੋਰ ਜਾ ਰਹੇ ਸੀ। ਤੇਰੀ ਮੰਮੀ ਨੇ ਮੈਨੂੰ ਫੋਨ ਕੀਤਾ ਤੇ ਬੱਬੂ ਨੂੰ ਆਪਣੇ ਨਾਲ ਸਟੋਰ ਲੈ ਕੇ ਜਾਣ ਲਈ ਪੁੱਛਿਆ ਤੇ ਮੈਂ ਉਸ ਵਕਤ ਸਾਫ ਨਾਂਹ ਕਰ 'ਤੀ।'

'ਮੈਨੂੰ ਯਾਦ ਆ ਪਰ ਕਿਉਂ ਆਂਟੀ?'

'ਦਰਅਸਲ ਮੈਂ ਕਿਸੇ ਅਫ਼ਗਾਨੀ ਨਾਲ ਆਪਣੇ ਬੱਚੇ ਨੂੰ ਭੇਜਣ ਤੋਂ ਡਰ ਗਈ ਸੀ। ਹੁਣ ਤਾਂ ਪਤਾ ਈ ਨ੍ਹੀਂ ਲੱਗਦਾ। ਕੌਣ ਕਿਹਦੇ ਘਰ ਬੈਠਾ? ਦਿਨ-ਤਿਓਹਾਰ ਵੀ 'ਕੱਠਿਆਂ ਮਨਾਈਦੇ। ਸਾਨੂੰ ਤੁਹਾਡੀ ਈਦ ਦਾ ਚਾਅ ਰਹਿੰਦਾ ਤੇ ਤੁਹਾਨੂੰ ਸਾਡੀ ਦੀਵਾਲੀ ਦੀ ਉਡੀਕ। ਅਸੀਂ ਕਦੋਂ ਘਿਓ-ਖਿਚੜੀ ਹੋ ਗਏ ਪਤਾ ਈ ਨ੍ਹੀਂ ਲੱਗਾ?'

ਸਮੀਦ ਤੋਂ ਪਹਿਲਾਂ ਈ ਬੱਬੂ ਬੋਲ ਪਿਐ, 'ਮਾਂ, ਸੱਚ ਕਹਿੰਨੀ ਆਂ! ਹੁਣ ਤਾਂ ਕਦੋਂ ਦੇ ਡੈਡ ਤੇ ਤੂੰ ਵੀ ਸਮੀਦ ਨੂੰ ਆਪਣਾ ਬੇਟਾ ਸਮਝਣ ਲੱਗ ਪਏ ਸੀ। ਅਫਗਾਨੀ-ਪੰਜਾਬੀ, ਭਾਈ-ਭਾਈ! ਚਲੋ ਹੁਣ ਸਾਰੇ ਖ਼ੁਸ਼ ਹੋ ਜਾਓ। ਹਾਂ! ਸੱਚ! ਮੈਂ ਸਟੋਰ ਤੋਂ ਕੁਝ ਲੈਣ ਜਾਣਾ। ਬਾਈਕ ਲਈ ਲੌਕ ਚਾਹ੍ਹੀਦਾ। ਚੱਲੋ ਮੰਮੀ ਜੀ! ਤੁਆਨੂੰ ਸਟੋਰ ਤੱਕ ਲੈ ਕੇ ਚੱਲਦਾਂ ਨਾਲ!'

'ਚੰਗਾ, ਮੈਂ ਵੀ ਓਨੀ ਦੇਰ ਘਰ ਜਾ ਆਉਨਾਂ।' ਆਖਦੇ ਈ ਸਮੀਦ ਚਲਾ ਗਿਆ। ਉਸਦਾ ਘਰ ਨਾਲ ਦੇ ਬਲਾਕ 'ਤੇ ਹੀ ਏ।

ਬੱਬੂ ਨੇ ਕਾਰ ਸਟਾਰਟ ਕਰ ਲਈ। ਅਸੀਂ ਦੋਵੇਂ 'ਮਾਲ' ਵੱਲ ਜਾ ਰਹੇ ਹਾਂ।

'ਬੱਬੂ! ਬੇਟੇ ਸਮੇਂ ਸਿਰ ਖਾਣਾ ਖਾਣਾ, ਆਪਣਾ ਸਮਾਨ ਧਿਆਨ ਨਾਲ ਰੱਖਣਾ।'

'ਹਾਂ ਮਾਂ ਮੈਂ ਕਰ ਲਊਂਗਾ, ਚਿੰਤਾ ਨਾ ਕਰ।'

'ਬੇਟਾ। ਤੂੰ ਪਹਿਲੀ ਵਾਰੀ ਇਸ ਤਰ੍ਹਾਂ ਜਾ ਰਿਆਂ। ਮਾਂ ਹਾਂ ਚਿੰਤਾ ਤਾਂ ਆਪੇ ਹੋਣੀ।'

'ਹਾਂ ਮਾਂ ਪਤਾ ਮੈਨੂੰ। ਤੂੰ ਕਾਰ 'ਚ ਈ ਬੈਠ, ਮੈਂ ਬੱਸ ਆਹ ਦੋ ਕੁ ਚੀਜ਼ਾਂ ਈ ਲੈਣੀਆਂ ਨੇ। ਹੁਣੇ ਆਇਆ।'

ਬੱਬੂ ਸਟੋਰ ਵੱਲ ਚਲਾ ਗਿਐ। ਬਿਰਹਾ ਦੀ ਕੜਕਦੀ ਧੁੱਪ ਤੋਂ ਬਚਣ ਲਈ ਮਨਰਾਜ ਦੀਆਂ ਯਾਦਾਂ ਦੀ ਸਤਰੰਗੀ ਛਤਰੀ ਤਾਣੀਂ, ਮੈਂ ਫਿਰ ਅਤੀਤ ਦੀ ਪੈੜ ਨੱਪ ਲਈ ਹੈ। ਮਨਰਾਜ ਕਾਰ ਚਲਾਉਂਦੇ-ਚਲਾਉਂਦੇ ਮੇਰਾ ਹੱਥ ਫੜ ਕੇ ਅਕਸਰ ਕਿਹਾ ਕਰਦੇ ਸੀ, 'ਰੂਬੀ ਆਪਣਾ ਘਰ ਟਿਕਾਣੇ 'ਤੇ ਆ। ਫਰੀ ਵੇਅ, ਹਸਪਤਾਲ ਤੇ ਸਾਰੇ ਸਟੋਰ ਨੇੜੇ-ਨੇੜੇ। ਨਹੀਂ ਤਾਂ ਲੋਕਾਂ ਨੂੰ ਤਾਂ ਕੰਮ 'ਤੇ ਜਾਣ ਲੱਗਿਆਂ ਪੰਦਰਾਂ ਮਿੰਟ ਫਰੀ ਵੇਅ ਤੱਕ ਪੌਂਚਦਿਆਂ ਈ ਲੱਗ ਜਾਂਦੇ।'

'ਮਨਰਾਜ ਕਿਹੜਾ ਪਲ ਹੈ ਜਦ ਤੁਹਾਡੀਆਂ ਨਿੱਘੀਆਂ ਯਾਦਾਂ ਦਾ ਦੀਵਾ ਮੇਰੇ ਮਨ ਮੰਦਰ ਵਿਚ ਨਹੀਂ ਬਲ਼ਦਾ?' ਮੇਰੀਆਂ ਅੱਖਾਂ ਨਮ ਹੋ ਰਹੀਆਂ ਨੇ। ਬੱਬੂ ਨੂੰ ਆਉਂਦਾ ਤੱਕ ਮੈਂ ਸੰਭਲ ਕੇ ਚੁਸਤੀ ਨਾਲ ਬੈਠ ਗਈ ਹਾਂ।

'ਹਾਂ, ਬੇਟਾ ਲੈ ਲਿਆ ਸਮਾਨ?'

'ਹਾਂ! ਮਾਂ ਆਈ ਗੌਟ ਇਟ। ਮੈਂ ਫੇਸ ਟਾਈਮ ਫੋਨ ਕਰੂੰਗਾ। ਆਪਣਾ ਪੂਰਾ ਧਿਆਨ ਰੱਖੂੰਗਾ। ਤੂੰ ਮਾਮੂ ਤੇ ਤਾਊ ਨੂੰ ਫੋਨ ਕਰਨਾ ਰੋਜ਼। ਮੈਨੂੰ ਬਹੁਤ ਚਿੰਤਾ ਤਾਊ ਜੀ ਦੀ। ਡੈਡ ਮੇਰੀ ਪੜ੍ਹਾਈ ਕਾਰਨ ਦਸ ਸਾਲ ਆਪਣੀ ਫੈਮਿਲੀ ਨੂੰ ਨ੍ਹੀਂ ਮਿਲੇ। ਮੈਨੂੰ ਯਾਦ ਆਉਂਦਾ ਮੇਰਾ ਤਾਇਆ ਡੈਡ ਦਾ ਅਸਥੀਆਂ ਵਾ਼ਲਾ ਬਾਕਸ ਗਲ ਲਾ ਕੇ ਰੋਂਦਾ। ਮੈਂ ਹਰ ਸਾਲ ਤਾਊ ਜੀ ਕੋਲ ਜਾਇਆ ਕਰਨਾ। ਤੂੰ ਬਹੁਤ ਚੰਗਾ ਕੀਤਾ ਜੋ ਮੈਨੂੰ ਓਥੇ ਲੈ ਕੇ ਗਈ। ਮੈਨੂੰ ਮੇਰੀਆਂ ਜੜ੍ਹਾਂ ਤੋਂ ਜਾਣੂੰ ਕਰਵਾਇਆ। ਮੇਰੀ ਮਾਂ ਬੋਲੀ, ਮੇਰਾ ਵਿਰਸਾ ਤੇ ਹੋਰ ਬਹੁਤ ਕੁਝ...। ਜੋ ਗ਼ਲਤੀ ਡੈਡ ਨੇ ਕੀਤੀ ਉਹ ਮੈਂ ਨ੍ਹੀਂ ਦੁਹਰਾਉਣੀ।'

'ਹਾਂ ਬੇਟੇ! ਜ਼ਰੂਰ ਜਾਇਆ ਕਰੀਂ ਪਰ ਹੁਣ ਤੂੰ ਉਦਾਸ ਨਾ ਹੋ।'

'ਨਈਂ ਹੁੰਦਾ ਮਾਂ! ਤੂੰ ਵੀ ਨ੍ਹੀਂ ਰੋਣਾ!'

ਮੈਂ ਗੱਲ-ਬਾਤ ਦਾ ਵਿਸ਼ਾ ਬਦਲਣ ਦੇ ਇਰਾਦੇ ਨਾਲ ਕਹਿੰਦੀ ਹਾਂ, 'ਬੱਬੂ! ਬੇਟਾ ਹੁਣ ਤਾਂ ਮੈਂ ਉਠਦੇ-ਬਹਿੰਦੇ ਮਨ ਈ ਮਨ ਤੇਰੇ ਵਿਆਹ ਦੀਆਂ ਘੋੜੀਆਂ ਗਾਉਂਦੀ ਰਹਿੰਨੀ ਆਂ।'

'ਮਾਂ! ਤੈਨੂੰ ਕਿੰਨੀ ਵਾਰੀ ਕਿਹਾ ਕਿ ਅਜੇ ਸਿਰਫ ਪੜ੍ਹਾਈ ਦੀ ਗੱਲ ਈ ਕਰਨੀ। ਵਿਆਹ ਤੇ ਘੋੜੀਆਂ ਦੀ ਨ੍ਹੀਂ! ਮੇਰੇ ਕੈਰੀਅਰ ਦੀ।'

'ਲੈ ਮੈਂ ਤਾਂ ਗੱਲ ਈ ਕੀਤੀ ਆ। ਤੇਰੇ ਸਿਹਰਿਆਂ ਦੀ ਤਿਆਰੀ ਤਾਂ ਨ੍ਹੀਂ ਕਰ ਲਈ ਕਿਤੇ?'

'ਮੈਨੂੰ ਪਤਾ ਹੁਣ ਤੂੰ ਕਹਿਣਾ ਬਈ ਬੱਬੂ ਸਾਡੇ ਕਲਚਰ 'ਚ ਵਿਆਹ ਦੋ ਪਰਿਵਾਰਾਂ ਦਾ ਹੁੰਦਾ। ਮੇਰਾ ਵਿਆਹ ਵੀ ਤੇਰੀ ਮਰਜ਼ੀ ਨਾਲ ਈ ਹੋਊਗਾ। ਖੁਸ਼ ਹੋ ਜਾਅ! ਤੁਆਡੇ ਸਫ਼ਲ ਵਿਆਹ ਨੂੰ ਦੇਖ ਕੇ ਮੈਂ ਇਹ ਫ਼ੈਸਲਾ ਕੀਤਾ ਹੋਇਆ। ਨਾਲੇ ਰਿਸਰਚ ਵੀ ਇਹੋ ਕਹਿੰਦੀ ਆ ਕਿ ਪਿਆਰ ਵਿਆਹ ਬਹੁਤੀ ਦੇਰ ਨ੍ਹੀਂ ਨਿਭਦੇ।'

ਮੈਂ ਕਲੀ ਵਾਂਗ ਖਿੜ ਗਈ ਹਾਂ, 'ਅੱਛਾ! ਇਕ ਹੋਰ ਗੱਲ ਸੁਣ। ਜਦੋਂ ਅਸੀਂ ਪਿਛਲੀ ਵਾਰੀ ਇੰਡੀਆ ਗਏ ਸੀ ਨਾ, ਡਾ. ਪ੍ਰਭਜੋਤ ਕੌਰ ਨੇ ਮੇਰੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਇੰਟਰਵਿਊ ਲੈਂਦੇ ਸਵਾਲ ਕੀਤਾ ਕਿ ਰੂਬੀ ਓਧਰ ਹੁਣ ਬੱਚੇ ਅੰਤਰ-ਜਾਤੀ ਅਤੇ ਅੰਤਰ ਸਭਿਆਚਾਰਕ ਵਿਆਹ ਕਰਵਾ ਰਹੇ ਨੇ। ਪੰਜਾਬੀ ਮਾਪੇ ਕੀ ਮਹਿਸੂਸ ਕਰਦੇ ਨੇ? ਮੈਨੂੰ ਪਤਾ ਤੁਹਾਡਾ ਬੇਟਾ ਅਜਿਹਾ ਕਰੇਗਾ ਤਾਂ ਤੁਹਾਨੂੰ ਕੋਈ ਫਰਕ ਨਹੀਂ ਪੈਣਾ। ਤੁਸੀਂ ਪੜ੍ਹੇ-ਲਿਖੇ ਹੋ? ਉਨ੍ਹਾਂ ਮੈਨੂੰ ਅੱਗੇ ਕੁਝ ਬੋਲਣ ਦਾ ਮੌਕਾ ਈ ਨ੍ਹੀਂ ਦਿੱਤਾ। ਮੇਰਾ ਜਵਾਬ ਤਾਂ ਇਹ ਸੀ ਕਿ ਅੰਤਰ-ਜਾਤੀ ਨਾਲ ਫਰਕ ਨਹੀਂ ਪਵੇਗਾ ਬੱਸ ਇਕ ਮੇਰੀ ਨੂੰਹ ਗਿੱਧੇ ਦੀ ਰਾਣੀ ਹੋਵੇ ਤੇ ਦੂਜਾ ਕੁੜਮ ਸਾਹਿਤਕਾਰ।'

'ਹਾ-ਹਾ-ਹਾ...! ਮਾਂ! ਹੁਣ ਤੇਰੀ ਮੰਗ ਕੁਝ ਜ਼ਿਆਦਾ ਈ ਨ੍ਹੀਂ ਵਧ ਗਈ?'

'ਬੱਬੂ ਜ਼ਰੂਰ ਮਿਲੇਗਾ, ਅਸੀਂ ਕਿਹੜਾ ਰੱਬ ਦੇ ਮਾਂਹ ਪੁੱਟੇ ਆ ਪਰ ਤੇਰਾ ਵਿਆਹ ਤੇਰੀ ਪਸੰਦ ਹੋਊਗੀ। ਮੈਂ ਤਾਂ ਐਵੇਂ ਕਮਲ ਕੁੱਟਣ ਬਹਿ ਜਾਨੀ ਆਂ...।'

ਅਸੀਂ ਘਰ ਪਹੁੰਚ ਗਏ ਹਾਂ। ਬੱਬੂ ਦੇ ਜਾਣ ਦੇ ਖਿਆਲ ਨਾਲ ਮੇਰਾ ਚਿਹਰਾ ਮੁਰਝਾ ਰਿਹੈ। ਮੈਂ ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰ ਰਹੀ ਹਾਂ।

ਬੱਬੂ ਦਾ ਸਮਾਨ ਪੈਕ ਹੋ ਗਿਆ। ਸਮੀਦ ਵੀ ਆ ਗਿਐ। ਬੱਬੂ ਦੇ ਸਰਦਲ ਟੱਪਣ ਤੋਂ ਪਹਿਲਾਂ ਮੈਂ ਤੇਲ ਚੋਂਦੀ ਹਾਂ। ਬੱਬੂ ਨੂੰ ਗਲੇ ਨਾਲ ਲਾਉਂਦੇ ਹੋਏ, ਇਕ ਸੌ ਇਕ ਡਾਲਰ ਉਸ ਵੱਲ ਵਧਾਇਆ ਹੈ।

'ਮਾਂ ਹੁਣ ਆਹ ਕੀ?'

'ਬੇਟਾ! ਮੇਰੇ ਵਲੋਂ ਪਿਆਰ!'

'ਸੱਚੀਂ! ਆਹ ਤੂੰ ਮੇਰੀ ਮਾਂ ਆਂ। ਰਿਸ਼ਤੇਦਾਰਾਂ ਆਂਗ ਕਿਉਂ ਕਰਨ ਲੱਗ ਪਈ? ਇੰਡੀਆ ਵਿਚ ਸਾਰੇ ਰਿਸ਼ਤੇਦਾਰ ਏਦਾਂ ਈ ਕਹਿੰਦੇ ਆ, ਬੱਬੂ ਪਿਆਰ ਫੜ ਲਾ! ਮੇਰਾ ਮਤਲਬ ਪੈਸਾ ਕਿੱਦਾਂ ਪਿਆਰ ਹੋਇਆ? ਹੁਣ ਜਦ ਵੀ ਇੰਡੀਆ ਗਿਆ ਨਾ ਸਭ ਨੂੰ ਬੰਦ ਕਰ ਦੇਣਾ। ਕਿਸੇ ਤੋਂ ਨ੍ਹੀਂ ਫੜਨਾ ਪੈਸੇ ਵਾਲਾ ਪਿਆਰ।'

'ਅੱਛਾ ਬੇਟੇ! ਚੱਲ ਮੈਂ ਰਿਸ਼ਤੇਦਾਰਾਂ ਵਾਂਗ ਨ੍ਹੀਂ ਕਰਦੀ। ਮੈਨੂੰ ਪਤਾ ਬਈ ਤੇਰੇ ਕੋਲ ਕਰੈਡਿਟ ਕਾਰਡ ਹੈਗਾ ਪਰ ਕਈ ਵਾਰੀ ਕਿਤੇ ਕੈਸ਼ ਦੀ ਲੋੜ ਪੈ ਸਕਦੀ। ਸੋ ਰੱਖ ਲੈ।'

'ਚੰਗਾ ਲਿਆ। ਮੈਂ ਹੁਣ ਚੱਲਦਾਂ ਪਰ ਪਰਾਮਿਸ ਕਰ ਤੂੰ ਰੋਣਾ ਨ੍ਹੀਂ।'

'ਨਹੀਂ ਰੋਂਦੀ। ਤੂੰ ਪਹੁੰਚਦੇ ਈ ਫੋਨ ਕਰ ਦੇਈਂ।'

ਬੱਬੂ ਨੂੰ ਜਾਂਦੇ ਨੂੰ ਤੱਕ ਰਹੀ ਹਾਂ। ਸਮੀਦ ਨੇ ਪਿੱਕ-ਅੱਪ (ਟਰੱਕ) ਮੋੜ ਲਿਆ ਹੈ...।

ਮੈਂ ਆਪਣੇ ਬੈੱਡ ਰੂਮ ਵਿਚ ਆ ਗਈ ਹਾਂ। ਸਾਰਾ ਘਰ ਚੁੱਪ ਹੈ। ਸਭ ਕੁਝ ਸ਼ਾਂਤ ਹੈ। ਮੇਰੇ ਦਿਲ ਦੇ ਸਮੁੰਦਰ ਵਿਚ ਇਕ ਜਵਾਰਭਾਟਾ ਉਠਿਆ। ਮੈਂ ਮਨਰਾਜ ਦੀ ਫੋਟੋ ਹੱਥ ਵਿਚ ਫੜ ਕੇ ਦੌੜ ਕੇ ਬੱਬੂ ਦੇ ਕਮਰੇ ਵਿਚ ਜਾ ਉਸਦੇ ਬੈੱਡ 'ਤੇ ਡਿਗ ਪਈ ਹਾਂ। ਮੇਰੀਆਂ ਅੱਖਾਂ ਵਿਚ ਹੰਝੂਆਂ ਦੀ ਝੀਲ ਬਣ ਗਈ ਹੈ। ਸਾਹਾਂ ਵਿਚੋਂ ਅੱਗ ਵਰ੍ਹ ਰਹੀ ਆ ਪਰ ਸਰੀਰ ਬਰਫ ਵਾਂਗ ਠੰਢਾ ਹੋ ਰਿਹਾ। ਅੱਖਾਂ ਬੰਦ ਹੋ ਰਹੀਆਂ ਨੇ। ਅਰਧ-ਸੁੱਤੀ ਅਵਸਥਾ ਵਿਚ ਇਕ ਸੁਪਨੇ ਰਾਹੀਂ ਮਨਰਾਜ ਦੇ ਬੋਲ ਮੇਰੀ ਰੂਹ ਵਿਚ ਮਘ ਉਠਦੇ ਹਨ, 'ਰੂਬੀ ਤੂੰ ਮੇਰੇ ਅੰਤਿਮ ਸਮੇਂ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਤੂੰ ਆਪਣਾ ਤੇ ਬੱਬੂ ਦਾ ਖਿਆਲ ਰੱਖੇਂਗੀ! ਤੂੰ ਤਾਂ ਖੁਦ ਸ਼ਕਤੀ ਐਂ। ਚੱਲ ਉਠ ਆਪਣੀ ਸਾਹਿਤਕ ਮੀਟਿੰਗ ਦੀ ਤਿਆਰੀ ਕਰ। ਚੁੱਕ ਆਪਣੀ ਡਾਇਰੀ ਤੇ ਘੁੰਗਰੂਆਂ ਵਾਲੀ ਕਾਨੀ।' ਮੈਨੂੰ ਆਪਣੇ ਮਨ ਵਿਚ ਸ਼ਕਤੀ ਦਾ ਸੰਚਾਰ ਮਹਿਸੂਸ ਹੁੰਦਾ ਏ। ਮੈਂ ਉਠ ਕੇ ਪ੍ਰੋ. ਹਰਵਿੰਦਰ ਸਿੰਘ ਨੂੰ ਫੋਨ ਕਰ ਰਹੀ ਹਾਂ, 'ਭਾਅ ਜੀ! ਸਤਿ ਸ੍ਰੀ ਅਕਾਲ!'

'ਸਤਿ ਸ੍ਰੀ ਅਕਾਲ! ਰੂਬੀ ਕੀ ਹਾਲ ਆ?'

'ਮਨ ਬਹੁਤ ਉਦਾਸ ਆ, ਬੱਬੂ ਯੂਨੀਵਰਸਿਟੀ ਚਲਾ ਗਿਆ।'

'ਇਹ ਤਾਂ ਬਹੁਤ ਖੁਸ਼ੀ ਵਾਲੀ ਗੱਲ ਆ। ਤੂੰ ਹੁਣ ਆਪਣੇ ਸ਼ਬਦਾਂ 'ਤੇ ਹੋਰ ਗੂੜ੍ਹਾ ਰੰਗ ਚੜ੍ਹਾਉਣਾ। ਭੈਣੇ ਮੇਰੀਏ! ਯਾਦ ਰੱਖੀਂ, ਉਦਾਸ ਨ੍ਹੀਂ ਹੋਣਾ। ਅਮਰੀਕਾ 'ਚ ਕਾਹਦਾ ਡਰ? ਘਰੇ ਕੈਮਰਾ ਲੱਗਾ ਕਿ ਨ੍ਹੀਂ? ਅਸੀਂ ਸਭ ਤੇਰੇ ਨਾਲ ਆਂ। ਰੂਬੀ! ਤੂੰ ਡਰਨਾ ਨ੍ਹੀਂ ਬਿਲਕੁਲ ਵੀ।'

'ਭਾਅ ਜੀ ਮੇਰੇ ਗੁਆਂਢੀ ਸਭ ਬਹੁਤ ਚੰਗੇ ਨੇ। ਅਲਾਰਮ ਲੱਗਾ ਹੋਇਆ। ਮੈਂ ਹਰ ਤਰ੍ਹਾਂ ਨਾਲ ਸੇਫ ਆਂ ਪਰ ਅੱਜ ਇਹ ਅਹਿਸਾਸ ਸਤਾ ਰਿਹਾ ਕਿ ਮੈਂ ਹੁਣ 'ਕੱਲੀ ਆਂ। ਉਂਝ ਤੁਹਾਨੂੰ ਪਤਾ ਈ ਆ ਕਿ ਡਰਦੀ ਤਾਂ ਮੈਂ ਕਿਸੇ ਤੋਂ ਵੀ ਨ੍ਹੀਂ।'

'ਹਾਂ! ਰੂਬੀ! ਅਹਿਸਾਸ ਵਾਲੀ ਗੱਲ ਮੈਂ ਸਮਝਦਾਂ ਪਰ ਤੂੰ ਤਾਂ ਬਹੁਤ ਸਿਆਣੀ ਏਂ, ਦਿਲ ਤਕੜਾ ਰੱਖਣਾ।'

ਪ੍ਰੋ. ਹਰਵਿੰਦਰ ਸਿੰਘ ਨਾਲ ਗੱਲ ਕਰਨ ਤੋਂ ਬਾਅਦ ਮੈਂ ਐਲਬਮ ਖੋਲ੍ਹ ਕੇ ਬੈਠ ਗਈ ਹਾਂ। ਬੱਬੂ ਦਾ ਬਚਪਨ ਦੇਖ-ਦੇਖ ਖੁਸ਼ ਹੋਣ ਦੀ ਕੋਸ਼ਿਸ਼ ਕਰ ਰਹੀ ਆਂ...।

ਫੋਨ ਦੀ ਘੰਟੀ ਵੱਜਦੀ ਏ।

'ਮਾਂ! ਅਸੀਂ ਯੂਨੀਵਰਸਿਟੀ ਪਹੁੰਚ ਗਏ। ਮੈਂ ਸਮਾਨ ਟਿਕਾਉਣ ਲੱਗਾਂ। ਸਮੀਦ ਤੈਨੂੰ ਹਰ ਰੋਜ਼ ਮਿਲ ਕੇ ਜਾਇਆ ਕਰੂਗਾ। ਚੰਗਾ ਫਿਰ! ਮੈਂ ਸਮਾਨ ਰੱਖ 'ਲਾਂ।'

'ਚੰਗਾ ਬੇਟੇ! ਲੋਕਗੀਤਾਂ ਜਿੰਨੀ ਲੰਮੀ ਤੇ ਖ਼ੂਬਸੂਰਤ ਉਮਰ ਹੋਵੇ!'

ਮੈਂ ਆਪਣਾ ਧਿਆਨ ਦੂਜੇ ਪਾਸੇ ਲਾਉਣ ਲਈ ਹਰਿਆਣੇ ਦੇ ਪੰਜਾਬੀ ਲੋਕਗੀਤ ਪੜ੍ਹਨੇ ਸ਼ੁਰੂ ਕੀਤੇ ਨੇ। ਪੜ੍ਹਦੇ-ਪੜ੍ਹਦੇ ਮੈਂ ਬਿਨਾਂ ਕੁਝ ਖਾਧੇ-ਪੀਤੇ ਨੀਂਦ ਦੇ ਆਗੋਸ਼ ਵਿਚ ਪੁੱਜ ਗਈ ਹਾਂ...।

ਅਗਲਾ ਦਿਨ ਚੜ੍ਹ ਗਿਆ ਹੈ। ਮੈਂ ਸਕੂਲ ਆ ਗਈ ਹਾਂ...।

ਹਰ ਰੋਜ਼ ਆਪਣੇ ਆਪ ਨੂੰ ਕੰਮ ਵਿਚ ਲਾਈ ਰੱਖਦੀ ਹਾਂ। ਸਮੀਦ ਹਰ ਸ਼ਾਮ ਮੈਨੂੰ ਮਿਲਣ ਆਉਂਦੈ। ਸਵੇਰੇ ਸ਼ਾਮ ਬੱਬੂ ਦੇ ਫੋਨ ਦੀ ਉਡੀਕ ਹੀ ਮੇਰੀ ਜ਼ਿੰਦਗੀ ਨੂੰ ਅੱਗੇ ਤੋਰ ਰਹੀ ਏ...।

ਅੱਜ ਵੀਰਵਾਰ ਹੈ। ਇਕ ਬੱਚੇ ਦੀ ਆਈ ਈ ਪੀ (ਇੰਡੀਵਿਜੂਅਲ ਐਜੂਕੇਸ਼ਨ ਪਲੈਨ) ਮੀਟਿੰਗ ਹੈ। ਮੇਰੀ ਸਹਿ-ਕਰਮੀ 'ਡਿਵੈਲਪਮੈਂਟ ਸਪੈਸ਼ਲਿਸਟ' ਮੈਰੀ ਪਹੁੰਚ ਗਈ ਹੈ। ਅਸੀਂ ਬੱਚੇ ਦੇ ਮਾਪਿਆਂ ਦੀ ਉਡੀਕ ਕਰ ਰਹੀਆਂ ਹਾਂ।

ਉਹਨੇ ਬੱਬੂ ਬਾਰੇ ਪੁੱਛਿਐ ਤਾਂ ਮੈਂ ਖੁਸ਼ ਹੋ ਕੇ ਕਿਹਾ, 'ਉਹ ਯੂਨੀਵਰਸਿਟੀ ਪੜ੍ਹਦੈ ਹੁਣ।'

'ਵਾਹ! ਬਹੁਤ ਵਧੀਆ। ਰੂਬੀ ਮੈਂ ਤੈਨੂੰ ਡਰਾਉਣਾ ਨ੍ਹੀਂ ਚਾਹੁੰਦੀ ਪਰ ਧਿਆਨ ਰੱਖੀਂ ਕਿਤੇ ਉਹ 'ਹੇਜ਼ਿੰਗ' ਜਾਂ 'ਡਰੱਗਜ਼' ਵਰਗੇ ਕੰਮਾਂ 'ਚ ਨਾ ਪੈ ਜਾਏ। ਮੈਂ ਤੈਨੂੰ ਇਸ ਲਈ ਦੱਸ ਰਹੀ ਆਂ ਕਿਉਂਕਿ ਮੇਰੇ ਬੇਟੇ ਨੇ ਇਨ੍ਹਾਂ ਚੱਕਰਾਂ 'ਚ ਫਸ ਕੇ ਆਪਣੀ ਜ਼ਿੰਦਗੀ ਖਰਾਬ ਕਰ ਲਈ। ਉਹ ਜੇਲ੍ਹ 'ਚ ਹੈ।'

'ਮੈਨੂੰ ਇਹ ਸੁਣ ਕੇ ਬਹੁਤ ਦੁੱਖ ਹੋਇਆ। ਭਲਾ ਹੇਜ਼ਿੰਗ ਕੀ ਹੁੰਦੀ ਆ?'

'ਬੌਤ ਘਟੀਆ ਤੇ ਪੁੱਠਾ ਕੰਮ...।'

'ਮੁਆਫ਼ ਕਰਨਾ! ਮੈਂ ਲੇਟ ਹੋ ਗਈ।' ਅਚਾਨਕ ਸਹਾਇਕ ਟੀਚਰ ਜੂਲੀਆਨਾ ਨੇ ਸਾਡਾ ਧਿਆਨ ਖਿੱਚ ਲਿਐ।

ਬੱਚੇ ਦੇ ਮਾਪੇ ਵੀ ਆ ਗਏ ਨੇ। ਆਈ ਈ

*(ਬਾਕੀ ਅਗਲੇ ਸਫੇ 'ਤੇ)*

# ਸਵਾਮੀ ਨਾਭਾ ਦਾਸ ਜੀ

ਭਾਵੇਂ ਗੁਰੁ, ਪੀਰ ਅਤੇ ਪੈਗੰਬਰ ਸਾਰਿਆਂ ਦੇ ਸਾਂਝੇ ਹੁੰਦੇ ਹਨ ਪਰ ਜਿਹੜੀ ਬਰਾਦਰੀ ਜਾਂ ਭਾਈਚਾਰੇ ਵਿਚ ਉਨ੍ਹਾਂ ਦਾ ਜਨਮ ਹੋਇਆ ਹੁੰਦਾ ਹੈ, ਉਸ ਨਾਲ ਜੁੜੇ ਲੋਕਾਂ ਵੱਲੋਂ ਉਨ੍ਹਾਂ ਮਹਾਂਪੁਰਖਾਂ ਨੂੰ ਵਿਸ਼ੇਸ਼ ਸਤਿਕਾਰ ਅਤੇ ਪਿਆਰ ਦਿੱਤਾ ਜਾਂਦਾ ਹੈ। ਮਹਾਸ਼ਾ (ਡੂਮ) ਬਰਾਦਰੀ ਵਿਚ ਪੈਦਾ ਹੋਏ ਗੋਸਵਾਮੀ ਨਾਭਾ ਦਾਸ ਜੀ ਨੂੰ ਵੀ ਇਸ ਭਾਈਚਾਰੇ ਨਾਲ ਜੁੜੇ ਲੋਕਾਂ (ਮਹਾਸ਼ਿਆਂ) ਵੱਲੋਂ ਰੱਜਵਾਂ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਇਹ ਲੋਕ ਉਨ੍ਹਾਂ ਨੂੰ ਆਪਣਾ ਗੁਰੂ ਸਮਝ ਕੇ ਪੂਜਦੇ ਹਨ ਅਤੇ ਹਰ

**ਰਮੇਸ਼ ਬੱਗਾ ਚੋਹਲਾ**

ਸਾਲ ਅਪਰੈਲ ਮਹੀਨੇ ਦੇ ਅੱਠਵੇਂ ਦਿਨ ਉਨ੍ਹਾਂ ਦਾ ਜਨਮ ਦਿਨ ਸ਼ਰਧਾ ਨਾਲ ਮਨਾਉਂਦੇ ਹਨ।

ਮਹਾਨ ਸੰਤ, ਬ੍ਰਹਮ ਗਿਆਨੀ ਅਤੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਵਜੋਂ ਜਾਣੇ ਜਾਂਦੇ ਗੁਰੂ ਨਾਭਾ ਦਾਸ ਜੀ ਦਾ ਜਨਮ 8 ਅਪਰੈਲ 1537 ਨੂੰ ਗੋਦਾਵਰੀ ਨਦੀ ਦੇ ਕੰਢੇ 'ਤੇ ਵੱਸੇ ਪਿੰਡ ਭਦਰਾਚੱਲ ਵਿਖੇ ਹੋਇਆ। ਇਹ ਪਿੰਡ ਤੇਲੰਗਾਨਾ ਸੂਬੇ ਦੇ ਜ਼ਿਲ੍ਹਾ ਖਮਾਮ ਵਿਚ ਪੈਂਦਾ ਹੈ। ਉਨ੍ਹਾਂ ਦੀ ਮਾਤਾ ਦਾ ਨਾਮ ਜਾਨਕੀ ਦੇਵੀ ਅਤੇ ਪਿਤਾ ਦਾ ਨਾਂ ਸ੍ਰੀ ਰਾਮਦਾਸ ਸੀ।

ਭਾਵੇਂ ਰਾਮਦਾਸ ਜੀ ਦੀ ਰੋਟੀ-ਰੋਜ਼ੀ ਦਾ ਵਸੀਲਾ ਬੈਂਤ ਦੀਆਂ ਟੋਕਰੀਆਂ ਬਣਾ ਕੇ ਵੇਚਣਾ ਸੀ ਪਰ ਉਹ ਕੁੱਝ ਕੁ ਸੰਗੀਤਕ ਸਾਜ਼ਾਂ ਨੂੰ ਵਜਾਉਣ ਵਿਚ ਵੀ ਕਾਫ਼ੀ ਮੁਹਾਰਤ ਰੱਖਦੇ ਸਨ। ਪਿੰਡ ਭਦਰਾਚੱਲ ਵਿਚ ਭਗਵਾਨ ਰਾਮ ਚੰਦਰ ਜੀ ਦਾ ਮੰਦਰ ਬਣਿਆ ਹੋਣ ਕਰਕੇ ਰਾਮਦਾਸ ਦੀ ਭਗਵਾਨ ਰਾਮ ਚੰਦਰ ਜੀ ਦੇ ਪ੍ਰਤੀ ਅਥਾਹ ਸ਼ਰਧਾ ਸੀ।

ਰਾਮਦਾਸ ਅਤੇ ਜਾਨਕੀ ਦੇਵੀ ਦੇ ਵਿਆਹ ਨੂੰ ਲੰਮਾ ਸਮਾਂ ਹੋ ਜਾਣ ਦੇ ਬਾਵਜੂਦ ਵੀ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਇਸ ਦਾ ਦੋਵਾਂ ਜੀਆਂ ਨੂੰ ਝੋਰਾ ਲੱਗਾ ਰਹਿੰਦਾ ਸੀ, ਕਿਉਂਕਿ ਪਿੰਡ ਦੇ ਕਈ ਲੋਕ ਉਨ੍ਹਾਂ ਨੂੰ ਔਂਤਰੇ ਹੋਣ ਦਾ ਮੇਹਣਾ ਮਾਰ ਦਿੰਦੇ ਸਨ। ਪਿੰਡ ਵਾਲਿਆਂ ਦੇ ਮੇਹਣਿਆਂ ਤੋਂ ਤੰਗ ਆ ਕੇ ਦੋਵਾਂ ਜੀਆਂ ਨੇ ਭਗਵਾਨ ਰਾਮ ਚੰਦਰ ਦੇ ਮੰਦਰ ਵਿਚ ਜਾ ਕੇ ਪੁੱਤਰ ਦਾ ਵਰ ਮੰਗਿਆ। ਰਾਮਦਾਸ ਅਤੇ ਜਾਨਕੀ ਦੇਵੀ ਦੁਆਰਾ ਕੀਤੀ ਗਈ ਇਹ ਬੇਨਤੀ ਪ੍ਰਵਾਨ ਹੋ ਗਈ ਜਿਸ ਦੀ ਬਦੌਲਤ ਉਨ੍ਹਾਂ ਦੇ ਗ੍ਰਹਿ ਵਿਖੇ ਇੱਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਨਰਾਇਣਦਾਸ ਰੱਖਿਆ ਗਿਆ। ਮਾਤਾ ਪਿਤਾ ਨੂੰ ਪੁੱਤਰ ਦੇ ਜਨਮ ਦੀ ਖ਼ੁਸ਼ੀ ਤਾਂ ਹੋਈ ਪਰ ਕੁੱਝ ਸਮੇਂ ਬਾਅਦ ਇਹ ਖ਼ੁਸ਼ੀ ਅੱਧੀ ਹੀ ਰਹਿ ਗਈ ਕਿਉਂਕਿ ਪੁੱਤਰ ਨੇਤਰਾਂ ਤੋਂ ਹੀਣਾ ਸੀ। ਨਰਾਇਣਦਾਸ ਦੇ ਨੇਤਰਹੀਣ ਹੋਣ ਕਰਕੇ ਉਸ ਦੀ ਪਾਲਣਾ ਲਈ ਵਧੇਰੇ ਦੇਖਭਾਲ ਅਤੇ ਪਿਆਰ ਦੀ ਲੋੜ ਸੀ ਜਿਸ ਵਿਚ ਉਨ੍ਹਾਂ ਨੇ ਕੋਈ ਕਮੀ ਨਹੀਂ ਆਉਣ ਦਿੱਤੀ ਪਰ ਨਰਾਇਣਦਾਸ ਦੀ ਦੇਖਭਾਲ ਅਤੇ ਪਿਆਰ ਦਾ ਇਹ ਸਿਲਸਲਾ ਬਹੁਤੀ ਦੇਰ ਨਾ ਚੱਲ ਸਕਿਆ ਕਿਉਂਕਿ ਉਹ ਪੰਜ ਕੁ ਸਾਲ ਦਾ ਹੀ ਸੀ ਕਿ ਮਾਤਾ-ਪਿਤਾ ਅੱਖਾਂ ਮੀਟ ਗਏ। ਮਾਤਾ-ਪਿਤਾ ਦੇ ਅਚਾਨਕ ਤੁਰ ਜਾਣ ਕਾਰਨ ਬਾਲਕ ਨਰਾਇਣਦਾਸ ਇਕੱਲਾ ਰਹਿ ਗਿਆ। ਉਹ ਨਿੱਤਨੇਮ ਨਾਲ ਮੰਦਰ ਵਿਚ ਜਾਂਦਾ ਅਤੇ ਆਪਣੇ ਤਨ ਤੇ ਮਨ ਨੂੰ ਪ੍ਰਭੂ-ਭਗਤੀ ਵਿਚ ਰੰਗ ਲੈਂਦਾ। ਮੰਨਿਆ ਜਾਂਦਾ ਹੈ ਕਿ ਉਸ ਦੀ ਇਸ ਭਗਤੀ ਨੇ ਬਚਪਨ ਵਿਚ ਹੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਹ ਗੋਦਾਵਰੀ ਦੇ ਕਿਨਾਰੇ 'ਤੇ ਆਪਣੇ ਹਾਣੀਆਂ ਨਾਲ ਖੇਡਣ ਜਾਂਦਾ ਤਾਂ ਉਹ ਨਦੀ ਵਿਚਲੀ ਰੇਤ ਦੇ ਲੱਡੂ ਬਣਾਉਣ ਲੱਗ ਪੈਂਦਾ। ਖੇਡਦਿਆਂ-ਖੇਡਦਿਆਂ ਜਦੋਂ ਉਸ ਦੀ ਬਿਰਤੀ ਭਗਵਾਨ ਨਾਲ ਜੁੜ ਜਾਂਦੀ ਤਾਂ ਇਹ ਲੱਡੂ ਅਸਲੀ ਮਠਿਆਈ ਦਾ ਰੂਪ ਧਾਰਨ ਕਰ ਲੈਂਦੇ। ਇੱਕ ਦਿਨ ਬਾਲਕ ਨਰਾਇਣਦਾਸ ਦਰੱਖ਼ਤ ਹੇਠ ਪ੍ਰਭੂ-ਭਗਤੀ ਵਿਚ ਲੀਨ ਬੈਠਾ ਸੀ ਕਿ ਉਸ ਦੇ ਕੋਲ ਦੀ ਸੰਤ ਅਗਰਦਾਸ ਅਤੇ ਕੀਲਦਾਸ ਜੀ ਲੰਘੇ। ਇਹ ਦੋਵੇਂ ਸੰਤ ਆਪਣੇ ਸਮੇਂ ਦੇ ਪਹੁੰਚੇ ਹੋਏ ਸੰਤ ਸਨ। ਅੰਤਰ ਧਿਆਨ ਹੋਏ ਬਾਲਕ ਨੇੜੇ ਜਾ ਕੇ ਇਨ੍ਹਾਂ ਸੰਤਾਂ ਨੇ ਪੁੱਛਿਆ, 'ਹੇ ਬਾਲਕ! ਤੂੰ ਕੌਣ ਹੈਂ ਅਤੇ ਇੱਥੇ ਕੀ ਕਰ ਰਿਹਾ ਹੈਂ?'

'ਮੈਂ ਪ੍ਰਭੂ ਦੁਆਰਾ ਬਣਾਇਆ ਹੋਇਆ ਪੰਜ ਤੱਤਾਂ ਦਾ ਪੁਤਲਾ ਹਾਂ ਅਤੇ ਉਸ ਦੀ ਯਾਦ ਵਿਚ ਮਗਨ ਹੋਇਆ ਬੈਠਾ ਹਾਂ।' ਬਾਲਕ ਨੇ ਜੁਆਬ ਦਿੱਤਾ।

ਛੋਟੇ ਜਿਹੇ ਬਾਲਕ ਕੋਲੋਂ ਬਹੁਤ ਡੂੰਘਾ ਅਤੇ ਰਮਜ਼ ਭਰਿਆ ਜਵਾਬ ਸੁਣ ਕੇ ਦੋਵੇਂ ਸੰਤ ਬਹੁਤ ਹੈਰਾਨ ਤੇ ਪ੍ਰਸੰਨ ਹੋਏ। ਇਸ ਪ੍ਰਸੰਨਤਾ ਵੱਸ ਉਨ੍ਹਾਂ ਨੇ ਨਰਾਇਣ ਦਾਸ ਨੂੰ ਆਪਣੇ ਨਾਲ ਲੈ ਜਾਣ ਦੀ ਇੱਛਾ ਪ੍ਰਗਟ ਕੀਤੀ ਪਰ ਉਸ ਨੇ ਕਿਹਾ ਕਿ ਉਹ ਨੇਤਰਹੀਣ ਹੋਣ ਕਰਕੇ ਕਿਧਰੇ ਜਾ ਨਹੀਂ ਸਕਦਾ। ਉਸ ਦੀ ਇਹ ਗੱਲ ਸੁਣ ਕੇ ਸੰਤ ਕੀਲ ਦਾਸ ਨੇ ਆਪਣੇ ਹੱਥਾਂ ਨਾਲ ਜਲ ਦੇ ਕੁੱਝ ਛਿੱਟੇ ਬਾਲਕ ਨਰਾਇਣਦਾਸ ਦੇ ਨੇਤਰਾਂ 'ਤੇ ਮਾਰੇ ਜਿਸ ਨਾਲ ਉਸ ਨੂੰ ਸਾਫ਼ ਦਿਖਾਈ ਦੇਣ ਲੱਗ ਪਿਆ।

ਸੰਤਾਂ ਦੀ ਕਿਰਪਾ ਨਾਲ ਹੁਣ ਨਰਾਇਣਦਾਸ ਨੂੰ ਨਵੀਂ ਰੋਸ਼ਨੀ ਮਿਲ ਚੁੱਕੀ ਸੀ। ਇਸ ਰੋਸ਼ਨੀ ਸਦਕਾ ਉਹ ਹੁਣ ਉਨ੍ਹਾਂ ਸੰਤਾਂ ਦੇ ਨਾਲ ਹੀ ਹੋ ਤੁਰਿਆ। ਸੰਤ ਉਸ ਨੂੰ ਜੈਪੁਰ (ਰਾਜਸਥਾਨ) ਸ਼ਹਿਰ ਦੇ ਘਲਟਾ ਧਾਮ ਵਿਖੇ ਲੈ ਆਏ। ਧਾਮ ਵਿਖੇ ਪਹੁੰਚ ਕੇ ਨਰਾਇਣਦਾਸ ਨੇ ਸੰਤ ਅਗਰਦਾਸ ਅੱਗੇ ਬੇਨਤੀ ਕੀਤੀ ਕਿ ਉਸ ਨੂੰ ਧਾਮ ਦੀ ਕੋਈ ਪੱਕੀ ਸੇਵਾ/ਜ਼ਿੰਮੇਵਾਰੀ ਸੌਂਪ ਦਿੱਤੀ ਜਾਵੇ। ਉਸ ਦੀ ਸੇਵਾ-ਭਾਵਨਾ ਨੂੰ ਦੇਖਦਿਆਂ ਸੰਤ ਜੀ ਨੇ ਕਿਹਾ ਕਿ ਜਦੋਂ ਮੈਂ ਸਤਿਸੰਗ ਵਿਚ ਆਈ ਸੰਗਤ ਨੂੰ ਉਪਦੇਸ਼ ਕਰਾਂ ਤਾਂ ਤੂੰ ਹੱਥ-ਪੱਖਾ ਝਲਣ ਦੀ ਸੇਵਾ ਕਰਿਆ ਕਰ। ਗੁਰੂ ਦਾ ਹੁਕਮ ਪਾ ਕੇ ਨਰਾਇਣਦਾਸ ਨੇ ਇਸ ਸੇਵਾ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ। ਇੱਕ ਦਿਨ ਸੰਤ ਅਗਰਦਾਸ ਜੀ ਦਾ ਸਤਿਸੰਗ ਚੱਲ ਰਿਹਾ ਸੀ। ਸੰਤ ਜੀ ਬਚਨ ਭਾਵੇਂ ਕਰ ਰਹੇ ਸਨ ਪਰ ਅੱਜ ਉਨ੍ਹਾਂ ਦੇ ਉਪਦੇਸ਼ ਵਿਚ ਪਹਿਲਾਂ ਵਰਗੀ ਗੱਲ ਨਹੀਂ ਬਣ ਰਹੀ ਸੀ। ਇਸ ਦਾ ਕਾਰਨ ਇਹ ਸੀ ਉਨ੍ਹਾਂ ਦੇ ਇੱਕ ਪਰਮ-ਸੇਵਕ ਦਾ ਵਪਾਰਕ-ਬੇੜਾ ਸਮੁੰਦਰੀ ਤੂਫ਼ਾਨ ਵਿਚ ਘਿਰ ਚੁੱਕਾ ਸੀ ਅਤੇ ਉਹ ਇਸ ਬੇੜੇ ਨੂੰ ਪਾਰ ਲਗਾਉਣ ਲਈ ਸੰਤ ਜੀ ਨੂੰ ਬੇਨਤੀ ਕਰ ਰਿਹਾ ਸੀ। ਸੰਤ ਅਗਰਦਾਸ ਦੀ ਬਿਰਤੀ ਉਸ ਬੇਨਤੀ ਨਾਲ ਜੁੜ ਜਾਣ ਕਾਰਨ ਉਨ੍ਹਾਂ ਦੇ ਉਪਦੇਸ਼ ਉੱਖੜ ਰਹੇ ਸਨ। ਨਰਾਇਣਦਾਸ ਨੇ ਆਪਣੇ ਅੰਦਰ ਦੀ ਰੋਸ਼ਨੀ ਨਾਲ ਆਪਣੇ ਗੁਰੂ ਦੀ ਬੇਚੈਨੀ ਨੂੰ ਮਹਿਸੂਸ ਕਰ ਲਿਆ ਅਤੇ ਆਪਣੇ ਪੱਖੇ ਦੀ ਗਤੀ ਨੂੰ ਤੇਜ਼ ਕਰ ਦਿੱਤਾ। ਇਸ ਨਾਲ ਉਸ ਸੇਵਕ ਦਾ ਫਸਿਆ ਹੋਇਆ ਬੇੜਾ ਬੰਨ੍ਹੇ ਲੱਗ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰੂ ਅਗਰਦਾਸ ਨੂੰ ਆਖ ਦਿੱਤਾ ਕਿ ਉਹ ਆਪਣੇ ਉਪਦੇਸ਼ ਨੂੰ ਜਾਰੀ ਰੱਖਣ ਕਿਉਂਕਿ ਸੇਵਕ ਆਸ/ਅਰਦਾਸ ਪੂਰੀ ਹੋ ਚੁੱਕੀ ਹੈ।

ਨਰਾਇਣਦਾਸ ਦੀ ਇਸ ਉੱਚੀ ਤੇ ਸੁੱਚੀ ਪਹੁੰਚ ਤੋਂ ਪ੍ਰਸੰਨਚਿੱਤ ਹੋ ਕੇ ਗੁਰੂ ਅਗਰਦਾਸ ਨੇ ਉਸ ਦੇ ਹੱਥੋਂ ਹੱਥ-ਪੱਖ ਫੜ ਲਿਆ ਅਤੇ ਬਚਨ ਕੀਤਾ ਕਿ ਹੁਣ ਤੂੰ ਅੰਦਰ ਦੀਆਂ ਜਾਣਨ ਲੱਗ ਗਿਆ ਹੈਂ, ਜੋ ਕਿ ਇੱਕ ਮਹਾਨ ਅਤੇ ਪਵਿੱਤਰ ਆਤਮਾ ਵਾਲਾ ਸੰਤ ਹੀ ਕਰ ਸਕਦਾ ਹੈ। ਅੱਜ ਤੋਂ ਤੇਰਾ ਨਾਮ ਨਰਾਇਣਦਾਸ ਤੋਂ ਨਾਭਾ ਦਾਸ ਹੋਇਆ। ਹੁਣ ਤੂੰ ਪੱਖਾ ਫੇਰਨ ਦੀ ਸੇਵਾ ਨਹੀਂ ਕਰਨੀ ਸਗੋਂ ਉਨ੍ਹਾਂ ਸੰਤਾਂ-ਮਹਾਤਮਾ ਦਾ ਜੀਵਨ-ਇਤਿਹਾਸ ਲਿਖਣਾ ਹੈ ਜਿਹੜੇ ਸਤਿਯੁੱਗ ਤੋਂ ਲੈ ਕੇ ਕਲਿਯੁੱਗ ਤੱਕ ਇਸ ਧਰਤੀ ਉਪਰ ਆਉਂਦੇ ਰਹੇ ਹਨ ਅਤੇ ਲੋਕਾਈ ਦੇ ਕਲਿਆਣ ਹਿੱਤ ਕਾਰਜ ਕਰਦੇ ਰਹੇ ਹਨ। ਇਸ ਦਿਨ ਤੋਂ ਬਾਅਦ ਗੋਸਵਾਮੀ ਨਾਭਾ ਦਾਸ ਜੀ ਨੇ ਧਾਰਮਿਕ ਉਪਦੇਸ਼ ਦੇਣ ਦੇ ਨਾਲ-ਨਾਲ ਲੇਖਣੀ ਦੀ ਸੇਵਾ ਵੀ ਸੰਭਾਲ ਲਈ ਅਤੇ ਕਈ ਮਹਾਨ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ 'ਭਗਤਮਾਲਾ' ਨਾਮ ਦਾ ਗ੍ਰੰਥ ਵਰਣਨਯੋਗ ਹੈ।

---

***(ਪਿਛਲੇ ਸਫੇ ਦਾ ਬਾਕੀ)***

ਪੀ ਮੀਟਿੰਗ ਸ਼ੁਰੂ ਹੋ ਗਈ ਹੈ ਪਰ ਮੈਂ ਤਾਂ ਕਿਤੇ ਗੁਆਚ ਜਾਂਦੀ ਹਾਂ। ਮੇਰੇ ਸਿਰ 'ਚ ਡਰੱਗਜ਼ ਤੇ ਹੇਜ਼ਿੰਗ ਸ਼ਬਦਾਂ ਦੇ ਹਥੌੜੇ ਵਾਰ-ਵਾਰ ਵੱਜ ਰਹੇ ਨੇ। ਮੀਟਿੰਗ ਦੌਰਾਨ ਧਿਆਨ ਕੇਂਦ੍ਰਿਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਆਂ ਪਰ ਮੇਰਾ ਮਨ ਉਛਲ ਕੇ ਬਾਹਰ ਆਉਣ ਨੂੰ ਕਰ ਰਿਹਾ।

ਇਸੇ ਟੁੱਟ-ਭੱਜ ਵਿਚ ਮੀਟਿੰਗ ਮਸਾਂ ਈ ਪੂਰੀ ਕੀਤੀ ਹੈ। ਮੇਰਾ ਜਿਸਮ ਭੱਠੀ ਵਾਂਗ ਤਪ ਰਿਹੈ। ਆਪਣੀ ਸੁਪਰਵਾਈਜ਼ਰ ਨੂੰ ਫੋਨ ਕਰ ਕੇ ਘਰ ਵੱਲ ਤੁਰ ਪਈ ਹਾਂ। ਪੈਰ ਲੜਖੜਾ ਰਹੇ ਨੇ। ਮੈਂ ਕਾਰ ਸਟਾਰਟ ਕਰਕੇ ਗੱਡੀ ਰਿਵਰਸ ਕਰਨ ਦੀ ਬਜਾਏ ਐਕਸੀਲੇਟਰ 'ਤੇ ਪੈਰ ਰੱਖ ਦਿੱਤਾ। ਮੇਰੀ ਕਾਰ ਸਾਹਮਣੇ ਕਰਵ 'ਤੇ ਚੜ੍ਹ ਗਈ, ਜ਼ੋਰ ਨਾਲ ਬਰੇਕ ਲਾਉਂਦੀ ਹਾਂ। ਕਾਰ ਵਿਚੋਂ ਬੰਬ ਫਟਣ ਵਰਗੀ ਆਵਾਜ਼ ਆਈ ਏ। ਘਬਰਾਹਟ ਵਿਚ ਪਾਣੀ ਦੀ ਬੋਤਲ ਖੋਲ੍ਹ ਕੇ ਪਾਣੀ ਪੀਂਦੇ ਹੋਏ ਲੰਮਾ ਸਾਹ ਲਿਐ। ਮੁੜ ਹੌਸਲਾ ਇਕੱਤਰ ਕਰ ਕੇ ਕਾਰ ਤੋਰੀ ਹੈ।

ਮੈਂ ਸੋਚਦੀ ਹਾਂ 'ਬੱਬੂ ਨੇ ਤਾਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕੀਤੀ। ਉਹਨੂੰ ਪੁੱਛਾਂ? ਨਹੀਂ, ਐਵੇਂ ਪਰੇਸ਼ਾਨ ਹੋ ਜਾਵੇਗਾ। ਉਸਦੇ ਆਉਣ ਦਾ ਇੰਤਜ਼ਾਰ ਕਰਦੀ ਹਾਂ।'

ਮੈਂ ਲੈਪਟਾਪ ਚੁੱਕ ਹੇਜ਼ਿੰਗ ਸ਼ਬਦ ਨੂੰ ਗੂਗਲ ਕਰਨ ਲੱਗਦੀ ਹਾਂ। ਮੇਰੇ ਹੱਥ ਕੰਬ ਜਾਂਦੇ ਨੇ। ਹਿੰਮਤ ਸਾਥ ਨਹੀਂ ਦੇ ਰਹੀ। ਮੈਂ ਲੈਪਟਾਪ ਪਰ੍ਹਾਂ ਰੱਖ ਦਿੱਤਾ। ਮੈਨੂੰ ਸਾਹਮਣੇ ਕੰਧ 'ਤੇ ਟੰਗੇ ਕਲਾਕ ਦੀ ਟਿੱਕ-ਟਿੱਕ ਸੁਣਾਈ ਦਿੱਤੀ ਏ। ਮੈਂ ਕਲਾਕ ਵੱਲ ਗਹੁ ਨਾਲ ਦੇਖਦੀ ਹਾਂ। ਮੇਰੀ ਸੋਚ ਦੀ ਸੂਈ ਪੰਜ ਵਰ੍ਹੇ ਪਿੱਛੇ ਚਲੀ ਗਈ ਹੈ। ਮੈਨੂੰ ਯਾਦ ਆ ਰਿਹਾ ਕਿ ਕਈ ਵਰ੍ਹੇ ਪਹਿਲਾਂ ਮੈਂ ਇਕ ਸ਼ਨਿਚਰਵਾਰ ਪੰਜਾਬੀ ਸਟੋਰ 'ਤੇ ਸਬਜ਼ੀ ਲੈਣ ਗਈ ਨੇ ਇਕ ਬਹੁਤ ਸੋਹਣੇ ਮੁੰਡੇ 'ਮਨੀ' ਦੇ ਗੁੰਮ ਜਾਣ ਬਾਰੇ ਪੋਸਟਰ ਲੱਗੇ ਦੇਖੇ ਸਨ। ਘਰ ਆਈ ਤਾਂ ਮਨਰਾਜ ਜੀ ਦਾ ਚਿਹਰਾ ਉਤਰਿਆ ਹੋਇਆ ਸੀ।

'ਕੀ ਗੱਲ ਉਦਾਸ ਹੋ ਗਏ? ਮੈਂ ਅੱਧੇ ਘੰਟੇ ਲਈ ਤਾਂ ਛੱਡ ਕੇ ਗਈ ਸੀ।' ਮੈਂ ਬੜੀ ਨਜ਼ਾਕਤ ਨਾਲ ਕਿਹਾ ਸੀ।

ਮਨਰਾਜ ਨੇ ਅੱਗੇ ਵਧ ਕੇ ਬੱਬੂ ਨੂੰ ਆਪਣੀਆਂ ਬਾਹਵਾਂ 'ਚ ਘੁੱਟ ਕੇ ਇੰਝ ਲੁਕੋ ਲਿਆ ਸੀ ਜਿਵੇਂ ਕੋਈ ਉਸ ਤੋਂ ਝਪਟ ਕੇ ਲੈ ਚੱਲਾ ਹੋਵੇ।

'ਕੀ ਹੋਇਆ ਕੁਛ ਬੋਲੋਗੇ ਵੀ?'

'ਰੂਬੀ! ਤੁਆਡੇ ਜਾਣ ਬਾਅਦ ਬਲਦੀਪ ਦਾ 'ਟੈਕਸਸ' ਤੋਂ ਫੋਨ ਆਇਆ। ਯਾਦ ਆ ਉਸਦਾ ਇਕ ਦੋਸਤ ਕਰਮਜੀਤ ਸੈਨ ਹੋਜ਼ੇ ਰਹਿੰਦੈ। ਉਦ੍ਹੇ ਬੇਟੇ ਦੀ ਲਾਸ਼ ਸਮੁੰਦਰ 'ਚੋਂ ਲੱਭੀ।'

'ਉਹਦਾ ਨਾਂ ਮਨੀ ਤਾਂ ਨ੍ਹੀਂ ਸੀ ਕਿਤੇ? ਸਟੋਰ 'ਤੇ ਪੋਸਟਰ ਲੱਗਾ। ਬਹੁਤ ਈ ਸੋਹਣਾ ਤੇ ਭਰ-ਜਵਾਨ ਮੁੰਡਾ!...ਪਰ ਹੋਇਆ ਕੀ?'

'ਬਲਦੀਪ ਕਹਿੰਦਾ ਯੂਨੀਵਰਸਿਟੀ ਪੜ੍ਹਨ ਗਿਆ, ਬੁਰੀ ਸੰਗਤ 'ਚ ਪੈ ਗਿਆ। ਪੜ੍ਹਾਈ ਤਾਂ ਕੀਤੀ ਨ੍ਹੀਂ। ਹੁਣ ਜਦੋਂ ਚਾਰ ਸਾਲ ਪੂਰੇ ਹੋ ਗਏ ਤਾਂ ਘਰਦਿਆਂ ਨੂੰ ਕਹਿੰਦਾ ਪਈ ਮੇਰੀ ਗਰੈਜੂਏਸ਼ਨ ਪਾਰਟੀ ਰੱਖ ਲਓ ਪਰ ਗਰੈਜੂਏਟ ਤਾਂ ਉਹ ਹੋਇਆ ਈ ਨ੍ਹੀਂ।'

'ਫੇਰ ਮਾਪਿਆਂ ਕੋਲ ਏਨਾ ਵੱਡਾ ਝੂਠ?'

'ਹਾਂ! ਇਹੋ ਤਾਂ ਸਮਝ ਨ੍ਹੀਂ ਆਉਂਦੀ ਪਈ ਉਨ੍ਹੇ ਏਦਾਂ ਕਿਉਂ ਕੀਤੀ? ਬਲਦੀਪ ਦੱਸਦਾ ਸੀ ਪਈ ਹੱਦੋਂ ਵੱਧ ਪਿਆਰਾ ਤੇ ਕਹਿਣੇ-ਕਾਰ ਮੁੰਡਾ ਸੀ। ਉਹਦੀ ਕਾਰ ਗੋਲਡਨ ਗੇਟ ਬਰਿੱਜ ਕੋ.ਲ ਖੜ੍ਹੀ ਸੀ। 'ਵਾਲੈਟ' ਕਾਰ ਸੀਟ 'ਤੇ ਪਿਆ ਸੀ। ਪੁਲਿਸ ਉਹਦੀ ਆਈ. ਡੀ. ਲੈ ਕੇ ਘਰ ਆਈ।'

'ਮਨਰਾਜ! ਕਹਿਣ ਨੂੰ ਤਾਂ ਉਹ ਵੀ ਚੰਗੇਰੇ ਭਵਿੱਖ ਲਈ ਅਮਰੀਕਾ ਆਏ ਹੋਣਗੇ। ਮੈਂ ਤਾਂ ਬੌਤ੍ਹ ਡਰ ਗਈ ਆਂ। ਕੀ ਰੱਖਿਆ ਏਥੇ? ਭੂ-ਹੇਰਵੇ ਤੇ ਇਕੱਲਤਾ ਦੀ ਦੋਹਰੀ ਮਾਰ ਖਾਂਦੇ ਮਾਪੇ। ਲੋੜੋਂ ਵੱਧ ਆਜ਼ਾਦੀ ਦਿਨ-ਬ-ਦਿਨ ਬੱਚਿਆਂ ਦੀ ਜਾਨ ਦਾ ਖੌਅ ਬਣ ਰਈ੍ਹ। ਸੱਚੀਂ ਮੈਨੂੰ ਤਾਂ ਬਹੁਤ ਡਰ ਲੱਗਦਾ ਏਥੋਂ ਦੇ ਇਸ ਪੱਖ ਨੂੰ ਲੈ ਕੇ। ਵੈਸੇ ਬਾਕੀ ਸਹੂਲਤਾਂ ਦੀ ਮੈਂ ਹਰ ਤਰ੍ਹਾਂ ਕਦਰ ਕਰਦੀ ਆਂ।' ਮੈਂ ਮਨ ਦਾ ਗੁਬਾਰ ਕੱਢਿਆ ਸੀ।

ਇਸ ਘਟਨਾ ਨਾਲ ਪੂਰਾ ਭਾਈਚਾਰਾ ਸਹਿਮ ਗਿਆ ਸੀ। ਮੇਰੇ ਦਿਲ ਦਿਮਾਗ ਵਿਚ ਤਾਂ ਇਹ ਘਟਨਾ ਸ਼ਾਇਦ ਕਿੱਲ ਬਣ ਕੇ ਚੁੱਭ ਗਈ। ਮੈਨੂੰ ਲੱਗ ਰਿਹੈ ਜਿਵੇਂ ਮੇਰੇ ਦਿਮਾਗ ਵਿਚ ਚੁੱਭਿਆ ਉਹ ਕਿੱਲ ਹੇਜ਼ਿੰਗ ਦਾ ਪਲਾਸ ਜ਼ੋਰ-ਜ਼ੋਰ ਦੀ ਖਿੱਚ ਰਿਹਾ ਹੋਵੇ। ਮੇਰੇ ਦਿਮਾਗ ਵਿਚ ਕੀੜੀਆਂ ਰੀਂਘ ਰਹੀਆਂ ਨੇ।

'ਮਨਰਾਜ ਮੇਰਾ ਦਿਲ ਉਛਲਦੈ! ਬੱਬੂ ਠੀਕ ਹੋਵੇ!' ਮੈਂ ਸਾਹਮਣੇ ਪਈ ਮਨਰਾਜ ਦੀ ਫੋਟੋ ਵੱਲ ਤੱਕ ਕੇ ਕਿਹੈ।

'ਬੱਬੂ...!' ਮੇਰੀਆਂ ਅੱਖਾਂ ਦਾ ਬੰਨ੍ਹ ਟੁੱਟ ਗਿਐ।

'ਰੂਬੀ ਕੁਝ ਹੋਸ਼ ਕਰ! ਤੂੰ ਐਵੇਂ ਕਿਉਂ ਮੈਰੀ ਦੇ ਕਹਿਣੇ ਲੱਗ ਕੇ ਮਰਨ ਵਾਲੀ ਹਾਲਤ ਕਰ ਲਈ। ਬਿਨਾਂ ਪਾਣੀਓਂ ਮੌਜੇ ਲਾਹੀ ਬੈਠੀ ਏਂ। ਬਚਪਨ ਤੋਂ ਲੈ ਕੇ ਅੱਜ ਤੱਕ ਜਦੋਂ ਵੀ ਉਸਨੂੰ ਕਿਸੇ ਗੱਲ ਤੋਂ ਰੋਕਿਆ, ਉਸਨੇ ਇਹੋ ਹੀ ਕਿਹੈ, 'ਮਾਂ! ਟ੍ਰਸਟ ਮੀ।'

ਬੱਬੂ ਨੂੰ ਕੱਲ੍ਹ ਨੂੰ ਲੈਣ ਤਾਂ ਜਾ ਹੀ ਰਹੀ ਏਂ, ਉਹਦੇ ਨਾਲ ਗੱਲ ਤਾਂ ਕਰ ਕੇ ਦੇਖੀਂ।' ਮੇਰੇ ਅੰਤਰੀਵ ਨੇ ਮੈਨੂੰ ਝੰਜੋੜਿਐ...।

ਅੱਜ ਸ਼ੁੱਕਰਵਾਰ ਹੈ। ਮੈਂ ਆਪਣੇ ਦਫਤਰ ਵਿਚ ਬੈਠੀ ਹਾਂ। ਕੰਮ ਨੂੰ ਜਲਦੀ ਨਾਲ ਨਿਪਟਾਉਣ ਲਈ ਮੇਰੀਆਂ ਉਂਗਲਾਂ ਤੇਜ਼ੀ ਨਾਲ 'ਕੀ ਬੋਰਡ' 'ਤੇ ਨੱਚ ਰਹੀਆਂ ਨੇ। ਪੂਰੇ ਤਿੰਨ ਵਜੇ ਬੱਬੂ ਨੂੰ ਲੈਣ ਜਾਣ ਦੇ ਚਾਅ ਵਿਚ ਘੜੀ-ਮੁੜੀ ਸਾਹਮਣੇ ਕੰਧ 'ਤੇ ਲੱਗੇ ਕਲਾਕ ਵੱਲ ਨਿਗਾਹ ਮਾਰ ਲੈਂਦੀ ਹਾਂ। ਫੋਨ ਦੀ ਘੰਟੀ ਵੱਜੀ ਏ। ਮੇਰੇ ਚਿਹਰੇ 'ਤੇ ਰੌਣਕ ਆ ਗਈ ਆ, 'ਹੈਲੋ! ਬੇਟਾ! ਮੇਰਾ ਗੁਗਲੂ ਉਠ ਗਿਆ?'

'ਹੈਲੋ ਮਾਂ! ਮੈਂ ਆ ਵੀ ਗਿਆ।' ਬੱਬੂ ਦੇ ਬੋਲਾਂ ਵਿਚੋਂ ਖੁਸ਼ੀ ਦੇ ਘੁੰਗਰੂ ਛਣਕੇ ਨੇ।

'ਕੀ? ਕਿੱਥੇ? ਮਜ਼ਾਕ ਨਾ ਕਰ ਬੇਟਾ। ਕੰਮ ਮੁਕਾ ਲੈਣ ਦੇ ਤਾਂ ਕਿ ਤੈਨੂੰ ਲੈਣ ਆ ਸਕਾਂ। ਸਮੀਦ ਨੂੰ ਇਕ ਵਾਰੀ ਫੋਨ ਕਰਕੇ ਯਾਦ ਕਰਵਾ ਦੇ। ਮੈਂ ਉਦ੍ਹੇ ਨਾਲ ਈ ਆਉਣਾ।'

'ਮਾਂ! ਸਰਪਰਾਈਜ਼! ਆਹ ਦੇਖ ਮੈਂ ਤੇਰੇ ਕੰਮ ਦੀ ਪਾਰਕਿੰਗ 'ਚ ਖੜ੍ਹਾਂ।' ਕਹਿੰਦੇ ਈ ਬੱਬੂ ਨੇ ਫੋਨ ਦਾ ਕੈਮਰਾ ਚਲਾ ਲਿਐ।

'ਕੀ? ਅੰਦਰ ਆ ਜਾ! ਬੱਬੂ ਬਾਹਰ ਕਿਉਂ?'

ਮੈਂ ਸਭ ਕੁਝ ਛੱਡ ਕੇ ਬਾਹਰ ਵੱਲ ਭੱਜੀ ਹਾਂ। ਹਾਲ ਵੇਅ ਵਿਚ ਮਿਲਦੇ ਹੀ ਬੱਬੂ ਨੂੰ ਗਲੇ ਲਾ ਕੇ ਪਾਗਲਾਂ ਦੀ ਤਰ੍ਹਾਂ ਉਸਦਾ ਮੱਥਾ ਚੁੰਮਦੀ ਹਾਂ।

'ਮੈਂ ਜਲਦੀ ਵਿਹਲਾ ਹੋ ਗਿਆ ਸੀ। ਸੋਚਿਆ ਤੈਨੂੰ ਸਰਪਰਾਈਜ਼ ਦੇਮਾਂ। ਮੈਂ ਸਮੀਦ ਨਾਲ ਘਰ ਨੂੰ ਚੱਲਦਾਂ। ਤੂੰ ਕੰਮ ਮੁਕਾ ਕੇ ਆ ਜਾਈਂ।'

'ਨਈਂ੍ਹ ਬੇਟਾ! ਮੈਂ ਹੁਣੇ ਸੁਪਰਵਾਈਜ਼ਰ ਤੋਂ ਛੁੱਟੀ ਲੈ ਕੇ ਤੇਰੇ ਨਾਲ ਈ ਚੱਲਦੀ ਆਂ। ਤੈਨੂੰ ਭੁੱਖ ਲੱਗੀ ਹੋਊ ਤੇ ਸਮੀਦ ਨੂੰ ਵੀ?'

'ਨਈਂ੍ਹ ਮਾਂ! ਅਸੀਂ ਭੁੱਖੇ ਨ੍ਹੀਂ। 'ਚਿਪੋਟਲੇ' ਖਾਧਾ ਰਾਹ 'ਚ। ਮੈਂ ਚੱਲ ਕੇ ਚਾਹ ਬਣਾਉਨਾ। ਤੂੰ ਬਾਅਦ 'ਚ ਆ ਜਾਈਂ।'

ਮੈਂ ਉਸ ਵੱਲ ਗਹੁ ਨਾਲ ਤੱਕਦੀ ਹਾਂ ਮੈਨੂੰ 'ਇੰਨ-ਬਿੰਨ ਮਨਰਾਜ' ਦਿਖਾਈ ਦੇ ਰਿਹਾ।

'ਮਾਂ! ਕੀ ਸੋਚਦੀ ਏਂ? ਰੁੱਸ ਗਈ? ਬੋਲ ਵੀ! ਮੈਂ ਜਾਮਾ ਹੁਣ!' ਬੱਬੂ ਨੇ ਮੇਰਾ ਹੱਥ ਹਿਲਾਇਐ।

'ਕੁਛ ਨ੍ਹੀਂ ਬੇਟਾ! ਚੰਗਾ ਤੁਸੀਂ ਚੱਲੋ! ਮੈਂ ਬਾਅਦ 'ਚ ਆਈ।'

ਮੈਨੂੰ ਸਮਝ ਨਹੀਂ ਆਉਂਦੀ ਇਹ ਸੱਚਮੁਚ ਹਰ ਗੱਲ ਮਨਰਾਜ ਵਾਂਗ ਹੀ ਕਿਉਂ ਕਰਨ ਲੱਗ ਪਿਆ? ਮੈਂ ਆਪਣੀ ਸੋਚ ਨੂੰ ਝਟਕਦੀ ਹਾਂ।

'ਚੰਗਾ 'ਫੇ ਚੱਲਦੇ ਆਂ...!'

ਮੈਂ ਪੂਰੇ ਚਾਰ ਵਜੇ ਕੰਮ ਤੋਂ ਘਰ ਆ ਗਈ ਹਾਂ।

'ਮਾਂ ਚਾਹ ਬਣਾ ਲਈ। ਆਹ ਦੇਖ ਡੈਡ ਦੇ ਤੇ ਤੇਰੇ ਫੇਵਰਟ ਕੱਪ ਤੇ ਫੁੱਲਵੜੀਆਂ ਵੀ।' ਬੱਬੂ ਸੱਚਮੁਚ ਹੀ ਮਨਰਾਜ ਵਾਂਗ ਮੇਰੀ ਉਡੀਕ ਕਰ ਰਿਹਾ...।

ਚਾਹ ਪੀ ਕੇ ਉਪਰ ਆ ਗਏ ਹਾਂ। ਬੱਬੂ ਆਪਣੇ ਬੈੱਡ 'ਤੇ ਸਿਰਾਹਣੇ ਨਾਲ ਢੋਅ ਲਾ ਕੇ ਬੈਠ ਗਿਆ। ਮੈਂ ਵੀ ਉਸਦੇ ਕੋਲ ਹੀ ਬੈਠ ਗਈ ਹਾਂ। ਬੱਬੂ ਮਨਰਾਜ ਵਾਂਗ ਆਪਣਾ ਹੱਥ ਘੁਮਾਉਂਦਾ ਬੋਲਿਐ, 'ਮਾਂ ਮੈਂ ਤੈਨੂੰ ਕਦੀ ਵੀ 'ਕੱਲੀ ਨਾ ਛੱਡਾਂ ਪਰ ਮੇਰੀ ਮਰਜੂਬੀ ਆ।'

'ਹਾ-ਹਾ-ਹਾ! ਮਰਜੂਬੀ ਨ੍ਹੀਂ, ਮਜਬੂਰੀ ਹੁੰਦੀ ਆ ਬੇਟਾ।'

'ਮਾਂ ਹੱਸ ਨਾ! ਮੇਰੀ ਮਾਂ ਬੋਲੀ ਦਾ ਮਜ਼ਾਕ ਨਾ ਬਣਾ। ਸੁਣ ਲੈ! ਮੇਰਾ ਨ੍ਹੀਂ ਦਿਲ ਲੱਗਦਾ ਓਥੇ। ਮੈਨੂੰ ਘਰ ਬੌਤ੍ਹ ਯਾਦ ਆਉਂਦਾ। ਤੇਰੇ ਹੱਥਾਂ ਦੇ ਪਰੌਂਠੇ...।'

'ਦੇਖ ਬੇਟੇ! ਦਿਲ ਤਾਂ ਮੇਰਾ ਵੀ ਨ੍ਹੀਂ ਲੱਗਦਾ ਪਰ ਹੁਣ ਪੜ੍ਹਾਈ ਵੀ ਤਾਂ ਜ਼ਰੂਰੀ ਆ। ਚੱਲ ਤੂੰ ਮੈਨੂੰ ਯੂਨੀਵਰਸਿਟੀ ਦੀ ਕੋਈ ਗੱਲ ਸੁਣਾ।'

'ਮਾਂ! ਯੂਨੀਵਰਸਿਟੀ ਬਹੁਤ ਚੰਗੀ ਆ ਪਰ ਛੀ-ਛੀ-ਛੀ! ਕੁਛ ਵਿਦਿਆਰਥੀ ਬਹੁਤ ਗੰਦੇ ਓਥੇ। ਕੁਛ ਗੱਲਾਂ ਤਾਂ ਏਦਾਂ ਦੀਆਂ ਕਿ ਤੂੰ ਸੋਚ ਵੀ ਨ੍ਹੀਂ ਸਕਦੀ।'

'ਕਿਉਂ ਬੇਟੇ ਗੰਦੇ ਕਿਉਂ?'

'ਮਾਂ ਡਰੱਗ ਬਹੁਤ ਆ। ਮੇਰਾ ਰੂਮਮੇਟ ਹਿਸਪੈਨਕ ਆ ਤੇ ਉਹ ਕੁੜੀ ਲੈ ਆਉਂਦਾ ਕਮਰੇ 'ਚ।'

'ਹਾਏ ਮੈਂ ਮਰ ਜਾਂ! ਇਹਨੂੰ ਅਮਰੀਕਾ ਕਹਿੰਦੇ ਆ?'

'ਤਾਂ ਹੋਰ ਕੀ? ਮੈਂ ਤਾਂ ਲਾਇਬ੍ਰੇਰੀ ਚਲਾ ਜਾਨਾਂ...ਮੈਨੂੰ ਪਤਾ ਮੇਰਾ ਡੈਡ ਹੈ ਨ੍ਹੀਂ। ਮੇਰੇ ਲਈ ਪੜ੍ਹਨਾ ਬਹੁਤ ਜ਼ਰੂਰੀ ਆ।'

'ਸ਼ੁਕਰ ਆ! ਬੇਟੇ ਤੈਨੂੰ ਸੋਝੀ ਆ। ਤੂੰ ਦੱਸ ਕੋਈ ਹੋਰ ਦੋਸਤ ਵੀ ਬਣਾਇਆ? ਇੰਡੀਅਨ ਕੁੜੀਆਂ ਵੀ ਹੋਣਗੀਆਂ ਓਥੇ?'

'ਮਾਂ! ਮੈਨੂੰ ਪਤਾ ਤੂੰ ਕੀ ਸੋਚਦੀ ਆਂ? ਇੰਡੀਅਨ ਕੁੜੀਆਂ ਦੀ ਗੱਲ ਸੁਣ ਲਾ ... ਇਕ ਦਿਨ ਮੈਂ ਸਟੋਰ ਗਿਆ। ਮੇਰਾ ਕਲਾਸਮੇਟ ਕਾਰ 'ਚੋਂ ਉਤਰਿਆ। ਇਕ ਇੰਡੀਅਨ ਕੁੜੀ ਵੀ ਬਾਹਰ ਨਿਕਲੀ। ਹੱਥ ਮਿਲਾ ਕੇ ਕਹਿੰਦੀ 'ਹਾਏ' ਮੈਂ ਸਿਮਰ ਤੇ ਤੇਰਾ ਨਾਂ ਕੀ? ਮੈਂ ਕਿਆ੍ਹ ਬੱਬੂ। ਕਹਿੰਦੀ, ਤੈਨੂੰ ਮਿਲ ਕੇ ਚੰਗਾ ਲੱਗਾ 'ਬਾਬੂ'। ਤੂੰ ਇੰਡੀਅਨ ਆਂ?' ਉਹ ਸ਼ਰਾਬ ਨਾਲ ਰੱਜੀ ਪਈ ਸੀ। ਮੈਂ ਓਥੋਂ ਖਿਸਕਣ ਦੀ ਗੱਲ ਕੀਤੀ।'

'ਚੱਲ ਚੰਗਾ ਕੀਤਾ ਬੇਟੇ! ਮੈਂ ਤਾਂ ਸੁਣਿਐ ਓਥੇ ਹੇਜ਼ਿੰਗ ...?'

'ਮਾਂ! ਓਏ ਤੇਰੀ ਭਰਾਵਾ! ਤੈਨੂੰ ਆਹ ਹੇਜ਼ਿੰਗ ਦੱਸਿਆ ਕਿਹਨੇ?'

'ਡਿਵੈਲਪਮੈਂਟ ਸਪੈਸ਼ਲਿਸਟ ਮੈਰੀ ਨੇ। ਬੇਟੇ ਮੇਰੀ ਤਾਂ ਸੋਚ-ਸੋਚ ਕੇ ਮਰਨ ਆਲੀ ਹਾਲਤ ਹੋ ਗਈ। ਉਹਦਾ ਮੁੰਡਾ ਜੇਲ੍ਹ 'ਚ ਸੀ।'

'ਹੇਜ਼ਿੰਗ ਓਥੇ ਕਰਦੇ ਆ ਪਰ ਸਾਰੇ ਨ੍ਹੀਂ। ਏਦੇ 'ਚ ਗੋਰੇ ਮੁੰਡੇ ਈ 'ਜ਼ਾਦਾ ਹੁੰਦੇ। ਇਹ ਬਹੁਤ ਕੁੱਤਾ ਕੰਮ ਆਂ! ਈਅ ਊ ਗੰਦਾ! ਮੈਨੂੰ ਪਤਾ ਸੀ ਤੂੰ ਡਰ ਜਾਣਾਂ। ਮੈਂ ਏਸੇ ਲਈ ਤਾਂ ਤੈਨੂੰ ਦੱਸਿਆ ਨ੍ਹੀਂ। ਮੈਰੀ ਵੀ ਤਾਂ ਗੋਰੀ ਆ। ਤਾਂ ਈ ਉਦ੍ਹਾ ਮੁੰਡਾ...।'

'...ਪਰ ਬੇਟਾ ਉਹ ਕਰਦੇ ਕੀ ਆ? ਤੂੰ ਮੇਰੇ ਤੋਂ ਕੁਛ ਵੀ ਛੁਪਾਉਣਾ ਨ੍ਹੀਂ। ਮੈਂ ਤੇਰੀ ਮਾਂ ਵੀ ਆਂ ਤੇ ਦੋਸਤ ਵੀ।'

'ਦੋਸਤ ਮਾਂ! ਸੁਣ ਲੈ ਫਿਰ ਹੇਜ਼ਿੰਗ ਇਕ ਤਰ੍ਹਾਂ ਰੈਗਿੰਗ। ਓਥੇ ਕਲੱਬ ਬਣੇ ਆਂ। ਓਥੇ ਸਿਰਫ ਮੁੰਡੇ ਈ ਜਾਂਦੇ। ਕੁੜੀਆਂ ਦੇ ਕਲੱਬ ਵੱਖਰੇ ਆ। ਉਹ ਨੇਕਿਡ ਹੋ ਜਾਂਦੇ ਤੇ ਇਕ ਦੂਜੇ ਦੇ ਸੈਂਸਟਿਵ ਬੌਡੀ ਪਾਰਟਸ ਫੜ ਕੇ ਜ਼ੋਰ-ਜ਼ੋਰ ਦੀ ਖਿਚਦੇ ਆ।'

'...ਪਰ ਏਦਾਂ ਕਿਉਂ? ਦੇਖੀਂ ਮੇਰਾ ਪੁੱਤ ਕਿਤੇ...।'

'ਹੂੰ! ਕਹਿੰਦੇ ਆ ਏਦਾਂ ਕਰਕੇ ਸਟਰੌਂਗ ਬਣਦਾ। ਇਹ ਬਹੁਤ ਘਟੀਆ ਗੱਲ ਆ। ਤੂੰ ਡਰਨਾ ਨ੍ਹੀਂ। ਤੈਨੂੰ ਪਤਾ ਤੂੰ ਤਾਂ ਮੈਨੂੰ ਹਮੇਸ਼ਾਂ ਚੰਗੀ ਸੋਚ ਦਾ ਸਬਕ ਈ ਪੜ੍ਹਾਇਆ। ਮੈਂ ਪੜ੍ਹਾਈ 'ਤੇ ਤਾਂ ਈ ਫੋਕਸ ਕਰ ਸਕੂੰਗਾ, ਜੇ ਤੂੰ ਖ਼ੁਸ਼ ਰਵ੍ਹੇਂ। ਤੂੰ ਹਮੇਸ਼ਾ ਕਹਿੰਨੀ ਆਂ ਆਦਮੀ ਆਪਣੀ ਸੰਗਤ ਤੋਂ ਪਛਾਣ ਹੁੰਦਾ। ਓਥੇ ਮੇਰੇ ਸਾਰੇ ਦੋਸਤ ਚੰਗੇ ਆ! ਦੋ ਗੋਰੇ ਦੋਸਤ ਵੀ ਹੈਗੇ। ਸਾਰੇ ਇਕੋ-ਜਏ੍ਹ ਨ੍ਹੀਂ ਹੁੰਦੇ। ਮੈਂ ਹੁਣ ਬਹੁਤ ਥੱਕ ਗਿਆਂ।'

'ਹਾਂ ਬੱਬੂ! ਮੈਂ ਪੂਰੀ ਕੋਸ਼ਿਸ਼ ਕਰਾਂਗੀ ਖ਼ੁਸ਼ ਰਹਿਣ ਦੀ। ਚਲ ਹੁਣ, ਸੌਂ ਜਾ। ਤੂੰ ਠੀਕ ਕਹਿ ਰਿਐਂ, ਇਹ ਘਟੀਆ ਨ੍ਹੀਂ ਬਹੁਤ ਘਟੀਆ ਕੰਮ ਆਂ।'

'ਏਦਾਂ ਦੇ ਕੁਛ ਲੋਕ ਈ ਬਲਾਤਕਾਰੀ ਬਣਦੇ ਨੇ। ਵੱਡੇ ਮਰਦ? ਇੰਡੀਆ 'ਚ ਥਾਂ-ਥਾਂ ਕੰਧਾਂ ਕਾਲੀਆਂ ਕੀਤੀਆਂ ਲਿਖ-ਲਿਖ ਕੇ 'ਮਰਦਾਨਾ ਤਾਕਤ ਬਹਾਲ ਕਰੋ' ਤੇ ਆਹ ਅਮਰੀਕਾ 'ਚ ਨਵੀਂ ਗੱਲ ਸੁਣ ਲਈ ਹੇਜ਼ਿੰਗ! ਸ਼ਰਮ ਨ੍ਹੀਂ ਆਉਂਦੀ ਮਾਸੂਮ ਕਲੀਆਂ ਲਿਤਾੜਦੇ। ਮੈਂ ਇਸ ਟਾਪਿਕ 'ਤੇ ਜ਼ਰੂਰ ਲਿਖਾਂਗੀ।' ਮੈਂ ਆਪ ਮੁਹਾਰੇ ਬੋਲੀ ਜਾ ਰਹੀ ਹਾਂ।

'ਮਾਂ ਕਲੀਆਂ ਲਿਤਾੜਦੇ ਕੀ ਹੁੰਦਾ?'

'ਰੇਪ! ਹੋਰ ਕੀ ਬੇਟਾ?'

'ਹਾਂ! ਸੱਚੀਂ ਰੇਪ ਵੀ ਤਾਂ ਕਰਦੇ ਆ। ਹੋਰ ਸੁਣ ਲਾ ਅਮੀਰ ਲੋਕ ਆਪਣੇ ਮੁੰਡਿਆਂ ਨੂੰ ਚੰਗਾ ਵਕੀਲ ਕਰ ਕੇ ਜ਼ਮਾਨਤ 'ਤੇ ਛੁਡਾ ਲਿਆਉਂਦੇ ਤੇ ਗਰੀਬਾਂ ਦੇ ਜੇਲ੍ਹ ਵਿਚ ਈ ਸੜਦੇ ਰਹਿ ਜਾਂਦੇ। ਮਾਂ! ਆਈ ਲਵ ਯੂ!' ਆਖਦੇ ਹੀ ਬੱਬੂ ਨੇ ਪਾਸਾ ਵੱਟਿਆ ਏ।

'ਆਈ ਲਵ ਯੂ ਟੂ ਬੇਟਾ!'

ਬੱਬੂ ਸੌਂ ਗਿਆ। ਮੈਂ ਕੋਲ ਪਈ ਕੁਰਸੀ 'ਤੇ ਬੈਠ ਕੇ ਅੱਖਾਂ ਬੰਦ ਕਰ ਲਈਆਂ ਨੇ। ਮੈਨੂੰ ਯਾਦ ਆ ਰਿਹੈ, 'ਇਕ ਵਾਰੀ ਮਨਰਾਜ ਨੇ ਦੱਸਿਆ ਸੀ ਕਿ ਜਦੋਂ ਉਹ ਵਿਆਹ ਕਰਵਾ ਕੇ ਆਇਆ ਸੀ ਤਾਂ ਉਸਦੇ ਨਾਲ ਦੇ ਸਾਥੀ ਜੋ ਪਹਿਲਾਂ ਈ ਵਿਆਹੇ ਹੋਏ ਸਨ, ਆਪਣੀ ਸਰੀਰਕ ਤ੍ਰਿਪਤੀ ਲਈ 'ਕਾਲ ਗਰਲਜ਼' ਲੈ ਆਉਂਦੇ ਸਨ। ਉਹ ਮਨ ਹੀ ਮਨ ਸੋਚਦਾ ਸੀ ਕਿ ਜਿਹੜੀਆਂ ਇੰਡੀਆ ਵਿਚ ਬੈਠੀਆਂ ਇਨ੍ਹਾਂ ਦਾ ਇੰਤਜ਼ਾਰ ਕਰਦੀਆਂ ਨੇ ਉਨ੍ਹਾਂ ਦਾ ਭਲਾ ਕੀ ਕਸੂਰ? ਫਿਰ ਮੇਰਾ ਹੱਥ ਫੜ ਕੇ ਆਖਦਾ ਸੀ ਕਿ ਕਾਲਜ ਪੜ੍ਹਦੇ ਵਕਤ ਵੀ ਮੈਨੂੰ ਇਹ ਪਤਾ ਹੁੰਦਾ ਸੀ ਪਈ ਪੜ੍ਹਨ ਆਏ ਆਂ ਤੇ ਪੜ੍ਹ ਕੇ ਈ ਜਾਣਾ। ਰੂਬੀ ਮੇਰੇ ਸਿਰ 'ਤੇ ਕਿਹੜਾ ਬਾਪ ਸੀ?'

ਬੱਬੂ ਨੇ ਪਾਸਾ ਪਰਤਿਆ ਏ। ਉਸ ਵੱਲ ਧਿਆਨ ਨਾਲ ਤੱਕਦੀ ਹਾਂ। ਮਨਰਾਜ ਵਰਗੇ ਤਿੱਖੇ ਨਕਸ਼ ਤੇ ਚਿਹਰੇ ਦੀ ਸਾਦਗੀ ਮੇਰਾ ਮਨ ਮੋਹ ਰਹੀ ਹੈ। ਮੈਂ ਆਪੇ ਨੂੰ ਸਹਿਜ ਕਰਨ ਲਈ ਆਪਣੇ ਦਿਲ ਦੀ ਧੜਕਣ ਸੁਣਨੀ ਸ਼ੁਰੂ ਕੀਤੀ ਏ। 'ਇਹ ਵੀ ਤਾਂ ਉਸੇ ਮਨਰਾਜ ਦਾ ਬੇਟਾ, ਉਹਦੇ ਵਰਗਾ ਹੀ ਨਿਕਲੇਗਾ।' ਮੇਰੇ ਧੁਰ ਅੰਦਰੋਂ ਆਵਾਜ਼ ਆਈ ਏ।

**ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਨੇ। ਆਲੇ-ਦੁਆਲੇ ਵਗ ਰਹੀ ਡਰ ਦੀ ਹਵਾ ਚੱਲਣੋਂ ਬੰਦ ਹੋ ਗਈ ਹੈ। ਮੇਰੇ ਮਨ-ਮਸਤਕ ਵਿਚ ਸਦੀਵੀ ਪ੍ਰੇਮ ਦੀ ਬੱਤੀ ਵੱਟ ਕੇ ਧਰਿਆ ਦੀਵਾ, ਵਿਸ਼ਵਾਸ ਦੇ ਤੇਲ ਨਾਲ ਲਟ ਲਟ ਬਲ਼ ਰਿਹੈ। ਇਸ ਦੀ ਲੋਅ ਮੇਰੀ ਰੂਹ ਨੂੰ ਰੁਸ਼ਨਾਅ ਰਹੀ ਹੈ।**

# ਬਾਤਾਂ ਦੇਸ ਪੰਜਾਬ ਦੀਆਂ

ਪੰਜਾਬ ਆਪਣੇ ਕੁਦਰਤੀ ਵਸੀਲਿਆਂ, ਅਧਿਆਤਮਿਕਤਾ, ਜੁਝਾਰੂਪਣ ਅਤੇ ਖੁੱਲ੍ਹਦਿਲੀ ਕਰਕੇ ਜਾਣਿਆ ਜਾਂਦਾ ਹੈ। ਹੀਣਤਾ ਅਤੇ ਬੇਇਖਲਾਕੀ ਨੂੰ ਇਹ ਧਰਤੀ ਝੱਲਦੀ ਨਹੀਂ। ਆਰੀਆਂ ਦੇ ਉਤਰ ਭਾਰਤ ਵੱਲ ਖਿਸਕਣ ਪਿੱਛੋਂ ਪੰਜਾਬ ਦੇ ਲੋਕ ਹਮੇਸ਼ਾ ਦੋਹਰੇ ਸੰਕਟ ਦਾ ਟਾਕਰਾ ਕਰਦੇ ਰਹੇ ਹਨ। ਲਹਿੰਦੇ ਪਾਸਿਓਂ ਯੂਨਾਨ, ਤੁਰਕ, ਮੰਗੋਲ ਅਤੇ ਅਫਗਾਨ ਹੱਲੇ ਹੁੰਦੇ ਰਹੇ ਅਤੇ ਚੜ੍ਹਦੇ ਪਾਸਿਓਂ ਬ੍ਰਾਹਮਣੀ ਵਰਣ-ਆਸ਼ਰਮ ਪ੍ਰਬੰਧ ਵੱਲੋਂ ਨਫਰਤ ਮਿਲਦੀ ਰਹੀ। ਲਹਿੰਦੇ ਵਾਲਿਆਂ ਲਈ ਪੰਜਾਬ, ਦਿੱਲੀ ਦੇ ਰਾਹ ਦਾ ਰੋੜਾ ਅਤੇ ਵਰਣ-ਵਿਵਸਥਾ ਤੋਂ ਆਕੀ ਹੋਣ ਕਰਕੇ ਬ੍ਰਾਹਮਣਵਾਦ ਲਈ ਵਰਣ-ਸ਼ੰਕਰ ਦਾ ਦੋਸ਼ੀ ਰਿਹਾ। ਇਹ ਧਰਤੀ ਬੋਧੀ, ਜੋਗੀ ਅਤੇ ਨਾਥ ਆਦਿ ਗੈਰ-ਬ੍ਰਾਹਮਣ ਫਿਰਕਿਆਂ ਦੀ ਆਖਰੀ ਪਨਾਹ ਰਹੀ। ਇੱਥੇ ਇਹ ਫਿਰਕੇ ਸੁਤੰਤਰ ਰਹੇ ਜਾਂ ਖਤਮ ਹੋ ਗਏ ਪਰ ਗੋਰਖਪੁਰ ਦੇ ਮਠਾਧੀਸ਼ ਵਾਂਗ ਹਿੰਦੂਤਵਾ ਦੇ ਪ੍ਰਚਾਰਕ ਨਹੀਂ ਬਣੇ।

ਮੌਜੂਦਾ ਭਾਰਤ ਡੂੰਘੇ ਸੰਕਟ ਵਿਚ ਫਸਿਆ ਹੋਇਆ ਹੈ। ਹਜ਼ਾਰ ਸਾਲ ਦੀ ਗੁਲਾਮੀ ਪਿੱਛੋਂ ਮਿਲੀ ਆਜ਼ਾਦੀ ਵਿਚ ਵੀ ਬ੍ਰਾਹਮਣਵਾਦੀ

ਹਰਦੇਵ ਸਿੰਘ

ਸਿਮਰਿਤੀ ਕਾਨੂੰਨ ਲਾਗੂ ਨਾ ਹੋਣ ਕਰਕੇ ਪਰੰਪਰਾਵਾਦੀ ਹਿੰਦੂ ਦੁਖੀ ਹੈ। ਸੈਕੂਲਰ ਲੋਕ ਵਧ ਰਹੀ ਫਿਰਕਾਪ੍ਰਤੀ ਤੋਂ ਪ੍ਰੇਸ਼ਾਨ ਹਨ। ਮੁਸਲਮਾਨ ਦੁਖੀ ਹੈ ਕਿਉਂਕਿ ਸਦੀਆਂ ਪਹਿਲਾਂ ਮੁਗਲ ਹਾਕਮਾਂ ਦੀਆਂ ਵਧੀਕੀਆਂ ਦਾ ਬਦਲਾ ਉਨ੍ਹਾਂ ਤੋਂ ਲਿਆ ਜਾ ਰਿਹੈ। ਲਗਭਗ ਇੱਕ ਸਦੀ ਪਹਿਲਾਂ ਪ੍ਰੋਫੈਸਰ ਪੂਰਨ ਸਿੰਘ ਨੇ ਸਾਈਮਨ ਕਮੀਸ਼ਨ ਨੂੰ ਲਿਖੀ ਚਿੱਠੀ ਵਿਚ ਅਜਿਹੀਆਂ ਸੰਭਾਵਨਾਵਾਂ ਵੱਲ ਇਸ਼ਾਰਾ ਕੀਤਾ ਸੀ। ਪੂਰਨ ਸਿੰਘ ਦੀ ਰਚਨਾ 'ਸਪਿਰਟ ਆਫ ਦਿ ਸਿੱਖ' ਅਨੁਸਾਰ ਵੈਦਿਕ ਪਰੰਪਰਾ ਆਪਣੇ ਆਤਮਿਕ ਸੋਮੇ ਤੋਂ ਟੁੱਟ ਰਹੀ ਹੈ। ਇਸ ਖੱਪੇ ਨੂੰ ਕਰਮਕਾਂਡ ਅਤੇ ਫਿਰਕਾਪ੍ਰਸਤੀ ਨਾਲ ਭਰਿਆ ਜਾ ਰਿਹਾ ਹੈ। ਭਾਰਤੀ ਸੰਵਿਧਾਨ ਆਜ਼ਾਦੀ ਤੇ ਬਰਾਬਰੀ ਦੀ ਗੱਲ ਕਰਦੈ ਅਤੇ ਬ੍ਰਾਹਮਣਵਾਦੀ ਪਰੰਪਰਾ ਚਾਰ ਵਰਣਾਂ ਦੀ। 'ਪਾਰਾਸ਼ਰ ਪ੍ਰਸ਼ਨ' ਵਿਚ ਸਿਰਦਾਰ ਕਪੂਰ ਸਿੰਘ ਨੇ ਲਿਖਿਐ ਕਿ ਬ੍ਰਾਹਮਣ, ਦਲਿਤਾਂ ਦੀ ਬਰਾਬਰੀ ਦੀ ਵਕਾਲਤ ਕਰ ਕੇ ਮਹਾਤਮਾ ਗਾਂਧੀ ਨਾਲ ਨਫਰਤ ਕਰਦਾ ਹੈ। ਸੱਤਰ ਸਾਲਾਂ ਬਾਅਦ ਭਗਵੀਂ ਪਾਰਟੀ ਦੀ ਸਰਕਾਰ ਬੇਸ਼ੱਕ ਰਾਮ ਮੰਦਰ ਬਣਾ ਰਹੀ ਹੈ ਪਰ ਉਹ ਵੀ ਸਮ੍ਰਿਤੀ ਮਰਿਯਾਦਾ ਨੂੰ ਲਾਗੂ ਨਹੀਂ ਕਰ ਸਕੇਗੀ। ਭਾਜਪਾ ਨੇ ਸਿਆਸੀ ਲਾਭ ਹਿਤ ਨਕਲੀ ਸ਼ੰਕਰਾਚਾਰਿਆ, ਸਾਧੂ ਸਮਾਜ ਅਤੇ ਗੈਰ-ਪਰੰਪਰਾਗਤ ਢਾਂਚੇ ਵਾਲੀਆਂ ਨਵੀਆਂ ਸੰਸਥਾਵਾਂ ਬਣਾ ਕੇ ਵੈਦਿਕ ਪਰੰਪਰਾ ਦਾ ਫਾਇਦਾ ਘੱਟ ਅਤੇ ਨੁਕਸਾਨ ਵਧੀਕ ਕੀਤਾ ਹੈ। ਇਸ ਲਈ ਪਰੰਪਰਾਵਾਦੀ ਸ਼ੰਕਰਾਚਾਰਿਆ ਉਸ ਤੋਂ ਵੀ ਨਾਖੁਸ਼ ਹਨ।


ਬੇਸ਼ੱਕ ਵਰਣ-ਆਸ਼ਰਮ ਨੂੰ ਵੇਦ ਨਾਲੋਂ ਛੇਕੜਲੇ ਵੈਦਿਕ ਸਾਹਿਤ ਖਾਸਕਰ ਸਮ੍ਰਿਤੀ ਦੀ ਉਪਜ ਮੰਨਣਾ ਵਧੇਰੇ ਠੀਕ ਹੈ। ਰਿਗਵੇਦ ਅੰਦਰ ਵਰਣ-ਵਿਵਸਥਾ ਦਾ ਬੀਜ ਮੰਨਿਆ ਜਾਂਦਾ ਪੁਰੁਸ਼ ਸੂਕਤ ਵਾਲਾ ਅਧਿਆਇ ਬਾਅਦ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਬਾਵਜੂਦ ਇਹ ਮੰਨਣਾ ਹੀ ਪੈਣਾ ਹੈ ਕਿ ਬ੍ਰਾਹਮਣਵਾਦ ਨੇ ਵਰਣ ਪ੍ਰਬੰਧ ਨੂੰ ਵੇਦ ਦਾ ਸਿਧਾਂਤ ਪ੍ਰਵਾਨ ਕਰਵਾ ਲਿਆ ਹੈ। ਵੇਦ ਨਿਰਦੇਸ਼ਿਤ ਵਰਣ-ਵਿਵਸਥਾ ਨੂੰ ਕੋਈ ਸਿਆਸੀ, ਸਮਾਜ ਸੇਵੀ ਜਾਂ ਦਾਰਸ਼ਨਿਕ ਆਗੂ ਰੱਦ ਨਹੀਂ ਕਰ ਸਕਦਾ। ਤੌਰੇਤ ਅਤੇ ਇੰਜੀਲ ਦੇ ਸੰਬੰਧ ਵਾਂਗ ਧਰਮ ਗ੍ਰੰਥ ਦੇ ਨਾਂ 'ਤੇ ਪ੍ਰਵਾਨ ਚੜ੍ਹੇ ਆਦੇਸ਼ ਅਤੇ ਮਰਿਆਦਾ ਨੂੰ ਧਰਮ ਗ੍ਰੰਥ ਹੀ ਸੋਧ ਸਕਦਾ ਹੈ। ਭਾਰਤ ਨੂੰ ਇਸ ਸੰਕਟ 'ਚੋਂ ਕੱਢਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਇੱਕੋ-ਇੱਕ ਵਸੀਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਵੱਖ-ਵੱਖ ਖੇਤਰ-ਸਮਾਜ-ਧਾਰਮਿਕ ਪਿਛੋਕੜ ਨਾਲ ਸੰਬੰਧਤ ਭਗਤਾਂ ਤੇ ਸੂਫੀਆਂ ਦੀ ਬਾਣੀ ਦੇ ਸਤਿਕਾਰ ਦੀ ਰਾਖੀ ਲਈ ਸਿਰ-ਧੜ ਦੀ ਬਾਜ਼ੀ ਲਾਉਣ ਵਾਲਾ ਪੰਜਾਬ ਅਸਲ ਵਾਰਸ ਬਣ ਕੇ ਉਭਰਿਆ ਹੈ। ਬਾਬਰ ਨੂੰ ਜਾਬਰ ਕਹਿਣ ਤੋਂ ਸਰਬੰਸਦਾਨ ਤੱਕ ਗੁਰੂ ਸਾਹਿਬਾਨ ਦੇ ਰੂਪ ਵਿਚ ਪੰਜਾਬ ਸਮੁੱਚੇ ਭਾਰਤ ਲਈ ਲੋਕ-ਪਰਲੋਕ ਦਾ ਨਾਇਕ ਰਿਹਾ ਹੈ। ਇਹ ਨਾਇਕਤਵ ਅਠਾਰਵੀਂ ਸਦੀ ਵਿਚ ਵੀ ਕਾਇਮ ਰਿਹਾ। ਇਸ ਸਮੇਂ ਗੁਰਮਤਿ ਸਿਧਾਂਤ ਅਤੇ ਗੁਰਇਤਿਹਾਸ ਦੀਆਂ ਸ੍ਰੀ ਗੁਰਬਿਲਾਸ ਪਾਤਿਸ਼ਾਹੀ ਦਸਵੀਂ ਆਦਿ ਰਚਨਾਵਾਂ ਪੂਰੇ ਉਤਰੀ ਭਾਰਤ ਵਿਚ ਪ੍ਰਵਾਨ ਚੜ੍ਹ ਰਹੀਆਂ ਸਨ। ਗੁਰਮੁਖੀ ਲਿੱਪੀ ਕਰਕੇ ਇਨ੍ਹਾਂ ਗ੍ਰੰਥਾਂ ਦਾ ਪਾਠੀ ਪਰਪੱਕ ਗੁਰਸਿੱਖ ਹੁੰਦਾ ਪਰ ਬ੍ਰਜ ਭਾਸ਼ਾ ਹੋਣ ਕਰਕੇ ਇਹ ਗ੍ਰੰਥ ਪੰਜਾਬ ਤੋਂ ਬਿਹਾਰ-ਬੰਗਾਲ ਤੱਕ ਸਮਝੇ ਜਾਂਦੇ ਸਨ। ਇਸ ਪੂਰੇ ਖਿੱਤੇ ਵਿਚ ਉਦਾਸੀ ਅਤੇ ਨਿਰਮਲ ਸਿੱਖ ਸੰਪ੍ਰਦਾਵਾਂ ਦੇ ਅਖਾੜੇ ਹੁਣ ਵੀ ਮੌਜੂਦ ਹਨ। ਭਗਤ ਸਾਹਿਬਾਨ ਨੇ ਵੈਦਿਕ ਪਰੰਪਰਾ ਦੇ ਅੰਧ-ਵਿਸ਼ਵਾਸ ਤੇ ਕਰਮਕਾਂਡ ਰੂਪੀ ਛਾਛ ਨੂੰ ਪਾਸੇ ਕਰ ਕੇ ਇੱਕ ਰੱਬ ਅਤੇ ਸਾਂਝੀਵਾਲਤਾ ਦਾ ਮੱਖਣ ਨਿਤਾਰਿਆ। ਗੁਰੂ ਸਾਹਿਬਾਨ ਵੱਲੋਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਸਥਾਪਨਾ ਰਾਹੀਂ ਧਰਮ ਜੰਗਲ-ਗੁਫਾ ਵਿਚੋਂ ਨਿਕਲ ਕੇ ਅਮਲੀ ਜੀਵਨ ਦਾ ਹਿੱਸਾ ਬਣਨ ਲੱਗਾ ਸੀ। ਬਰਤਾਨਵੀ ਉਪਨਿਵੇਸ਼ ਦੇ ਤਾਕਤਵਰ ਹੋਣ ਨਾਲ ਬਹੁਤ ਵੱਡੀਆਂ ਤਬਦੀਲੀਆਂ ਵਾਪਰੀਆਂ। ਪੰਜਾਬ ਵਿਚੋਂ ਉਠ ਰਹੇ ਸਿੱਖ ਇਨਕਲਾਬ ਨੂੰ ਅੰਗਰੇਜ਼ ਵਾਚ ਰਹੇ ਸਨ। ਬਾਬਾ ਬੰਦਾ ਸਿੰਘ ਵੱਲੋਂ ਖਾਲਸਾ ਰਾਜ ਦੀ ਸਥਾਪਨਾ, ਸ਼ਹਾਦਤਾਂ ਅਤੇ ਮਿਸਲਾਂ ਦਾ ਜਥੇਬੰਧਕ ਪ੍ਰਬੰਧ ਉਨ੍ਹਾਂ ਵੇਖ ਲਿਆ ਸੀ। ਇਸ ਇਨਕਲਾਬੀ ਵਿਸ਼ਵਾਸ ਦੀ ਥਾਂ ਉਨ੍ਹਾਂ ਦੀ ਰੁਚੀ ਕਲਾਸੀਕਲ ਸੰਸਕ੍ਰਿਤ, ਮਿਥਿਹਾਸ ਅਤੇ ਟੌਟਮ-ਟੈਬ ਜਿਹੇ ਆਦਿਮ ਵਿਸ਼ਵਾਸਾਂ ਵਿਚ ਵਧੇਰੇ ਸੀ। ਸ਼ਾਇਦ ਇਹ ਉਨ੍ਹਾਂ ਦੇ ਰਾਜਸੀ ਹਿਤਾਂ ਲਈ ਵਧੇਰੇ ਸੁਰੱਖਿਅਤ ਨੀਤੀ ਵੀ ਸੀ। ਰਾਜਪੂਤ, ਮਰਾਠੇ ਅਤੇ ਜਾਟਾਂ ਨੂੰ ਛੱਡ ਕੇ ਹੋਰ ਸਮੁੱਚੇ ਹਿੰਦੂ ਸਮਾਜ ਨੂੰ ਰਾਜਨੀਤੀ ਅਤੇ ਕੌਮੀਅਤ ਵਿਚ ਕੋਈ ਰੁਚੀ ਨਹੀਂ ਸੀ। ਮੁਸਲਮਾਨਾਂ ਅਤੇ ਸਿੱਖਾਂ ਅੰਦਰ ਕਦੀ ਵੀ ਕੌਮੀ ਜਜ਼ਬਾ ਦੁਬਾਰਾ ਫੁੱਟ ਸਕਦਾ ਸੀ ਅਤੇ ਉਨ੍ਹਾਂ ਦਾ ਹਰੇਕ ਬੰਦਾ ਜੰਗ ਲੜ ਸਕਦਾ ਅਤੇ ਅੰਗਰੇਜ਼ੀ ਰਾਜ ਲਈ ਚੁਣੌਤੀ ਖੜ੍ਹੀ ਕਰ ਸਕਦਾ ਸੀ। ਸ਼ਾਇਦ ਇਸੇ ਕਰਕੇ ਬਰਤਾਨਵੀ ਅਕਾਦਮਿਕ ਅਦਾਰਿਆਂ ਅੰਦਰੋਂ ਵੈਦਿਕ ਪੁਨਰ-ਜਾਗਰਣ ਦੀਆਂ ਲਹਿਰਾਂ ਉਠਣ ਲੱਗੀਆਂ। ਕਾਫੀ ਪਛੜ ਕੇ ਇਨ੍ਹਾਂ ਸ਼ਰਤਾਂ 'ਤੇ ਹੀ ਮੁਲਸਮਾਨ ਅਤੇ ਸਿੱਖ ਸੁਧਾਰ ਲਹਿਰਾਂ ਵੀ ਚੱਲੀਆਂ। ਖਾਲਸਾ ਰਾਜ ਦੇ ਖਾਤਮੇ ਅਤੇ ਰਿਆਸਤੀ ਸਿੱਖ ਸਰਦਾਰਾਂ ਦੇ ਸ਼ਖ਼ਸੀ ਨਿਘਾਰ ਨੇ ਇਸ ਪੂਰੇ ਖਿੱਤੇ ਉਪਰ ਸਿੱਖ ਪੰਥ ਦੀ ਦਿੱਬਤਾ ਅਤੇ ਅਜਿੱਤ ਹੋਣ ਦੀ ਛਾਪ ਨੂੰ ਢਾਹ ਲਾਈ। ਅੰਗਰੇਜ਼ੀ ਰਾਜ ਦੌਰਾਨ ਵੀ ਪੰਜਾਬ ਅਤੇ ਭਾਰਤ ਦੇ ਸਰੋਕਾਰ ਸਾਂਝੇ ਸਨ। ਪੰਜਾਬ ਨੇ ਲਾਮਿਸਾਲ ਕੁਰਬਾਨੀਆਂ ਵੀ ਦਿੱਤੀਆਂ ਪਰ ਪੰਜਾਬ ਹੁਣ ਭਾਰਤ ਲਈ ਪਹਿਲਾਂ ਵਾਲਾ ਨਾਇਕ ਨਹੀਂ ਸਗੋਂ ਇੱਕ ਜੁਝਾਰੂ ਅੰਗ ਬਣ ਰਿਹਾ ਸੀ।

ਇਸ ਤਬਦੀਲੀ ਨੂੰ ਸਿੰਘ ਸਭਾ ਲਹਿਰ ਪਛਾਣਿਆ ਜੋ ਅੱਗੇ ਚੱਲ ਕੇ ਗੁਰਦੁਆਰਾ ਸੁਧਾਰ ਲਹਿਰ ਦਾ ਆਧਾਰ ਬਣੀ। ਮਹਾਤਮਾ ਗਾਂਧੀ ਨੇ ਭਾਰਤ ਨੂੰ ਇੱਕ ਕੌਮੀਅਤ ਬਣਾਉਣ ਖਾਤਰ ਹੋਰ ਪਛਾਣਾਂ ਵਾਂਗ ਪੰਜਾਬ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ। ਉਹ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਰਤਾਂ ਸਹਿਤ ਸ਼ਾਮਲ ਹੋਇਆ ਅਤੇ ਉਸ ਨੇ ਸਿੱਖ ਸਿਆਸਤ ਨੂੰ ਰਾਸ਼ਟਰੀ ਸਿਆਸਤ ਦੇ ਰਾਹੇ ਪਾਇਆ। ਹਿੰਦੀ-ਹਿੰਦੁਸਤਾਨ ਦੇ ਮੁੱਦਈ ਸ਼ਹੀਦ ਭਗਤ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਵਰਗੇ ਲਾਮਿਸਾਲ ਯੋਧਿਆਂ ਦੇ ਮੁਕਾਬਲੇ ਵੱਧ ਉਭਾਰਿਆ ਗਿਆ, ਜੋ ਸਿੱਖੀ ਸਰੂਪ ਅਤੇ ਪੰਜਾਬ ਦੀ ਮੌਲਿਕਤਾ ਦੇ ਵਧੀਕ ਨੇੜੇ ਸਨ। ਮੁਲਕ ਆਜ਼ਾਦ ਹੋਇਆ। ਕਾਂਗਰਸ ਨੇ ਖੇਤਰੀ ਧਿਰਾਂ ਨੂੰ ਵਿਰੋਧੀ ਖੇਮੇ ਵਿਚ ਧੱਕ ਦਿੱਤਾ। ਪੰਜਾਬ ਨੂੰ ਉਸ ਦੀ 'ਅਸਲ ਥਾਂ' ਦੱਸਣ ਦੀ ਕਵਾਇਦ ਸ਼ੁਰੂ ਹੋਈ। ਕਾਂਗਰਸੀ ਰਾਸ਼ਟਰਵਾਦ ਨੇ ਹੌਲੀ-ਹੌਲੀ ਬ੍ਰਾਹਮਣਵਾਦ ਵੱਲ ਝੁਕਣਾ ਸ਼ੁਰੂ ਕਰ ਦਿੱਤਾ ਪਰ ਉਸ ਨੂੰ ਦਿਸਦੇ ਰੂਪ ਵਿਚ ਆਪਣੇ ਧਰਮ-ਨਿਰਪੇਖ ਅਕਸ ਨੂੰ ਬਚਾਈ ਰੱਖਣ ਦੀ ਵੀ ਚਿੰਤਾ ਸੀ। ਧਰਮ-ਨਿਰਪੇਖ ਰਾਸ਼ਟਰਵਾਦ ਅਤੇ ਬ੍ਰਾਹਮਣਵਾਦ ਦੇ ਟਾਕਰੇ ਸਦਕਾ ਵਧੀ ਬੇਚੈਨੀ ਨੂੰ ਜਨਸੰਘ ਨੇ ਵੱਟਣਾ ਸ਼ੁਰੂ ਕਰ ਦਿੱਤਾ, ਜਿਸ ਵਿਚੋਂ ਨੱਬੇਵਿਆਂ ਦੌਰਾਨ ਹਿੰਦੂਤਵਾ ਦਾ ਸਿਆਸੀ ਉਭਾਰ ਹੋਇਆ।

ਸੂਬਿਆਂ ਨੂੰ ਵੱਧ ਹੱਕ ਦੇਣ ਦੀ ਮੰਗ ਨਾਲ 'ਧਰਮ ਯੁੱਧ ਮੋਰਚਾ' ਸ਼ੁਰੂ ਹੋਇਆ। ਕੇਂਦਰ ਨੇ ਇਸ ਮੋਰਚੇ ਨੂੰ ਫਿਰਕੂ ਰੰਗਤ ਦੇ ਕੇ ਪੰਜਾਬ ਨੂੰ ਹਾਸ਼ੀਏ 'ਤੇ ਧੱਕਿਆ ਅਤੇ ਜਬਰ ਚੱਕਰ ਸ਼ੁਰੂ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ ਉਪਰ ਤੀਜਾ ਘੱਲੂਘਾਰਾ ਵਾਪਰਿਆ। ਕੁਝ ਵਰ੍ਹੇ ਪਹਿਲਾਂ ਸੱਤਰ ਹਜ਼ਾਰ ਪਾਕਿਸਤਾਨੀ ਸਿਪਾਹੀਆਂ ਦੇ ਹਥਿਆਰ ਸੁਟਵਾਉਣ ਵਾਲੀ ਭਾਰਤੀ ਫੌਜ ਦੀਆਂ ਮੁੱਠੀ-ਭਰ ਬੇਵਤਨੇ ਸਿੱਖਾਂ ਸਾਹਮਣੇ ਤਰੇਲੀਆਂ ਛੁੱਟਦੀਆਂ ਦੁਨੀਆਂ ਨੇ ਵੇਖੀਆਂ। ਸਾਕਾ ਨੀਲਾ ਤਾਰਾ ਸਿੱਖ ਗਗਨ ਮੰਡਲ ਦਾ ਧਰੂ ਤਾਰਾ ਹੋ ਨਿੱਬੜਿਆ।

ਖਾੜਕੂ ਲਹਿਰ ਵਿਚ ਕੁੱਝ ਮੌਕਿਆਂ 'ਤੇ ਖਾੜਕੂਆਂ ਦੇ ਅਸਲੇ ਨੇ ਸਿੱਖ ਯੋਧਿਆਂ ਵਾਲੀ ਮਰਿਯਾਦਾ ਨੂੰ ਉਲੰਘਿਆ। ਯੋਧਿਆਂ ਦੇ ਨਾਂ 'ਤੇ ਬਹੁਤੇ ਕਾਰੇ ਸਰਕਾਰੀ ਕਾਲੀਆਂ ਬਿੱਲੀਆਂ ਵੱਲੋਂ ਕੀਤੇ ਗਏ। ਸਮੁੱਚੇ ਰੂਪ ਵਿਚ ਇਸ ਲਹਿਰ ਦਾ ਕਿਰਦਾਰ ਸਿੱਖੀ ਆਦਰਸ਼ਨ ਨੂੰ ਹੀ ਪ੍ਰਣਾਇਆ




ਰਿਹਾ। ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਸਿੱਖ ਫੌਜ ਦੇ ਬਰਤਾਨਵੀ ਕੰਪਨੀ ਨਾਲ ਜੰਗ ਬਾਰੇ ਸਿਰਦਾਰ ਕਪੂਰ ਸਿੰਘ ਦੀ ਟਿੱਪਣੀ ਮੁੱਲਵਾਨ ਹੈ। ਲਾਹੌਰ ਦਾ ਸ਼ਾਹੀ ਪਰਿਵਾਰ ਅਤੇ ਦਰਬਾਰੀ ਭਰੋਸੇਯੋਗਤਾ ਗਵਾ ਚੁੱਕੇ ਸਨ। ਫੌਜ ਜਾਣਦੀ ਸੀ ਕਿ ਹਾਰ ਹੋਣੀ ਤੈਅ ਹੈ ਪਰ ਉਨ੍ਹਾਂ ਨੇ ਸ਼ਹਾਦਤ ਦੇ ਕੇ ਆਪਣੀ ਸੁਚੀ ਵਤਨਪ੍ਰਸਤੀ, ਸਵੈਮਾਣ ਅਤੇ ਅਕੀਦਤ ਨੂੰ ਇਤਿਹਾਸ ਦੇ ਪੰਨਿਆਂ 'ਤੇ ਦਰਜ ਕਰ ਦਿੱਤਾ। ਇਸ ਪਵਿੱਤਰਤਾ ਨੇ ਪੰਜਾਬ ਨੂੰ ਅਤਿ-ਨਿਰਾਸ਼ਾ ਦੇ ਦੌਰ ਵਿਚ ਮੁੜ ਉਠ ਖਲੋਣ ਦੀ ਪ੍ਰੇਰਨਾ ਦਿੰਦੇ ਰਹਿਣਾ ਹੈ। ਖਾੜਕੂ ਲਹਿਰ ਬਿਨਾ ਕਿਸੇ ਮੁਲਕ ਦੀ ਹਮਾਇਤ, ਆਰਥਿਕ ਵਸੀਲੇ ਅਤੇ ਸਿਆਸੀ ਜਥੇਬੰਦੀ ਵੱਡੇ ਨਿਸ਼ਾਨੇ ਫੁੰਡਦੀ ਹੋਈ ਸਿੱਖ ਅਵਚੇਤਨ ਵਿਚ ਸਮਾ ਗਈ।

ਆਰੀਆ ਸਮਾਜ ਦੇ ਵੈਦਿਕ ਪੁਨਰ-ਜਾਗਰਨ ਅਤੇ ਮਹਾਤਮਾ ਗਾਂਧੀ ਤੇ ਭਗਤ ਸਿੰਘ ਦੇ ਰਾਸ਼ਟਰਵਾਦੀ ਬਿਰਤਾਂਤ ਦੇ ਸਮਾਨਾਂਤਰ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ 'ਹਮ ਹਿੰਦੂ ਨਹੀਂ' ਵੱਖਰਾ ਬਿਰਤਾਂਤ ਸਿਰਜ ਰਹੀ ਸੀ। ਭਾਈ ਵੀਰ ਸਿੰਘ ਰਾਸ਼ਟਰੀ ਆਜ਼ਾਦੀ ਲਹਿਰ ਤੋਂ ਉਪਰਾਮ ਰਹੇ ਅਤੇ ਪ੍ਰੋ਼ਫੈਸਰ ਪੂਰਨ ਸਿੰਘ ਨੇ ਪੰਜਾਬ ਨੂੰ ਮੁੜ ਘਰ ਆਉਣ ਦੇ ਸੱਦੇ ਦਿੱਤੇ। ਜਸਬੀਰ ਸਿੰਘ ਆਹਲੂਵਾਲੀਆ ਠੀਕ ਹੀ 'ਹਮ ਹਿੰਦੂ ਨਹੀਂ' ਨੂੰ ਸਿੰਘ ਸਭਾ ਲਹਿਰ ਦਾ ਕੇਂਦਰੀ ਨੁਕਤਾ ਦਸਦਾ ਹੈ। ਇਸੇ ਟਕਰਾਅ ਨੇ ਪੰਜਾਬੀ, ਪੰਜਾਬ ਅਤੇ ਸਿੱਖੀ ਦੀ ਮੁਖਾਲਫਤ ਤੋਂ ਹੁੰਦਿਆਂ ਹੋਇਆਂ ਸਾਕਾ ਨੀਲਾ ਤਾਰਾ ਦਾ ਆਧਾਰ ਤਿਆਰ ਕੀਤਾ।

ਸਰਕਾਰੀ ਪ੍ਰਾਪੇਗੰਡੇ ਦੇ ਬਾਵਜੂਦ ਸਾਕੇ ਦਾ ਸੱਚ ਸਾਹਮਣੇ ਆਉਣ ਲੱਗਾ। ਧਰਮਯੁੱਧ ਮੋਰਚੇ ਦੀਆਂ ਕਈ ਮੰਗਾਂ ਸਮੇਂ ਦੀ ਚਾਲ ਨਾਲ ਆਪਣੇ-ਆਪ ਪ੍ਰਵਾਨ ਹੋ ਰਹੀਆਂ ਹਨ। ਕੇਂਦਰਵਾਦੀ ਸਿਆਸੀ ਪਾਰਟੀਆਂ ਨੇ ਵੀ ਭਾਰਤ ਦੇ ਬਹੁ-ਕੌਮੀ ਖਾਸੇ ਨੂੰ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜੋ ਧਰਮ-ਯੁੱਧ ਮੋਰਚੇ ਦੀ ਵਾਜਬੀਅਤ ਦਾ ਪ੍ਰਮਾਣ ਹੈ। ਅੱਧੀ ਸਦੀ ਹਿੰਦੀ ਦੀ ਵਕਾਲਤ ਕਰਨ ਪਿੱਛੋਂ ਜਨਸੰਘੀਆਂ (ਪੰਜਾਬ ਭਾਜਪਾ) ਨੇ ਮੰਨਿਆ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ। ਸੰਤ ਜਰਨੈਲ ਸਿੰਘ ਦੇ ਬਿੰਬ ਨੇ ਪੰਜਾਬ ਦੇ ਮਨ ਅੰਦਰ ਭਗਤ ਸਿੰਘ ਨਾਲੋਂ ਵੱਡੀ ਥਾਂ ਬਣਾਈ ਹੈ। ਇਹ ਪੰਜਾਬ ਦੀ ਰਾਸ਼ਟਰਵਾਦੀ ਯਾਤਰਾ ਤੋਂ ਮੁੜ ਘਰ ਵਾਪਸੀ ਵਾਂਗ ਹੈ। ਕਿਸਾਨੀ ਮੋਰਚੇ ਰਾਹੀਂ ਸਾਰਾ ਸੰਸਾਰ ਪੰਜਾਬ ਦੀ ਚੜ੍ਹਦੀਕਲਾ ਦਾ ਗਵਾਹ ਬਣਿਆ ਹੈ। ਪੱਤਰਕਾਰ ਰਵੀਸ਼ ਕੁਮਾਰ ਦੀ ਟਿੱਪਣੀ ਅਨੁਸਾਰ 'ਸੰਤਾਲੀ, ਚੁਰਾਸੀ ਝੱਲ ਕੇ ਵੀ ਪੰਜਾਬ ਅੰਦਰ 'ਹੋਰਾਂ' ਪ੍ਰਤੀ ਡਰ ਅਤੇ ਨਫਰਤ ਦੀ ਭਾਵਨਾ ਪੈਦਾ ਨਹੀਂ ਹੋਈ।' ਸਿੱਖਾਂ ਵੱਲੋਂ ਕੁਦਰਤੀ ਆਫਤ, ਜੰਗ, ਮਹਾਂਮਾਰੀ ਅਤੇ ਦੰਗਿਆਂ ਵਿਚ ਫਸੇ ਲੱਖਾਂ ਲੋਕਾਂ ਦੀ ਬਿਨਾਂ ਵਿਤਕਰੇ ਕੀਤੀ ਸੇਵਾ ਦੀ ਤਸਦੀਕ ਵਜੋਂ ਸੱਤ ਸਮੁੰਦਰੋਂ ਪਾਰ ਤੱਕ ਕੇਸਰੀ ਨਿਸ਼ਾਨ ਸਾਹਿਬ ਝੂਲੇ ਹਨ।

ਭ੍ਰਿਸ਼ਟਾਚਾਰ ਵਿਰੋਧੀ ਲਹਿਰ 'ਚੋਂ ਉਭਰੇ ਸ੍ਰੀ ਅਰਵਿੰਦ ਕੇਜਰੀਵਾਲ ਦਾ ਕਾਂਗਰਸ ਅਤੇ ਹਿੰਦੁਤਵਾ ਜਮਾਤਾਂ ਤੋਂ ਵੱਖਰਾ ਸਿਆਸੀ ਦਲ ਕਾਇਮ ਕਰਨਾ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਕੇਜਰੀਵਾਲ ਦਾ ਰਾਸ਼ਟਰਵਾਦ ਅਤੇ ਸੁਧਾਰਵਾਦ ਮਹਾਤਮਾ ਗਾਂਧੀ ਦੇ ਅਹਿੰਸਕ ਸੁਤੰਤਰਤਾ ਸੰਗਰਾਮ ਨਾਲ ਮੇਲ ਖਾਂਦਾ ਹੈ। ਰਾਜਮੋਹਨ ਗਾਂਧੀ (ਪੰਜਾਬ: ਔਰੰਗਜ਼ੇਬ ਤੋਂ ਮਾਉਂਟਬੇਟਨ ਤੱਕ) ਅਨੁਸਾਰ ਮਹਾਤਮਾ ਗਾਂਧੀ ਪੰਜਾਬ ਨੂੰ ਅਤੇ ਪੰਜਾਬ ਮਹਾਤਮਾ ਗਾਂਧੀ ਨੂੰ ਸਮਝ ਨਹੀਂ ਸੀ ਸਕਿਆ। ਕੇਜਰੀਵਾਲ ਮਹਾਤਮਾ ਗਾਂਧੀ ਦੀ ਥਾਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਵੱਧ ਵਰਤਦਾ ਹੈ।

ਕਿਸੇ ਸਿਆਸੀ ਜਮਾਤ ਕੋਲ ਪੰਜਾਬ ਦੇ ਬਾਣੀ, ਪਾਣੀ ਅਤੇ ਹਾਣੀ ਦੇ ਮਸਲੇ ਦਾ ਠੋਸ ਹੱਲ ਨਹੀਂ ਹੈ। ਪਿਛਲੀ ਅੱਧੀ ਸਦੀ ਤੋਂ ਪੰਜਾਬ ਨਾਲ ਹੋਏ ਵਿਤਕਰੇ ਅਤੇ ਕੁਦਰਤੀ ਵਸੀਲਿਆਂ (ਪਾਣੀ) ਦੀ ਲੁੱਟ ਦੇ ਨਤੀਜੇ ਵਜੋਂ ਪੰਜਾਬ ਕਰਜ਼ੇ ਦੀ ਪੰਡ ਅਤੇ ਰੋਗਾਂ ਦੀ ਮਾਰ ਹੇਠ ਆ ਚੁਕਿਆ ਹੈ। ਸਿੱਖਿਆ ਤੇ ਸਿਹਤ ਸੰਸਥਾਵਾਂ ਤਬਾਹੀ ਕੰਢੇ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਾ ਅਤੇ ਗੈਂਗਵਾਰ ਵਧ ਰਹੇ ਹਨ। ਨੌਜਵਾਨੀ ਵਿਦੇਸ਼ ਜਾ ਰਹੀ ਹੈ ਜਿਸ ਨਾਲ ਹੋਰ ਕਈ ਗੰਭੀਰ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਮਸਲੇ ਪੇਸ਼ ਆਉਣੇ ਹਨ। ਪੇਂਡੂ ਤੇ ਜੱਟ ਹੀ ਨਹੀਂ ਸਗੋਂ ਸ਼ਹਿਰੀ ਹਿੰਦੂ ਮੱਧਵਰਗੀ ਨੌਜਵਾਨ ਵੀ ਵਿਦੇਸ਼ ਜਾਣ ਲਈ ਮਜਬੂਰ ਹੈ।

ਤਮਾਮ ਸਿਆਸੀ ਪਾਰਟੀਆਂ ਵੱਲੋਂ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਪ੍ਰਤੀ ਹਾਂਵਾਚੀ ਰਵੱਈਏ ਦੇ ਉਲਟ ਪ੍ਰੋਫੈਸਰ ਭੁੱਲਰ ਦੀ ਰਿਹਾਈ ਵਿਚ ਕੇਜਰੀਵਾਲ ਅੜਿੱਕਾ ਬਣਿਆ ਹੈ। ਪੰਜਾਬ ਵਿਚ ਖਲੋ ਕੇ ਦਰਿਆਈ ਪਾਣੀਆਂ 'ਤੇ ਦਿੱਲੀ ਦਾ ਹੱਕ ਦੱਸਿਆ ਜਾ ਰਿਹੈ ਅਤੇ ਇਸ਼ਤਿਹਾਰ ਹਿੰਦੀ ਵਿਚ ਲੱਗ ਰਹੇ ਹਨ। ਸੁਹਿਰਦ ਲੋਕਾਂ ਵੱਲੋਂ 'ਆਪ' ਦੀ ਪੰਜਾਬ ਪਹੁੰਚ ਬਾਰੇ ਕੀਤੇ ਸਵਾਲਾਂ ਨੂੰ ਸਿਰਫ ਪਾਰਟੀਬਾਜ਼ੀ ਆਖ ਕੇ ਚੁੱਪ ਕਰਾਇਆ ਜਾ ਰਿਹਾ ਹੈ।

ਪੰਜਾਬ ਦੇ ਮੋਰਚਿਆਂ ਦੌਰਾਨ ਭਾਰਤ ਦੇ ਹੱਕ ਵਿਚ ਭੁਗਤਣ ਵਾਲੇ ਸਾਰੇ ਪੰਜਾਬੀ ਬੇਈਮਾਨ ਜਾਂ ਸਿੱਖ ਵਿਰੋਧੀ ਨਹੀਂ ਸਨ। ਵੱਡਾ ਹਿੱਸਾ ਵਾਇਆ ਭਗਤ ਸਿੰਘ ਹਿੰਦੀ-ਹਿੰਦੁਸਤਾਨ ਦੇ ਰਾਸ਼ਟਰਵਾਦੀ ਮਾਇਆ ਜਾਲ ਵਿਚ ਕੀਲਿਆ ਹੋਇਆ ਵੀ ਸੀ।

ਸੰਕਟ ਦੇ ਮੂੰਹ ਆਏ ਭਾਰਤੀ ਰਾਸ਼ਟਰਵਾਦ ਵਿਚੋਂ ਪੰਜਾਬ ਕੀ ਹਾਸਲ ਕਰੇਗਾ? ਇਹ ਵੱਡਾ ਸਵਾਲ ਹੈ। ਪੰਜਾਬ ਦੀ ਮੌਲਿਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੰਨ-ਸੁਵੰਨਤਾ, ਆਜ਼ਾਦੀ ਅਤੇ ਬਰਾਬਰਤਾ ਦੇ ਸਿਧਾਂਤ ਵਿਚ ਹੈ ਜਿਸ ਰਾਹੀਂ ਸਦੀਆਂ ਤੋਂ ਚੱਲੇ ਆਉਂਦੇ ਜਾਤ, ਵਰਗ ਅਤੇ ਫਿਰਕੇ ਦੇ ਪਾੜੇ ਨੂੰ ਮੇਟਿਆ ਜਾ ਸਕਦਾ ਹੈ। ਇਸ ਮੌਲਿਕਤਾ ਅੰਦਰ ਸਮੁਚੇ ਵਿਸ਼ਵ ਲਈ ਦਇਆ, ਸੰਤੋਖ ਅਤੇ ਸੇਵਾ ਜਿਹੀਆਂ ਵੱਡੀਆਂ ਬਖ਼ਸ਼ਿਸ਼ਾਂ ਮੌਜੂਦ ਹਨ। ਪੰਜਾਬ ਨੂੰ ਹੋਰ ਸਾਂਚਿਆਂ ਵਿਚ ਫਸਾਉਣ ਦੀ ਕੋਸ਼ਿਸ਼ ਕਰਨਾ ਇੱਕ ਉਪਕਾਰੀ ਅਤੇ ਮੌਲਿਕ ਤਰਜ਼ੇ-ਜ਼ਿੰਦਗੀ ਨੂੰ ਖਤਮ ਕਰਨਾ ਹੈ, ਜੋ ਮਨੁੱਖਤਾ ਅਤੇ ਕੁਦਰਤ ਦੇ ਖ਼ਿਲਾਫ ਵੱਡਾ ਅਪਰਾਧ ਹੋਵੇਗਾ।

## ਮਿੰਨੀ ਕਹਾਣੀ

## ਸਿੱਕਾ

ਟ੍ਰੇਨ ਤੇਜ਼ੀ ਨਾਲ ਜਾ ਰਹੀ ਸੀ। ਉਹ ਚੁੱਪਚਾਪ ਆਪਣੇ ਪਿਤਾ ਦੀ ਉਂਗਲ ਫੜੀ ਦੋ ਸੀਟਾਂ ਦੇ ਵਿਚਕਾਰ ਸੁੰਗੜਿਆ ਜਿਹਾ ਬੈਠਾ ਸੀ। ਮੈਲਾ-ਕੁਚੈਲਾ ਜਿਹਾ, ਪੁਰਾਣਾ ਸ਼ਰਟ ਅਤੇ ਹਾਫ਼ ਪੈਂਟ ਪਹਿਨੀ। ਆਉਂਦੇ-ਜਾਂਦੇ ਯਾਤਰੀਆਂ ਅਤੇ ਹਾਕਰਾਂ ਦੇ ਪੈਰਾਂ ਦੀ ਠੋਕਰ ਤੋਂ ਖੁਦ ਨੂੰ ਬਚਾਉਂਦਿਆਂ।



ਟ੍ਰੇਨ ਵਿਚ ਅਕਸਰ ਮੂੰਗਫਲੀ

ਮੂਲ: ਅਲਕਾ 'ਸੋਨੀ'
ਅਨੁ: ਪ੍ਰੋ. ਨਵ ਸੰਗੀਤ ਸਿੰਘ
91+94176-92015

ਅਤੇ ਹੋਰ ਚੀਜ਼ਾਂ ਵੇਚਣ ਵਾਲੇ ਆਉਂਦੇ। ਉਹ ਹਸਰਤ-ਭਰੀਆਂ ਨਜ਼ਰਾਂ ਨਾਲ ਕਦੇ ਉਨ੍ਹਾਂ ਚੀਜ਼ਾਂ ਨੂੰ, ਕਦੇ ਆਪਣੇ ਪਿਤਾ ਵੱਲ ਵੇਖਦਾ। ਪਿਤਾ ਆਪਣੀ ਮਜਬੂਰੀ ਸਮਝ ਕੇ ਉਸ ਵੱਲ ਨਜ਼ਰਾਂ ਮਿਲਾਉਣ ਤੋਂ ਕਤਰਾਉਂਦੇ ਰਹੇ।

ਉਸ ਦੇ ਬਿਲਕੁਲ ਸਾਹਮਣੇ ਉਸੇ ਦੀ ਉਮਰ ਦਾ ਇਕ ਹੋਰ ਬੱਚਾ ਬੈਠਾ ਸੀ। ਆਪਣੇ ਪਰਿਵਾਰ ਨਾਲ। ਵੇਖਣ ਨੂੰ ਖ਼ੁਸ਼ਹਾਲ ਘਰ ਦੇ ਲੱਗਦੇ ਸਨ।



ਬੱਚਾ ਕਾਫੀ ਸ਼ਰਾਰਤੀ ਸੀ। ਉਹ ਸਾਰੇ ਜਣੇ ਆਪਸ ਵਿਚ ਹੱਸ-ਬੋਲ ਵੀ ਰਹੇ ਸਨ।

'ਪਾਪਾ, ਨਦੀ ਕਦੋਂ ਆਵੇਗੀ?' ਉਸ ਬੱਚੇ ਨੇ ਆਪਣੇ ਪਿਤਾ ਤੋਂ ਪੁੱਛਿਆ।

'ਬਸ ਥੋੜ੍ਹੀ ਦੇਰ ਵਿਚ। ਕਿਉਂ?' ਪਿਤਾ ਨੇ ਪੁੱਛਿਆ।

ਬੱਚੇ ਨੇ ਜਵਾਬ ਦਿੱਤਾ, 'ਮੈਂ ਨਦੀ ਤੋਂ ਇਕ ਵਿਸ਼ ਮੰਗਣੀ ਹੈ। ਇਕ ਵੱਡਾ ਸਿੱਕਾ ਦਿਓ ਮੈਨੂੰ।'

'ਅੱਛਾ, ਕੀ ਮੰਗੇਂਗਾ ਵਿਸ਼ ਵਿਚ ਤੂੰ?' ਉਹਦੇ ਪਿਤਾ ਨੇ ਪਿਆਰ ਨਾਲ ਪੁੱਛਿਆ।

ਬੱਚੇ ਨੇ ਕੋਈ ਜੁਆਬ ਨਾ ਦਿੱਤਾ।

ਜਿਉਂ ਹੀ ਨਦੀ ਆਉਣ ਵਾਲੀ ਹੋਈ, ਉਹਦੇ ਪਿਤਾ ਨੇ ਉਹਨੂੰ ਦਸ ਰੁਪਏ ਦਾ ਇਕ ਸਿੱਕਾ ਕੱਢ ਕੇ ਦਿੱਤਾ। ਬੱਚੇ ਨੇ ਅੱਖਾਂ ਬੰਦ ਕੀਤੀਆਂ ਅਤੇ ਕੁਝ ਬੁੜਬੁੜਾਇਆ। ਫ਼ਿਰ ਹੱਥ ਬਾਹਰ ਕੱਢ ਕੇ ਉਸ ਸਿੱਕੇ ਨੂੰ ਨਦੀ ਵਿਚ ਉਛਾਲ ਦਿੱਤਾ। ਹੇਠਾਂ ਬੈਠਾ ਬੱਚਾ ਉਸ ਸਿੱਕੇ ਨੂੰ ਹਵਾ ਵਿਚ ਲਹਿਰਾ ਕੇ ਡਿਗਦੇ ਹੋਏ ਵੇਖ ਰਿਹਾ ਸੀ। ਇਕ ਬੱਚੇ ਦੀਆਂ ਅੱਖਾਂ ਵਿਸ਼ ਮੰਗਣ ਲਈ ਬੰਦ ਸਨ ਅਤੇ ਦੂਜੇ ਦੀਆਂ ਅੱਖਾਂ ਖੁੱਲ੍ਹੀਆਂ।

ਵਿਅੰਗ

# ਯਾਰਾਂ ਦੀ ਥਾਂ ਯਾਰ ਖੜ੍ਹਦੇ, ਕੰਮ ਆਉਣ ਨਾ ਸੁਨੱਖੀਆਂ ਨਾਰਾਂ...

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਸਾਡੇ ਦੋਸਤ ਦੇ ਘਰ ਰੱਬ ਨੇ ਪੁੱਤਰ ਦੀ ਦਾਤ ਬਖ਼ਸ਼ੀ। ਬੜੀ ਖ਼ੁਸ਼ੀ ਹੋਈ। ਹੋਣੀ ਹੀ ਸੀ। ਸਾਡੇ ਪ੍ਰਮ-ਮਿੱਤਰ ਨੂੰ ਅਕਾਲ ਪੁਰਖ ਨੇ ਤਿੰਨ ਕੁੜੀਆਂ ਤੋਂ ਬਾਅਦ ਕਾਕਾ ਜੀ ਦੀ ਅਦੁਤੀ ਦਾਤ ਦਿੱਤੀ ਸੀ। ਅਸੀਂ ਬਿਨਾ ਮੌਜਿਆਂ ਤੋਂ ਹੀ ਹਸਪਤਾਲ ਨੂੰ ਭੱਜ ਤੁਰੇ। ਧਰਤੀ 'ਤੇ ਪੈਰ ਨਾ ਲੱਗਣ। ਦੇਵਤਿਆਂ ਵਾਂਗ ਅਸੀਂ ਧਰਤੀ ਮਾਤਾ ਤੋਂ ਚਾਰ ਗਿੱਠਾਂ ਉਪਰ ਹੀ ਤੁਰ ਰਹੇ ਸਾਂ। ਰਸਤੇ ਵਿਚ ਪੱਬ ਆਇਆ ਤਾਂ ਅਸੀਂ ਲੰਡੂ ਜਿਹਾ ਪੈੱਗ ਅੰਦਰ ਸੁੱਟਿਆ, ਅੱਖਾਂ ਖੁੱਲ੍ਹ ਗਈਆਂ। ਸਰੂਰ ਨਾਲ ਮਸਤੀ ਵੀ ਚੜ੍ਹ ਗਈ। ਕੋਈ ਮਾੜੀ ਮੋਟੀ ਗੱਲ ਤਾਂ ਨਹੀਂ ਸੀ, ਮਿੱਤਰ ਦੇ ਘਰੇ ਲਾਲ ਜੀ ਨੇ ਚਰਨ ਪਾਏ ਸਨ! ਇੱਕ ਹੋਰ ਲਾਉਣ ਦਾ ਫ਼ੈਸਲਾ ਕੀਤਾ, ਇਕ ਹੋਰ ਅਤੇ ਫਿਰ ਇਕ ਹੋਰ...!



ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891

ਨਸ਼ੇ ਨਾਲ ਪਹਿਲਾਂ ਬੰਦੇ-ਬੁੜ੍ਹੀਆਂ ਡੇਡ੍ਹ-ਡੇਡ੍ਹ ਅਤੇ ਫਿਰ ਦੋ-ਦੋ ਦਿਸਣ ਲੱਗ ਪਏ। ਅਸੀਂ ਆਪਣਾ ਪੁਰਾਣਾ ਫ਼ਾਰਮੂਲਾ ਵਰਤਿਆ, ਇੱਕ ਅੱਖ ਮੀਟ ਕੇ ਹਿਟਲਰ ਦੀ ਫ਼ੌਜ ਵਾਂਗ ਅੱਗੇ ਵਧਣ ਲੱਗੇ। ਇੱਕ ਅੱਖ ਬੰਦ ਕਰਨ ਕਰਕੇ ਦੋ-ਦੋ ਦੀ ਥਾਂ ਹੁਣ ਇੱਕ-ਇੱਕ ਹੀ ਦਿਸਣ ਲੱਗਿਆ। ਰਸਤੇ ਵਿਚ ਖੋਜੀ ਕੁੱਤੇ ਵਾਂਗ ਕਰੋਲ਼ੇ ਜਿਹੇ ਦਿੰਦੇ ਅਸੀਂ ਆਖਰ ਨੂੰ ਹਸਪਤਾਲ ਪਹੁੰਚ ਗਏ। ਭਰਜਾਈ ਜੀ ਅਤੇ ਭਤੀਜ ਜੀ ਬਾਰੇ ਪਤਾ ਕੀਤਾ। ਨਰਸ ਨੇ ਤੀਰ ਵਰਗੀ ਉਂਗਲ ਉਪਰ ਵੱਲ ਨੂੰ ਕੀਤੀ ਤਾਂ ਅਸੀਂ ਸ਼ਿਕਾਰੀ ਕੁੱਤੇ ਵਾਂਗ ਪੌੜੀਆਂ ਚੜ੍ਹਨ ਲਈ ਮਿੰਟ ਨਾ ਲਾਇਆ। ਹਸਪਤਾਲ ਦੇ ਕਮਰੇ ਦਾ ਦਰਵਾਜਾ ਖੋਲ੍ਹ ਕੇ ਅਸੀਂ ਇੰਜ ਝਾਤੀ ਮਾਰੀ, ਜਿਵੇਂ ਖੱਡ ਵਿਚੋਂ ਸਿਰੀ ਕੱਢ ਕੇ ਚੂਹਾ ਨਾਸਾਂ ਹਿਲਾ ਕੇ ਬਿੱਲੀ ਮਾਸੀ ਦਾ ਜਾਇਜਾ ਲੈਂਦੈ।

ਭਰਜਾਈ ਜੀ ਦੇ ਬੈੱਡ ਦੇ ਉਰਲੇ ਪਾਸੇ ਸਾਡੇ ਪ੍ਰਮ-ਮਿੱਤਰ ਖੜ੍ਹੇ ਸਨ। ਸਿਰ ਮੁੰਨੇ ਵਾਲ਼ੇ ਜੁਆਕ ਦੇ ਸਿਰ ਵਿਚ ਠੋਲ੍ਹਾ ਜਿਹਾ ਮਾਰਨ ਵਾਂਗ ਅਸੀਂ ਦਰਵਾਜੇ 'ਤੇ ਦਸਤਕ ਦਿੱਤੀ। ਸਾਡੇ ਮਿੱਤਰ ਨੂੰ ਸਾਡੇ ਪਧਾਰਨ ਦਾ ਪਤਾ ਲੱਗ ਗਿਆ। ਉਸ ਨੇ ਕਮਾਂਡੋ ਵਾਲਿਆਂ ਵਾਂਗ ਇਸ਼ਾਰੇ ਨਾਲ 'ਹੁਣੇ ਆਇਆ' ਦਾ ਸੰਕੇਤ ਦਿੱਤਾ। ਸਾਡੇ ਭਰਜਾਈ ਜੀ ਸਾਨੂੰ ਅਤੇ ਸਾਡੀਆਂ ਆਦਤਾਂ ਨੂੰ ਸ਼ਾਇਦ ਬਹੁਤਾ ਪਸੰਦ ਨਹੀਂ ਕਰਦੇ।

'ਕੌਣ ਐਂ' ਭਰਜਾਈ ਜੀ ਦੀ ਵੰਝਲੀ ਵਰਗੀ ਅਵਾਜ਼ ਸਾਨੂੰ ਸੁਣਾਈ ਦਿੱਤੀ। ਦੁੱਖ ਟੁੱਟ ਗਏ। ਰੂਹ ਸ਼ਾਂਤ ਹੋ ਗਈ।

'ਆਪਣਾ ਲੇਖਕ ਬਾਈ ਐ!' ਮਿੱਤਰ ਨੇ ਬੜੇ ਮਾਣ ਭਰੇ ਅੰਦਾਜ਼ ਨਾਲ ਭਰਜਾਈ ਜੀ ਨੂੰ ਤਸੱਲੀ ਕਰਵਾਈ।

'ਇਹਨੂੰ ਤੁਸੀਂ ਕਾਹਤੋਂ ਸੱਦ ਲਿਆ?' ਗੱਲ ਸਾਡੇ ਕੰਨ 'ਤੇ ਛਾਂਟੇ ਵਾਂਗ ਆ ਵੱਜੀ। ਸਾਡੀ ਭਰਜਾਈ ਸਾਹਿਬਾਂ ਨੂੰ ਵੀ ਪਤਾ ਸੀ ਕਿ ਅਸੀਂ ਮਾੜੀ-ਮੋਟੀ ਕਲਮ ਦੀ ਵਹਾਈ ਕਰ ਲੈਂਦੇ ਹਾਂ। ਪਰ ਸਾਡੀ ਭਰਜਾਈ ਸਾਹਿਬਾਂ ਸਾਡੀਆਂ ਕਿਰਤਾਂ ਨੂੰ ਨਹੀਂ ਪੜ੍ਹਦੀ, ਇਸ ਦਾ ਸਾਨੂੰ ਅਥਾਹ ਦੁੱਖ ਹੈ, 'ਇਹ ਗੁੰਡਾ ਜਿਆ ਕੀ ਖੇਹ ਤੇ ਸੁਆਹ ਲਿਖਦਾ ਹੋਊਗਾ..?' ਸਾਡੀ ਭਰਜਾਈ ਸਾਹਿਬਾਂ ਦੇ ਬੋਲ ਸਨ। ਇੱਕ ਵਾਰੀ ਦਾ ਸਾਨੂੰ ਹੁਣ ਤੱਕ ਚੇਤਾ ਹੈ, ਜਦੋਂ ਭਰਜਾਈ ਜੀ ਅਜੇ 'ਬਾਹਰ' ਆਏ ਹੀ ਸਨ। ਸਾਨੂੰ ਸਾਡੇ ਮਿੱਤਰ-ਸ੍ਰੀ ਨੇ ਇਕ ਦੋ ਵਾਰ ਘਰੇ ਬੁਲਾਇਆ। ਅਸੀਂ 'ਰੰਗੀਲੇ' ਜਿਹੇ ਹੋ ਕੇ ਬਾਹਰ ਨਿਕਲੇ ਤਾਂ ਸਾਡੀ ਭਰਜਾਈ ਜੀ ਦੇ ਪ੍ਰਵਚਨ ਸਾਡੇ ਕੰਨੀਂ ਪਏ, 'ਥੋਨੂੰ ਕਿੰਨੇ ਆਰੀ ਕਿਹੈ ਬਈ ਇਹਨੂੰ ਘਰੇ ਨਾ ਲਿਆਇਆ ਕਰੋ, ਮੈਨੂੰ ਤਾਂ ਇਹਦੀਆਂ ਭੈੜ੍ਹੀਆਂ ਜੀਆਂ ਅੱਖਾਂ ਤੋਂ ਡਰ ਆਉਂਦੈ!' ਸਾਨੂੰ ਆਪਣੀਆਂ ਅੱਖਾਂ 'ਤੇ ਬੜਾ ਮਾਣ ਸੀ। ਪਰ ਪਿਆਰੀ ਭਰਜਾਈ ਜੀ ਨੇ ਤਾਂ ਸਾਡੀਆਂ ਮਿਰਗ-ਅੱਖੀਆਂ ਦੀ ਮਿੰਟ ਵਿਚ ਮਿੱਟੀ ਪੁਲੀਤ ਕਰ ਮਾਰੀ ਸੀ!

'ਫੇਰ ਵੀ ਸਾਡਾ ਦੋਸਤ ਐ..! ਜਿਗਰੀ ਦੋਸਤ!' ਦੋਸਤ ਦੇ ਆਖਣ 'ਤੇ ਸਾਡੇ ਸਾਰੇ ਗਿਲੇ-ਸ਼ਿਕਵੇ ਦੂਰ ਹੋ ਗਏ। ਪੰਜੇ ਉਂਗਲ਼ਾਂ ਇੱਕੋ ਜਿਹੀਆਂ ਥੋੜ੍ਹੋ ਹੁੰਦੀਐਂ?

'ਇਹਨੂੰ ਤਾਂ ਲੋਕ ਸਵੇਰੇ-ਸਵੇਰੇ ਮੱਥੇ ਲਾਉਣੋਂ ਡਰਦੇ ਐ, ਤੁਸੀਂ ਆਪਣੇ ਮੁੰਡੇ ਦੇ ਪਹਿਲਾਂ ਇਹ ਰਿੱਛ ਮੱਥੇ ਲਾਓਂਗੇ?' ਭਰਜਾਈ ਜੀ ਦਾ ਦੂਜਾ ਵਾਰ ਸਾਡਾ ਨਾਸ ਮਾਰ ਗਿਆ। ਨਸ਼ਾ ਗਰਨ ਦੇਣੇ ਲਹਿ ਗਿਆ। ਉਬਾਸੀ ਆਉਣ ਲੱਗੀ ਤਾਂ ਅਸੀਂ ਅੜਬ ਮਾਸੂਕ ਵਾਂਗ ਥਾਂ 'ਤੇ ਹੀ ਘੁੱਟ ਲਈ।

'ਐਵੇਂ ਭਰਮ ਨ੍ਹੀ ਕਰੀਦਾ ਹੁੰਦਾ, ਪੜ੍ਹਿਆ ਲਿਖਿਆ ਬੰਦੈ।' ਸਾਡੇ ਮਿੱਤਰ ਦੀ ਪ੍ਰਸ਼ੰਸਾ ਨੇ ਸਾਡਾ ਬਲੱਡ-ਪ੍ਰੈਸ਼ਰ ਫਿਰ ਥਾਂ ਸਿਰ ਲੈ ਆਂਦਾ। ਭਰਜਾਈ ਜਖ਼ਮ ਕਰਦੀ, ਦੋਸਤ ਮੱਲ੍ਹਮ ਲਾ ਦਿੰਦਾ। ਸਾਡੀ ਸੰਤੁਸ਼ਟੀ ਹੋ ਜਾਂਦੀ, ਸਕੂਨ ਮਿਲਦਾ। ਨਾਲੇ ਔਰਤਾਂ 'ਤੇ ਗੁੱਸਾ ਕਾਹਦਾ, ਜਦੋਂ ਸਾਡਾ ਮਿੱਤਰ ਸਾਡਾ ਪੱਖ ਲੈਂਦਾ ਸੀ। ਭਰਜਾਈ ਫਿਰ ਵੀ ਬਿਗਾਨੀ ਧੀ, ਪਰ ਮਿੱਤਰ ਤਾਂ ਸਾਡਾ ਆਪਣਾ ਸੀ ਨਾ?

'ਤੂੰ ਹੁਣ 'ਰਾਮ ਕਰਲਾ, ਮੈਂ ਬਾਈ ਨੂੰ ਮਿਲ ਲਵਾਂ।'

'ਮਿਲ ਲਵੋ, ਪਰ ਪੀਣੀਂ ਨ੍ਹੀ!' ਭਰਜਾਈ ਨੇ ਕਰੜੀ ਹਦਾਇਤ ਕੀਤੀ, 'ਇਹਨੂੰ ਜੰਗਲੀ ਬੋਤੇ ਨੂੰ ਤਾਂ ਪੀਤੀ ਤੋਂ ਬਿਨਾ ਸੂਰਜ ਨ੍ਹੀ ਦੀਂਹਦਾ-।' ਭਰਜਾਈ ਜੀ ਨੇ ਸ਼ਬਦਾਂ ਦੀ ਇੱਕ ਹੋਰ ਇੱਟ ਸਾਡੇ ਵੱਲ ਵਗਾਹ ਮਾਰੀ, ਟੀਕ ਚਲਾ ਦਿੱਤਾ ਅਤੇ ਅਸੀਂ ਮੱਥਾ ਫੜ ਲਿਆ।

'ਲੈ...! ਮੈਂ ਉਹਦੇ ਅਰਗਾ ਸ਼ਰਾਬੀ ਕਬਾਬੀ ਥੋੜ੍ਹੋ ਐਂ? ਨਾਲੇ ਜਿਹੜੇ ਬੰਦੇ ਦੇ ਵਿਚ ਕੋਈ ਗੁਣ ਹੋਵੇ, ਇਹ ਕੁਦਰਤੀ ਗੱਲ ਐ, ਉਹਦੇ ਵਿਚ ਕੋਈ ਨਾ ਕੋਈ ਔਗੁਣ ਵੀ ਤਾਂ ਜਰੂਰ ਹੁੰਦੈ, ਫੁੱਲ ਨਾਲ਼ ਕੰਡੇ ਵੀ ਤਾਂ ਹੁੰਦੇ ਐ-।' ਸਾਡਾ ਮਿੱਤਰ ਸਾਡੀ ਨਿਖੇਧੀ ਕਰ ਕੇ ਵੀ ਸਿਫ਼ਤ ਕਰ ਗਿਆ। ਕਹਾਵਤ ਯਾਦ ਆਈ, ਆਪਦਾ ਮਾਰੂ-ਛਾਂਵੇਂ ਸਿੱਟੂ। ਸਾਡਾ ਮਿੱਤਰ ਸਾਡੀ ਭਰਜਾਈ ਜੀ ਦੀ ਖ਼ੁਸ਼ੀ ਹਾਸਲ ਕਰਨ ਵਾਸਤੇ ਚਾਹੇ ਸਾਡੀਆਂ ਖਲਪਾੜਾਂ ਕਰ ਗਿਆ ਸੀ, ਪਰ ਨਾਲ ਦੀ ਨਾਲ ਸਾਡੀ ਉਸਤਤ ਵੀ ਤਾਂ ਕਰ ਹੀ ਗਿਆ ਸੀ। ਸਦਕੇ ਜਾਵਾਂ ਸਾਡੇ ਮਿੱਤਰ ਦੇ! ਬਲਿਹਾਰੀ!! ਯਾਰਾਂ ਦੀ ਥਾਂ ਯਾਰ ਖੜ੍ਹਦੇ-ਕੰਮ ਆਉਣ ਨਾ ਸੁਨੱਖੀਆਂ ਨਾਰਾਂ...!

'ਇਹਨੇ ਕਿਤੇ ਆਪਦੇ ਮਸ਼ਟੰਡੇ ਦੋਸਤਾਂ ਨੂੰ ਤਾਂ ਨ੍ਹੀ ਦੱਸਤਾ? ਉਹ ਤਾਂ ਐਥੇ ਆ ਕੇ ਘੜ੍ਹਮੱਸ ਪੱਟ ਦੇਣਗੇ। ਥੋਡੀ ਵੀ ਯਾਰੀ ਐਹੋ ਜਿਆਂ ਦੇ ਨਾਲ ਈ ਐ। ਅਖੇ ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ੍ਹ!' ਭਰਜਾਈ ਜੀ ਨੇ ਕੋਕੇ ਵਾਲਾ ਸੋਹਣਾ ਸੁਨੱਖਾ ਨੱਕ ਸਕੋੜ ਕੇ, ਨਿਚੋੜ ਕੇ ਰੱਖੀ ਸੁੱਥਣ ਵਰਗਾ ਕਰ ਲਿਆ।

ਸਾਡਾ ਦਿਲ ਧੜ੍ਹਕਿਆ। ਅਸੀਂ ਪੈੱਗ-ਸ਼ੈੱਗ ਲਾਉਂਦਿਆਂ, ਖ਼ੁਸ਼ੀ ਵਿਚ ਕਮਲੇ ਹੋਇਆਂ ਨੇ, ਆਪਣੇ ਜੁੰਡੀ ਦੇ ਯਾਰਾਂ ਨੂੰ ਮੋਬਾਇਲ 'ਤੇ ਮਿੱਤਰ ਦੇ ਘਰ ਮੁੰਡਾ ਹੋਣ ਦੀ ਖ਼ਬਰ ਜੰਗੀ ਪੱਧਰ 'ਤੇ ਸੁਣਾ ਦਿੱਤੀ ਸੀ। ਮੱਥੇ ਤੋਂ ਤਰੇਲੀ ਫੁੱਟੀ। ਯਾਰ ਝੂਠਾ ਪੈਂਦਾ ਲੱਗਿਆ। ਸਾਡੇ ਮਿੱਤਰਾਂ ਨੇ ਤਾਂ ਜਿੰਨ ਵਾਂਗ ਆ ਵੱਜਣਾ ਸੀ। ਚਾਹੇ ਕਿਸੇ ਦੇ ਮੁੰਡਾ ਹੋਵੇ ਅਤੇ ਭਾਵੇਂ ਕਿਸੇ ਦਾ ਹੋਵੇ ਵਿਆਹ, ਬੋਤਲ ਦੇ ਨਾਂ ਨੂੰ ਤਾਂ ਉਹ ਮਰੇ ਪਏ ਵੀ ਉਠ ਖੜ੍ਹਨ। ਇੱਕ ਵਾਰੀ ਸਾਡੇ ਕਿਸੇ ਮਿੱਤਰ ਦਾ ਬਾਪੂ ਚੜ੍ਹਾਈ ਕਰ ਗਿਆ। ਮਿੱਤਰ ਰੋਣੋਂ ਨਾ ਹਟੇ। ਰੋਣਾ ਹੀ ਸੀ, ਫੇਰ ਵੀ ਬਾਪੂ ਸੀ! ਸਾਡੇ ਹਮਦਰਦ ਮਿੱਤਰ ਆਖਣ ਲੱਗੇ; ਬੁੜ੍ਹਾ ਤਾਂ ਮਰਨ ਆਲਾ ਮਰ ਗਿਆ, ਇਹਨੂੰ ਪੈੱਗ-ਸ਼ੈੱਗ ਲੁਆ ਕੇ ਕੈਮ ਕਰੋ, ਦਿਲ ਧਰਲੂ। ਉਸ ਨੂੰ ਪੈੱਗ ਲੁਆ ਕੇ ਹੀ ਸਾਹ ਲਿਆ, ਅਖੇ ਤੈਨੂੰ ਸਕੂਨ 'ਚ ਦੇਖ ਕੇ ਬਾਪੂ ਦੀ ਰੂਹ ਨੂੰ ਸ਼ਾਂਤੀ ਮਿਲੂ!

ਲੈ, ਉਹ ਐਨਾ ਵੀ ਪਾਗਲ ਹੈਨ੍ਹੀ, ਜਿੰਨਾ ਉਹਨੂੰ ਤੂੰ ਸਮਝਦੀ ਐਂ।'

'ਮੈਨੂੰ ਤਾਂ ਇਹਦੇ 'ਤੇ ਜਮਾਂ 'ਤਬਾਰ ਨ੍ਹੀ, ਇਹ ਤਾਂ ਬਾਡੀਗਾਰਡਾਂ ਮਾਂਗੂੰ ਚਾਰ ਪੰਜ ਗੁੰਡੇ ਜੇ ਨਾਲ ਈ ਰੱਖਦੈ।'

'ਕਿਸੇ ਨਾਲ ਤਾਂ ਬਣਾ ਕੇ ਰੱਖਣੀ ਪੈਂਦੀ ਈ ਐ, ਪ੍ਰਦੇਸ ਦਾ ਮਾਮਲੈ।'

ਮਿੱਤਰ ਖੰਭ ਜਿਹੇ ਛੁਡਾ ਕੇ ਬਾਹਰ ਆ ਗਿਆ। ਅਜੇ ਅਸੀਂ ਜੱਫ਼ੀਆਂ ਪਾ ਕੇ 'ਵਧਾਈਆਂ-ਵਧਾਈਆਂ' ਹੀ ਕੀਤੀਆਂ ਸਨ ਕਿ ਸਾਡੇ ਜੁੰਡੀ ਦੇ ਯਾਰਾਂ ਦੀ ਪਲਟਣ ਸਾਹਣ ਵਾਂਗ ਖੁਰਗੋ ਪੱਟਦੀ ਅੰਦਰ ਆ ਵੱਜੀ। ਉਹ ਮੇਰੇ ਵਾਂਗ 'ਰੰਗੀਲੇ' ਨਹੀਂ 'ਨੀਲੇ' ਹੋ ਕੇ ਆਏ ਸਨ। ਫੜ ਲਓ ਪੂਛ! ਉਨ੍ਹਾਂ ਨੇ ਆਉਣਸਾਰ ਹੀ ਕਬਿੱਤਾਂ ਗਾਉਣੀਆਂ ਸ਼ੁਰੂ ਕਰ ਦਿੱਤੀਆਂ, 'ਭਾਬੀ ਤੈਨੂੰ ਪੁੱਤ ਜੰਮਿਆਂ, ਛੋਟੇ ਦਿਉਰ ਨੂੰ ਪੰਜੀਰੀ ਨਾ ਖੁਆਈ...!' ਦੂਜਾ ਆਖਣ ਲੱਗਿਆ, 'ਸਾਲਿਆ, ਬੱਗੇ ਕਾਂਵਾਂ ਵੇਲੇ ਦਾ ਤੂੰ ਜੰਮਿਆਂ ਵਿਐਂ, ਅਜੇ ਤੂੰ ਛੋਟਾ ਦਿਉਰ ਈ ਐਂ?' ਤੀਜੇ ਨੇ ਹੋਰ ਹੇਕ ਕੱਢੀ, 'ਹਾਕਾਂ ਮਾਰਦੇ ਬੱਕਰੀਆਂ ਵਾਲੇ, ਨੀ ਦੁੱਧ ਪੀ ਕੇ ਜਾਈਂ ਜੈ ਕੁਰੇ!' ਪਹਿਲੇ ਨੂੰ ਕਵਿਤਾ ਮੇਚ ਨਹੀਂ ਆਈ ਸੀ, 'ਲਓ ਜੀ ਕਰ ਲਓ ਘਿਉ ਨੂੰ ਭਾਂਡਾ, ਇਹਦੀ ਬਲੈਤ 'ਚ ਆ ਕੇ ਵੀ ਬੱਕਰੀਆਂ ਚਾਰਨ ਦੀ ਬਾਣ ਨਾ ਗਈ!'

ਉਹ ਕਵੀਸ਼ਰੀ ਕਰ ਰਹੇ ਸਨ ਅਤੇ ਮੇਰੇ ਹੌਲ ਪਈ ਜਾ ਰਹੇ ਸਨ। ਦਿਲ ਢਿੱਲੀ ਢੋਲਕੀ ਵਾਂਗ 'ਘੜੂੰਬਚੂੰ-ਘੜੂੰਬਚੂੰ' ਕਰੀ ਜਾ ਰਿਹਾ ਸੀ। ਮਿੱਤਰ ਦੀ ਅਤੇ ਸਾਡੀ, ਭਰਜਾਈ ਜੀ ਤੋਂ ਹੋਣ ਵਾਲੀ ਤੇਈਕਤ ਬਾਰੇ ਸੋਚ-ਸੋਚ ਕੇ ਅਸੀਂ ਬੇਹੇ ਪਾਣੀ ਵਿਚ ਬੈਠਦੇ ਜਾ ਰਹੇ ਸਾਂ। ਦਿਲ ਤਾਂ ਅਸੀਂ ਉਦੋਂ ਧਰਿਆ, ਜਦੋਂ ਸਾਡੇ ਸੁਹਿਰਦ ਬੇਲੀਆਂ ਨੇ ਬੋਤਲ ਦਾ ਨਾਂ ਲਿਆ। ਅਸੀਂ ਤਾਂ ਸੁਣਦੇ ਸਾਰ ਹੀ ਗਿੱਦੜੋਂ ਸ਼ੇਰ ਬਣ ਗਏ। ਤਲੀਆਂ ਮਲਦੇ, ਜ਼ੈਡ ਸਕਿਊਰਿਟੀ ਵਾਲਿਆਂ ਵਾਂਗ ਕਾਰ ਨੂੰ ਘੇਰਾ ਘੱਤ ਲਿਆ।

ਦੋ-ਦੋ ਕਰੜੇ ਪੈੱਗ ਲਾਏ। ਸਾਰਾ ਫ਼ਿਕਰ ਲਹਿ ਗਿਆ। ਮਨ ਲਲਕਾਰੇ ਮਾਰਨ ਲੱਗ ਪਿਆ। ਭਰਜਾਈ ਦੇ ਖੌਂਸੜੇ ਭੁੱਲ ਗਏ ਅਤੇ ਦਿਲ ਵਿਚ ਆਪਣੀ ਖੜਮਸਤ ਦੁਨੀਆਂ ਆ ਵਸੀ।

'ਕੀ ਨਾਂ ਰੱਖਿਐ ਮੁੰਡੇ ਦਾ?' ਭਾਈਬੰਦ ਨੇ ਪੁੱਛਿਆ। ਉਸ ਦੀ ਮੋਟੀ ਜ਼ੁਬਾਨ ਮੂੰਹ ਵਿਚ 'ਡੱਕ-ਡੱਕ' ਵੱਜ ਰਹੀ ਸੀ।

'ਥੋਤੋਂ ਬਿਨਾ ਕਿਮੇਂ ਰੱਖਲੂੰ ਯਾਰ..? ਆਪਣੀ ਯਾਰੀ ਐ, ਛੋਲਿਆਂ ਦਾ ਵੱਢ ਨ੍ਹੀ!'

'ਕੀ ਰੱਖਣੈਂ ਫਿਰ ਨਾਂ?'

'ਗੱਡੀ ਕਰੋ ਘਰੇ ਖੜ੍ਹੀ ਤੇ ਨਵੀਂ ਬੋਤਲ ਖੋਲ੍ਹ ਕੇ ਨਾਂ ਰੱਖਾਂਗੇ! ਆਂਏਂ ਤਾਂ ਨਜਾਰਾ ਜਿਆ ਨ੍ਹੀ ਆਉਣਾ।'

ਗੱਡੀ ਘਰੇ ਆ ਗਈ। ਨਵੀਂ ਬੋਤਲ ਖੁੱਲ੍ਹ ਗਈ। ਬੋਤਲ ਬਰੂਦ ਬਣਦੀ ਥੱਲੇ ਜਾ ਲੱਗੀ। ਸਾਰੇ ਅਲਕ ਵਹਿੜਕੇ ਵਾਂਗ ਝੂਲਣ ਜਿਹੇ ਲੱਗ ਪਏ। ਜਿਵੇਂ ਸਾਰਿਆਂ ਨੂੰ ਉੱਚਾ ਸੁਣਨ ਲੱਗ ਪਿਆ ਸੀ। ਸਾਰੇ ਸਪੀਕਰ ਵਾਂਗ ਬੋਲ ਰਹੇ ਸਨ। ਪਹਿਲਾਂ ਭਾਅ ਜੀ, ਫੇਰ ਬਾਈ ਅਤੇ ਹੁਣ ਸਾਰੇ 'ਉਏ' ਤੋਂ ਬਾਅਦ 'ਓਏ ਹੈਲੋ' 'ਤੇ ਆ ਗਏ ਸਨ।

'ਨਾਂ ਵੀ ਯਾਰ ਮੂੰਹ ਦੇਖ ਕੇ ਰੱਖਾਂਗੇ।' ਪਹਿਲਾ ਭਾਈਬੰਦ ਬੋਲਿਆ।

'ਮੂੰਹ ਤੋਂ ਮੈਨੂੰ ਯਾਦ ਆ ਗਿਆ ਬਾਈ ਸਿਆਂ।' ਦੂਜੇ ਨੇ ਕਿਹਾ।

'ਕੀ?'

'ਬਾਈ, ਜਦੋਂ ਮੈਂ ਐਥੇ ਆਇਆ ਸੀ ਨ੍ਹਾਂ, ਉਦੋਂ ਮੇਰਾ ਮੂੰਹ ਤੇਰੇ ਮੂੰਹ ਨਾਲੋਂ ਵੀ ਭੈੜ੍ਹਾ ਸੀ।'

'ਤੇ ਤੂੰ ਸਾਲਿਆ ਕ੍ਰਿਸ਼ਨ ਭਗਵਾਨ ਐਂ?' ਭਾਈਬੰਦ ਭੂਸਰ ਗਿਆ।

'ਨਾ ਬਈ ਲੜੋ ਨਾ।'

'ਨਾ ਤੂੰ ਮੇਰੇ ਮੂੰਹ ਨੂੰ ਭੈੜ੍ਹਾ ਆਖਿਐ, ਮੈਂ ਕਿਸੇ ਦੀ...।' ਅਸੀਂ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ।

'ਤੇਰੀ ਭੈਣ ਦੀ...ਨਿਕਲ ਮੇਰੇ ਘਰੋਂ!'

'ਮੈਂ ਮੇਰਿਆ ਸਾਲਿਆ ਤੇਰੇ ਘਰ 'ਤੇ ਧਾਰ ਨ੍ਹੀ ਮਾਰਦਾ।'

'ਤੂੰ ਇਹਨੂੰ ਗਾਲ੍ਹ ਕੱਢਦੈਂ ਉਏ, ਭੈਣ ਦਿਆ ਲੱਕੜਾ?' ਪਹਿਲਾ ਰੇਲ ਦੇ ਕੰਨ ਵਾਂਗ ਉਠ ਕੇ ਖੜ੍ਹਾ ਹੋ ਗਿਆ।

'ਕੱਢੂੰਗਾ! ਤੂੰ ਉਹਦਾ ਸਾਲੈਂ?' ਭਾਈਬੰਦ ਨੇ ਉਸ ਦਾ ਗਲ ਫੜ ਲਿਆ ਤਾਂ ਪਹਿਲੇ ਨੇ ਉਸ ਦੇ ਦੋ ਹੂਰੇ ਜੜ ਦਿੱਤੇ। ਅਸੀਂ ਜਿੰਨੀ ਕੁ ਜੋਕਰੇ ਸੀ, ਹੀਲ-ਹੁੱਜਤ ਕਰ ਕੇ ਉਸ ਨੂੰ ਛੁਡਾਇਆ। ਸਾਡੇ ਤਾਂ ਆਪਦੇ ਪੈਰ ਨਹੀਂ ਖੜ੍ਹ ਰਹੇ ਸਨ!

'ਤੂੰ ਰਾਤ ਨੂੰ ਕੰਮ 'ਤੇ ਆਈਂ, ਫੇਰ ਕੱਢਾਂਗੇ ਤੇਰੀ ਚੌਧਰ।'

'ਤੂੰ ਜਿਹੜਾ...!' ਉਹ ਕੋਰੜਾ ਛੰਦ ਪੜ੍ਹਨ ਹੀ ਲੱਗਿਆ ਸੀ ਕਿ ਅਸੀਂ ਫ਼ਿਰ ਲੀਕ ਕਰਦੀ ਨਾਲ਼ੀ ਵਾਂਗ ਉਸ ਦਾ ਮੂੰਹ ਘੁੱਟ ਲਿਆ।

'ਲੈ ਹੁਣ ਕੱਢਾਂਗੇ ਤੇਰੀ ਧੌਣ ਦਾ ਕਿੱਲਾ, ਕੈਮ ਹੋ ਕੇ ਆਈਂ!' ਤੇ ਉਹ ਧੱਕਮ-ਧੱਕੀ ਹੁੰਦੇ, ਭੂਸਰੇ ਊਠ ਵਾਂਗ ਤੜਾਫ਼ੇ ਜਿਹੇ ਮਾਰਦੇ ਭੱਜ ਗਏ। ਲਓ, ਰੱਖ ਲਓ ਕਾਕਾ ਜੀ ਦਾ ਨਾਂ! ਕਾਕੇ ਦੀ ਖ਼ੁਸ਼ੀ ਕਿਸੇ ਹੋਰ ਹੀ ਰਾਹ ਤੁਰ ਪਈ ਸੀ। ਅਸੀਂ ਕਦੇ ਬੋਤਲ ਵੱਲ ਅਤੇ ਕਦੇ ਮੁੰਡੇ ਦੇ ਪਿਉ ਵੱਲ ਪਿਆਸੇ ਕਾਂ ਵਾਂਗ ਝਾਕ ਰਹੇ ਸਾਂ। ਕਾਕੇ ਦਾ ਨਾਂ ਕੁੱਕੜ-ਲੜਾਈ ਵਿਚ ਹੀ ਉਲਝ ਕੇ ਰਹਿ ਗਿਆ ਸੀ। ਕਾਕੇ ਦੇ ਨਾਂ ਦਾ ਮਸਲਾ ਅਗਲੇ ਦਿਨ 'ਤੇ ਪਾ ਕੇ ਅਸੀਂ ਬਲਦ ਮੂਤਣੀਆਂ ਪਾਉਂਦੇ ਘਰ ਨੂੰ ਤੁਰ ਪਏ।

# ਦਿ ਕਸ਼ਮੀਰ ਫਾਈਲਜ਼-ਇੱਕ ਨਜ਼ਰੀਆ

ਫਿਲਮ ਆਈ 'ਕਸ਼ਮੀਰ ਫਾਈਲਜ਼' ਬੜਾ ਰੌਲਾ ਪਿਆ। ਇਹ ਰੌਲਾ ਇਸ ਫਿਲਮ ਵਿਰੁੱਧ ਨਾ ਹੋ ਕੇ ਦਰਅਸਲ ਮੋਦੀ/ ਭਾਜਪਾ ਖ਼ਿਲਾਫ ਚੱਲ ਰਹੇ ਵਿਰੋਧੀਆਂ ਦੇ ਪ੍ਰੋਪੇਗੰਡੇ ਦਾ ਇਕ ਹਿੱਸਾ ਹੈ ਕਿਉਂਕਿ ਇਸ ਫਿਲਮ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਪਹਿਲਾਂ ਕਦੇ ਦਿਖਾਇਆ ਨਹੀਂ ਗਿਆ। 'ਦਿ ਫਾਈਨਲ ਸਲਿਊਸ਼ਨ', 'ਪਰਜਾਨੀਆ' ਵਰਗੀਆਂ ਫਿਲਮਾਂ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਫਿਲਮਾਂ ਜੋ 26/11 ਅਤੇ ਮੁੰਬਈ ਵਿਚ ਹੋਏ ਬੰਬ ਧਮਾਕਿਆਂ ਅਤੇ ਹੋਰ ਦੰਗਿਆਂ ਨਾਲ ਸੰਬੰਧਤ ਸਨ ਬਣੀਆਂ ਪਰ ਕੋਈ ਰੌਲਾ ਨਹੀਂ ਪਿਆ। ਇਸ ਫਿਲਮ ਦੇ ਨਿਰਮਾਤਾਵਾਂ ਨਾਲ ਮੋਦੀ ਹੁਰਾਂ ਦੀਆਂ ਤਸਵੀਰਾਂ ਹਨ ਅਤੇ ਸਰਕਾਰ ਇਸ ਫਿਲਮ ਦੇ ਹੱਕ ਵਿਚ ਖੜ੍ਹੀ ਹੈ ਇਸ ਲਈ ਇਸ ਦਾ ਵਿਰੋਧ ਬਹੁਤ ਜ਼ਰੂਰੀ ਹੋ ਗਿਆ ਹੈ। ਅਖੇ ਇਸ ਨਾਲ ਭਾਈਚਾਰੇ ਵਿਚ ਨਫਰਤ ਦਾ ਸੰਦੇਸ਼ ਜਾਂਦਾ ਹੈ। ਉਨ੍ਹਾਂ ਫਿਲਮਾਂ ਦਾ ਵਿਰੋਧ ਕਿਉਂ ਨਹੀਂ ਕੀਤਾ ਗਿਆ ਜਿਨ੍ਹਾਂ ਵਿਚ ਗੋਧਰਾ ਕਾਂਡ ਦੇ ਬਾਅਦ ਗੁਜਰਾਤ ਵਿਚ ਭੜਕੇ ਹਿੰਦੂਆਂ ਦੁਆਰਾ ਮੁਸਲਮਾਨਾਂ ਦਾ ਕਤਲੇਆਮ ਕੀਤਾ ਦਿਖਾਇਆ ਗਿਆ ਹੈ। ਕੀ ਉਸ ਨਾਲ ਇੱਕ ਫਿਰਕੇ ਵਿਰੁੱਧ ਨਫਰਤ ਨਹੀਂ ਭੜਕਦੀ?



ਹਰਜੀਤ ਦਿਓਲ
ਫੋਨ: 905-676-9242

ਇਸ ਫਿਲਮ ਵਿਚ ਪਾਕਿਸਤਾਨ ਪ੍ਰਸਤ ਅਤਿਵਾਦੀਆਂ ਦੁਆਰਾ ਹਿੰਦੂਆਂ ਵਿਰੁੱਧ ਕੀਤੀ ਗਈ ਹਿੰਸਾ ਨੂੰ ਫੋਕਸ ਵਿਚ ਰੱਖਿਆ ਗਿਆ ਹੈ। ਸੂਝਵਾਨ ਮੁਸਲਮਾਨ ਸਮਝਦੇ ਹਨ ਕਿ ਇਸ ਵਿਚ ਮੁਸਲਮਾਨਾਂ ਜਾਂ ਇਸਲਾਮ ਵਿਰੁੱਧ ਕੁਝ ਵੀ ਨਹੀਂ ਬਲਕਿ ਪਾਕਿਸਤਾਨ ਸਪੌਂਸਰਡ ਜਿਹਾਦੀਆਂ ਦੁਆਰਾ ਕਸ਼ਮੀਰ ਨੂੰ ਭਾਰਤ ਨਾਲੋਂ ਵੱਖ ਕਰਨ ਦੀਆਂ ਕੋਸ਼ਿਸ਼ਾਂ ਦਾ ਸਿਲਸਿਲੇਵਾਰ ਪਰਦਾਫਾਸ਼ ਹੈ। ਪਰ ਕਿਉਂਕਿ ਇਹ ਫਿਲਮ ਕਿਤੇ ਕਸ਼ਮੀਰ ਵਿਚ ਧਾਰਾ 370 ਹਟਾਉਣ ਨੂੰ ਜਾਇਜ਼ ਠਹਿਰਾਉਣ ਦਾ ਜ਼ਰੀਆ ਨਾ ਬਣ ਜਾਵੇ ਅਤੇ ਮੋਦੀ/ਭਾਜਪਾ ਦਾ ਵੋਟ ਬੈਂਕ ਨਾ ਵਧਾ ਦੇਵੇ ਇਸ ਲਈ ਇਹ ਫਿਲਮ ਬੈਨ ਕਰਾਉਣ ਲਈ ਸੱਤਾ ਵਿਰੋਧੀਆਂ ਦਾ ਸਾਰਾ ਜ਼ੋਰ ਲੱਗਾ ਹੋਇਆ ਹੈ। ਪਰ ਜੋਸ਼ ਵਿਚ ਆਏ ਵਿਰੋਧੀਆਂ ਦਾ ਪਾਸਾ ਪੁੱਠਾ ਪੈ ਰਿਹਾ ਹੈ ਕਿਉਂਕਿ ਫਿਲਮ ਸੁਪਰ-ਡੁਪਰ ਹਿੱਟ ਹੋ ਰਹੀ ਹੈ। ਇਸੇ ਤਰ੍ਹਾਂ ਹਿਜਾਬ ਵਿਵਾਦ ਨੂੰ ਹਵਾ ਦੇ ਕੇ ਸਰਕਾਰ ਵਿਰੋਧੀਆਂ ਨੇ ਦੇਸ਼ ਵਿਚ ਗੜਬੜ ਫੈਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਹਾਈਕੋਰਟ ਦੇ ਫੈਸਲੇ ਅਨੁਸਾਰ ਇਹ ਸਾਬਤ ਨਹੀਂ ਹੋਇਆ ਕਿ ਹਿਜਾਬ ਇਸਲਾਮ ਦਾ ਜ਼ਰੂਰੀ ਹਿੱਸਾ ਹੈ। ਹਿਜਾਬ ਸਮਰਥਕਾਂ ਦੀ ਸਥਿਤੀ ਬੜੀ ਹਾਸੋਹੀਣੀ ਬਣ ਜਾਂਦੀ ਹੈ ਜਦ ਹਿਜਾਬ ਦੇ ਸਮਰਥਨ ਵਿਚ ਆਈਆਂ ਪਰਦਾਧਾਰੀ ਕੁੜੀਆ ਦੀਆਂ ਕਿਸੇ ਪਾਰਟੀ ਵਿਚ ਬੇਪਰਦਾ ਫੈਸ਼ਨੇਬਲ ਤਸਵੀਰਾਂ ਨਸ਼ਰ ਹੁੰਦੀਆਂ ਹਨ। ਧਾਰਮਿਕ ਕੱਟੜਤਾ ਦੀ ਹਮਾਇਤ ਕਰਦੀਆਂ ਇਨ੍ਹਾਂ ਔਰਤਾਂ ਦਾ ਹਾਲ ਵੇਖਣ ਯੋਗ ਹੁੰਦਾ ਹੈ ਜਦ ਇਹ 'ਤਿੰਨ ਤਲਾਕ' ਵਰਗੇ ਇਸਤਰੀ ਵਿਰੋਧੀ ਵਰਤਾਉ ਦਾ ਸ਼ਿਕਾਰ ਹੁੰਦੀਆਂ ਹਨ। ਦੇਸ਼ ਵਿਚ 'ਯੂਨੀਫਾਰਮ ਕੋਡ ਬਿਲ' ਲਿਆਉਣ ਦੀਆਂ ਵੀ ਕਨਸੋਆਂ ਹਨ ਜਿਸ ਨਾਲ ਇੱਕ ਵਾਰ ਫਿਰ ਹਾਏ ਤੌਬਾ ਮੱਚਣੀ ਹੈ ਪਰ ਮੈਂ ਸਮਝਦੈਂ ਕਿ ਦੇਸ਼ ਹਿਤ 'ਚ ਲਏ ਗਏ ਫੈਸਲਿਆਂ ਦਾ ਸਵਾਗਤ ਕਰਨਾ ਬਣਦਾ ਹੈ। ਖੜੋਤ ਦੇ ਆਦੀ ਵਿਕਾਸ ਵਿਰੋਧੀਆਂ ਨੂੰ ਛੇਤੀ ਕਿਤੇ ਬਦਲਾਓ ਹਜ਼ਮ ਨਹੀਂ ਹੁੰਦਾ ਪਰ ਊਠ ਤਾਂ ਅੜਾਉਂਦੇ ਹੀ ਲੱਦੇ ਜਾਂਦੇ ਹਨ।

# ਆਪਣਾ ਖ਼ਿਆਲ ਰੱਖੀਂ

ਹਿੰਮਤ ਦੇ ਨਾਲ ਰੱਖੀਂ
ਆਪਣਾ ਖ਼ਿਆਲ ਰੱਖੀਂ।
ਹੋਵਣਗੇ ਸੱਚ ਕਦੇ ਤਾਂ ਸੁਫ਼ਨੇ
ਤੂੰ ਪਾਲ਼ ਰੱਖੀਂ।

ਨ੍ਹੇਰੇ ਦਾ ਬੋਲਬਾਲਾ
ਡਰਨਾ ਨਹੀਂ ਹੈ ਇਸ ਤੋਂ
ਦੇਣੀ ਹੈ ਮਾਤ ਇਸ ਨੂੰ
ਹੱਥੀਂ ਮਸ਼ਾਲ ਰੱਖੀਂ।

ਠੰਢਾ ਨਾ ਹੋਣ ਦੇਵੀਂ
ਹਰਗਿਜ਼ ਹੀ ਜੋਸ਼ ਨੂੰ ਹੁਣ
ਆਪਣੇ ਤੂੰ ਖ਼ੂਨ ਅੰਦਰ ਭਰਵਾਂ
ਉਬਾਲ ਰੱਖੀਂ।

ਨਿਰਭਰ ਕਿਸੇ 'ਤੇ ਹੋ ਕੇ
ਬਣਨਾ ਗ਼ੁਲਾਮ ਨਹੀਓਂ
ਹੱਥਾਂ 'ਚ ਕੁਝ ਤੂੰ ਆਪਣੇ
ਐਸਾ ਕਮਾਲ ਰੱਖੀਂ।

ਸ਼ੰਕਾ ਕਦੇ ਜੇ ਹੁੰਦੀ ਪੈਦਾ
ਜ਼ਰਾ ਵੀ ਕਿਧਰੇ
ਕਰਕੇ ਨਿਬੇੜਾ ਦਿਲ ਵਿਚ
ਨਾ ਤੂੰ ਮਲਾਲ ਰੱਖੀਂ।
ਮਿਲਿਆ ਉਹ ਜਦ ਕਦੇ ਵੀ
ਮਨ ਵਿਚ ਨਾ ਜ਼ਹਿਰ ਘੋਲੀਂ
ਆਵੇ ਜੋ ਮਨ 'ਚ ਤੇਰੇ
ਆਪਣਾ ਸਵਾਲ ਰੱਖੀਂ।

ਔਕੜ ਕੋਈ ਜੇ ਆਈ
ਦੋ ਹੱਥ ਕਰੀਂ ਤੂੰ ਹੱਸ ਕੇ
ਦਿਲ ਵਿਚ ਜਵਾਰ ਭਾਟਾ
ਪੈਰੀਂ ਭੂਚਾਲ ਰੱਖੀਂ।

ਨਿਰਭਰ ਕਦੇ ਨਾ ਹੋਵੀਂ
ਹਰਗਿਜ਼ ਹੀ ਤੂੰ ਕਿਸੇ 'ਤੇ
ਧਰਤੀ ਬਣਾਈਂ ਆਪਣੀ
ਆਪਣਾ ਪਤਾਲ ਰੱਖੀਂ।

ਫ਼ੈਲੀ ਹੈ ਜੇ ਨਿਰਾਸ਼ਾ ਕਰਨੀ ਹੈ
ਦੂਰ ਤੂੰ ਹੀ
ਆਸਾਂ ਦੇ ਹਰ ਜਗ੍ਹਾ 'ਤੇ
ਦੀਵੇ ਤੂੰ ਬਾਲ਼ ਰੱਖੀਂ।

*-ਹਰਦੀਪ ਬਿਰਦੀ*
*ਫੋਨ: 9041600900*

# ਏਜਾਜ਼ ਅਹਿਮਦ ਦੀਆਂ ਰਮਜ਼ਾਂ

***ਸਾਡੇ ਸਮਿਆਂ ਦੇ ਉਘੇ ਵਿਦਵਾਨ ਏਜਾਜ਼ ਅਹਿਮਦ (1941-9 ਮਾਰਚ 2022) ਦੇ ਚਿੰਤਨ ਨੇ ਪੱਛਮੀ ਵਿਦਵਾਨਾਂ ਦੇ ਪ੍ਰਚਾਰੇ ਪ੍ਰਵਚਨਾਂ ਉਤੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ। ਉਹ ਸਪਸ਼ਟ ਕਰਦਾ ਹੈ ਕਿ ਪੱਛਮੀ ਚਿੰਤਨ ਨਾਲ ਖਾਸ ਕਿਸਮ ਦੀ ਸਿਆਸਤ ਜੁੜੀ ਹੋਈ ਹੈ ਜਿਹੜੀ ਅਵਾਮ ਨੂੰ ਲਤਾੜਨ ਦਾ ਹੀ ਯਤਨ ਕਰਦੀ ਹੈ। ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪੜ੍ਹਾਉਂਦੇ ਨੌਜਵਾਨ ਵਿਦਵਾਨ ਯਾਦਵਿੰਦਰ ਸਿੰਘ ਨੇ ਇਸ ਲੇਖ ਵਿਚ ਏਜਾਜ਼ ਅਹਿਮਦ ਚਿੰਤਨ ਦੀਆਂ ਮੁੱਖ ਧਾਰਨਾਵਾਂ ਬਾਰੇ ਗੱਲਾਂ ਕੀਤੀਆਂ ਹਨ।***



ਏਜਾਜ਼ ਅਹਿਮਦ

ਏਜਾਜ਼ ਅਹਿਮਦ 81 ਵਰ੍ਹਿਆਂ ਦੀ ਉਮਰ ਭੋਗ ਕੇ 9 ਮਾਰਚ ਨੂੰ ਇਸ ਦੁਨੀਆ ਤੋਂ ਰੁਖਸਤ ਹੋ ਗਿਆ। ਤੀਜੀ ਦੁਨੀਆ ਨਾਲ ਜੁੜੀ ਚਿੰਤਨ ਪਰੰਪਰਾ ਵਿਚ ਉਹ ਵੱਖਰੇ ਮੁਹਾਂਦਰੇ ਵਾਲਾ ਵਿਦਵਾਨ ਸੀ ਜਿਹਨੇ ਬਸਤੀਵਾਦ ਨੂੰ ਸਭਿਆਚਾਰਕ ਨੁਕਤੇ ਤੋਂ ਸਮਝਣ ਦੀ ਥਾਂ ਜਮਾਤੀ ਨਜ਼ਰੀਏ ਤੋਂ ਪਛਾਣਨ ਦਾ ਯਤਨ ਕੀਤਾ। ਉਸ ਦੀ ਧਾਰਨਾ ਸੀ ਕਿ ਉਤਰ-ਬਸਤੀਵਾਦ ਜਿਹਾ ਅਕਾਦਮਿਕ ਅਨੁਸ਼ਾਸਨ ਉਨ੍ਹਾਂ ਚਿੰਤਕਾਂ ਦੀ ਬਦੌਲਤ ਹੈ ਜਿਨ੍ਹਾਂ ਨੇ ਆਲਮੀ ਪੂੰਜੀ ਦੇ ਪਸਾਰ ਨੂੰ ਦਰਕਿਨਾਰ ਕਰ ਕੇ ਖੁਦ ਨੂੰ ਸਭਿਆਚਾਰਕ ਤਬਦੀਲੀ ਦੀ ਪੜ੍ਹਤ ਤੱਕ ਸੀਮਤ



ਕਰ ਲਿਆ ਹੈ। ਤੀਜੀ ਦੁਨੀਆ ਦਾ ਸੰਕਲਪ ਅਮਰੀਕੀ ਅਕਾਦਮੀਆਂ ਵਿਚ ਕੰਮ ਕਰਦੇ ਏਸ਼ਿਆਈ ਮੂਲ ਦੇ ਉਨ੍ਹਾਂ ਵਿਦਵਾਨਾਂ ਦੀ ਕਾਢ ਹੈ ਜਿਨ੍ਹਾਂ ਲਈ ਪੂਰਬ ਉਸੇ ਤਰ੍ਹਾਂ

**ਯਾਦਵਿੰਦਰ ਸਿੰਘ**
**ਫੋਨ: +91-70420-73084**

ਕਰੀਅਰ ਹੈ ਜਿਵੇਂ ਬਸਤੀਵਾਦ ਦੌਰਾਨ ਪੱਛਮ ਵਾਸੀਆਂ ਲਈ ਸੀ।


ਏਜਾਜ਼ ਅਹਿਮਦ ਦਾ ਜਨਮ ਮੁਜ਼ੱਫਰਨਗਰ (ਉੱਤਰ ਪ੍ਰਦੇਸ਼) ਵਿਚ ਹੋਇਆ। ਦੇਸ਼ ਵੰਡ ਤੋਂ ਬਾਅਦ ਉਸ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ ਜਿੱਥੋਂ ਉਸ ਨੇ ਮੁੱਢਲੀ ਸਿੱਖਿਆ ਹਾਸਲ ਕੀਤੀ। ਪੜ੍ਹਾਈ ਮੁਕੰਮਲ ਹੋਣ ਤੋਂ ਬਾਅਦ ਉਹ ਕਈ ਵਰ੍ਹੇ ਅਮਰੀਕਾ ਅਤੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਉਂਦਾ ਰਿਹਾ। 1980ਵਿਆਂ ਵਿਚ ਉਹ ਦਿੱਲੀ ਦੇ ਨਹਿਰੂ ਯਾਦਗਾਰੀ ਅਜਾਇਬਘਰ ਅਤੇ ਲਾਇਬ੍ਰੇਰੀ ਵਿਚ ਫੈਲੋ ਨਿਯੁਕਤ ਹੋਇਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਤੇ ਟੋਰਾਂਟੋ ਦੀ ਯਾਰਕ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦਾ ਵਿਜ਼ਟਿੰਗ ਪ੍ਰੋਫੈਸਰ ਵੀ ਰਿਹਾ। ਇਸ ਤੋਂ ਇਲਾਵਾ ਉਹਨੇ 'ਫਰੰਟਲਾਈਨ' ਰਸਾਲੇ ਦੇ ਸੰਪਾਦਕੀ ਸਲਾਹਕਾਰ ਵਜੋਂ ਸੇਵਾਵਾਂ ਵੀ ਨਿਭਾਈਆਂ। ਉਸ ਦੀ ਕਿਤਾਬ 'ਇਨ ਥਿਊਰੀ' ਦੁਨੀਆ ਭਰ ਵਿਚ ਮਕਬੂਲ ਹੋਈ ਅਤੇ ਉੱਤਰ-ਬਸਤੀਵਾਦੀ ਅਧਿਐਨ ਦੀ ਸਖਤ ਆਲੋਚਨਾ ਕਰਕੇ ਵਿਵਾਦ ਦਾ ਸਬੱਬ ਵੀ ਬਣੀ।

ਏਜਾਜ਼ ਅਹਿਮਦ ਦੇ ਦੱਸਣ ਮੁਤਾਬਿਕ ਸਮਕਾਲੀ ਸਿਧਾਂਤਕਾਰੀ ਵਿਚ 'ਉਤਰ' ਅਗੇਤਰ ਵਾਲੇ ਚਿੰਤਨ ਦਾ ਬੋਲਬਾਲਾ ਹੈ। ਇਸ ਚਿੰਤਨ ਨਾਲ ਇਕ ਖਾਸ ਕਿਸਮ ਦੀ ਸਿਆਸਤ ਜੁੜੀ ਹੈ। ਇਸ ਤਹਿਤ ਜਿਹੜੇ ਪ੍ਰਵਚਨ ਉਸਾਰੇ ਗਏ ਹਨ, ਉਨ੍ਹਾਂ ਦਾ ਸਬੰਧ ਸਮਾਜਵਾਦ, ਮਾਰਕਸਵਾਦ, ਰਾਸ਼ਟਰਵਾਦ, ਧਰਮ ਨਿਰਪੇਖਵਾਦ, ਇੱਥੋਂ ਤੱਕ ਕਿ ਇਤਿਹਾਸ ਤੇ ਵਿਚਾਰਧਾਰਾ ਜਿਹੇ ਸੰਕਲਪਾਂ ਦੇ 'ਅੰਤ' ਨਾਲ ਜੁੜਿਆ ਹੈ। ਇਹ ਚਿੰਤਨ ਇਨ੍ਹਾਂ ਤਿੰਨ ਵੱਡੇ ਪ੍ਰੋਜੈਕਟਾਂ ਦੀ ਅਪੂਰਨਤਾ ਨੂੰ ਅਧਾਰ ਬਣਾਉਂਦਾ ਹੈ ਜਿਨ੍ਹਾਂ ਨੇ ਵੀਹਵੀਂ ਸਦੀ ਵਿਚ ਮਨੁੱਖੀ ਮੁਕਤੀ ਦਾ ਨਵਾਂ ਮਾਡਲ ਸਿਰਜਿਆ: ਖੱਬੇ ਪੱਖੀ ਸਮਾਜਕ ਲੋਕਤੰਤਰ; ਬਸਤੀਵਾਦ ਵਿਰੋਧੀ ਰਾਸ਼ਟਰਵਾਦੀ ਅੰਦੋਲਨ ਅਤੇ ਸਮਾਜਵਾਦੀ ਨਿਜ਼ਾਮ ਦੀ ਸਥਾਪਨਾ।

ਸਮਕਾਲੀ ਚਿੰਤਨ ਨੇ ਇਨ੍ਹਾਂ ਪ੍ਰੋਜੈਕਟਾਂ ਦੀ ਹਾਰ ਨੂੰ ਸਰਬ-ਵਿਆਪੀ ਸੱਚ ਮੰਨ ਕੇ ਆਪਣੀ ਵਿਆਖਿਆ ਉਸਾਰੀ ਹੈ। ਇਨ੍ਹਾਂ ਸਿਧਾਂਤਾਂ ਨਾਲ ਜੁੜੇ ਚਿੰਤਕਾਂ ਨੇ ਇਸ ਗੱਲ ਨੂੰ ਵਿਸਾਰ ਦਿੱਤਾ ਹੈ ਕਿ ਤੀਜੀ ਦੁਨੀਆ ਦੇ ਮੁਲਕਾਂ ਵਿਚ ਬਸਤੀਵਾਦ ਦੇ ਖਾਤਮੇ ਤੋਂ ਬਾਅਦ ਸਾਮਰਾਜਵਾਦ ਅਤੇ ਨਵ-ਬਸਤੀਵਾਦ ਜਿਹੇ ਸਿਆਸੀ ਪ੍ਰਵਚਨ ਹੋਰ ਵੀ ਮਜ਼ਬੂਤ ਹੋਏ ਹਨ। ਏਜਾਜ਼ ਅਹਿਮਦ ਨੇ ਸਪਸ਼ਟ ਕੀਤਾ ਕਿ ਮਾਰਕਸੀ ਨੁਕਤੇ ਤੋਂ ਬਸਤੀਵਾਦੀ ਸ਼ੋਸ਼ਣ ਦਾ ਵਿਰੋਧ ਹਮੇਸ਼ਾ ਹੀ ਰਿਹਾ ਹੈ। ਇਸ ਵਿਰੋਧ ਨੂੰ ਦਰਕਿਨਾਰ ਕਰ ਕੇ ਉਤਰ-ਬਸਤੀਵਾਦੀ ਚਿੰਤਕਾਂ ਨੇ ਤੀਜੀ ਦੁਨੀਆ ਦਾ ਇਕਪਾਸੜ ਸੰਕਲਪ ਘੜਿਆ ਹੈ ਜੋ ਬਸਤੀਵਾਦ ਦੀ ਇਕਪੱਖੀ ਵਿਆਖਿਆ ਹੀ ਪੇਸ਼ ਕਰਦਾ ਹੈ।

ਏਜਾਜ਼ ਅਹਿਮਦ ਸੰਸਾਰੀਕਰਨ ਨੂੰ ਸਰਮਾਏਦਾਰੀ ਨਿਜ਼ਾਮ ਦਾ ਹੀ ਵਿਕਸਤ ਪੜਾਅ ਮੰਨਦਾ ਹੈ। ਉਹਦੀ ਰਾਇ ਹੈ ਕਿ ਆਲਮੀ ਪੂੰਜੀ ਨੂੰ ਸੰਗਠਿਤ ਕਰਨ ਵਿਚ ਬਸਤੀਵਾਦ ਦੀ ਅਹਿਮ ਭੂਮਿਕਾ ਸੀ। ਬਸਤੀਵਾਦ ਦੌਰਾਨ ਵੱਖ-ਵੱਖ ਯੂਰਪੀ ਮੁਲਕਾਂ ਦੇ ਆਰਥਿਕ ਹਿੱਤ ਆਪੋ-ਆਪਣੀਆਂ ਬਸਤੀਆਂ ਤੱਕ ਸੀਮਤ ਸਨ ਅਤੇ ਤੀਜੀ ਦੁਨੀਆ ਦੇ ਮੁਲਕਾਂ ਦੇ ਆਜ਼ਾਦ ਹੋਣ ਤੋਂ ਬਾਅਦ ਆਲਮੀ ਪੂੰਜੀ ਨੇ ਅਮਰੀਕੀ ਅਗਵਾਈ ਹੇਠ ਖੁਦ ਨੂੰ ਸੰਗਠਿਤ ਕਰ ਲਿਆ। ਇਸ ਨਵੇਂ ਉਭਰੇ ਅਰਥਚਾਰੇ ਵਿਚ ਬਹੁਕੌਮੀ ਕੰਪਨੀਆਂ ਨੇ ਸਮੁੱਚੇ ਸੰਸਾਰ ਦੀ ਆਰਥਿਕਤਾ ਨੂੰ ਇਕਾਈ ਵਿਚ ਬੰਨ੍ਹਣ ਦੇ ਯਤਨ ਤੇਜ਼ ਕਰ ਦਿੱਤੇ। ਸਮਕਾਲੀ ਦੌਰ ਵਿਚ ਵਿਕਸਤ ਹੋਏ ਅਰਥਚਾਰੇ ਦੀ ਬਣਤਰ ਨੂੰ ਸਮਝੇ ਬਿਨਾਂ ਉਤਰ-ਬਸਤੀਵਾਦੀ ਸਮਾਜਾਂ ਨੂੰ ਨਹੀਂ ਸਮਝਿਆ ਜਾ ਸਕਦਾ।

ਆਲਮੀ ਅਰਥਚਾਰੇ ਵਿਚ ਵਾਪਰੀ ਇਸ ਤਬਦੀਲੀ ਦਾ ਅਸਰ ਤੀਜੀ ਦੁਨੀਆ ਦੀ ਰਹਿਤਲ 'ਤੇ ਵੀ ਪਿਆ ਜਿਸ ਦੇ ਨਤੀਜੇ ਵਜੋਂ ਵੱਖ-ਵੱਖ ਨਸਲੀ ਤੇ ਸਭਿਆਚਾਰਕ ਅੰਤਰ-ਵਿਰੋਧ ਸਾਹਮਣੇ ਆਏ। ਉੱਤਰ-ਬਸਤੀਵਾਦੀ ਅਧਿਐਨ ਨੇ ਨਾ ਸਿਰਫ ਅਜਿਹੇ ਸਭਿਆਚਾਰਕ ਅੰਤਰ-ਵਿਰੋਧਾਂ ਨੂੰ ਉਭਾਰਿਆ ਸਗੋਂ ਇਨ੍ਹਾਂ ਅੰਤਰ-ਵਿਰੋਧਾਂ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਵੀ ਕੀਤਾ। ਆਲਮੀ ਪੂੰਜੀ ਤੋਂ ਵਿਕਸਤ ਹੋਏ ਅਰਥਚਾਰੇ ਦੀਆਂ ਊਣਤਾਈਆਂ 'ਤੇ ਪਰਦਾ ਪਾਉਣ ਲਈ ਨਸਲੀ ਤੇ ਸਭਿਆਚਾਰਕ ਵਖਰੇਵਿਆਂ ਨੂੰ ਪਛਾਣਾਂ ਦੀ ਸਿਆਸਤ ਵਜੋਂ ਪੇਸ਼ ਕੀਤਾ ਗਿਆ। ਏਜਾਜ਼ ਅਹਿਮਦ ਦਾ ਇਤਰਾਜ਼ ਹੈ ਕਿ ਇਸ ਦੌਰ ਵਿਚ ਜਦੋਂ ਸਰਮਾਏ ਨੇ ਅਰਥਚਾਰੇ ਅਤੇ ਸਭਿਆਚਾਰਕ ਉਤਪਾਦਾਂ ਨੂੰ ਵੀ ਆਪਣੇ ਹਿੱਤਾਂ ਅਨੁਕੂਲ ਢਾਲ ਲਿਆ ਹੈ, ਉਸ ਸਮੇਂ ਉੱਤਰ-ਬਸਤੀਵਾਦੀ ਚਿੰਤਨ ਆਲਮੀ ਪੂੰਜੀ ਦੀ ਸਿਆਸਤ ਨੂੰ ਸਮਝਣ ਦੀ ਥਾਂ ਸਭਿਆਚਾਰਕ ਅਧਿਐਨ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਇਸ ਦੌਰ ਵਿਚ ਨਾਬਰੀ ਦਾ ਪ੍ਰਵਚਨ ਜਮਾਤ ਤੋਂ ਨਸਲੀ, ਧਾਰਮਿਕ ਤੇ ਅਜਿਹੀਆਂ ਹੋਰ ਪਛਾਣਾਂ ਵੱਲ ਖਿਸਕ ਗਿਆ ਹੈ। ਇਸ ਤਰ੍ਹਾਂ ਦਾ ਵਿਰੋਧ ਸਰਮਾਏਦਾਰੀ ਨਿਜ਼ਾਮ ਦੀ ਸਾਰਥਕਤਾ 'ਤੇ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਾਉਂਦਾ ਕਿਉਂਕਿ ਪੂੰਜੀਵਾਦ ਦੀ ਸਰਬਉੱਚਤਾ ਨੂੰ ਕਾਇਮ ਰੱਖਣ ਲਈ ਅਜਿਹੇ ਵਿਰੋਧਾਂ ਦਾ ਮੌਜੂਦ ਰਹਿਣਾ ਬੇਹੱਦ ਕਾਰਗਰ ਸਾਬਤ ਹੁੰਦਾ ਹੈ। ਇਸ ਤਰ੍ਹਾਂ ਦੇ ਵਿਰੋਧਾਂ ਨੂੰ ਇਸ ਲਈ ਉਭਾਰਿਆ ਜਾਂਦਾ ਹੈ ਤਾਂ ਜੋ ਪੂੰਜੀਵਾਦ ਨੂੰ ਲੋਕਤੰਤਰੀ ਦਿੱਖ ਦਿੱਤੀ ਜਾ ਸਕੇ। ਅਜਿਹਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਵਖਰੇਵਿਆਂ ਤੋਂ ਬਿਨਾਂ ਆਜ਼ਾਦੀ ਤੇ ਚੋਣ ਦੀ ਸੁਤੰਤਰਤਾ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਅਜਿਹੀ ਭਰਮ ਸਿਰਜਣਾ ਮੰਡੀ ਦੀਆਂ ਮੁੱਢਲੀਆਂ ਲੋੜਾਂ ਵਿਚੋਂ ਇਕ ਹੈ।




*ਏਜਾਜ਼ ਅਹਿਮਦ ਦੀਆਂ ਕਿਤਾਬਾਂ ਦੇ ਮੁਖੜੇ।*

ਸਮਕਾਲੀ ਚਿੰਤਨ ਪਹਿਲੀ ਅਤੇ ਤੀਜੀ ਦੁਨੀਆ ਦੇ ਆਪਸੀ ਰਿਸ਼ਤਿਆਂ ਨੂੰ ਆਧਾਰ ਬਣਾਉਂਦਾ ਹੈ। ਹਕੀਕਤ ਇਹ ਹੈ ਕਿ ਸਮਕਾਲੀ ਸੰਸਾਰੀਕਰਨ ਦੇ ਦੌਰ ਵਿਚ ਪਹਿਲੀ ਤੇ ਤੀਜੀ ਦੁਨੀਆ ਦਾ ਵਿਚਾਰ ਕੋਈ ਖਾਸ ਪ੍ਰਸੰਗਕ ਨਹੀਂ ਰਿਹਾ। ਆਲਮੀ ਪੂੰਜੀ ਦੇ ਪਸਾਰ ਨੇ ਇਨ੍ਹਾਂ ਸਿਆਸੀ ਹੱਦਾਂ ਨੂੰ ਪੇਤਲਾ ਕਰ ਦਿੱਤਾ ਹੈ। ਏਜਾਜ਼ ਵੱਲੋਂ ਉਠਾਇਆ ਗਿਆ ਮੂਲ ਨੁਕਤਾ ਹੈ ਕਿ ਜੇਕਰ ਉੱਤਰ-ਬਸਤੀਵਾਦੀ ਚਿੰਤਨ ਸਚਮੁੱਚ ਬਸਤੀਵਾਦ ਅਤੇ ਇਸ ਤੋਂ ਬਾਅਦ ਦੇ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਵਿਚ ਰਚਿਆ ਜਾ ਰਿਹਾ ਹੈ ਤਾਂ ਇਹਨੂੰ ਸਭ ਤੋਂ ਪਹਿਲਾਂ ਇਸ ਤੱਥ ਦਾ ਇਤਿਹਾਸਕ ਕਾਰਨ ਖੋਜਣਾ ਪਵੇਗਾ ਕਿ ਬਸਤੀਆਂ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਸਾਮਰਾਜਵਾਦ ਕਿਵੇਂ ਹੋਰ ਸ਼ਕਤੀਸ਼ਾਲੀ ਰੂਪ ਵਿਚ ਸੰਗਠਿਤ ਹੋਇਆ।

ਐਡਵਰਡ ਸਈਦ ਦੀ ਪੁਸਤਕ 'ਓਰੀਐਂਟਲਿਜ਼ਮ' ਬਾਰੇ ਆਲੋਚਨਾਤਮਕ ਪਰਖ ਪੜਚੋਲ ਕਰਦਿਆਂ ਏਜਾਜ਼ ਅਹਿਮਦ ਨੇ ਪੂਰਬਵਾਦੀ ਪ੍ਰਵਚਨ ਨੂੰ ਮਾਰਕਸਵਾਦੀ ਨੁਕਤੇ ਤੋਂ ਵਿਚਾਰਿਆ ਹੈ। ਉਹਦੀ ਧਾਰਨਾ ਹੈ ਕਿ ਸਈਦ ਨੇ ਸਮੁੱਚੇ ਪੱਛਮ ਨੂੰ ਇਕੋ ਰੱਸੇ ਬੰਨ੍ਹ ਕੇ ਪੂਰਬਵਾਦ ਬਾਰੇ ਇਕਤਰਫਾ ਪ੍ਰਤੀਕਰਮ ਉਸਾਰਿਆ। ਉਨ੍ਹੀਵੀਂ ਸਦੀ ਦੌਰਾਨ ਬਸਤੀਆਂ ਅੰਦਰ ਪੂਰਬਵਾਦ ਦੇ ਵਿਰੋਧ ਵਿਚ ਸਿਰਜੇ ਗਏ ਬਿਆਨੀਏ ਦਾ ਸਈਦ ਦੀ ਪੁਸਤਕ ਵਿਚ ਕੋਈ ਜ਼ਿਕਰ ਨਹੀਂ। ਸਈਦ ਨੇ ਸਾਮਰਾਜਵਾਦ ਨੂੰ ਸਿਰਫ ਸਭਿਆਚਾਰਕ ਨੁਕਤਾ ਨਿਗਾਹ ਤੋਂ ਪੇਸ਼ ਕਰ ਕੇ ਜਮਾਤੀ ਨੁਕਤੇ ਅਤੇ ਮਾਰਕਸਵਾਦ ਵੱਲੋਂ ਬਸਤੀਵਾਦ ਵਿਰੋਧੀ ਸੰਘਰਸ਼ਾਂ ਵਿਚ ਨਿਭਾਈ ਭੂਮਿਕਾ ਨੂੰ ਅਣਗੌਲਿਆ ਕੀਤਾ ਹੈ। ਸਈਦ ਨੇ ਸਮੁੱਚੇ ਪੱਛਮੀ ਚਿੰਤਨ ਨੂੰ ਕਟਹਿਰੇ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਜਿਸ ਕਾਰਨ ਮਾਰਕਸਵਾਦ ਵੀ ਬਸਤੀਵਾਦ ਦਾ ਪਿਛਲੱਗ ਜਾਪਦਾ ਹੈ।

ਅਹਿਮਦ ਦੀ ਧਾਰਨਾ ਹੈ ਕਿ ਪਛਾਣ ਦਾ ਮੁੱਦਾ ਸਾਰੀਆਂ ਸਭਿਅਤਾਵਾਂ ਵਿਚ ਪ੍ਰਮੁੱਖ ਰਿਹਾ ਹੈ। ਜੇ ਪੱਛਮ ਨੇ ਆਪਣੀ ਪਛਾਣ ਨੂੰ ਸਥਾਪਤ ਕਰਨ ਲਈ ਪੂਰਬ ਬਾਰੇ ਮਨੋਕਲਪਿਤ ਵਿਆਖਿਆ ਉਸਾਰੀ ਹੈ ਤਾਂ ਇਹਦਾ ਆਧਾਰ ਸਭਿਆਚਾਰਕ ਪ੍ਰਵਚਨ ਨਹੀਂ ਸਗੋਂ ਬਸਤੀਵਾਦੀ ਦੇਸ਼ਾਂ ਵਿਚ ਵਿਕਸਤ ਹੋਇਆ ਪੂੰਜੀਵਾਦ ਸੀ ਜਿਹੜਾ ਇਸ ਤਰ੍ਹਾਂ ਦੇ ਪੱਖਪਾਤੀ ਰਵੱਈਏ ਲਈ ਜ਼ਿੰਮੇਵਾਰ ਸੀ। ਤੀਜੀ ਦੁਨੀਆ ਦੀਆਂ ਸਾਰੀਆਂ ਸਮੱਸਿਆਵਾਂ ਲਈ ਸਿਰਫ ਪੱਛਮ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਬਸਤੀਵਾਦ ਤੋਂ ਪਹਿਲਾਂ ਪੂਰਬੀ ਖਿੱਤਿਆਂ ਦੇ ਵਸਨੀਕ ਕਿਸੇ ਆਦਰਸ਼ਕ ਸੰਸਾਰ ਵਿਚ ਨਹੀਂ ਰਹਿ ਰਹੇ ਸਨ। ਉਹ ਜਾਤ, ਜਮਾਤ ਅਤੇ ਲਿੰਗ ਦੇ ਨੁਕਤੇ ਤੋਂ ਦਰਜੇਬੰਦੀਆਂ ਵਿਚ ਵੰਡੇ ਸਨ। ਪੂਰਵ-ਬਸਤੀਵਾਦੀ ਸਮੇਂ ਦੀਆਂ ਇਨ੍ਹਾਂ ਸਥਿਤੀਆਂ ਨੂੰ ਸਮਝੇ ਬਿਨਾਂ ਬਸਤੀਵਾਦ ਬਾਰੇ ਉਸਾਰਿਆ ਕੋਈ ਵੀ ਪ੍ਰਵਚਨ ਭੁਲੇਖਾਪਾਊ ਸਿੱਧ ਹੋ ਸਕਦਾ ਹੈ।

ਏਜਾਜ਼ ਅਹਿਮਦ ਦੇ ਕਹਿਣ ਦਾ ਭਾਵ ਇਹ ਹੈ ਕਿ ਖੱਬੇਪੱਖੀ ਨਜ਼ਰ ਆਉਣ ਦੇ ਬਾਵਜੂਦ ਸਈਦ ਦੀ ਪੂਰਬਵਾਦੀ ਪੜ੍ਹਤ ਸਮਾਜਕ ਤਬਦੀਲੀ ਦੇ ਏਜੰਡੇ ਵਿਰੁੱਧ ਹੀ ਭੁਗਤ ਜਾਂਦੀ ਹੈ। ਸਈਦ ਪੂਰਬ ਬਾਰੇ ਪੱਛਮ ਵਾਸੀਆਂ ਵੱਲੋਂ ਉਸਾਰੇ ਗਿਆਨ ਨੂੰ ਬਸਤੀਵਾਦ ਦੇ ਇਤਿਹਾਸ ਅਤੇ ਖਾਸਕਰ ਪੂੰਜੀਵਾਦ ਦੇ ਪਸਾਰ ਤੋਂ ਤੋੜ ਕੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਹ ਸਾਹਿਤਕ ਅਤੇ ਵਿਚਾਰਧਾਰਕ ਪ੍ਰਵਚਨ ਨੂੰ ਪੇਸ਼ ਕਰਨ ਸਮੇਂ ਉਨ੍ਹਾਂ ਪਦਾਰਥਕ ਹਾਲਤਾਂ ਨੂੰ ਅੱਖੋਂ-ਪਰੋਖੇ ਕਰ ਦਿੰਦਾ ਹੈ ਜਿਨ੍ਹਾਂ ਨੇ ਬਸਤੀਵਾਦ ਦੇ ਪਣਪਣ ਲਈ ਲੋੜੀਂਦੀਆਂ ਸਥਿਤੀਆਂ ਪੈਦਾ ਕੀਤੀਆਂ।

'ਇਨ ਥਿਊਰੀ' ਪੁਸਤਕ ਵਿਚ ਛਪੇ ਲੇਖ 'ਥਰਡ ਵਰਲਡ ਲਿਟਰੇਚਰ' ਵਿਚ ਅਹਿਮਦ ਨੇ ਤੀਜੀ ਦੁਨੀਆ ਦੇ ਮੁਲਕਾਂ ਵਿਚ ਲਿਖੇ ਜਾਂਦੇ ਸਾਹਿਤ ਅਤੇ ਇਹਦੇ ਅੰਗਰੇਜ਼ੀ ਭਾਸ਼ਾ ਨਾਲ ਸੰਬੰਧਾਂ ਉੱਤੇ ਨਜ਼ਰਸਾਨੀ ਕੀਤੀ ਹੈ। ਉਹ ਦੱਸਦਾ ਹੈ ਕਿ ਤੀਜੀ ਦੁਨੀਆ ਦੀਆਂ ਜ਼ੁਬਾਨਾਂ ਵਿਚ ਰਚੇ ਸਾਹਿਤ ਦੇ ਵਿਸ਼ਲੇਸ਼ਣ ਲਈ ਅੰਗਰੇਜ਼ੀ ਜ਼ੁਬਾਨ ਵਿਚ ਲਿਖੇ ਸਾਹਿਤ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ ਜਦੋਂਕਿ ਤੀਜੀ ਦੁਨੀਆ ਨਾਲ ਸੰਬੰਧਤ ਖੇਤਰੀ ਜ਼ਬਾਨਾਂ ਦੀਆਂ ਲਿਖਤਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਮਸਲਨ ਫਰੈਡਰਿਕ ਜੇਮਸਨ ਦੀ ਧਾਰਨਾ ਹੈ ਕਿ ਤੀਜੀ ਦੁਨੀਆ ਦੀਆਂ ਲਿਖਤਾਂ ਇਨ੍ਹਾਂ ਖਿੱਤਿਆਂ ਦੀਆਂ ਕੌਮੀ ਪ੍ਰਤੀਕ ਕਥਾਵਾਂ ਹਨ। ਇਸ ਧਾਰਨਾ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਿਆਂ ਅਹਿਮਦ ਦੱਸਦਾ ਹੈ ਕਿ 1935 ਤੋਂ 1947 ਈ. ਤੱਕ ਦਾ ਸਮਾਂ ਭਾਰਤ ਦੇ ਆਜ਼ਾਦੀ ਸੰਗਰਾਮ ਦਾ ਸਭ ਤੋਂ ਅਹਿਮ ਸਮਾਂ ਹੈ। ਇਸ ਦੇ ਬਾਵਜੂਦ ਇਸ ਵਕਫੇ ਦੌਰਾਨ ਕੋਈ ਵੀ ਅਜਿਹੀ ਰਚਨਾ ਉਰਦੂ ਜ਼ੁਬਾਨ ਵਿਚ ਨਹੀਂ ਲਿਖੀ ਗਈ ਜਿਸ ਨੂੰ ਹਿੰਦੋਸਤਾਨ ਦੀ ਕੌਮੀ ਪ੍ਰਤੀਕ ਕਥਾ ਕਿਹਾ ਜਾ ਸਕੇ। ਜੇਮਸਨ ਦੇ ਵਾਕ ਨੂੰ ਉਲਟਾ ਕੇ ਅਹਿਮਦ ਕਹਿੰਦਾ ਹੈ ਕਿ ਅਮਰੀਕੀ ਅਕਾਦਮੀਆਂ ਦੇ ਬੁੱਧੀਜੀਵੀ ਉਨ੍ਹਾਂ ਰਚਨਾਵਾਂ ਨੂੰ ਹੀ ਤੀਜੀ ਦੁਨੀਆ ਦੇ ਬਿਰਤਾਂਤਾਂ ਵਜੋਂ ਪੇਸ਼ ਕਰਦੇ ਹਨ ਜੋ ਕੌਮੀ ਪ੍ਰਤੀਕ ਕਥਾਵਾਂ ਨਜ਼ਰ ਆਉਂਦੀਆਂ ਹੋਣ। ਸਾਹਿਤ ਦੀ ਸਿਰਜਣਾ ਕੋਈ ਸਿੱਧ-ਪੱਧਰਾ ਵਰਤਾਰਾ ਨਹੀਂ ਜਿਸ ਨੂੰ ਕੌਮੀ ਪ੍ਰਤੀਕ ਕਥਾ ਤੱਕ ਘਟਾ ਕੇ ਦੇਖਿਆ ਜਾਵੇ। ਤੀਜੀ ਦੁਨੀਆ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਸਾਹਿਤ ਵੀ ਕਿਸੇ ਇਕ ਸਮਾਜਕ-ਸਿਆਸੀ ਕਾਰਨ ਦੀ ਸਿੱਧੀ ਉਪਜ ਨਹੀਂ ਹੋ ਸਕਦਾ। ਇਹ ਭਾਵੇਂ ਸਮੁੱਚੇ ਸਮਾਜਕ ਤੇ ਸਿਆਸੀ ਵਰਤਾਰੇ ਦਾ ਕੇਂਦਰੀ ਕਾਰਨ ਹੀ ਕਿਉਂ ਨਾ ਹੋਵੇ। ਜੇਮਸਨ ਨੇ ਅਜਿਹਾ ਕਰ ਕੇ ਤੀਜੀ ਦੁਨੀਆ ਦੀਆਂ ਵਿਲੱਖਣਤਾਵਾਂ ਨੂੰ ਇਕੋ ਖਾਤੇ ਪਾ ਦਿੱਤਾ ਹੈ।

ਇਸੇ ਤਰ੍ਹਾਂ ਡਾਇਸਪੋਰਾ ਅਧਿਐਨ ਦੀ ਵੀ ਆਪਣੀ ਸਿਆਸਤ ਹੈ। ਸਮਾਜਵਾਦ ਦੀ ਗੈਰ-ਮੌਜੂਦਗੀ ਵਿਚ ਪਰਵਾਸੀ ਚਿੰਤਕਾਂ ਲਈ ਕੋਈ ਮੁੱਦਾ ਨਹੀਂ ਬਚਿਆ ਜਿਸ ਕਾਰਨ ਉਨ੍ਹਾਂ ਤੀਜੀ ਦੁਨੀਆ ਦਾ ਸੰਕਲਪ ਘੜ ਕੇ ਨਾਬਰੀ ਦੀ ਸਿਆਸਤ ਦਾ ਯੂਟੋਪੀਆ (ਕਾਲਪਨਿਕ ਚਿੱਤਰ) ਉਸਾਰ ਲਿਆ। ਇਨ੍ਹਾਂ ਚਿੰਤਕਾਂ ਨੇ ਪਰਵਾਸ ਨੂੰ ਰੁਮਾਂਸਵਾਦੀ ਬਣਾ ਕੇ ਉਨ੍ਹਾਂ ਕੁਲੀਨ ਲੋਕਾਂ ਨਾਲ ਜੋੜ ਦਿੱਤਾ ਜੋ ਆਪਣੀ ਮਰਜ਼ੀ ਅਤੇ ਖੁਸ਼ੀ ਨਾਲ ਵਿਕਸਤ ਦੇਸ਼ਾਂ ਵਿਚ ਰਹਿ ਰਹੇ ਹਨ। ਇਹਦੇ ਉਲਟ ਹਕੀਕਤ ਇਹ ਹੈ ਕਿ ਇਨ੍ਹਾਂ ਲੋਕਾਂ ਕੋਲ ਜਲਾਵਤਨੀ ਦੇ ਦੁਖਾਂਤ ਦਾ ਕੋਈ ਨਿੱਜੀ ਅਨੁਭਵ ਨਹੀਂ ਹੈ।

ਏਜਾਜ਼ ਅਹਿਮਦ ਨੇ ਬੇਸ਼ੱਕ ਆਪਣਾ ਆਖਰੀ ਸਮਾਂ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਤੁਲਨਾਤਮਕ ਸਾਹਿਤ ਵਿਭਾਗ ਵਿਚ ਬਿਤਾਇਆ ਪਰ ਉਹ ਹਮੇਸ਼ਾ ਹਿੰਦੋਸਤਾਨ ਪਰਤਣ ਲਈ ਉਤਾਵਲਾ ਰਿਹਾ। ਪਾਕਿਸਤਾਨੀ ਪਿਛੋਕੜ ਕਰਕੇ ਉਹਦੀ ਭਾਰਤੀ ਨਾਗਰਿਕਤਾ ਦਾ ਮਸਲਾ ਉਲਝਿਆ ਰਿਹਾ ਜਿਸ ਕਰਕੇ ਉਹ ਆਪਣੀ ਜਨਮ ਭੋਇੰ 'ਤੇ ਆਪਣਾ ਆਖਰੀ ਵਕਤ ਨਾ ਗੁਜ਼ਾਰ ਸਕਿਆ। ਪ੍ਰੋ. ਪ੍ਰਭਾਤ ਪਟਨਾਇਕ ਨੇ 'ਦਿ ਹਿੰਦੂ' ਵਿਚ ਛਪੇ ਲੇਖ ਵਿਚ ਲਿਖਿਆ ਹੈ ਕਿ ਅਮਰੀਕਾ ਵਿਚ ਬਿਤਾਏ ਇਹ ਅੱਠ ਵਰ੍ਹੇ ਏਜਾਜ਼ ਅਹਿਮਦ ਲਈ ਜਲਾਵਤਨੀ ਹੰਢਾਉਣ ਵਰਗੇ ਸਨ।

***ਐਡਵਰਡ ਸਈਦ ਦੀ ਪੁਸਤਕ 'ਓਰੀਐਂਟਲਿਜ਼ਮ' ਬਾਰੇ ਆਲੋਚਨਾਤਮਕ ਪਰਖ ਪੜਚੋਲ ਕਰਦਿਆਂ ਏਜਾਜ਼ ਅਹਿਮਦ ਨੇ ਪੂਰਬਵਾਦੀ ਪ੍ਰਵਚਨ ਨੂੰ ਮਾਰਕਸਵਾਦੀ ਨੁਕਤੇ ਤੋਂ ਵਿਚਾਰਿਆ ਹੈ। ਉਹਦੀ ਧਾਰਨਾ ਹੈ ਕਿ ਸਈਦ ਨੇ ਸਮੁੱਚੇ ਪੱਛਮ ਨੂੰ ਇਕੋ ਰੱਸੇ ਬੰਨ੍ਹ ਕੇ ਪੂਰਬਵਾਦ ਬਾਰੇ ਇਕਤਰਫਾ ਪ੍ਰਤੀਕਰਮ ਉਸਾਰਿਆ। ਉਨ੍ਹੀਵੀਂ ਸਦੀ ਦੌਰਾਨ ਬਸਤੀਆਂ ਅੰਦਰ ਪੂਰਬਵਾਦ ਦੇ ਵਿਰੋਧ ਵਿਚ ਸਿਰਜੇ ਗਏ ਬਿਆਨੀਏ ਦਾ ਸਈਦ ਦੀ ਪੁਸਤਕ ਵਿਚ ਕੋਈ ਜ਼ਿਕਰ ਨਹੀਂ। ਸਈਦ ਨੇ ਸਾਮਰਾਜਵਾਦ ਨੂੰ ਸਿਰਫ ਸਭਿਆਚਾਰਕ ਨੁਕਤਾ ਨਿਗਾਹ ਤੋਂ ਪੇਸ਼ ਕਰ ਕੇ ਜਮਾਤੀ ਨੁਕਤੇ ਅਤੇ ਮਾਰਕਸਵਾਦ ਵੱਲੋਂ ਬਸਤੀਵਾਦ ਵਿਰੋਧੀ ਸੰਘਰਸ਼ਾਂ ਵਿਚ ਨਿਭਾਈ ਭੂਮਿਕਾ ਨੂੰ ਅਣਗੌਲਿਆ ਕੀਤਾ ਹੈ। ਸਈਦ ਨੇ ਸਮੁੱਚੇ ਪੱਛਮੀ ਚਿੰਤਨ ਨੂੰ ਕਟਹਿਰੇ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਜਿਸ ਕਾਰਨ ਮਾਰਕਸਵਾਦ ਵੀ ਬਸਤੀਵਾਦ ਦਾ ਪਿਛਲੱਗ ਜਾਪਦਾ ਹੈ।***

ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# ਅੱਬਾਸ ਦਾ ਨਾਟਕ 'ਜ਼ੁਬੈਦਾ'

ਓਸੇ ਰਾਤ ਮੈਂ ਇਪਟਾ ਦੇ ਸਾਥੀਆਂ ਨਾਲ ਉਹ ਨਾਟਕ ਵੀ ਵੇਖਣ ਚਲਾ ਗਿਆ ਜਿਸ ਦਾ ਇਸ਼ਤਿਹਾਰ ਸਵੇਰੇ ਅਖਬਾਰ ਵਿਚ ਪੜ੍ਹਿਆ ਸੀ। ਡਰਾਮੇ ਦਾ ਨਾਂ ਸੀ 'ਮਾਂ'। ਕਰਤਾ ਸੀ ਮਾਮਾ ਵਾਰੇਰਕਰ। ਮੂਲ ਮਰਾਠੀ ਤੋਂ ਹਿੰਦੀ ਵਿਚ ਅਨੁਵਾਦ ਕੀਤਾ ਹੋਇਆ ਸੀ।

ਨਾਟਕ ਮਾੜਾ ਨਹੀਂ ਸੀ ਪਰ ਉਸ ਦੀ ਪੇਸ਼ਕਾਰੀ ਨੇ ਮੈਨੂੰ ਹੱਦ ਤੋਂ ਵਧ ਨਿਰਾਸ਼ ਕੀਤਾ। ਨਾਟਕ ਦੇ ਅਦਾਕਾਰ ਜ਼ਿਆਦਾਤਰ ਐਸੇ ਸਨ ਜਿਨ੍ਹਾਂ ਨੂੰ ਹਿੰਦੀ ਠੀਕ ਬੋਲਣੀ ਨਹੀਂ ਸੀ ਆਉਂਦੀ। ਉਹਨਾਂ ਦਾ ਗੁਜਰਾਤੀ, ਮਰਾਠੀ ਤੇ ਦੱਖਣ ਭਾਰਤੀ ਉਚਾਰਣ ਸੁਣ ਕੇ ਕੰਨਾਂ ਨੂੰ ਸੱਟ ਵੱਜਦੀ ਸੀ। ਮੈਂ ਰੇਡੀਓ ਦੇ ਕੰਮ ਲਈ ਆਪਣੇ ਉਚਾਰਣ ਵਿਚੋਂ ਪੰਜਾਬੀਅਤ ਕਢਣ ਦੀ ਅਣਥੱਕ ਮਿਹਨਤ ਕੀਤੀ ਸੀ, ਤੇ ਦ੍ਰਿੜਤਾ ਨਾਲ ਵਿਸ਼ਵਾਸ ਰੱਖਦਾ ਸਾਂ ਕਿ ਅਦਾਕਦਾਰ ਨੂੰ ਉਸ ਬੋਲੀ ਦਾ ਮਾਹਿਰ ਹੋਣਾ ਚਾਹੀਦਾ ਹੈ ਜਿਸ ਵਿਚ ਕੰਮ ਕਰੇ। ਜਿਨ੍ਹਾਂ ਨੂੰ ਮੈਂ ਸਟੇਜ ਉਤੇ ਕੰਮ ਕਰਦੇ ਵੇਖ ਰਿਹਾ ਸਾਂ, ਉਹਨਾਂ ਵਿਚੋਂ ਘਟ-ਵਧ ਹੀ ਕੋਈ ਮੇਰੀ ਪਰਖਵੱਟੀ ਉਤੇ ਪੂਰਾ ਉਤਰਦਾ ਸੀ। ਕੀ ਇਹਨਾਂ ਤੋਂ ਹੀ ਮੈਨੂੰ 'ਜ਼ੁਬੈਦਾ' ਦੇ ਪਾਰਟ ਕਰਵਾਉਣੇ ਪੈਣਗੇ? ਸੋਚ-ਸੋਚ ਕੇ ਮੇਰਾ ਦਿਲ ਬੈਠਣ ਲਗ ਪਿਆ।

ਸਾਰੀ ਰਾਤ ਮੈਂ ਦੁਚਿੱਤੀਆਂ ਵਿਚ ਕੱਟੀ। ਜੇ ਇਹਨਾਂ ਕਲਾਕਾਰਾਂ ਤੋਂ ਕੰਮ ਕਰਾਇਆ ਤਾਂ ਬੇੜਾ ਗਰਕ ਹੋਣ ਵਿਚ ਜ਼ਰਾ ਵੀ ਸੰਦੇਹ ਨਹੀਂ। ਜੇ ਇਨਕਾਰ ਕੀਤਾ, ਤਾਂ ਫੇਰ ਪੌੜੀਆਂ ਚੜ੍ਹਨ-ਲਹਿਣ ਤੋਂ ਛੁੱਟ ਕੋਈ ਕੰਮ ਨਹੀਂ ਰਹਿ ਜਾਏਗਾ। ਕਰਾਂ ਤਾਂ ਕੀ?

ਅਖੀਰ, ਇਸੇ ਨਤੀਜੇ ਉਤੇ ਪੁਜਿਆ ਕਿ ਦਿਲ ਦੀ ਗੱਲ ਸਾਫ ਸਾਫ ਕਹਿ ਦੇਣੀ ਚਾਹੀਦੀ ਹੈ। ਸ਼ਾਮੀਂ ਮੈਂ ਸ਼ਰਤ ਪੇਸ਼ ਕਰ ਦਿੱਤੀ ਕਿ ਪਾਤਰਾਂ ਦੀ ਚੋਣ ਅਥਵਾ ਹੋਰ ਸਭ ਗੱਲਾਂ ਬਾਰੇ ਮੇਰੇ ਫੈਸਲਿਆਂ ਵਿਚ ਹੋਰ ਕਿਸੇ ਦਾ ਦਖਲ ਨਹੀਂ ਹੋਵੇਗਾ। ਅੱਬਾਸ ਦੇ ਜਜ਼ਬਾਤੀ ਸੁਭਾਵ ਨੂੰ ਇਹ ਰੁੱਖੀ ਗੱਲ ਮਾੜੀ ਲੱਗੀ ਪਰ ਇਕ ਲੰਮੇ ਵਾਲਾਂ ਵਾਲਾ ਦੁਬਲਾ-ਪਤਲਾ ਗੱਭਰੂ ਝਟ ਅਗੇ ਵਧ ਕੇ ਬੋਲ ਪਿਆ, "ਸਾਨੂੰ ਸਭ ਸ਼ਰਤਾਂ ਮਨਜ਼ੂਰ ਹਨ।" ਉਸ ਗੱਭਰੂ ਦਾ ਨਾਂ ਸੀ ਜਸਵੰਤ ਠੱਕਰ ਜਿਸ ਦੀ ਪਿਛਲੇ ਵੀਹ ਸਾਲਾਂ ਤੋਂ ਕੀਤੀ ਸੇਵਾ ਗੁਜਰਾਤੀ ਨਾਟਕ ਦੇ ਇਤਿਹਾਸ ਵਿਚ ਸੋਨੇ ਦੇ ਹਰਫਾਂ ਵਿਚ ਲਿਖੀ ਜਾਏਗੀ। ਉਸ ਦੀ ਮਿਹਨਤ ਦੀ ਬਦੌਲਤ ਅਜ ਸੌਰਾਸ਼ਟਰ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਨਾਟਕ ਵਿਭਾਗ ਖੁੱਲ੍ਹ ਚੁੱਕੇ ਹਨ ਜਿਨ੍ਹਾਂ ਵਿਚ ਵਿਦਾਰਥੀਆਂ ਨੂੰ ਬੀ.ਏ. ਦੀ ਡਿਗਰੀ ਦਿੱਤੀ ਜਾਂਦੀ ਹੈ। ਉਸ ਵੇਲੇ ਜਸਵੰਤ ਸ਼ੈਦ (ਸ਼ਾਇਦ) ਇਪਟਾ ਦਾ ਸਕੱਤਰ ਸੀ।

ਅਗਲੇ ਦਿਨ ਤੋਂ ਮੈਂ 'ਜ਼ੁਬੈਦਾ' ਦੇ ਕਿਰਦਾਰਾਂ ਦੀ ਭਾਲ ਅਰੰਭ ਕੀਤੀ। ਹੀਰੋ ਲਈ ਚੇਤਨ ਨੂੰ ਰਾਜ਼ੀ ਕਰਾਉਣ ਵਿਚ ਮੈਨੂੰ ਦਿੱਕਤ ਨਹੀਂ ਹੋਈ। ਹੀਰੋ ਦੇ ਛੋਟੇ ਵੀਰ ਦਾ ਰੋਲ ਦੇਵ ਆਨੰਦ ਨੇ ਖੁਸ਼ੀ ਨਾਲ ਸਾਂਭ ਲਿਆ। ਜ਼ੁਬੈਦਾ ਦੇ ਕਿਰਦਾਰ ਲਈ ਅਜ਼ਰਾ ਨੇ ਹਾਂ ਕਰ ਦਿਤੀ ਪਰ ਪਾਤਰਾਂ ਦੀ ਸੂਚੀ ਬੜੀ ਲੰਮੀ ਸੀ- ਤੀਹ-ਪੈਂਤੀ ਤੱਕ ਜਾ ਪੁਜਦੀ ਸੀ। ਤੇ ਇਪਟਾ ਦੇ ਸਾਰੇ ਮੈਂਬਰਾਂ ਨੂੰ ਨਿਰਾਸ ਕਰਨਾ ਵੀ ਨਹੀਂ ਸੀ ਸ਼ੋਭਾ ਦੇਂਦਾ। ਸੋ, ਨਿੱਕੇ ਨਿੱਕੇ ਪਾਤਰਾਂ ਲਈ ਮੈਂ ਈਨ ਛਡ ਦਿੱਤੀ ਪਰ ਵਡੇ ਪਾਤਰਾਂ ਬਾਰੇ ਮੈਂ ਆਪਣੇ ਫੈਸਲੇ 'ਤੇ ਅਟੱਲ ਰਿਹਾ।

ਪਤਾ ਨਹੀਂ, ਕਿਸ ਭਰੋਸੇ 'ਤੇ ਅੱਬਾਸ ਨੇ ਡਾਇਰੈਕਸ਼ਨ ਮੇਰੇ ਹਵਾਲੇ ਕਰ ਛੱਡੀ ਸੀ। ਸਟੇਜ ਦਾ ਮੇਰਾ ਅਨੁਭਵ ਕੇਵਲ ਇਕ-ਦੋ ਕਾਲਜ ਦੇ ਤੇ ਇਕ-ਦੋ ਸ਼ਾਂਤੀ ਨਿਕੇਤਨ ਵਿਚ ਖੇਡੇ ਨਾਟਕਾਂ ਤਕ ਸੀਮਤ ਸੀ। ਪਾਤਰਾਂ ਦੀ ਹਿਦਾਇਤਕਾਰੀ ਮਾੜੀ-ਮੋਟੀ ਕਰ ਸਕਦਾ ਸਾਂ ਪਰ ਡਾਇਰੈਕਸ਼ਨ ਦੇ ਟੈਕਨੀਕਲ ਪੱਖਾਂ ਤੋਂ ਤਾਂ ਬਿਲਕੁਲ ਹੀ ਕੋਰਾ ਸਾਂ, ਤੇ ਹੁਣ ਤੀਕਰ ਹਾਂ। ਇਹ ਮੇਰੇ ਕਲਾਤਮਿਕ ਜੀਵਨ ਦਾ ਇਕ ਹਨੇਰਾ ਪਹਿਲੂ ਹੈ। ਮੈਂ ਆਪਣੀ ਇਸ ਕਮਜ਼ੋਰੀ ਤੋਂ ਖੂਬ ਵਾਕਫ ਸਾਂ। ਇਸ ਨਾਲ ਪੈਦਾ ਹੋਈ ਆਤਮ-ਵਿਸ਼ਵਾਸ ਦੀ ਘਾਟ ਤੇ ਚਿੰਤਾ ਵਜੋਂ ਕਈ ਵਾਰੀ ਰਿਹਰਸਲਾਂ ਦੇ ਦੌਰਾਨ ਮੇਰੇ ਚਿਹਰੇ ਤੇ ਅੱਖਾਂ ਵਿਚ ਪਥਰਾ ਜਿਹਾ ਆ ਜਾਂਦਾ। ਅਜ਼ਰਾ ਕਹਿੰਦੀ, "ਆਂਖੇਂ ਝਪਕਾਓ, ਆਂਖੇਂ ਝਪਕਾਓ, ਬਲਰਾਜ, ਮੁਝੇ ਡਰ ਲਗਤਾ ਹੈ!"

ਆਤਮ-ਵਸ਼ਿਵਾਸ, ਚੁਸਤੀ, ਦਲੇਰੀ ਕੋਈ ਖੁਦਾ-ਦਾਦ ਗੁਣ ਨਹੀਂ ਹੁੰਦੇ।

ਮਿਸਾਲ ਵਜੋਂ, ਕੋਈ ਪਿੰਡ ਦਾ ਹੁਸ਼ਿਆਰ ਤੇ ਫਰਤੀਲ ਗੱਭਰੂ ਵੀ ਜਦੋਂ ਕਿਸੇ ਵਡੇ ਸ਼ਹਿਰ ਆਵੇ, ਤਾਂ ਸੁਸਤ ਪੈ ਜਾਂਦਾ ਹੈ। ਇਸ ਦਾ ਕਾਰਨ ਇਹ ਨਹੀਂ ਕਿ ਬਦਲੀ ਹੋਈ ਆਬੋ-ਹਵਾ ਦਾ ਉਸ ਉਪਰ ਅਸਰ ਪੈ ਗਿਆ ਹੈ। ਦਰਅਸਲ, ਉਸ ਨੂੰ ਸ਼ਹਿਰੀ ਜੀਵਨ ਦੀਆਂ ਗੁੰਝਲਾਂ ਤੇ ਬਰੀਕੀਆਂ ਦਾ ਗਿਆਨ ਨਹੀਂ ਹੁੰਦਾ, ਤੇ ਨਾ ਉਸ ਦੀ ਇਤਨੀ ਤਾਲੀਮ ਹੁੰਦੀ ਹੈ ਕਿ ਉਹਨਾਂ ਨਾਲ ਛੇਤੀ ਛੇਤੀ ਗਿੱਝ ਸਕੇ। ਏਸੇ ਲਈ ਉਹ ਸਹਿਮ ਜਿਹਾ ਜਾਂਦਾ ਹੈ। ਅੱਖਾਂ ਵਿਚ ਪਥਰਾ ਤੇ ਅੰਗਾਂ ਵਿਚ ਸੁਸਤੀ ਜਿਹੀ ਆ ਜਾਂਦੀ ਹੈ।

ਗਿਆਨ ਦੀ ਸੰਪੂਰਨਤਾ ਆਤਮ-ਵਿਸ਼ਵਾਸ ਲਿਆਉਂਦੀ ਹੈ, ਇਨਸਾਨ ਨੂੰ ਦਲੇਰ ਤੇ ਚੁਸਤ ਬਣਾਉਂਦੀ ਹੈ। ਅਗਿਆਨ ਦਾ ਮਾੜਾ ਜਿਤਨਾ ਅੰਸ਼ ਵੀ ਕਿਸੇ ਨਾ ਕਿਸੇ ਮੌਕੇ ਤੇ ਇਨਸਾਨ ਦੇ ਆਤਮ-ਵਿਸ਼ਵਾਸ ਨੂੰ, ਉਸ ਦੀ ਫੈਸਲਾ ਕਰਨ ਦੀ ਤਾਕਤ ਨੂੰ, ਉਸ ਦੀ ਵਰਿਆਮਤਾ ਨੂੰ ਦਗਾ ਦੇ ਸਕਦਾ ਹੈ।

ਆਪਣੀ ਤਕਨੀਕੀ ਅਗਿਆਨਤਾ ਨੂੰ ਲੁਕਾਉਣ ਲਈ ਮੈਂ ਆਪਣਾ ਸਾਰਾ ਜ਼ੋਰ ਪਾਤਰਾਂ ਦੀ ਮੁਨਾਸਬ ਚੋਣ ਉਪਰ ਲਗਾ ਛੱਡਿਆ। ਮੈਂ ਚਾਹੁੰਦਾ ਸਾਂ ਕਿ ਹਰ ਕਿਰਦਾਰ ਲਈ ਮੈਨੂੰ ਐਸੇ ਢੁਕਵੇਂ ਬੰਦੇ ਮਿਲ ਜਾਣ ਜਿਹੜੇ ਸਟੇਜ 'ਤੇ ਪੁੱਜਦਿਆਂ ਹੀ ਠਾਠ ਬੰਨ੍ਹ ਦੇਣ। ਫੇਰ, ਬਾਕੀ ਦੇ ਸਭ ਕਸੂਰ ਮਾਫ ਹੋ ਜਾਣਗੇ।

ਮੀਰ ਸਾਹਿਬ, ਮਿਰਜ਼ਾ, ਮੁੰਸ਼ੀ ਬੇਦਿਲ, ਸੇਠ ਸਾਹਿਬ, ਇਸ ਨਾਟਕ ਦੇ ਖਾਸ ਨਿੱਗਰ ਤੇ ਰੋਚਕ ਪਾਤਰ ਸਨ। ਮੀਰ ਲਈ ਮੈਂ ਅੱਬਾਸ ਦੀ ਬਾਂਹ ਫੜ ਲਈ। ਉਹ ਬੜਾ ਛਟਪਟਾਇਆ, ਕਿਉਂਕਿ ਸਟੇਜ 'ਤੇ ਆਪ ਕੰਮ ਕਰਨ ਦਾ ਕਦੇ ਉਸ ਨੇ ਸੁਪਨਾ ਵੀ ਨਹੀਂ ਸੀ ਵੇਖਿਆ ਪਰ ਮੇਰੀ ਜਿੱਦ ਅੱਗੇ ਉਹਨੂੰ ਝੁਕਣਾ ਹੀ ਪਿਆ। ਪਰ ਸਭ ਤੋਂ ਲੁਤਫਦਾਰ ਤਲਾਸ਼ ਮੁੰਸ਼ੀ ਬੇਦਿਲ ਦੇ ਪਾਤਰ ਦੀ ਰਹੀ। ਇਕ ਦਿਨ ਕਾਫੀ ਹਾਊਸ ਵਿਚ ਮੈਂ ਚੇਤਨ ਨੂੰ ਇਕ ਠਿੰਗਣੇਂ, ਸੁਕੜੂ ਜਿਹੇ ਬੰਦੇ ਨਾਲ ਗੱਲਾਂ ਕਰਦੇ ਵੇਖਿਆ। ਮੁੰਸ਼ੀ ਬੇਦਿਲ ਦੀ ਜੀਂਦੀ-ਜਾਗਦੀ ਤਸਵੀਰ ਸੀ ਉਹ। ਉਸ ਵਿਅਕਤੀ ਦਾ ਨਾਂ ਰਸ਼ੀਦ ਖਾਨ ਸੀ (ਜਿਨ੍ਹਾਂ ਨੂੰ ਪਾਠਕ ਨਿਸ਼ਚੇ ਹੀ 'ਅਨੁਰਾਧਾ', 'ਗਰਮ ਕੋਟ' ਤੇ ਕਿਤਨੀਆਂ ਹੀ ਹੋਰ ਫਿਲਮਾਂ ਵਿਚ ਵੇਖ ਚੁੱਕੇ ਹਨ)। ਆਲ ਇੰਡੀਆ ਰੇਡੀਓ ਵਿਚ ਸਟਾਫ ਆਰਟਿਸਟ ਲੱਗੇ ਹੋਏ ਸਨ। ਮੈਂ ਖੰਭ ਝਾੜ ਕੇ ਉਹਨਾਂ ਦੇ ਮਗਰ ਪੈ ਗਿਆ।

ਰਸ਼ੀਦ ਖਾਨ ਨੇ ਜਿਵੇਂ ਮੇਰੀਆਂ ਅੱਖਾਂ ਵਿਚ ਪੜ੍ਹ ਲਿਆ ਕਿ ਮੈਂ ਛੇਤੀ ਹਾਰ ਮੰਨਣ ਵਾਲਾ ਬੰਦਾ ਨਹੀਂ। ਉਹ ਭੈਭੀਤ ਜਿਹੇ ਹੋ ਗਏ। ਕੁਰਸੀ ਨੇੜੇ ਖਿੱਚ ਕੇ ਸੰਜੀਦਗੀ ਨਾਲ ਉਹਨਾਂ ਮੈਨੂੰ ਸਮਝਾਉਣਾ ਸ਼ੁਰੂ ਕੀਤਾ: "ਦੇਖੀਏ ਸਾਹਬ, ਨਾਟਕੋਂ ਔਰ ਫਿਲਮੋਂ ਮੇਂ ਮੈਂ ਅਪਨੇ ਆਪ ਕੋ ਕਿਸ ਕਦਰ ਤਬਾਹ-ਓ-ਬਰਬਾਦ ਕਰ ਚੁਕਾ ਹੂੰ, ਯਿਹ ਏਕ ਲੰਬੀ ਦਾਸਤਾਨ ਹੈ। ਇਸ ਵਕਤ ਸਿਰਫ ਇਤਨਾ ਕਹਿ ਦੇਨਾ ਕਾਫੀ ਹੈ ਕਿ ਮੁਝੇ ਉਨਕੇ ਨਾਮ ਸੇ ਭੀ ਨਫਰਤ ਹੋ ਚੁਕੀ ਹੈ। ਰੇਡੀਓ ਕੀ ਨੌਕਰੀ ਸੇ ਮੁਝੇ ਬਮੁਸ਼ਕਿਲ ਦੋ ਵਕਤ ਕੀ ਰੋਟੀ ਕਾ ਸਹਾਰਾ ਮਿਲਾ ਹੈ। ਇਸੇ ਮੈਂ ਕਿਸੀ ਸੂਰਤ ਖਤਰੇ ਮੇਂ ਨਹੀਂ ਡਾਲ ਸਕਤਾ।"

"ਲੇਕਿਨ ਨਾਟਕ ਮੇਂ ਕਾਮ ਕਰਨੇ ਸੇ ਆਪ ਕੀ ਨੌਕਰੀ ਕੈਸੇ ਖਤਰੇ ਮੇਂ ਪੜ੍ਹ ਸਕਤੀ ਹੈ? ਦੂਸਰੇ ਲੋਗ ਭੀ ਤੋ ਕਾਮ ਕਰਤੇ ਹੈਂ?" ਮੈਂ ਕਿਹਾ।

"ਯਿਹ ਮੈਂ ਖੁਦ ਬਿਹਤਰ ਜਾਨਤਾ ਹੂੰ।"

"ਲੇਕਿਨ ਆਪਕੋ ਦੇਖਨੇ ਕੇ ਬਾਦ ਅਬ ਮੁਝੇ ਇਸ ਰੋਲ ਕੇ ਲੀਏ ਦੂਸਰਾ ਕੋਈ ਆਦਮੀ ਨਹੀਂ ਜਚ ਸਕਤਾ। ਬਤਾਈਏ ਮੈਂ ਭੀ ਕਿਆ ਕਰੂੰ?"

"ਆਪ ਭਾੜ ਮੇਂ ਜਾਏਂ।" ਇਹ ਕਹਿ ਕੇ ਉਹ ਕੁਰਸੀ ਤੋਂ ਉੱਠ ਕੇ ਬਾਹਰ ਚਲੇ ਗਏ।

ਪੂਰੇ ਚਾਰ ਮਹੀਨੇ ਨਾਟਕ ਦੀਆਂ ਰਿਹਰਸਲਾਂ ਚਲਦੀਆਂ ਰਹੀਆਂ ਤੇ ਪੂਰੇ ਦੋ ਮਹੀਨੇ ਮੈਂ ਰਸ਼ੀਦ ਖਾਨ ਨੂੰ ਉਡੀਕਦਾ ਰਿਹਾ। ਕਿਤਨਾ-ਕਿਤਨਾ ਚਿਰ ਮੈਂ ਰੇਡੀਓ ਸਟੇਸ਼ਨ ਦੇ ਬਰਾਂਡਿਆਂ ਵਿਚ ਖਲੋਤਾ ਰਹਿੰਦਾ। ਜਦੋਂ ਵੀ ਉਹ ਆਉਂਦੇ-ਜਾਂਦੇ, ਮੈਂ ਹੱਥ ਬੰਨ੍ਹ ਕੇ ਖਲੋ ਜਾਂਦਾ। ਉਹ ਪੁਲਿਸ ਬੁਲਾਉਣ ਦੀਆਂ ਧਮਕੀਆਂ ਦੇਂਦੇ। ਕਈ ਵਾਰ ਉਹਨਾਂ ਚਪੜਾਸੀ ਨੂੰ ਕਹਿ ਕੇ ਮੈਨੂੰ ਆਪਣੇ ਕਮਰੇ 'ਚੋਂ ਬਾਹਰ ਕਢਵਾਇਆ ਪਰ ਮੈਂ ਵੀ ਸਬਰ ਦਾ ਸਾਥ ਨਾ ਛੱਡਿਆ। ਰੇਡੀਓ ਸਟੇਸ਼ਨ ਵਿਚ ਮੇਰੀ ਕਾਫੀ ਸਾਖ ਸੀ, ਬੀ.ਬੀ.ਸੀ. ਦਾ ਅਨਾਊਂਸਰ ਜੋ ਰਹਿ ਕੇ ਆਇਆ ਸਾਂ। ਜੇ ਚਾਹੁੰਦਾ ਤਾਂ ਕਿਸੇ ਉੱਚੇ ਅਫਸਰ ਦੀ ਮਦਦ ਨਾਲ ਰਸ਼ੀਦ ਖਾਂ ਨੂੰ ਹਾਸਲ ਕਰ ਸਕਦਾ ਸਾਂ ਪਰ ਇੰਜ ਕਰਨਾ ਮੈਨੂੰ ਮੁਨਾਸਿਬ ਨਾ ਦਿਸਿਆ।

ਏਧਰ ਅੱਬਾਸ ਤੇ ਦੂਜੇ ਸਾਥੀ ਅੱਧ-ਪਚੱਧੀਆਂ ਰਿਹਰਸਲਾਂ ਤੋਂ ਤੰਗ ਆ ਰਹੇ ਸਨ। ਅਨਾੜੀ ਡਾਇਰੈਕਟਰ ਉੱਤੇ ਲੋਕਾਂ ਨੂੰ ਉਂਜ ਵੀ ਬਹੁਤਾ ਭਰੋਸਾ ਨਹੀਂ ਹੁੰਦਾ। ਕਿਸ਼ਤੀ ਨੂੰ ਭੰਵਰਾਂ ਵਿਚ ਫਸਿਆ ਵੇਖ ਕੇ ਉਹ ਕਿਸੇ ਨਾ ਕਿਸੇ ਬਹਾਨੇ ਸਾਥ ਛੱਡ ਜਾਂਦੇ ਹਨ। ਜਸਵੰਤ ਠੱਕਰ ਮੈਨੂੰ ਸੈੱਟਾਂ ਬਾਰੇ, ਲਾਈਟਿੰਗ ਤੇ ਹੋਰ ਟੈਕਨੀਕਲ ਗੱਲਾਂ ਬਾਰੇ ਪੁੱਛਦਾ। ਮੈਂ ਗੋਲ-ਮੋਲ ਜਵਾਬ ਦੇ ਛੱਡਦਾ। ਆਨੇ-ਬਹਾਨੇ ਸਾਠੇ ਤੇ ਅੱਬਾਸ ਕਦੇ ਪ੍ਰਿਥਵੀ ਰਾਜ ਕਪੂਰ, ਕਦੇ ਜੈਰਾਜ, ਜਾਂ ਕੇ.ਐਨ. ਸਿੰਘ ਨੂੰ ਰਿਹਰਸਲਾਂ ਵੇਖਣ ਲਈ ਬੁਲਾ ਲੈਂਦੇ। ਉਹ ਇਸ਼ਾਰਿਆਂ ਨਾਲ ਮੈਨੂੰ ਉਹਨਾਂ ਦੀ ਸਹਾਇਤਾ ਲੈਣ ਲਈ ਪ੍ਰੇਰਦੇ ਪਰ ਮੈਂ ਜਾਣਦਾ ਸਾਂ ਕਿ ਜ਼ਰਾ ਵੀ ਆਤਮ-ਵਿਸ਼ਵਾਸ ਦੀ ਘਾਟ ਪ੍ਰਦਰਸ਼ਤ ਕੀਤੀ ਤਾਂ ਭੱਠਾ ਹੀ ਬੈਠ ਜਾਏਗਾ। ਇਕ ਦਿਨ ਮੈਂ ਜ਼ਰਾ ਸਖਤੀ ਨਾਲ ਮੁਦਾਖਲਤ ਬਰਦਾਸ਼ਤ ਨਾ ਕਰਨ ਦੀ ਸ਼ਰਤ ਫੇਰ ਦੁਹਰਾ ਦਿਤੀ। ਸਾਥੀਆਂ ਦੇ ਚਿਹਰੇ 'ਤੇ ਮਾਯੂਸੀ ਦੇ ਆਸਾਰ ਸਾਫ ਦਿਸ ਰਹੇ ਸਨ।

ਕੇਵਲ ਇਕ ਜਸਵੰਤ ਠੱਕਰ ਸੀ ਜਿਸ ਨੇ ਮੈਨੂੰ ਕਦੇ ਛੋਟਾ ਮਹਿਸੂਸ ਨਹੀਂ ਕਰਾਇਆ, ਹਾਲਾਂਕਿ ਮੇਰੀਆਂ ਖਾਮੀਆਂ ਨੂੰ ਸਭ ਤੋਂ ਵਧ ਓਹੀ ਪੜ੍ਹ ਸਕਦਾ ਸੀ। ਰਿਹਰਸਲਾਂ ਵਿਚ ਉਹ ਹਮੇਸ਼ਾ ਮੈਥੋਂ ਪਹਿਲਾਂ ਪਹੁੰਚਦਾ ਤੇ ਹਰ ਨਿੱਕੀ-ਮੋਟੀ ਲੋੜ ਦਾ ਖਿਆਲ ਰੱਖਦਾ। ਮੇਰੀ ਇਕ-ਇਕ ਹਰਕਤ ਨੂੰ ਉਹ ਕਦਰ-ਦਾਨ ਨਜ਼ਰਾਂ ਨਾਲ ਵੇਖਦਾ। ਉਸ ਦੀ ਮੌਜੂਦਗੀ ਵਿਚ ਮੈਂ ਖੁਲ੍ਹਾ ਖੁਲ੍ਹਾ ਮਹਿਸੂਸ ਕਰਦਾ, ਜਿਵੇਂ ਕੋਈ ਬਹੁਤ ਹੀ ਪਿਆਰਾ ਦੋਸਤ ਮਿਲ ਗਿਆ ਹੋਵੇ।

ਹੌਲੀ ਹੌਲੀ ਮੈਨੂੰ ਵਿਸ਼ਵਾਸ ਹੋਣ ਲੱਗ ਪਿਆ ਕਿ ਸਟੇਜ ਦੀਆਂ ਤਕਨੀਕੀ ਜ਼ਰੂਰਤਾਂ ਬਾਰੇ ਉਸ ਦੇ ਹੁੰਦਿਆਂ ਮੈਨੂੰ ਚਿੰਤਾ ਕਰਨ ਦੀ ਲੋੜ ਹੀ ਨਹੀਂ, ਤੇ ਉਹ ਕੋਈ ਬਹੁਤੀਆਂ ਪੇਚੀਦਾ ਵੀ ਨਹੀਂ ਸਨ।

ਇਕ ਦਿਨ ਇਕ ਈਰਾਨੀ ਹੋਟਲ ਵਿਚ ਇਕੱਠੇ ਚਾਹ ਪੀਂਦਿਆਂ ਮੈਂ ਆਪਣੀ ਕਲਪਨਾ ਨੂੰ ਬੇਲਗਾਮ ਛੱਡਦਿਆਂ ਕਿਹਾ, "ਮੇਰਾ ਦਿਲ ਕਰਦੈ, ਸ਼ਾਦੀ ਵਾਲੇ ਸੀਨ ਵਿਚ ਲਾੜੇ ਨੂੰ ਘੋੜੀ ਉਤੇ ਚੜ੍ਹਾ ਕੇ ਵਾਜੇ-ਗਾਜੇ ਨਾਲ ਦਰਸ਼ਕਾਂ ਦੇ ਵਿਚੋਂ ਦੀ ਲਿਆਵਾਂ। ਥੇਟਰ ਦੇ ਇਕ ਦਰਵਾਜ਼ੇ ਵਿਚੋਂ ਬਰਾਤ ਦਾਖਲ ਹੋਵੇ ਤੇ ਦੂਜੇ ਵਿਚੋਂ ਬਾਹਰ ਨਿਕਲ ਜਾਵੇ। ਐਨ ਉਸ ਵੇਲੇ ਪੜਦਾ ਉਠੇ, ਤੇ ਕਹਾਰ ਡੋਲੀ ਲਿਆਉਂਦੇ ਦਿੱਸਣ। ਦਰਪੜਦਾ ਸ਼ਹਿਨਾਈ ਵਜ ਰਹੀ ਹੋਵੇ...।"

ਮੇਰਾ ਖਿਆਲ ਸੀ ਕਿ ਐਤਕੀਂ ਜ਼ਰੂਰ ਜਸਵੰਤ ਮੇਰਾ ਮੌਜੂ ਉਡਾਏਗਾ ਪਰ ਉਹ ਇੰਜ ਕੁਰਸੀ ਤੋਂ ਉਛਲ ਪਿਆ, ਜਿਵੇਂ ਮੈਂ ਅਸਮਾਨ ਤੋਂ ਤਾਰੇ ਤੋੜ ਲਿਆਇਆ ਹੋਵਾਂ। ਮੇਰੇ ਮਨ੍ਹਾ ਕਰਦਿਆਂ-ਕਰਦਿਆਂ ਉਹਨੇ ਏਸ ਖਬਤ ਨੂੰ ਅਮਲੀ ਜਾਮਾ ਪਹਿਨਾਉਣ ਦੇ ਆਹਰ ਅਰੰਭ ਦਿਤੇ। ਕਾਵਸਜੀ ਜਹਾਂਗੀਰ ਹਾਲ ਮਿਉਂਸਿਪੈਲਟੀ ਦੇ ਅਧੀਨ ਸੀ। ਉਹਨਾਂ ਹਾਲ ਵਿਚ ਘੋੜਾ ਲਿਆਉਣ ਦੀ ਇਜਾਜ਼ਤ ਦੇਣ ਤੋਂ ਸਾਫ ਇਨਕਾਰ ਕਰ ਦਿਤਾ ਪਰ ਜਸਵੰਤ ਕਿਥੇ ਹਾਰ ਮੰਨਣ ਵਾਲਾ ਸੀ? ਉਸ ਨੇ ਇਕ ਵਕੀਲ ਦੀ ਮਦਦ ਨਾਲ ਅਧਿਕਾਰੀਆਂ ਅਗੇ ਸਬੂਤ ਪੇਸ਼ ਕੀਤਾ ਕਿ ਸੰਨ 1922 ਵਿਚ ਓਸੇ ਹਾਲ ਵਿਚ ਸਟੇਜ ਉਤੇ ਬਾਂਦਰ ਲਿਆਂਦਾ ਗਿਆ ਸੀ। ਜੇ ਬਾਂਦਰ ਆ ਸਕਦਾ ਹੈ ਤਾਂ ਘੋੜਾ ਕਿਉਂ ਨਹੀਂ? ਇਜਾਜ਼ਤ ਮਿਲ ਗਈ। ਜਸਵੰਤ ਆਪਣੀ ਧੁਨ ਵਾਲਾ ਮਸਤ-ਮੌਲਾ ਬੰਦਾ ਸੀ। ਇਪਟਾ ਦੇ ਸਾਥੀ ਉਹਨੂੰ 'ਮੈਡ-ਕੈਪ' ਦੇ ਨਾਂ ਨਾਲ ਪੁਕਾਰਦੇ ਸਨ। ਇਕ ਮੈਡ-ਕੈਪ ਦਾ ਹੋਰ ਵਾਧਾ ਹੋਣ ਵਿਚ ਭਲਾ ਜਸਵੰਤ ਨੂੰ ਕੀ ਇਤਰਾਜ਼ ਹੋ ਸਕਦਾ ਸੀ? "ਖੂਬ ਗੁਜ਼ਰੇਗੀ ਜੋ ਮਿਲ ਬੈਠੇਂਗੇ ਦੀਵਾਨੇ ਦੋ!!"

ਅਸੀਂ ਆਪਸ ਵਿਚ ਵਾਹ-ਵਾਹ ਘਿਓ-ਖਿਚੜੀ ਹੋਣ ਲੱਗ ਪਏ। ਉਹਦੇ ਨਾਲ ਮੈਂ ਬੰਬਈ ਦੇ ਗਲੀ-ਕੂਚਿਆਂ ਦੀ ਖੂਬ ਸੈਰ ਕੀਤੀ। ਚੰਗੇ-ਚੰਗੇ ਨਾਟਕ ਵੇਖੇ, ਚੰਗੇ-ਚੰਗੇ ਲੋਕਾਂ ਨੂੰ ਮਿਲਿਆ। ਅੱਬਾਸ ਤੇ ਹੋਰ ਸਾਥੀਆਂ ਨੇ ਕਹਿਣਾ ਸ਼ੁਰੂ ਕੀਤਾ, "ਚਲੋ, ਹੁਣ ਇਹ ਵੀ ਕਮਿਊਨਿਸਟ ਬਣਿਆ ਕੇ ਬਣਿਆ।" ਮੈਂ ਇਹਨਾਂ ਗੱਲਾਂ ਨੂੰ ਕੰਨ ਵਿਚ ਮਾਰ ਛਡਦਾ ਸੀ। ਜਸਵੰਤ ਕਮਿਊਨਿਸਟ ਸੀ ਜਾਂ ਨਹੀਂ, ਨਾ ਮੈਂ ਉਸ ਤੋਂ ਕਦੇ ਪਛਿਆ, ਤੇ ਨਾ ਹੀ ਉਸ ਨੇ ਕਦੇ ਮੇਰੇ ਨਾਲ ਪਾਲਿਟਿਕਸ ਦੀ ਗੱਲ ਕੀਤੀ। ਮੈਨੂੰ ਚੰਗਾ ਦੋਸਤ ਮਿਲ ਗਿਆ ਸੀ, ਹੋਰ ਮੈਨੂੰ ਕੁਝ ਨਹੀਂ ਸੀ ਚਾਹੀਦਾ। ਨਾ ਮੈਨੂੰ ਇਸ ਗੱਲ ਦੀ ਪਰਵਾਹ ਸੀ ਕਿ ਉਹ ਕਮਿਊਨਿਟ ਹੈ ਜਾਂ ਨਹੀਂ। ਇਪਟਾ ਬਾਰੇ ਮੈਂ ਕਦੇ ਕਦੇ ਸੁਣਦਾ ਸਾਂ ਕਿ ਅੰਦਰੇ-ਅੰਦਰ ਅਲੱਗ-ਅਲੱਗ ਗੁੱਟਾਂ ਦੀ ਖਿਚੋਤਾਣ ਰਹਿੰਦੀ ਹੈ, ਤੇ ਕਮਿਊਨਿਟ ਉਸ ਉਪਰ ਹਾਵੀ ਹਨ ਪਰ ਕਿਉਂ ਅਤੇ ਕਿਸ ਤਰ੍ਹਾਂ ਹਾਵੀ ਹਨ, ਇਹ ਜਾਣਨ ਦੀ ਮੈਨੂੰ ਨਾ ਫੁਰਸਤ ਸੀ, ਨਾ ਦਿਲਚਸਪੀ। ਮੇਰਾ ਧਿਆਨ ਨਾਟਕ ਵਿਚ ਖੁੱਭਿਆ ਹੋਇਆ ਸੀ।

ਪਾਤਰ-ਨਿਰਦੇਸ਼ਨ ਬਾਰੇ ਅੰਗਰੇਜ਼ੀ ਸਾਹਿਤ ਤੋਂ, ਕਾਲਜ ਦੇ ਜ਼ਮਾਨੇ ਵਿਚ ਅਹਿਮਦ ਸ਼ਾਹ ਬੁਖਾਰੀ ਵਰਗੇ ਉੱਚ ਕੋਟੀ ਦੇ ਨਾਟਕ-ਪ੍ਰਬੀਣਾਂ ਤੋਂ, ਤੇ ਲੰਡਨ ਵਿਚ ਵੇਖੇ ਨਾਟਕਾਂ ਤੋਂ ਹਾਸਲ ਕੀਤੀਆਂ ਕਦਰਾਂ ਮੇਰੇ ਬਹੁਤ ਕੰਮ ਆਈਆਂ। 'ਜ਼ੁਬੈਦਾ' ਨਾਟਕ ਭਾਵੇਂ ਚੰਗਾ ਸੀ ਭਾਵੇਂ ਮੰਦਾ, ਮੈਂ ਉਸ ਨੂੰ ਹੁਣ ਪਵਿੱਤਰ ਧਰਮ-ਪੁਸਤਕ ਵਾਂਗ ਵੇਖਦਾ ਤੇ ਸਨਮਾਨਦਾ ਸਾਂ। ਮੇਰਾ ਅਕੀਦਾ ਹੈ ਕਿ ਨਾਟਕ ਦੀ ਚੰਗਿਆਈ-ਬੁਰਿਆਈ ਬਾਰੇ ਡਾਇਰੈਕਟਰ ਨੂੰ ਨਾਟਕ ਹੱਥ ਵਿਚ ਲੈਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਤੇ ਇਕ ਵਾਰੀ ਹੱਥ ਵਿਚ ਲੈ ਕੇ ਫੇਰ ਉਸ ਨੂੰ ਤਨਕੀਦੀ ਨਜ਼ਰ ਨਾਲ ਕਦੇ ਨਹੀਂ ਵੇਖਣਾ ਚਾਹੀਦਾ।

ਡਾਇਰੈਕਟਰ ਦਾ ਕੰਮ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨਾ ਨਹੀਂ। ਉਸ ਦਾ ਕੰਮ ਹੈ, ਲੇਖਕ ਦੇ ਆਸ਼ਿਆਂ ਦੀ ਪੂਰਤੀ ਕਰਨਾ। ਉਹਨਾਂ ਨੂੰ ਰੂਪ-ਰੰਗ ਦਾ ਵੇਸ ਦੇ ਕੇ ਦਰਸ਼ਕਾਂ ਦੇ ਸਨਮੁਖ ਨਿਖਾਰਨਾ। ਜਿਹੜੇ ਨਿਰਦੇਸ਼ਕ ਰਿਹਰਸਲਾਂ ਦੌਰਾਨ ਮੂਲ ਨਾਟਕ ਵਿਚ ਮਨ-ਮਾਨੇ ਪਰਿਵਰਤਨ ਕਰਦੇ ਹਨ, ਉਹ ਕੋਈ ਚੰਗਾ ਕੰਮ ਨਹੀਂ ਕਰਦੇ। ਲੇਖਕ ਦੀ ਸਲਾਹ ਲਏ ਬਿਨਾਂ ਪਰਿਵਰਤਨ ਕਰਨਾ ਅੱਯਾਰੀ ਹੈ।

ਅੱਬਾਸ ਦੇ ਨਾਟਕ ਵਿਚ ਬਹੁਤ ਕਮਜ਼ੋਰੀਆਂ ਸਨ। ਮੇਰੇ ਸਾਥੀ ਕਈ ਵਾਰੀ ਉਹਨਾਂ ਵਲ ਮੇਰਾ ਧਿਆਨ ਖਿੱਚਦੇ ਹਨ ਪਰ ਅੱਬਾਸ ਨਾਲ ਜ਼ਿਕਰ ਕਰਨ ਤੋਂ ਪਹਿਲਾਂ ਮੈਂ ਨਾਟਕ ਨੂੰ ਫੇਰ ਗੌਰ ਨਾਲ ਪੜ੍ਹਦਾ, ਤੇ ਹਰ ਸਵਾਲ ਦਾ ਹੱਲ ਨਾਟਕ ਦੇ ਅੰਦਰ ਹੀ ਮੈਨੂੰ ਮਿਲ ਜਾਂਦਾ। ਮੈਂ ਅੱਬਾਸ ਦੀ ਕਾਬਲੀਅਤ ਉਪਰ ਅਸ਼-ਅਸ਼ ਕੀਤੇ ਬਿਨਾਂ ਨਾ ਰਹਿ ਸਕਦਾ। ਭਾਵੇਂ ਕੁਝ ਕਹਿ ਲਓ, ਅੱਬਾਸ ਦੇ ਨਾਟਕਾਂ ਵਿਚ ਇਕ ਮਣਕਾ ਹੁੰਦਾ ਹੈ, ਇਕ ਅਨੋਖਾਪਨ, ਇਕ ਮਨੋਰੰਜਕ ਲੋਚ ਜੋ ਮੈਂ ਫੇਰ ਹਿੰਦੀ-ਉਰਦੂ ਦੇ ਹੋਰ ਕਿਸੇ ਨਾਟਕਕਾਰ ਵਿਚ ਘਟ-ਵਧ ਈ ਵੇਖਿਆ ਹੈ। ਕਾਸ਼! ਅੱਬਾਸ ਨੇ ਆਪਣੀ ਏਸ ਲਭਤ ਵਲ ਵਿਸ਼ੇਸ਼ ਧਿਆਨ ਦਿੱਤਾ ਹੁੰਦਾ! ਉਹ ਸਿਖਰਾਂ ਛੋਹ ਸਕਦਾ ਸੀ। ਬਾਹਰਹਾਲ ਡਾਇਰੈਕਟਰ ਦੀ ਕਲਪਨਾ ਨੂੰ ਤੁਣਕੇ ਦੇਣ ਲਈ ਅੱਬਾਸ ਦੇ ਨਾਟਕਾਂ ਵਿਚ ਭਰਪੂਰ ਮਸਾਲੇ ਹੁੰਦੇ ਹਨ।

ਰਿਹਰਸਲ 'ਤੇ ਆਣ ਤੋਂ ਪਹਿਲਾਂ ਮੈਂ ਪਾਤਰ ਦੀਆਂ ਹਰਕਤਾਂ ਦਾ ਪੂਰਾ ਨਕਸ਼ਾ ਮਨ ਵਿਚ ਬਿਠਾ ਲੈਂਦਾ ਸਾਂ ਜਿਸ ਕਾਰਨ ਕਈ ਵਾਰੀ ਉਹ ਬਹੁਤ ਮਜ਼ੇਦਾਰ ਹੋ ਜਾਂਦੀਆਂ ਸਨ।

ਪਰ ਅਣ-ਸਿਖਿਆ ਅਤੇ ਅਣ-ਗੁੜਿਆ ਹੋਣ ਕਰਕੇ ਮੇਰੇ ਕੋਲੋਂ ਸਖਤ ਗਲਤੀਆਂ ਵੀ ਸਰਜ਼ੱਦ ਹੋ ਜਾਂਦੀਆਂ ਸਨ। ਦੇਵ ਆਨੰਦ ਨੂੰ ਸ਼ੈਦ ਗੁੱਸਾ ਖਾ ਕੇ ਕਦੇ ਮੈਂ ਕਹਿ ਬੈਠਾ, "ਯਾਰ ਤੂੰ ਤਾਂ ਕਦੇ ਐਕਟਰ ਨਹੀਂ ਬਣ ਸਕਦਾ।" ਮੈਨੂੰ ਨਹੀਂ ਯਾਦ ਸਗੋਂ ਇਹ ਪੱਕੀ ਤਰ੍ਹਾਂ ਯਾਦ ਹੈ ਕਿ ਜਦੋਂ ਉਹਨੂੰ ਪ੍ਰਭਾਤ ਫਿਲਮ ਕੰਪਨੀ ਵਲੋਂ ਇੰਟਰਵਿਊ ਲਈ ਬੁਲਾਵਾ ਆਇਆ ਤਾਂ ਮੈਂ ਉਹਨੂੰ ਚੇਤਨ ਤੋਂ ਚੋਰੀ ਪੂਨੇ ਨਠਾ ਦਿੱਤਾ ਸੀ, ਅਤੇ ਤਾਕੀਦ ਕੀਤੀ ਸੀ ਕਿ ਜੇ ਉਹ ਉਹਨੂੰ ਕਾਂਟਰੈਕਟ ਪੇਸ਼ ਕਰਨ ਤਾਂ ਕਿਸੇ ਸੂਰਤ ਇਨਕਾਰ ਨਾ ਕਰੇ, ਭਾਵੇਂ ਸ਼ਰਤਾਂ ਕਿਤਨੀਆਂ ਵੀ ਔਖੀਆਂ ਹੋਣ। ਇੰਜ ਇਕ ਤਰ੍ਹਾਂ ਦੇਵ ਨੂੰ ਫਿਲਮਾਂ ਵਿਚ ਧੱਕਣ ਲਈ ਮੈਂ ਹੀ ਜ਼ਿੰਮੇਵਾਰ ਹਾਂ। ਫੇਰ ਵੀ ਨਾਸਮਝੀ ਵਿਚ ਆਖੀ ਗੱਲ ਦੇਵ ਨੂੰ ਸਖਤ ਚੁੱਭੀ ਸੀ, ਅਤੇ ਫਿਲਮੀ ਪੱਤਰਕਾਰਾਂ ਨੇ ਇਸ ਨੂੰ ਦਿਲ ਖੋਲ੍ਹ ਕੇ ਉਛਾਲਿਆ ਹੈ।

ਇਸ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਨਿਰਦੇਸ਼ਕ ਨੂੰ ਕਦੇ ਵੀ ਸਵੈ-ਸੰਜਮ ਛੱਡਣਾ ਨਹੀਂ ਚਾਹੀਦਾ, ਕਦੇ ਵੀ ਕੋਈ ਗੱਲ ਐਸੀ ਮੂੰਹੋਂ ਨਹੀਂ ਕੱਢਣੀ ਚਾਹੀਦੀ ਜਿਸ ਨਾਲ ਕਲਾਕਾਰ ਦਾ ਦਿਲ ਦੁਖੇ ਜਾਂ ਹੌਸਲਾ ਪਸਤ ਹੋਵੇ। ਮੈਂ ਇਕ ਵਾਰੀ ਨਹੀਂ, ਅਨੇਕਾਂ ਵਾਰੀ ਅਜਿਹੀਆਂ ਗਲਤੀਆਂ ਕਰ ਚੁੱਕਿਆ ਹਾਂ ਜਿਸ ਦਾ ਮੈਨੂੰ ਬੜਾ ਡੂੰਘਾ ਦੁੱਖ ਹੈ। ਉਹ ਮੇਰੀ ਅਗਿਆਨਤਾ ਦਾ ਹੀ ਨਤੀਜਾ ਸਨ।

ਸ਼ੋਅ ਵਿਚ ਕੇਵਲ ਚਾਰ ਦਿਨ ਬਾਕੀ ਰਹਿ ਗਏ ਸਨ। ਮੁਨਸ਼ੀ ਬੇਦਿਲ ਵਾਲਾ ਮਾਮਲਾ ਹਾਲੇ ਵੀ ਹਵਾ ਵਿਚ ਲਟਕਿਆ ਹੋਇਆ ਸੀ। ਨਾ ਰਸ਼ੀਦ ਖਾਨ ਆਪਣੀ ਜ਼ਿਦ ਛਡਣ ਨੂੰ ਤਿਆਰ ਸਨ, ਨਾ ਹੀ ਮੈਂ ਪਰ ਕਲਾਕਾਰ ਆਖਰ ਕਲਾਕਾਰ ਹੀ ਹੁੰਦਾ ਹੈ। ਮੇਰੀ ਤਰਸਯੋਗ ਹਾਲਤ ਵੇਖ ਕੇ ਆਖਰ ਉਹਨਾਂ ਨੂੰ ਹੀ ਹਾਰ ਮੰਨਣੀ ਪਈ ਪਰ ਹੁਣ ਪਾਰਟ ਯਾਦ ਕਰਨ ਦਾ ਸਮਾਂ ਨਹੀਂ ਸੀ ਰਿਹਾ। ਮੁਨਸ਼ੀ ਬੇਦਿਲ ਸਟੇਜ ਉਤੇ ਅਖਬਾਰ ਪੜ੍ਹਦੇ ਹੋਏ ਦਾਖਲ ਹੁੰਦੇ ਸਨ। ਉਸ ਵਿਚ ਉਹਨਾਂ ਆਪਣਾ ਪਾਰਟ ਲੁਕਾ ਕੇ ਰੱਖਿਆ ਹੁੰਦਾ ਸੀ। ਹਰ ਸੀਨ ਵਿਚ ਉਹ ਆਪਣਾ ਪਾਰਟ ਪੜ੍ਹ ਕੇ ਹੀ ਖੇਡਦੇ ਰਹੇ ਪਰ ਦਰਸ਼ਕਾਂ ਨੂੰ ਇਸ ਗੱਲ ਦਾ ਗੁਮਾਨ ਵੀ ਨਹੀਂ ਹੋਇਆ ਸਗੋਂ 'ਜ਼ੁਬੈਦਾ' ਨਾਟਕ ਦੀ ਕਾਮਯਾਬੀ ਬਹੁਤਾ ਕਰਕੇ ਮੁਨਸ਼ੀ ਬੇਦਿਲ ਦੇ ਕਿਰਦਾਰ ਨਾਲ ਹੀ ਜੁੜ ਗਈ। ਇਤਨੀ ਚਰਚਾ ਹੋਈ ਕਿ ਚਾਰੋਨਾਚਾਰ ਵਿਚਾਰੇ ਰਸ਼ੀਦ ਖਾਨ ਨੂੰ ਰੇਡੀਓ ਛੱਡ ਕੇ ਫੇਰ ਫਿਲਮਾਂ-ਨਾਟਕਾਂ ਵਿਚ ਖਪਤ ਹੋਣਾ ਪਿਆ।

ਸ਼ੋਅ ਵਾਲੇ ਦਿਨ ਤੀਕਰ ਨਾਟਕ ਦੀ ਕਿਸ਼ਤੀ ਡਾਵਾਂਡੋਲ ਰਹੀ। ਐਨ ਪੜਦਾ ਉੱਠਣ ਤੋਂ ਪਹਿਲਾਂ ਚੇਤਨ ਨੂੰ ਸਖਤ ਦਮੇ ਦਾ ਦੌਰਾ ਛਿੜ ਪਿਆ, ਅਤੇ ਛੇਤੀ ਛੇਤੀ ਮੇਕ-ਅਪ ਕਰਕੇ ਹੀਰੋ ਦਾ ਰੋਲ ਮੈਨੂੰ ਆਪ ਕਰਨਾ ਪਿਆ। ਮੈਂ ਉਸ ਦੀਆਂ ਰਿਹਰਸਲਾਂ ਤਾਂ ਨਹੀਂ ਸਨ ਕੀਤੀਆਂ ਹੋਈਆਂ ਪਰ ਡਰਾਮਾ ਸ਼ੁਰੂ ਤੋਂ ਅਖੀਰ ਤਕ ਮੈਨੂੰ ਯਾਦ ਹੋ ਚੁੱਕਿਆ ਸੀ। ਏਸ ਕਰਕੇ ਬਚਾਅ ਹੋ ਗਿਆ। ਕਿਸਮਤ ਨਾਲ ਮੈਂ ਔਖੇ ਵੇਲੇ ਸਹਾਇਕ ਹੋਣ ਲਈ ਆਪਣੇ ਨਿੱਕੇ ਵੀਰ ਭਸ਼ਿਮ ਸਾਹਨੀ ਨੂੰ ਰਾਵਲਪਿੰਡੀਓਂ ਬੁਲਾ ਲਿਆ ਸੀ। ਪਹਿਲੇ ਸ਼ੋਅ ਵਿਚ ਉਹਨੇ ਇਕ ਨਹੀਂ, ਘਟੋ-ਘਟ ਤਿੰਨ ਨਿਕੇ ਕਿਰਦਾਰ, ਮੇਕ-ਅਪ ਬਦਲ ਬਦਲ ਕੇ, ਬੜੀ ਖੁਸ਼ ਅਸਲੂਬੀ ਨਾਲ ਨਿਭਾਏ। ਇਕ ਸੀਨ ਵਿਚ ਉਹ ਮਿਉਂਸਿਪੈਲਟੀ ਦੇ ਕਰਮਚਾਰੀ ਦੇ ਰੂਪ ਵਿਚ ਗਲੀ ਦੀ ਲਾਲਟੈਣ ਜਗਾਣ ਆਇਆ ਜਿਸ ਹੇਠਾਂ ਮੂੜ੍ਹਿਆਂ 'ਤੇ ਬਹਿ ਕੇ ਮੀਰ ਸਾਹਿਬ, ਮਿਰਜ਼ਾ, ਸੇਠ ਸਾਹਬ ਅਤੇ ਮੁਨਸ਼ੀ ਬੇਦਿਲ ਦੀ ਗੱਪ ਗੋਸ਼ਟੀ ਹੁੰਦੀ ਸੀ। ਪਾਰਟ ਨਾ ਉਹਨੂੰ ਯਾਦ ਸੀ, ਨਾ ਮੁਨਸ਼ੀ ਬੇਦਿਲ ਨੂੰ। ਪਤਾ ਨਹੀਂ ਕਿਸ ਗੱਲ ਤੋਂ ਦੋਵੇਂ ਇਕ ਦੂਜੇ ਨਾਲ ਤੜਿੰਗ ਹੋ ਪਏ। ਉਹ ਝਪਟ ਇਤਨੀ ਸੁਭਾਵਕ, ਸੁਆਦਲੀ ਅਤੇ ਮਜ਼ੇਦਾਰ ਸਿੱਧ ਹੋਈ ਕਿ ਸਦਾ ਲਈ ਡਰਾਮੇ ਦਾ ਭਾਗ ਬਣ ਗਈ।

ਤਮਾਮ ਮੁਸ਼ਕਿਲਾਂ ਦੇ ਬਾਵਜੂਦ ਨਾਟਕ ਨੂੰ ਆਸ ਤੋਂ ਵਧ ਕਾਮਯਾਬੀ ਹਾਸਲ ਹੋਈ। ਦਰਸ਼ਕਾਂ ਦੇ ਐਨ ਵਿਚਕਾਰੋਂ ਜਦੋਂ ਬੈਂਡ ਅਤੇ ਘੋੜੀ ਸਮੇਤ ਲਾੜੇ ਦੀ ਬਰਾਤ ਢੁੱਕੀ ਤਾਂ ਥੇਟਰ ਦੀਆਂ ਕੰਧਾਂ ਤਾੜੀਆਂ ਦੀ ਕੜਕਾਰ ਨਾਲ ਕੰਬ ਗਈਆਂ। **(ਚੱਲਦਾ)**



ਖੱਬਿਓਂ: ਖਵਾਜਾ ਅਹਿਮਦ ਅੱਬਾਸ, ਜਸਵੰਤ ਠੱਕਰ ਅਤੇ ਰਸ਼ੀਦ ਖਾਨ।

# ਸੁਕਰਾਤ ਦੀ ਮੌਤ ਦਾ ਫੈਸਲਾ ਤੇ ਜਮਹੂਰੀ ਪ੍ਰਣਾਲੀ

**ਗੁਰਚਰਨ ਸਿੰਘ ਨੂਰਪੁਰ**
ਸੰਪਰਕ: +91-98550-51099

ਲੋਕਤੰਤਰ ਵਿਚ ਹਰ ਪੰਜ ਸਾਲ ਮਗਰੋਂ ਲੋਕਾਂ ਲਈ ਇਸ ਭਰਮ ਦੀ ਸਿਰਜਣਾ ਕੀਤੀ ਜਾਂਦੀ ਹੈ ਕਿ ਅਗਲੇ ਦਿਨਾਂ ਦੌਰਾਨ ਉਹ ਆਪ ਆਪਣੇ 'ਤੇ ਸ਼ਾਸਨ ਕਰਨ ਵਾਲੀ ਜਮਾਤ ਦੀ ਚੋਣ ਕਰਨ ਰਹੇ ਹਨ। ਹਰ ਵਾਰ ਲੋਕਾਂ ਦਾ ਇਹ ਭਰਮ ਟੁੱਟਦਾ ਹੈ ਅਤੇ ਲੋਕ ਆਉਣ ਵਾਲੇ ਪੰਜਾਂ ਸਾਲਾਂ ਦੌਰਾਨ ਕੁਝ ਚੰਗਾ ਹੋਣ ਦੇ ਸੁਪਨੇ ਵੇਖਣ ਲੱਗ ਪੈਂਦੇ ਹਨ। ਇਹ ਲੋਕਤੰਤਰ ਦੀ ਅਖੌਤੀ ਖੂਬਸੂਰਤੀ ਹੈ। ਹਕੀਕਤ ਵਿਚ ਲੋਕਤੰਤਰ ਬੇਹੱਦ ਖਾਮੀਆਂ ਭਰਪੂਰ ਚੋਣ ਪ੍ਰਣਾਲੀ ਹੈ। ਲੋਕਤੰਤਰੀ ਰਾਜ ਪ੍ਰਬੰਧ ਵਿਚ ਕੁਝ ਟੀਚੇ ਮਿੱਥੇ ਜਾਂਦੇ ਹਨ ਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਫਿਰ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਦੀ ਕਵਾਇਦ ਸ਼ੁਰੂ ਹੁੰਦੀ ਹੈ ਪਰ ਜਿਸ ਵਿਵਸਥਾ ਵਿਚ ਦਹਾਕੇ ਬੀਤ ਜਾਣ ਦੇ ਬਾਅਦ ਵੀ ਸਮੱਸਿਆਵਾਂ ਘੱਟ ਹੋਣ ਦੀ ਬਜਾਏ ਹੋਰ ਵਧ ਜਾਣ ਉਸ ਰਾਜ ਪ੍ਰਬੰਧ ਬਾਰੇ ਕੀ ਕਹੋਗੇ? ਕੀ ਉਸ ਵਿਵਸਥਾ ਦੀ ਮੁੜ ਵਿਆਖਿਆ ਕਰਨ ਦੀ ਲੋੜ ਨਹੀਂ?

ਲੋਕਤੰਤਰ ਦੀ ਸ਼ੁਰੂਆਤ ਯੂਨਾਨ ਤੋਂ ਹੋਈ ਮੰਨੀ ਜਾਂਦੀ ਹੈ। ਅੱਜ ਤੋਂ ਪੱਚੀ ਸੌ ਸਾਲ ਤੋਂ ਵੱਧ ਸਮਾਂ ਪਹਿਲਾਂ ਵੀ ਇੱਥੇ ਕੁਝ ਲੋਕਾਂ ਨੂੰ ਵੋਟ ਦੀ ਵਰਤੋਂ ਕਰਕੇ ਸਰਕਾਰ ਚੁਣਨ ਅਤੇ ਕੁਝ ਜ਼ਰੂਰੀ ਫੈਸਲੇ ਕਰਨ ਦਾ ਅਧਿਕਾਰ ਸੀ। ਕੋਈ ਚੌਵੀ ਸੌ ਸਾਲ ਪਹਿਲਾਂ ਜਦੋਂ ਏਥਨਜ਼ ਦੀ ਕਰੀਟੀਅਸ ਸਰਕਾਰ ਨੇ ਮਹਾਨ ਦਾਰਸ਼ਨਿਕ ਸੁਕਰਾਤ 'ਤੇ ਦੋਸ਼ ਤੈਅ ਕੀਤੇ ਤਾਂ ਉਸ ਨੂੰ ਸਜ਼ਾ ਵੋਟਾਂ ਦੇ ਆਧਾਰ 'ਤੇ ਹੋਈ। ਉਸ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਲਈ 501 ਵਿਚੋਂ 281 ਵੋਟ ਸਜ਼ਾ ਦੇ ਪੱਖ ਵਿਚ ਤੇ 220 ਵੋਟ ਵਿਰੋਧ ਵਿਚ ਪਏ। ਸਜ਼ਾ ਸੁਣਾਏ ਜਾਣ ਮਗਰੋਂ ਸੁਕਰਾਤ ਨੇ ਬੇਪ੍ਰਵਾਹੀ ਨਾਲ ਜੱਜਾਂ ਨੂੰ ਕਿਹਾ ਤੁਸੀਂ ਖਾਹ ਮਖਾਹ ਹੀ ਕਾਲਖ ਆਪਣੇ ਮੂੰਹ 'ਤੇ ਮਲ ਲਈ, ਹੁਣ ਮੇਰੀ ਉਮਰ 70 ਸਾਲ ਹੈ, ਕੁਝ ਸਾਲਾਂ ਮਗਰੋਂ ਮੈਂ ਉਂਜ ਹੀ ਮਰ ਜਾਣਾ ਸੀ। ਪਰ ਯਾਦ ਰੱਖਿਓ ਇਤਿਹਾਸ ਮੈਨੂੰ ਸਹੀ ਤੇ ਤੁਹਾਨੂੰ ਗ਼ਲਤ ਸਾਬਤ ਕਰੇਗਾ। ਉਸ ਦੀ ਗੱਲ ਸੱਚ ਹੋਈ। ਸਦੀਆਂ ਬੀਤ ਗਈਆਂ। ਦੁਨੀਆ ਭਰ ਵਿਚ ਅੱਜ ਵੀ ਸੁਕਰਾਤ ਦੀ ਸ਼ਹਾਦਤ ਬੋਲਣ ਦੀ ਆਜ਼ਾਦੀ ਅਤੇ ਸੱਚ 'ਤੇ ਪਹਿਰਾ ਦੇਣ ਦੀ ਪ੍ਰਤੀਕ ਹੈ। ਲੋਕਤੰਤਰੀ ਮਰਿਆਦਾ ਦਾ ਢਕੌਂਜ ਕਰਕੇ ਉਸ ਨੂੰ ਸਜ਼ਾ ਦੇਣ ਵਾਲੇ ਮਾਨਵਤਾ ਦੇ ਦੋਸ਼ੀ ਅੱਜ ਵੀ ਦੋਸ਼ ਮੁਕਤ ਨਹੀਂ ਹੋਏ ਪਰ ਸੁਕਰਾਤ ਦਾ ਸਿਰ ਅੱਜ ਵੀ ਫ਼ਖ਼ਰ ਨਾਲ ਉੱਚਾ ਹੈ। ਸੁਕਰਾਤ ਨੂੰ ਕਿਹਾ ਗਿਆ ਸੀ ਕਿ ਜੇਕਰ ਤੂੰ ਜ਼ਿੰਦਗੀ ਦੀ ਭੀਖ ਮੰਗ ਲਵੇਂ, ਦੇਸ਼ ਛੱਡ ਕੇ ਜਾਣ ਲਈ ਤਿਆਰ ਹੋ ਜਾਵੇਂ ਤਾਂ ਤੇਰੀ ਸਜ਼ਾ ਮੁਆਫ ਕੀਤੀ ਜਾ ਸਕਦੀ ਹੈ। ਸੁਕਰਾਤ ਨੇ ਕਿਹਾ, 'ਮੈਂ ਤੁਹਾਡੇ ਜਾਅਲਾਂ ਤੋਂ ਜ਼ਿੰਦਗੀ ਦੀ ਭੀਖ ਕਿਉਂ ਮੰਗਾਂ? ਮੈਂ ਸੱਚ 'ਤੇ ਪਹਿਰਾ ਦੇ ਕੇ ਸ਼ਹਾਦਤ ਦੇਣ ਨੂੰ ਤਰਜੀਹ ਦੇਵਾਂਗਾ।' ਇਸ ਤਰ੍ਹਾਂ ਇਹ ਲੋਕਤੰਤਰ ਦੀ ਆੜ ਵਿਚ ਹੋਇਆ ਅਤਿ ਨਿੰਦਣਯੋਗ ਇਤਿਹਾਸਕ ਫੈਸਲਾ ਸੀ, ਜਿਸ ਦੀ ਅੱਜ ਵੀ ਦੁਨੀਆ ਭਰ ਵਿਚ ਨਿਖੇਧੀ ਹੁੰਦੀ ਹੈ ਅਤੇ ਰਹਿੰਦੀ ਦੁਨੀਆ ਤੱਕ ਹੁੰਦੀ ਰਹੇਗੀ। ਸੁਕਰਾਤ ਨੇ ਕਿਹਾ ਸੀ ਲੋਕਤੰਤਰਿਕ ਪ੍ਰਣਾਲੀ ਦੋਸ਼ਪੂਰਨ ਹੈ, ਜਿਸ ਵਿਚ ਗੁਣਾਂ ਦੀ ਨਹੀਂ, ਗਿਣਤੀ ਦੀ ਅਹਿਮੀਅਤ ਹੁੰਦੀ ਹੈ।

ਮੌਜੂਦਾ ਲੋਕਤੰਤਰੀ ਪ੍ਰਣਾਲੀ ਨੂੰ ਵਡਿਆਉਣ ਲਈ ਲਾਇਆ ਜਾਂਦਾ ਨਾਅਰਾ 'ਲੋਕਾਂ ਦੁਆਰਾ, ਲੋਕਾਂ 'ਤੇ ਲੋਕਾਂ ਦਾ ਰਾਜ' ਕਿਸੇ ਵੀ ਤਰ੍ਹਾਂ ਖਰਾ ਨਹੀਂ ਉਤਰਦਾ।



ਲੋਕਤੰਤਰ ਵਿਚ ਸੌ 'ਚੋਂ ਕੇਵਲ 17 ਬੰਦਿਆਂ ਦੀ ਹਮਾਇਤ ਲੈਣ ਵਾਲਾ ਵੀ ਸੌ ਬੰਦਿਆਂ 'ਤੇ ਰਾਜ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ। ਇਸ ਸਥਿਤੀ ਵਿਚ ਇਹ ਲੋਕਾਂ ਦਾ ਰਾਜ ਕਿਵੇਂ ਹੋਇਆ? ਕਿਸੇ ਹਲਕੇ ਦੇ 100 ਫੀਸਦੀ ਵੋਟਰਾਂ 'ਚੋਂ ਜੇਕਰ 65 ਫੀਸਦੀ (ਜਿਵੇਂ ਔਸਤਨ ਵੋਟਿੰਗ ਹੁੰਦੀ ਹੈ) ਵੋਟਿੰਗ ਹੁੰਦੀ ਹੈ। ਜੇਕਰ ਸੰਬੰਧਿਤ ਖੇਤਰ ਵਿਚ ਪੰਜ ਉਮੀਦਵਾਰ ਹਨ ਤਾਂ ਇਕ ਉਮੀਦਵਾਰ 4 ਫੀਸਦੀ ਵੋਟਾਂ, ਦੂਜਾ 13 ਫੀਸਦੀ, ਤੀਜਾ 15 ਫੀਸਦੀ, ਚੌਥਾ 16 ਫੀਸਦੀ ਵੋਟਾਂ ਹਾਸਲ ਕਰਦਾ ਹੈ ਤਾਂ ਪੰਜਵਾਂ 17 ਫੀਸਦੀ ਵੋਟਾਂ ਲੈਣ ਵਿਚ ਸਫਲ ਹੋ ਜਾਂਦਾ ਹੈ ਤਾਂ ਇਸ ਦਾ ਸਿੱਧਾ ਭਾਵ ਹੈ 17 ਵੋਟਾਂ ਵਾਲਾ 100 ਲੋਕਾਂ 'ਤੇ ਰਾਜ ਕਰਨ ਦਾ ਅਧਿਕਾਰੀ ਹੈ। ਇੱਥੇ ਸਵਾਲ ਪੈਦਾ ਹੁੰਦਾ ਹੈ ਜਿਸ ਨੂੰ 17 ਵੋਟ ਮਿਲੇ, ਉਹ ਜਿਹੜੇ 100 ਲੋਕਾਂ 'ਚੋਂ 83 ਦੀ ਹਮਾਇਤ ਨਹੀਂ ਜੁਟਾ ਸਕਿਆ, ਉਨ੍ਹਾਂ 'ਤੇ ਰਾਜ ਕਰਨ ਦਾ ਅਧਿਕਾਰੀ ਕਿਵੇਂ ਹੋ ਗਿਆ? ਕੀ ਇਹ ਨਿਆਂਪੂਰਨ ਹੈ? ਤਰਕਸੰਗਤ ਹੈ? ਅੰਕੜਿਆਂ ਦੀ ਘਟੀਆ ਤੋਂ ਘਟੀਆ ਢੰਗ ਨਾਲ ਦੁਰਵਰਤੋਂ ਕੇਵਲ ਲੋਕਤੰਤਰ ਵਿਚ ਹੁੰਦੀ ਹੈ।

ਜਿਸ ਮਨੁੱਖ ਨੂੰ ਸਮਾਜ ਦੇ ਵੱਡੇ ਹਿੱਸੇ ਨੇ ਨਕਾਰ ਦਿੱਤਾ ਹੋਵੇ, ਉਸ ਤੋਂ ਲੋਕ ਭਲਾਈ ਦੀ ਆਸ ਕਰਨੀ ਉਸ ਮੂਰਖ ਗਿੱਦੜ ਵਾਂਗ ਊਠ ਦੇ ਮਗਰ ਤੁਰਨਾ ਹੈ ਜਿਸ ਨੂੰ ਇਹ ਭਰਮ ਹੋ ਗਿਆ ਕਿ ਅਗਲੇ ਕੁਝ ਕਦਮਾਂ ਤੱਕ ਊਠ ਦਾ ਬੁੱਲ੍ਹ ਡਿਗਣ ਵਾਲਾ ਹੈ। ਲੋਕਤੰਤਰ ਦੀ ਅਖੌਤੀ ਤਰਕਸੰਗਤ ਦੇਸ਼ ਦੇ ਲੋਕਾਂ ਲਈ ਹੀ ਨਹੀਂ ਕਈ ਵਾਰ ਰਾਜਨੇਤਾਵਾਂ ਲਈ ਵੀ ਘਾਤਕ ਸਿੱਧ ਹੁੰਦੀ ਹੈ। ਅਕਸਰ ਇੰਜ ਹੁੰਦਾ ਹੈ ਕਿ ਕਿਸੇ ਰਾਜ ਵਿਚ ਵੋਟ ਕਿਸੇ ਹੋਰ ਪਾਰਟੀ ਨੂੰ ਵੱਧ ਮਿਲਦੀ ਹੈ ਪਰ ਸ਼ਾਸਨ ਘੱਟ ਵੋਟਾਂ ਲੈਣ ਵਾਲੀ ਪਾਰਟੀ ਕਰਦੀ ਹੈ। ਜਿਸ ਪਾਰਟੀ ਨੂੰ ਘੱਟ ਲੋਕਾਂ ਨੇ ਪਸੰਦ ਕੀਤਾ ਹੁੰਦਾ ਹੈ, ਉਸ ਨੂੰ ਵੱਧ ਲੋਕਾਂ 'ਤੇ ਸ਼ਾਸਨ ਕਰਨ ਦਾ ਅਧਿਕਾਰ ਦੇਣਾ ਕੀ ਅਨਿਆਂਪੂਰਨ ਨਹੀਂ? ਅਜਿਹੀ ਦੋਸ਼ਗ੍ਰਸਤ ਲੋਕਤੰਤਰੀ ਪ੍ਰਣਾਲੀ ਦੇਸ਼ ਲਈ ਕਈ ਵਾਰ ਘਾਤਕ ਸਿੱਧ ਹੋ ਜਾਂਦੀ ਹੈ। ਹੁਣ ਸਮਾਂ ਆ ਗਿਆ ਹੈ ਅਸੀਂ ਦੇਸ਼ ਦੇ ਨਾਗਰਿਕ ਇਸ ਪ੍ਰਣਾਲੀ ਦਾ ਵਿਸ਼ਲੇਸ਼ਣ ਕਰੀਏ।

ਚੋਣਾਂ ਜਿੱਤਣ ਵਿਚ ਅਜਿਹੇ ਲੋਕ ਅਕਸਰ ਸਫਲ ਹੁੰਦੇ ਆਏ ਹਨ ਜਿਨ੍ਹਾਂ 'ਤੇ ਕਈ-ਕਈ ਅਪਰਾਧਿਕ ਮਾਮਲੇ ਦਰਜ ਹੁੰਦੇ ਹਨ। ਇਹੋ ਕਾਰਨ ਹੈ ਕਿ ਹੁਣ ਤੱਕ ਦੇਸ਼ ਦੀ ਪਾਰਲੀਮੈਂਟ ਵਿਚ ਅਪਰਾਧੀ ਸੰਸਦਾਂ ਦੀ ਗਿਣਤੀ ਹਰ ਪੰਜ ਸਾਲ ਬਾਅਦ ਵਧਦੀ ਜਾ ਰਹੀ ਹੈ।

ਮੌਜੂਦਾ ਦੌਰ ਵਿਚ ਲੋਕ ਨੂੰ ਉਨ੍ਹਾਂ ਦੇ ਹਿਤਾਂ ਦੀ ਬਜਾਏ ਧਰਮਾਂ, ਮਜ਼੍ਹਬਾਂ, ਜਾਤਾਂ, ਫਿਰਕਿਆਂ, ਖੇਤਰੀਵਾਦ ਅਤੇ ਲੋਕ ਭਾਵਨਾਵਾਂ ਨੂੰ ਹੱਕ 'ਚ ਕਰਕੇ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੈਸੇ ਦੇ ਬਲਬੂਤੇ ਬਿਜਲਈ ਮੀਡੀਆ 'ਤੇ ਕਾਬਜ਼ ਹੋ ਕੇ ਲੋਕ ਰਾਇ ਨੂੰ ਪ੍ਰਭਾਵਿਤ ਕਰਨ ਲਈ ਪਾਰਟੀ ਪੱਖੀ ਹਵਾਵਾਂ ਵਗਾਈਆਂ ਜਾਂਦੀਆਂ ਹਨ। ਚੋਣਾਂ ਦੇ ਪ੍ਰਚਾਰ ਦੌਰਾਨ ਅਸੀਂ ਵੇਖਦੇ ਹਾਂ ਕਿ ਲੋਕ ਮੁੱਦਿਆਂ, ਮੁਸ਼ਕਿਲਾਂ, ਸਮਾਜਿਕ ਬੁਰਾਈਆਂ, ਪ੍ਰਸ਼ਾਸਨਿਕ ਸੁਧਾਰਾਂ ਦੀ ਬਜਾਏ ਧਰਮਾਂ, ਜਾਤਾਂ ਦੇ ਨਾਂਅ 'ਤੇ ਵੋਟਾਂ ਮੰਗੀਆਂ ਜਾਂਦੀਆਂ ਹਨ। ਵੱਖ-ਵੱਖ ਫਿਰਕਿਆਂ, ਡੇਰੇਦਾਰਾਂ, ਧਰਮ ਆਗੂਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੋਕ-ਸ਼ਰਧਾ ਨੂੰ ਵੋਟਾਂ ਦੇ ਰੂਪ ਵਿਚ ਵੇਖਿਆ ਜਾਣ ਲੱਗਿਆ ਹੈ।

ਲੋਕਤੰਤਰ ਦਾ ਮੌਜੂਦਾ ਸਰੂਪ ਜਿਸ ਵਿਚ ਪੂੰਜੀਪਤੀਆਂ, ਵੱਖ-ਵੱਖ ਧਰਮ ਗੁਰੂਆਂ ਅਤੇ ਰਾਜਨੀਤਕ ਲੋਕਾਂ ਦੀਆਂ ਲਗਭਗ ਬਰਾਬਰ ਦੀਆਂ ਹਿੱਸੇਦਾਰੀਆਂ ਹਨ ਕਿਵੇਂ ਲੋਕ-ਪੱਖੀ ਨਹੀਂ ਹੋ ਸਕਦਾ। ਦੇਸ਼ ਵਿਚ ਪੂੰਜੀਪਤੀਆਂ ਅਤੇ ਰਾਜਨੀਤਕ ਲੋਕਾਂ ਦੀ ਮਿਲੀਭੁਗਤ ਨੇ ਕੁਦਰਤੀ ਸਾਧਨਾਂ ਨੂੰ ਬੜੀ ਤੇਜ਼ੀ ਨਾਲ ਲੁੱਟਣਾ ਸ਼ੁਰੂ ਕਰ ਦਿੱਤਾ ਹੈ। ਜਲ, ਜੰਗਲ, ਜ਼ਮੀਨ ਅਤੇ ਧਰਤੀ ਹੇਠੋਂ ਨਿਕਲਦੇ ਖਣਿਜ ਪਦਾਰਥ, ਜਿਨ੍ਹਾਂ 'ਤੇ ਦੇਸ਼ ਦੇ ਸਮੂਹ ਨਾਗਰਿਕਾਂ ਦਾ ਬਰਾਬਰ ਦਾ ਹੱਕ ਹੈ, ਨੂੰ ਇਕ ਤਰ੍ਹਾਂ ਨਾਲ ਲੋਕਾਂ ਤੋਂ ਖੋਹ ਕੇ ਕੌਡੀਆਂ ਦੇ ਭਾਅ ਧਨਾਢ ਲੋਕਾਂ ਨੂੰ ਵੇਚਿਆ ਜਾ ਰਿਹਾ ਹੈ। ਆਮ ਲੋਕਾਂ ਨੂੰ ਲੋਕਤੰਤਰ ਦੀ ਆੜ ਹੇਠ ਦਾਲ, ਚੌਲ, ਆਟੇ ਦੇ ਮੁਥਾਜ ਅਤੇ ਸਾਧਨਹੀਣ ਬਣਾ ਕੇ ਦੇਸ਼ ਦੀ ਬਹੁਗਿਣਤੀ ਦੀ ਗੁਲਾਮੀ ਦਾ ਇਕ ਤਰ੍ਹਾਂ ਨਾਲ ਮੁੱਢ ਬੰਨ੍ਹ ਦਿੱਤਾ ਗਿਆ ਹੈ। ਦੇਸ਼ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਇਹ ਕਦੇ ਨਹੀਂ ਚਾਹੁੰਦੀਆਂ ਕਿ ਦੇਸ਼ ਦੇ ਆਮ ਲੋਕਾਂ ਦੇ ਹੱਥਾਂ ਵਿਚ ਤਾਕਤ ਆਵੇ। ਅਜੋਕੀ ਜਮਹੂਰੀ ਵਿਵਸਥਾ ਵਿਚ ਵੱਡੇ ਸੁਧਾਰਾਂ ਦੀ ਲੋੜ ਹੈ, ਤਾਂ ਜੋ ਸਰਕਾਰਾਂ ਨੂੰ ਜਵਾਬਦੇਹ ਬਣਾਇਆ ਜਾ ਸਕੇ।

---

# 'ਆਪ' ਸਰਕਾਰ ਅਤੇ ਮਗਨਰੇਗਾ

**ਹਮੀਰ ਸਿੰਘ**

ਰੁਜ਼ਗਾਰ ਦੇ ਘਟਦੇ ਮੌਕਿਆਂ ਦੌਰਾਨ 100 ਦਿਨ ਹੀ ਸਹੀ ਪਰ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ-2005 ਸਰੀਰਕ ਕੰਮ ਕਰਨ ਵਾਲੇ ਪਿੰਡ ਦੇ ਬਸ਼ਿੰਦਿਆਂ ਲਈ ਉਮੀਦ ਦੀ ਕਿਰਨ ਹੈ। ਲੰਮੇ ਸਮੇਂ ਤੋਂ ਇਹ ਲਾਗੂ ਤਾਂ ਹੋ ਰਹੀ ਹੈ ਪਰ ਜੇ ਇਸ ਨੂੰ ਕਾਨੂੰਨ ਦੀ ਭਾਵਨਾ ਮੁਤਾਬਿਕ ਲਾਗੂ ਕੀਤਾ ਜਾਵੇ ਤਾਂ ਲੱਖਾਂ ਲੋਕਾਂ ਲਈ ਵੱਡੀ ਰਾਹਤ ਸਾਬਿਤ ਹੋ ਸਕਦੀ ਹੈ। ਕਾਨੂੰਨ ਨਜ਼ਰਅੰਦਾਜ਼ ਹੋਣ ਕਾਰਨ ਮਗਨਰੇਗਾ ਵਰਕਰ, ਪੰਜਾਬ ਦੇ ਪਿੰਡਾਂ ਅਤੇ ਸੂਬੇ ਨੂੰ ਪੂਰਾ ਲਾਭ ਨਹੀਂ ਮਿਲ ਰਿਹਾ।

ਮਗਨਰੇਗਾ ਦੀ ਵਧਦੀ ਲੋੜ ਇਸੇ ਗੱਲ ਤੋਂ ਪਰਖੀ ਜਾ ਸਕਦੀ ਹੈ ਕਿ 2020-21 ਦੌਰਾਨ ਸਰਕਾਰ ਨੂੰ ਮਗਨਰੇਗਾ ਦੇ ਮੂਲ ਬਜਟ ਵਿਚ 40 ਹਜ਼ਾਰ ਕਰੋੜ ਵਾਧਾ ਕਰਕੇ 1 ਲੱਖ 11 ਹਜ਼ਾਰ ਕਰੋੜ ਰੁਪਏ ਖਰਚਣੇ ਪਏ। ਕੇਂਦਰ ਸਰਕਾਰ ਨੇ 2021-22 ਦੌਰਾਨ ਮਗਨਰੇਗਾ ਬਜਟ 73000 ਕਰੋੜ ਰੁਪਏ ਹੀ ਰੱਖਿਆ ਜਦਕਿ 98 ਹਜ਼ਾਰ ਕਰੋੜ ਰੁਪਏ ਖਰਚ ਕਰਨੇ ਪਏ। 2022-23 ਦੇ ਬਜਟ ਵਿਚ ਮੁੜ 73000 ਕਰੋੜ ਰੁਪਏ ਹੀ ਰੱਖੇ ਗਏ ਹਨ। ਜੇ ਮਗਨਰੇਗਾ ਕਾਮਿਆਂ ਨੂੰ ਸਹੀ ਅਰਥਾਂ ਵਿਚ 100 ਦਿਨ ਦਾ ਰੁਜ਼ਗਾਰ ਦੇਣਾ ਹੈ ਤਾਂ ਬਜਟ ਦੋ ਲੱਖ ਕਰੋੜ ਰੁਪਏ ਤੋਂ ਵੱਧ ਚਾਹੀਦਾ ਹੈ।

ਪੰਜਾਬ ਅੰਦਰ ਮਗਰਨੇਗਾ ਤਹਿਤ ਜੌਬ ਕਾਰਡਾਂ ਦੀ ਗਿਣਤੀ 20.96 ਲੱਖ ਹੋ ਚੁੱਕੀ ਹੈ। ਦਿਹਾਤੀ ਖੇਤਰਾਂ ਵਾਲੇ ਪਰਿਵਾਰਾਂ ਦੀ ਗਿਣਤੀ ਲਗਭਗ 32 ਲੱਖ ਹੈ। ਜਿਵੇਂ ਜਿਵੇਂ ਰੁਜ਼ਗਾਰ ਦਾ ਸੰਕਟ ਵਧ ਰਿਹਾ ਹੈ, ਮਗਨਰੇਗਾ ਤਹਿਤ ਕੰਮ ਉਨ੍ਹਾਂ ਲਈ ਉਮੀਦ ਹੈ ਪਰ ਕਾਨੂੰਨ ਮੁਤਾਬਿਕ ਲੋੜੀਂਦੀ ਜਾਗਰੂਕਤਾ, ਸਿਆਸੀ ਤੇ ਪ੍ਰਸ਼ਾਸਨਿਕ ਪੱਧਰ 'ਤੇ ਦਾਬੇ ਵਾਲੀ ਮਾਨਸਿਕਤਾ ਲੋਕਾਂ ਦੀ ਉਮੀਦ ਨੂੰ ਮੱਧਮ ਪਾ ਦਿੰਦੀ ਹੈ।

ਮਗਨਰੇਗਾ ਤਹਿਤ ਸੰਵਿਧਾਨਕ ਗਰੰਟੀ ਹੈ ਕਿ ਸਰੀਰਕ ਕੰਮ ਕਰਨ ਦੇ ਚਾਹਵਾਨਾਂ ਨੂੰ 100 ਦਿਨ ਦਾ ਕੰਮ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਦਿਹਾੜੀ ਦਾ ਪੂਰਾ ਪੈਸਾ ਕੇਂਦਰ ਨੇ ਦੇਣਾ ਹੈ। ਇਹੀ ਕਾਰਨ ਹੈ ਕਿ ਕੇਂਦਰ ਨੇ 2021-22 ਦੌਰਾਨ ਬਜਟ ਭਾਵੇਂ 73000 ਕਰੋੜ ਰੱਖਿਆ ਸੀ ਪਰ ਮੰਗ ਵਧਣ ਦੇ ਕਰਕੇ 98000 ਕਰੋੜ ਰੁਪਏ ਖਰਚਣੇ ਪਏ; ਮਤਲਬ, ਪੰਜਾਬ ਵਿਚ ਮੰਗ ਵਧਾ ਕੇ ਵਾਧੂ ਪੈਸਾ ਕੇਂਦਰੀ ਬਜਟ ਵਿਚੋਂ ਹਾਸਿਲ ਕੀਤਾ ਜਾ ਸਕਦਾ ਹੈ। ਚਾਲੂ ਵਿੱਤੀ ਸਾਲ ਦੌਰਾਨ ਪੰਜਾਬ ਵਿਚ ਸਰਗਰਮ ਜੌਬ ਕਾਰਡ ਵਾਲਿਆਂ ਨੂੰ ਔਸਤਨ 37 ਦਿਨਾਂ ਦਾ ਕੰਮ ਮਿਲਿਆ ਹੈ। ਜੇ ਸਾਰੇ ਜੌਬ ਕਾਰਡਾਂ ਦੀ ਔਸਤ ਕੱਢੀ ਜਾਵੇ ਤਾਂ 24 ਦਿਨ ਦਾ ਹੀ ਔਸਤ ਕੰਮ ਮਿਲਿਆ ਹੈ। ਪੂਰੇ ਸੂਬੇ ਵਿਚ ਕੇਵਲ 22,225 ਪਰਿਵਾਰਾਂ ਨੂੰ 100 ਦਿਨ ਦਾ ਕੰਮ ਮਿਲਿਆ ਹੈ।

ਮਗਨਰੇਗਾ ਤਹਿਤ ਖਰਚ 60:40 ਦੇ ਅਨੁਪਾਤ ਵਿਚ ਖਰਚ ਹੁੰਦਾ ਹੈ, ਭਾਵ 60 ਫੀਸਦੀ ਹਿੱਸਾ ਦਿਹਾੜੀ ਉੱਤੇ ਅਤੇ 40 ਫੀਸਦੀ ਮਟੀਰੀਅਲ ਉੱਤੇ। ਬੁਨਿਆਦੀ ਕਾਨੂੰਨ ਮੁਤਾਬਿਕ ਜਿੰਨਾ ਕਿਸੇ ਪਿੰਡ ਵਿਚ ਦਿਹਾੜੀ ਲਈ ਕੰਮ ਉਲੀਕਿਆ ਜਾਂਦਾ ਸੀ, ਓਨਾ ਹੀ ਮਟੀਰੀਅਲ ਦਾ ਖਰਚ ਹੁੰਦਾ ਸੀ। ਮਟੀਰੀਅਲ ਦੇ ਖਰਚ ਦਾ ਪ੍ਰਬੰਧ ਹੁਣ ਜ਼ਿਲ੍ਹਾ ਪੱਧਰ ਉੱਤੇ ਕੀਤਾ ਜਾਂਦਾ ਹੈ। ਇਸ ਵਿਚ ਵਿਤਕਰੇ ਦਾ ਖਦਸ਼ਾ ਰਹਿੰਦਾ ਹੈ। ਮਗਨਰੇਗਾ ਵਿਚ ਚੰਗਾ ਕੰਮ ਕਰਨ ਵਾਲੇ ਪਿੰਡਾਂ ਦੀ ਬਜਾਇ ਜ਼ਿਲ੍ਹਾ ਪੱਧਰ ਉੱਤੇ ਅਲਾਟਮੈਂਟ ਵਿਚ ਸਿਆਸੀ ਅਤੇ ਪ੍ਰਸ਼ਾਸਨਿਕ ਦਬਦਬੇ ਦੀ ਭੂਮਿਕਾ ਕਾਨੂੰਨ ਦੀ ਭਾਵਨਾ ਦੇ ਖਿਲਾਫ ਭੁਗਤਦੀ ਹੈ। ਕੋਈ ਪਿੰਡ ਜਿੰਨਾ ਮਗਨਰੇਗਾ ਵਿਚ ਕੰਮ ਕਰੇ ਤਾਂ ਉਸ ਨੂੰ ਵਿਕਾਸ ਲਈ 40 ਫੀਸਦੀ ਫੰਡਾਂ ਦੀ ਹਿੱਸੇਦਾਰੀ ਦੇ ਕੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਮਗਨਰੇਗਾ ਨੂੰ ਕੇਵਲ ਮਜ਼ਦੂਰਾਂ ਦੀ ਸਕੀਮ ਵਜੋਂ ਦਰਸਾਉਣ ਕਰਕੇ ਕਿਸਾਨ ਇਸ ਪਾਸੇ ਧਿਆਨ ਨਹੀਂ ਦੇ ਰਹੇ ਜਦਕਿ ਮਗਨਰੇਗਾ ਦੀਆਂ 2013 ਦੀਆਂ ਸੋਧਾਂ ਅਨੁਸਾਰ ਪੰਜ ਏਕੜ ਜ਼ਮੀਨ ਤੋਂ ਘੱਟ ਦੀ ਮਾਲਕੀ ਵਾਲਾ ਕਿਸਾਨ ਆਪਣੇ ਖੇਤ ਵਿਚ ਕੰਮ ਕਰਕੇ ਮਗਨਰੇਗਾ ਦੀ ਦਿਹਾੜੀ ਲੈਣ ਦਾ ਹੱਕਦਾਰ ਹੈ। ਪੰਜਾਬ ਵਰਗੇ ਸੂਬੇ ਲਈ ਇਹ ਵਰਦਾਨ ਸਾਬਤ ਹੋ ਸਕਦਾ ਹੈ ਜਿਸ ਦਾ ਫਸਲੀ ਵੰਨ-ਸਵੰਨਤਾ ਉੱਤੇ ਜ਼ੋਰ ਹੈ। ਇਹ ਪੈਸਾ ਕਣਕ-ਝੋਨੇ ਉੱਤੇ ਨਹੀਂ ਬਲਕਿ ਹੋਰਾਂ ਬਦਲਵੀਆਂ ਫਸਲਾਂ ਜਿਵੇਂ ਬਾਗ਼ਬਾਨੀ, ਜੈਵਿਕ ਖੇਤੀ, ਐਗਰੋ-ਫੌਰੈਸਟਰੀ, ਸਹਾਇਕ ਧੰਦਿਆਂ ਸਮੇਤ ਅਨੇਕਾਂ ਕੰਮਾਂ ਲਈ ਮਿਲ ਸਕਦਾ ਹੈ। ਇਸ ਤੋਂ ਇਲਾਵਾ ਮਗਨਰੇਗਾ ਦੇ ਕੁੱਲ ਪੈਸੇ ਦਾ 60 ਫੀਸਦੀ ਹਿੱਸਾ ਖੇਤੀ ਖੇਤਰ ਉੱਤੇ ਹੀ ਖਰਚ ਹੋਣਾ ਹੈ। ਇਸ ਵਿਚ ਪਾਣੀ, ਮਿੱਟੀ ਅਤੇ ਰੁੱਖ ਰੱਖੇ ਗਏ ਹਨ।

ਪਿੰਡਾਂ ਵਿਚ ਲੱਗ ਰਹੀਆਂ ਇੰਟਰਲਾਕ ਟਾਈਲਾਂ ਜਾਂ ਪਾਣੀ ਦੇ ਨਿਕਾਸ ਦੇ ਪ੍ਰਾਜੈਕਟ ਜੋ ਕੁਝ ਵੀ ਹੋ ਰਿਹਾ ਹੈ, ਉਹ ਮਗਨਰੇਗਾ ਦੇ ਮਟੀਰੀਅਲ ਹਿੱਸੇ ਕਰਕੇ ਹੈ। ਇਸ ਵਿਚ ਇੱਟਾਂ ਦਾ ਮਿਆਰ ਅਤੇ ਮਾਤਰਾ, ਦੋਵਾਂ ਰਾਹੀਂ ਕਰੋੜਾਂ ਦੇ ਘਪਲੇ ਹੋ ਰਹੇ ਹਨ।

ਮਗਨਰੇਗਾ ਤਹਿਤ ਵੱਡੇ ਪੱਧਰ ਉੱਤੇ ਰੁੱਖ ਲਗਾਏ ਜਾ ਸਕਦੇ ਹਨ। ਸਾਂਝੀਆਂ ਥਾਵਾਂ, ਸ਼ਾਮਲਾਟ ਜ਼ਮੀਨਾਂ, ਸੜਕਾਂ ਦੇ ਕਿਨਾਰਿਆਂ ਸਮੇਤ ਪੰਜ ਏਕੜ ਵਾਲੇ ਨਿੱਜੀ ਖੇਤਰ ਵਿਚ ਵੀ ਹਰ 200 ਬੂਟਿਆਂ ਪਿੱਛੇ ਚਾਰ ਪਰਿਵਾਰਾਂ ਨੂੰ 90-90 ਦਿਨ ਦਾ ਹਰ ਸਾਲ ਦਾ ਰੁਜ਼ਗਾਰ ਮਿਲ ਸਕਦਾ ਹੈ। ਇਹ ਰੁਜ਼ਗਾਰ ਤਿੰਨ ਸਾਲਾਂ ਤੱਕ ਜਾਰੀ ਰਹਿ ਸਕਦਾ ਹੈ। ਬਿਹਾਰ ਨੇ ਤਾਂ ਚੌਥੇ ਅਤੇ ਪੰਜਵੇਂ ਸਾਲ 400 ਬੂਟੇ ਪਿੱਛੇ ਰੁਜ਼ਗਾਰ ਚਾਲੂ ਰੱਖਣ ਦਾ ਪ੍ਰਾਜੈਕਟ ਬਣਾਇਆ ਹੈ।

ਕਿਰਤੀਆਂ ਤੋਂ ਇਲਾਵਾ ਮਗਨਰੇਗਾ ਹੋਰ ਰੁਜ਼ਗਾਰ ਪੈਦਾ ਕਰ ਸਕਦੀ ਹੈ। ਹਰ 40 ਜੌਬ ਕਾਰਡਾਂ ਪਿੱਛੇ ਇਕ ਮੇਟ ਭਰਤੀ ਕੀਤਾ ਜਾ ਸਕਦਾ ਹੈ। ਇਸ ਨੂੰ ਮਟੀਰੀਅਲ ਲਾਗਤ ਵਿਚੋਂ ਅਰਧ ਕੁਸ਼ਲ ਕਾਮੇ ਦੀ ਤਨਖਾਹ ਦਿੱਤੀ ਜਾਣੀ ਹੈ। ਛੋਟੇ ਪਿੰਡ ਵਿਚ ਇਕ ਅਤੇ ਵੱਡੇ ਵਿਚ ਦੋ ਜਾਂ ਵੱਧ ਰੁਜ਼ਗਾਰ ਸੇਵਕ ਭਰਤੀ ਹੋ ਸਕਦੇ ਹਨ। ਹਰ 2500 ਜੌਬ ਕਾਰਡਾਂ ਪਿੱਛੇ ਚਾਰ ਚਾਰ ਜੂਨੀਅਰ ਇੰਜਨੀਅਰ ਭਰਤੀ ਕੀਤੇ ਜਾ ਸਕਦੇ ਹਨ; ਮਤਲਬ, 20 ਲੱਖ ਜੌਬ ਕਾਰਡਾਂ ਮੁਤਾਬਿਕ 50 ਹਜ਼ਾਰ ਤੋਂ ਵੱਧ ਮੇਟ ਹੋਣੇ ਚਾਹੀਦੇ ਹਨ। ਅੱਜ ਕਲ੍ਹ ਇਕ ਇਕ ਰੁਜ਼ਗਾਰ ਸਹਾਇਕ ਕੋਲ 10 ਤੋਂ 15 ਪਿੰਡਾਂ ਤੱਕ ਹੈ। ਜੇ ਹਰ ਪਿੰਡ ਵਿਚ ਇਕ ਹੋਵੇਗਾ ਤਾਂ 13 ਹਜ਼ਾਰ ਤੋਂ ਵੱਧ ਪੜ੍ਹੇ ਲਿਖੇ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇਸੇ ਤਰ੍ਹਾਂ ਜੂਨੀਅਰ ਇੰਜਨੀਅਰ, ਡਾਟਾ ਐਂਟਰੀ ਅਪਰੇਟਰ ਸਮੇਤ ਹੋਰ ਰੁਜ਼ਗਾਰ ਮਿਲੇਗਾ। ਸਭ ਦੀਆਂ ਤਨਖਾਹਾਂ ਮਗਨਰੇਗਾ ਦੇ ਮੀਟੀਰੀਅਲ ਬਜਟ ਵਿਚੋਂ ਆਉਣੀਆਂ ਹਨ। ਸੂਬੇ ਦੇ ਬਜਟ ਉੱਤੇ ਵੀ ਬੋਝ ਨਹੀਂ ਪੈਂਦਾ।

ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਇਨ੍ਹਾਂ ਪੱਖਾਂ ਉੱਤੇ ਚੇਤਨਾ ਮੁਹਿੰਮ ਚਲਾਵੇ। ਮਗਨਰੇਗਾ ਕਾਨੂੰਨ ਵਿਚ ਹਰ ਕੰਮ ਸਮਾਂਬੱਧ ਹੈ। ਕਾਨੂੰਨ ਦਾ ਉਲੰਘਣ ਕਰਨ ਉੱਤੇ ਮਗਨਰੇਗਾ ਦੀ ਧਾਰਾ 25 ਤਹਿਤ ਸਜ਼ਾਯੋਗ ਅਪਰਾਧ ਮੰਨਿਆ ਜਾਂਦਾ ਹੈ। ਜੌਬ ਕਾਰਡ 15 ਦਿਨਾਂ ਵਿਚ ਬਣ ਕੇ ਸਬੰਧਿਤ ਕਿਰਤੀ ਨੂੰ ਮਿਲ ਜਾਣਾ ਚਾਹੀਦਾ ਹੈ। ਇਸ ਦੀ ਅਰਜ਼ੀ ਮੇਟ, ਗ੍ਰਾਮ ਰੁਜ਼ਗਾਰ ਸਹਾਇਕ, ਸਰਪੰਚ, ਬੀਡੀਪੀਓ ਸਮੇਤ ਕਿਸੇ ਨੂੰ ਵੀ ਦਿੱਤੀ ਜਾ ਸਕਦੀ ਹੈ। ਇਹ ਮੰਗ ਆਧਾਰਿਤ ਕਾਨੂੰਨ ਹੈ ਅਤੇ ਪੰਜਾਬ ਵਿਚ ਆਮ ਤੌਰ ਤੇ ਹੀ ਅਰਜ਼ੀਆਂ ਦੀ ਮੰਗ ਕੀਤੇ ਬਿਨਾਂ ਅਹਿਸਾਨ ਕਰਨ ਦੇ ਤਰੀਕੇ ਨਾਲ ਕੰਮ ਦਿੱਤਾ ਜਾ ਰਿਹਾ ਹੈ। ਕੰਮ 14 ਦਿਨਾਂ ਤੋਂ ਘੱਟ ਨਾ ਮੰਗਿਆ ਜਾ ਸਕਦਾ ਹੈ ਅਤੇ ਨਾ ਹੀ ਦਿੱਤਾ ਜਾ ਸਕਦਾ ਹੈ ਪਰ ਸੂਬੇ ਅੰਦਰ ਅਧਿਕਾਰੀਆਂ ਨੇ ਆਪਣਾ ਹੀ ਕਾਨੂੰਨ ਛੇ ਦਿਨ ਦੇ ਕੰਮ ਦਾ ਬਣਾ ਰੱਖਿਆ ਹੈ। ਹਰ ਅਰਜ਼ੀ ਦੀ ਰਸੀਦ ਦੇਣੀ ਲਾਜ਼ਮੀ ਹੈ, ਅਰਜ਼ੀ ਫੜਨ ਅਤੇ ਫਿਰ ਰਸੀਦ ਦੇਣ ਵਿਚ ਸਾਧਾਰਨ ਕਾਮਿਆਂ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ।

ਜੇ ਮੰਗ ਅਨੁਸਾਰ ਕੰਮ ਨਹੀਂ ਦਿੱਤਾ ਜਾਂਦਾ ਤਾਂ ਸਬੰਧਿਤ ਕਿਰਤੀ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਹੈ। ਇਹ ਭੱਤਾ ਪਹਿਲੇ 30 ਦਿਨ ਚੌਥਾ ਹਿੱਸਾ ਅਤੇ ਅਗਲੇ ਰਹਿੰਦੇ ਸਮੇਂ ਤੱਕ ਅੱਧੀ ਦਿਹਾੜੀ ਮਿਲਣੀ ਹੈ। ਦਿਹਾੜੀ ਦਾ 100 ਫੀਸਦੀ ਪੈਸਾ ਕੇਂਦਰ ਸਰਕਾਰ ਨੇ ਦੇਣਾ ਹੈ। ਜੇ ਰਾਜ ਸਰਕਾਰ ਕੰਮ ਨਹੀਂ ਦੇ ਸਕਦੀ ਤਾਂ ਬੇਰੁਜ਼ਗਾਰੀ ਭੱਤਾ ਸੂਬਾ ਸਰਕਾਰ ਨੂੰ ਦੇਣਾ ਪੈਂਦਾ ਹੈ। ਪੰਜਾਬ ਦਾ ਪ੍ਰਸ਼ਾਸਨ ਅਕਸਰ ਕਿਰਤੀਆਂ ਦੀ ਅਨਪੜ੍ਹਤਾ ਦਾ ਲਾਭ ਉਠਾ ਕੇ ਬੇਰੁਜ਼ਗਾਰੀ ਭੱਤਾ ਦੇਣ ਤੋਂ ਇਨਕਾਰੀ ਹੈ ਜਦਕਿ ਕੇਂਦਰੀ ਨੋਟੀਫਿਕੇਸ਼ਨ ਹੈ ਕਿ ਜਿਸ ਪੱਧਰ ਉੱਤੇ ਕੰਮ ਦੇਣ ਵਿਚ ਅਣਗਹਿਲੀ ਜਾਂ ਅਦਾਇਗੀ ਵਿਚ ਦੇਰੀ ਹੋਈ ਹੈ, ਸਬੰਧਿਤ ਅਧਿਕਾਰੀ ਜਾਂ ਕਰਮਚਾਰੀ ਦੀ ਤਨਖਾਹ ਵਿਚ ਕਟੌਤੀ ਕਰਕੇ ਭਰਪਾਈ ਕੀਤੀ ਜਾ ਸਕਦੀ ਹੈ।

ਬਹੁਤ ਥਾਵਾਂ ਉੱਤੇ ਜਾਗਰੂਕ ਕਿਰਤੀ ਮਗਰਨੇਗਾ ਦੇ ਕੰਮ ਵਾਸਤੇ ਨਿਯੁਕਤੀ ਪੱਤਰ ਦੀ ਮੰਗ ਕਰਦੇ ਹਨ। ਕਾਨੂੰਨ ਵਿਚ ਕੱਚੀ ਕਾਪੀ ਉੱਤੇ ਹਾਜ਼ਰੀ ਲਗਾ ਕੇ ਜਾਅਲੀ ਲੋਕਾਂ ਨੂੰ ਪੈਸਾ ਮਿਲਣਾ ਅਤੇ ਕੰਮ ਵਾਲਿਆਂ ਦੇ ਖਾਤਿਆਂ ਵਿਚ ਪੈਸਾ ਨਾ ਪੈਣ ਦੀਆਂ ਸੈਂਕੜੇ ਸ਼ਿਕਾਇਤਾਂ ਆਉਂਦੀਆਂ ਹਨ। ਜੇ ਹਾਜ਼ਰੀ ਕੱਚੇ ਉੱਤੇ ਲਗਾਉਣਾ ਬੰਦ ਕਰਕੇ ਕੇਵਲ ਮਸਟਰੋਲ ਉੱਤੇ ਲੱਗੇ ਅਤੇ ਹਰ ਕਿਰਤੀ ਨੂੰ ਪ੍ਰਾਜੈਕਟ ਉੱਤੇ ਕੰਮ ਕਰਨ ਲਈ ਨਿਯੁਕਤੀ ਪੱਤਰ ਮਿਲੇ ਤਾਂ ਹੇਰਾਫੇਰੀ ਬੰਦ ਹੋ ਸਕਦੀ ਹੈ। ਨਿਯੁਕਤੀ ਪੱਤਰ ਅਜਿਹਾ ਦਸਤਾਵੇਜ਼ ਹੈ ਜਿਸ ਨਾਲ ਮਗਰਨੇਗਾ ਦੇ ਹੋਰ ਲਾਭ ਮਿਲ ਸਕਦੇ ਹਨ। ਅਦਾਇਗੀ ਲੇਟ ਨਹੀਂ ਹੋ ਸਕਦੀ, ਜੇ ਹੁੰਦੀ ਹੈ ਤਾਂ ਵਿਆਜ ਸਮੇਤ ਦੇਣੀ ਪਵੇਗੀ। ਕੰਮ ਦੌਰਾਨ ਸੱਟ ਫੇਟ ਵੱਜੇ ਤਾਂ ਮੁਫਤ ਇਲਾਜ ਅਤੇ ਇਲਾਜ ਦੌਰਾਨ ਦਿਹਾੜੀ ਦਾ ਪ੍ਰਬੰਧ ਹੈ। ਕੰਮ ਦੌਰਾਨ ਮੌਤ ਹੋ ਜਾਵੇ ਤਾਂ ਚਾਰ ਲੱਖ ਰੁਪਏ ਤੱਕ ਬੀਮੇ ਦੀ ਰਾਸ਼ੀ ਮਿਲ ਸਕਦੀ ਹੈ। ਨਿਯੁਕਤੀ ਪੱਤਰ ਨਾ ਦੇਣ ਕਰਕੇ ਕਿਰਤੀ ਇਨ੍ਹਾਂ ਸਾਰੀਆਂ ਸਹੂਲਤਾਂ ਤੋਂ ਵਾਂਝੇ ਰਹਿ ਰਹੇ ਹਨ। ਪਟਿਆਲਾ ਜ਼ਿਲ੍ਹੇ ਵਿਚ ਡੈਮੋਕ੍ਰੇਟਿਕ ਮਗਨਰੇਗਾ ਫਰੰਟ ਦੀ ਜੱਦੋਜਹਿਦ ਕਾਰਨ ਨਿਯੁਕਤੀ ਪੱਤਰ ਮਿਲੇ ਹਨ।

ਮਗਨਰੇਗਾ ਦੇ ਪੰਜਾਹ ਫੀਸਦੀ ਕੰਮ ਪੰਚਾਇਤਾਂ ਨੇ ਦੇਣੇ ਹਨ ਅਤੇ ਬਾਕੀ ਪੰਜਾਹ ਫੀਸਦੀ ਬਲਾਕ ਪੱਧਰ ਉੱਤੇ ਬੀ.ਡੀ.ਪੀ.ਓ. ਦੀ ਜ਼ਿੰਮੇਵਾਰੀ ਹੈ। ਪੰਚਾਇਤਾਂ ਦੀ ਸਿਖਲਾਈ ਇਸ ਵਿਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਮਗਨਰੇਗਾ ਦਾ ਲੇਬਰ ਬਜਟ ਹਰ ਸਾਲ ਗ੍ਰਾਮ ਸਭਾ ਨੇ ਪਾਸ ਕਰਕੇ ਭੇਜਣਾ ਹੁੰਦਾ ਹੈ। ਇਸ ਕਰਕੇ ਗ੍ਰਾਮ ਸਭਾ ਦਾ ਵਿਸ਼ੇਸ਼ ਇਜਲਾਸ ਕਾਗਜ਼ਾਂ ਦੀ ਬਜਾਇ ਮਗਨਰੇਗਾ ਕਾਮਿਆਂ ਦੀ ਸ਼ਮੂਲੀਅਤ ਰਾਹੀਂ ਸੱਦਿਆ ਜਾਵੇ ਤਾਂ ਹਾਲਾਤ ਵਿਚ ਸੁਧਾਰ ਹੋ ਸਕਦਾ ਹੈ। ਗ੍ਰਾਮ ਸਭਾ ਹੀ ਪਿੰਡ ਦੇ ਪ੍ਰਾਜੈਕਟ ਬਣਾ ਕੇ ਇਨ੍ਹਾਂ ਨੂੰ ਮਨਜ਼ੂਰੀ ਦੇ ਸਕਦੀ ਹੈ। ਇਹ ਕਾਮਾ ਅਤੇ ਮਾਲਕ ਹੋਣ ਦਾ ਦੋਹਰਾ ਸਿਧਾਂਤ ਹੈ। ਗ੍ਰਾਮ ਸਭਾ ਦੇ ਮੈਂਬਰ ਵਜੋਂ ਮਗਨਰੇਗਾ ਕਾਮੇ ਪਾਣੀ ਦੇ ਪ੍ਰਬੰਧ, ਬੂਟੇ ਲਗਾਉਣ ਸਮੇਤ ਪ੍ਰਾਜੈਕਟ ਲਈ ਤਜਵੀਜ਼ ਰੱਖ ਸਕਦੇ ਹਨ ਅਤੇ ਉਸ ਨੂੰ ਪਾਸ ਕਰਵਾ ਸਕਦੇ ਹਨ। ਕਾਮੇ ਵਜੋਂ ਉਸੇ ਪ੍ਰਾਜੈਕਟ ਤਹਿਤ ਉਹ ਰੁਜ਼ਗਾਰ ਹਾਸਿਲ ਕਰ ਸਕਦੇ ਹਨ। ਪੰਜਾਬ ਅੰਦਰ ਗ੍ਰਾਮ ਸਭਾਵਾਂ ਨੂੰ ਸਰਗਰਮ ਕਰਨਾ ਜ਼ਰੂਰੀ ਹੈ। ਜੇ ਸਰਪੰਚ ਗ੍ਰਾਮ ਸਭਾ ਦਾ ਇਜਲਾਸ ਨਾ ਬੁਲਾਵੇ ਤਾਂ 20 ਫੀਸਦੀ ਵੋਟਰ ਦਸਤਖਤ/ਅੰਗੂਠੇ ਲਗਾ ਕੇ ਬੀ.ਡੀ.ਪੀ.ਓ. ਤੋਂ ਗ੍ਰਾਮ ਸਭਾ ਇਜਲਾਸ ਬੁਲਾਉਣ ਦੀ ਮੰਗ ਕਰ ਸਕਦੇ ਹਨ। ਇਕ ਮਹੀਨੇ ਅੰਦਰ ਉਸ ਨੂੰ ਇਜਲਾਸ ਬੁਲਾਉਣਾ ਹੀ ਪਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲੇ ਦਿਨ ਦੇ ਬਿਆਨ ਵਿਚ ਕਿਹਾ ਸੀ ਕਿ ਸਰਕਾਰ ਪਿੰਡਾਂ ਵਿਚੋਂ ਚੱਲੇਗੀ, ਚੰਡੀਗੜ੍ਹ ਵਿਚੋਂ ਨਹੀਂ। ਸਰਕਾਰ ਦੇ ਭ੍ਰਿਸ਼ਟਾਚਾਰ ਮੁਕਤ ਅਤੇ ਲੋਕਾਂ ਦੀ ਰਾਇ ਨਾਲ ਚੱਲਣ ਲਈ 73ਵੀਂ ਸੰਵਿਧਾਨਕ ਸੋਧ ਨੂੰ ਸਹੀ ਰੂਪ ਵਿਚ ਲਾਗੂ ਕਰਨਾ ਅਤੇ ਪੰਚਾਇਤ ਦਾ ਹਰ ਫੈਸਲਾ ਗ੍ਰਾਮ ਸਭਾਵਾਂ ਰਾਹੀ ਅਮਲ ਵਿਚ ਆਉਣ ਦੀ ਗਰੰਟੀ ਕਰਨੀ ਜ਼ਰੂਰੀ ਹੈ।